ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 220
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 10 August, 2025) ਐਤਵਾਰ, 10 ਅਗਸਤ, 2025, 26 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਏਅਰ ਇੰਡੀਆ ਨੇ ਪਾਇਲਟਾਂ ਦੀ ਸੇਵਾ ਮੁਕਤੀ ਹੱਦ 7 ਸਾਲ ਵਧਾਈ

ਨਵੀਂ ਦਿੱਲੀ, 9 ਅਗਸਤ (ਚੜ੍ਹਦੀਕਲਾ ਬਿਊਰੋ) : ਭਾਰਤੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਨੇ ਪਾਇਲਟਾਂ ਦੀ ਸੇਵਾਮੁਕਤੀ ਦੀ ਉਮਰ 65 ਸਾਲ ਅਤੇ ਗੈਰ-ਉਡਾਣ ਸਟਾਫ ਦੀ ਸੇਵਾਮੁਕਤੀ ਦੀ ਉਮਰ 60 ਸਾਲ ਕਰਨ ਦਾ ਫੈਸਲਾ ਕੀਤਾ ਹੈ। ਇਸ ਵੇਲੇ ਏਅਰਲਾਈਨ ਵਿੱਚ ਪਾਇਲਟਾਂ ਅਤੇ ਗੈਰ-ਉਡਾਣ ਸਟਾਫ ਦੋਵਾਂ ਦੀ ਸੇਵਾਮੁਕਤੀ ਦੀ ਉਮਰ 58 ਸਾਲ ਹੈ। ਸੂਤਰਾਂ ਨੇ ਦੱਸਿਆ ਕਿ ਸੇਵਾਮੁਕਤੀ ਦੀ ਉਮਰ ਵਧਾਉਣ ਦਾ ਐਲਾਨ ਹਾਲ ਹੀ ਵਿੱਚ ਇੱਕ ਕੰਪਨੀ ਦੀ ਮੀਟਿੰਗ ਵਿੱਚ ਸੀਈਓ ਅਤੇ ਐਮਡੀ ਕੈਂਪਬੈਲ ਵਿਲਸਨ ਨੇ ਕੀਤਾ

(ਬਾਕੀ ਸਫ਼ਾ 2 'ਤੇ)

# ਸ਼੍ਰੋਮਣੀ ਕਮੇਟੀ ਵੱਲੋਂ ਭਰਤੀ ਕਮੇਟੀ ਦੇ ਇਜਲਾਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕਰਨ ਦੀ ਹਦਾਇਤ

### ਹੁਣ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਭਲਕੇ ਕੀਤਾ ਜਾਵੇਗਾ ਇਜਲਾਸ



ਬਬਲੂ ਮਹਾਜਨ
=============

ਅੰਮ੍ਰਿਤਸਰ, 9 ਅਗਸਤ : ਭਾਈ ਗੁਰਦਾਸ ਹਾਲ ਪ੍ਰਬੰਧ ਦਾ ਜਾਇਜ਼ਾ ਲੈ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੂੰ ਹੈਰਾਨ ਕਰ ਦਿੱਤਾ ਜਦੋਂ ਦਰਬਾਰ ਸਾਹਿਬ ਦੇ ਮੈਨੇਜਰ ਨੇ ਹੁਕਮ ਸੁਣਾ ਦਿੱਤਾ ਕਿ ਭਾਈ ਗੁਰਦਾਸ ਹਾਲ ਵਿਖੇ ਹੋ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟ ਇਜਲਾਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋਣ ਦਿੱਤਾ ਜਾਵੇਗਾ। ਭਾਈ ਜਸਬੀਰ ਸਿੰਘ ਘੁੰਮਣ ਵੱਲੋਂ ਕਾਰਣ ਪੁੱਛਣ 'ਤੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ ਪ੍ਰਕਾਸ਼ ਨਾ ਕਰਨ ਦੇਣ ਸਬੰਧੀ ਮੈਨੂੰ ਉਪਰੋਂ ਹੁਕਮ ਹਨ। ਇਸ ਸਬੰਧੀ ਪ੍ਰਧਾਨ ਸ਼੍ਰੋ:ਕਮੇਟੀ ਧਾਮੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਵਾਰ-ਵਾਰ ਫੋਨ ਕਰਨ 'ਤੇ ਵੀ ਫੋਨ ਨਹੀਂ ਚੁੱਕਿਆ। ਫਿਰ ਜਦੋਂ ਮੁੱਖ ਸਕੱਤਰ ਨੂੰ ਫੋਨ ਕੀਤਾ ਤਾਂ ਉਨ੍ਹਾਂ ਨੇ ਇਸ ਸਬੰਧੀ ਅਗਿਆਨਤਾ ਪ੍ਰਗਟਾਈ। ਭਾਈ ਘੁੰਮਣ ਨੇ ਇਸ ਸਾਰੇ ਵਰਤਾਰੇ ਦੀ ਨਿਖੇਧੀ ਕਰਦਿਆਂ ਕਿਹਾ ਗੁਰੂ ਕਾਲ ਵੇਲੇ ਸਾਹਿਬ ਸ੍ਰੀ ਗੁਰੂ ਪੰਚਮ ਪਾਤਸ਼ਾਹ ਜਿਸ ਗੁਰਸਿੱਖ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਲਿਖਵਾਈ ਸੀ, ਅੱਜ ਉਸ ਦੇ ਨਾਮ 'ਤੇ ਬਣੇ ਹਾਲ ਵਿਖੇ ਗੁਰੂ ਗ੍ਰੰਥ ਸਾਹਿਬ

### ਭਾਈ ਗੁਰਦਾਸ ਹਾਲ ਵਿਖੇ ਪ੍ਰਕਾਸ਼ ਨਾ ਹੋਣ ਦੇਣਾ ਮੰਦਭਾਗਾ: ਭਾਈ ਜਸਬੀਰ ਸਿੰਘ

(ਬਾਕੀ ਸਫ਼ਾ 2 'ਤੇ)

### ਭਰਤੀ ਕਮੇਟੀ ਵੱਲੋਂ ਸਮੂਹ ਡੈਲੀਗੇਟਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ

ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ) :ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਭਾਵਨਾ (ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ) ਨੂੰ ਪੂਰਾ ਕਰਨ ਲਈ 11 ਅਗਸਤ ਦਿਨ ਸੋਮਵਾਰ 11 ਵਜੇ ਨੂੰ ਬੁਲਾਏ ਗਏ ਜਨਰਲ ਡੈਲੀਗੇਟ ਇਜਲਾਸ ਤੋਂ ਪਹਿਲਾਂ ਭਰਤੀ ਕਮੇਟੀ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਇਸ ਭਰਤੀ ਮੁਹਿੰਮ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਪੰਥ ਦਰਦੀਆਂ ਅਤੇ ਪੰਜਾਬ ਪ੍ਰਸਤ ਲੋਕਾਂ ਦਾ ਧੰਨਵਾਦ ਕੀਤਾ ਹੈ।

ਜਾਰੀ ਬਿਆਨ ਵਿੱਚ ਭਰਤੀ ਕਮੇਟੀ ਮੈਂਬਰਾਂ ਨੇ ਇਸ ਭਰਤੀ ਮੁਹਿੰਮ ਤਹਿਤ ਇੱਕ-ਇੱਕ ਕਾਪੀ

(ਬਾਕੀ ਸਫ਼ਾ 2 'ਤੇ)

### ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਐਂਟੀ-ਡਰੋਨ ਪ੍ਰਣਾਲੀ ਦੀ ਸ਼ੁਰੂਆਤ

# ਨਸ਼ਿਆਂ ਵਿਰੁੱਧ ਜੰਗ 'ਚ ਨਵਾਂ ਅਧਿਆਇ ਲਿਖੇਗੀ ਏਡੀਐੱਸ: ਕੇਜਰੀਵਾਲ

### ਪਠਾਨਕੋਟ ਤੋਂ ਫ਼ਾਜ਼ਿਲਕਾ ਤੱਕ ਅੰਤਰਰਾਸ਼ਟਰੀ ਸਰਹੱਦ 'ਤੇ ਦੂਜੀ ਸੁਰੱਖਿਆ ਕਤਾਰ ਵਜੋਂ ਤਾਇਨਾਤ ਰਹੇਗੀ ਪ੍ਰਣਾਲੀ: ਮੁੱਖ ਮੰਤਰੀ

ਚੜ੍ਹਦੀਕਲਾ ਬਿਊਰੋ
===============

ਤਰਨ ਤਰਨ, 9 ਅਗਸਤ: ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਲੀਹੋਂ ਹਟਵੀਂ ਪਹਿਲਕਦਮੀ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ 'ਬਾਜ਼ ਅੱਖ' ਐਂਟੀ-ਡਰੋਨ ਪ੍ਰਣਾਲੀ (ਏ.ਡੀ.ਐਸ.) ਨੂੰ ਹਰੀ ਝੰਡੀ ਦਿਖਾਈ, ਜਿਸ ਤੋਂ ਬਾਅਦ ਪੰਜਾਬ ਅੰਤਰਰਾਸਟਰੀ ਸਰਹੱਦ 'ਤੇ ਇਸ ਪ੍ਰਣਾਲੀ ਨੂੰ ਤਾਇਨਾਤ ਕਰਨ ਵਾਲਾ ਦੇਸ ਦਾ ਪਹਿਲਾ ਸੂਬਾ ਬਣ ਗਿਆ।




ਮੀਡੀਆ ਨਾਲ ਗੱਲਬਾਤ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਪਹਿਲ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਇੱਕ ਹੋਰ ਸਾਨਦਾਰ ਅਧਿਆਇ ਜੁੜ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਸੀ, ਜਿਸ ਕਾਰਨ ਇਸ ਸਰਾਪ ਨੇ ਸੂਬੇ ਵਿੱਚ ਆਪਣੇ ਪੈਰ ਪਸਾਰੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਪ ਦੀ ਸਰਕਾਰ ਨੇ ਨਸ਼ਿਆਂ ਵਿਰੁੱਧ ਵੱਡੀ ਜੰਗ ਛੇੜੀ ਹੈ ਅਤੇ ਇਸ ਕਾਰੋਬਾਰ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸਰਹੱਦ ਪਾਰੋਂ ਪੰਜਾਬ 'ਚ ਨਸ਼ਿਆਂ ਦੀ ਸਪਲਾਈ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਰੋਕਣ ਲਈ ਇਹ ਐਂਟੀ-ਡਰੋਨ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਲਾਹਨਤ ਤੋਂ ਮੁਕਤ ਕਰਨ ਲਈ ਤਿੰਨ ਐਂਟੀ-ਡਰੋਨ ਪ੍ਰਣਾਲੀਆਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਛੇ ਹੋਰ ਜਲਦੀ ਹੀ ਸ਼ੁਰੂ ਕੀਤੀਆਂ ਜਾਣਗੀਆਂ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਜ਼ੀਰੋ-ਟਾਲਰੈਂਸ ਨੀਤੀ ਨੂੰ ਸਖਤੀ ਨਾਲ ਲਾਗੂ ਕੀਤਾ ਹੈ।

ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਨਸਾ ਤਸਕਰਾਂ ਵੱਲੋਂ ਨਸ਼ਿਆਂ ਦੇ ਇਸ ਗੈਰ-ਕਾਨੂੰਨੀ ਕਾਰੋਬਾਰ ਰਾਹੀਂ ਹਾਸਲ ਕੀਤੀਆਂ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਇਮਾਨਦਾਰ ਸਰਕਾਰ ਨੇ ਨਸ਼ਿਆਂ ਦੇ ਸਭ ਤੋਂ ਵੱਡੇ ਅਤੇ ਬਦਨਾਮ ਸੌਦਾਗਰਾਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਤਸਕਰ, ਜੋ ਸਮਾਜ ਨੂੰ ਜਹਿਰ ਦੇ ਕੇ ਖੁਦ ਆਪਣੇ ਘਰ ਐਸ਼ੋ-ਆਰਾਮ ਦੀ ਜ਼ਿੰਦਗੀ ਜਿਉਂਦੇ ਹਨ, ਸਾਡੇ ਲੋਕਾਂ ਦੇ ਅਸਲ ਦੁਸ਼ਮਣ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ੇਗੀ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ 'ਨਸ਼ਿਆਂ ਵਿਰੁੱਧ ਜੰਗ' (ਯੁੱਧ ਨਸ਼ਿਆਂ ਵਿਰੁੱਧ) ਮੁਹਿੰਮ ਤਹਿਤ ਪੰਜਾਬ ਨੇ ਅੱਜ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਆਰ-ਪਾਰ ਦੀ ਜੰਗ ਛੇੜੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਪੰਜਾਬ ਦੀ 553 ਕਿਲੋਮੀਟਰ ਸਰਹੱਦ ਲੱਗਦੀ ਹੈ, ਜਿਸ ਨੂੰ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਲਈ ਸਭ ਤੋਂ ਸੰਵੇਦਨਸੀਲ ਖੇਤਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਡਰੋਨ-ਅਧਾਰਤ ਤਸਕਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਅੰਤਰਰਾਸ਼ਟਰੀ ਸਰਹੱਦ 'ਤੇ ਨੌਂ ਐਂਟੀ-ਡਰੋਨ ਯੂਨਿਟ ਸਥਾਪਤ ਕੀਤੇ ਜਾ ਰਹੇ ਹਨ।

(ਬਾਕੀ ਸਫ਼ਾ 2 'ਤੇ)

# ਹਵਾਈ ਫੌਜ ਦੇ ਮੁਖੀ ਏਪੀ ਸਿੰਘ ਨੇ 'ਆਪ੍ਰੇਸ਼ਨ ਸਿੰਦੂਰ' 'ਚ ਪਾਕਿ ਨੂੰ ਵੱਡਾ ਨੁਕਸਾਨ ਪਹੁੰਚਾਉਣ ਦਾ ਕੀਤਾ ਦਾਅਵਾ

ਚੜ੍ਹਦੀਕਲਾ ਬਿਊਰੋ
===============

ਨਵੀਂ ਦਿੱਲੀ , 9 ਅਗਸਤ:ਭਾਰਤੀ ਹਵਾਈ ਫੌਜ ਦੇ ਮੁਖੀ ਏਪੀ ਸਿੰਘ ਨੇ ਬੈਂਗਲੁਰੂ ਦੇ ਐਚਏਐਲ ਮੈਨੇਜਮੈਂਟ ਅਕੈਡਮੀ ਆਡੀਟੋਰੀਅਮ ਵਿਖੇ ਏਅਰ ਚੀਫ ਮਾਰਸ਼ਲ ਐਲਐਮ ਕਤਰੇ ਮੈਮੋਰੀਅਲ ਲੈਕਚਰ ਦੇ 16ਵੇਂ ਸੀਜ਼ਨ ਨੂੰ ਸੰਬੋਧਨ ਕੀਤਾ । ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਆਪ੍ਰੇਸ਼ਨ ਸਿੰਦੂਰ ਵਿੱਚ ਪਾਕਿਸਤਾਨ ਦਾ ਬਹੁਤ ਨੁਕਸਾਨ ਹੋਇਆ ਹੈ। ਅਸੀਂ ਉਨ੍ਹਾਂ ਦੇ ਪੰਜ ਲੜਾਕੂ ਜਹਾਜ਼ਾਂ ਨੂੰ ਵੀ ਡੇਗ ਦਿੱਤਾ ਸੀ।ਏਅਰ ਚੀਫ ਮਾਰਸ਼ਲ ਏਪੀ ਸਿੰਘ ਨੇ ਕਿਹਾ ਸਾਡੀ ਹਵਾਈ ਰੱਖਿਆ ਪ੍ਰਣਾਲੀ ਨੇ ਬਹੁਤ ਵਧੀਆ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਜੋ ਐਸ-400 ਪ੍ਰਣਾਲੀ ਖਰੀਦੀ ਸੀ ਉਹ ਅਪ੍ਰੇਸ਼ਨ ਸਿੰਦੂਰ ਦੌਰਾਨ ਗੇਮ-ਚੇਂਜਰ ਸਾਬਤ ਹੋਈ ਹੈ। ਪਾਕਿਸਤਾਨ ਕੋਲ ਲੰਬੀ ਦੂਰੀ ਦੇ ਗਲਾਈਡ ਬੰਬ ਸਨ ਪਰ ਉਹ ਉਨ੍ਹਾਂ ਵਿੱਚੋਂ



(ਬਾਕੀ ਸਫ਼ਾ 2 'ਤੇ)

## ਜੰਮੂ-ਕਸ਼ਮੀਰ ਵਿੱਚ ਅੱਤਵਾਦੀਆਂ ਨਾਲ ਮੁਠਭੇੜ 'ਚ ਪੰਜਾਬ ਦੇ 2 ਜਵਾਨ ਸ਼ਹੀਦ

ਕੁਲਗਾਮ, 9 ਅਗਸਤ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਵਿਚ ਅੱਤਵਾਦੀਆਂ ਨਾਲ ਲੋਹਾ ਲੈਂਦਿਆਂ ਪੰਜਾਬ ਦੇ ਦੋ ਜਵਾਨ ਸ਼ਹੀਦ ਹੋ ਗਏ। ਇਨ੍ਹਾਂ ਵਿਚ ਖੰਨਾ ਦੇ ਪਿੰਡ ਮਾਨੂੰਪੁਰ ਦੇ ਪ੍ਰਿਤਪਾਲ ਸਿੰਘ ਤੇ ਮੰਡੀ ਗੋਬਿੰਦਗੜ੍ਹ ਦੇ ਪਿੰਡ ਬਦੀਨਪੁਰ ਨਾਲ ਸਬੰਧਤ ਫੌਜੀ ਜਵਾਨ ਹਰਮਿੰਦਰ ਸਿੰਘ ਸ਼ਾਮਲ ਹਨ। ਸ਼ਹੀਦ



(ਬਾਕੀ ਸਫ਼ਾ 2 'ਤੇ)

## ਅਮਰੀਕਾ ਵੱਲੋਂ ਭਾਰਤ 'ਤੇ ਟੈਰਿਫ ਵਧੇ ਕਾਰਨ ਕੱਪੜਾ ਬਰਾਮਦ 'ਤੇ ਸੰਕਟ ਦੇ ਬੱਦਲ

ਨਵੀਂ ਦਿੱਲੀ, 9 ਅਗਸਤ (ਚੜ੍ਹਦੀਕਲਾ ਬਿਊਰੋ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ 50% ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ, ਜੋ ਹੁਣ ਬ੍ਰਾਜ਼ੀਲ ਵਰਗੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ 'ਤੇ ਸਭ ਤੋਂ ਵੱਧ ਅਮਰੀਕੀ ਟੈਰਿਫ ਲਾਗੂ ਹਨ। ਇਸ ਕਦਮ ਨੇ ਭਾਰਤ ਦੇ ਅਮਰੀਕਾ ਨੂੰ 87,000 ਕਰੋੜ ਰੁਪਏ ਦੇ ਸਾਲਾਨਾ ਟੈਕਸਟਾਈਲ ਨਿਰਯਾਤ ਤੇ ਅਨਿਸ਼ਚਿਤਤਾ ਵਧਾ ਦਿੱਤੀ ਹੈ।ਇੱਕ ਰਿਪੋਰਟ ਅਨੁਸਾਰ, ਬਹੁਤ ਸਾਰੇ ਨਿਰਯਾਤਕ ਜਿਨ੍ਹਾਂ ਦੇ ਵਿਦੇਸ਼ਾਂ ਵਿੱਚ ਨਿਰਮਾਣ ਯੂਨਿਟ ਹਨ, ਹੁਣ ਆਪਣਾ

(ਬਾਕੀ ਸਫ਼ਾ 2 'ਤੇ)

## ਉੱਤਰੀ ਭਾਰਤ 'ਚ ਮੀਂਹ ਦਾ ਕਹਿਰ ਜਾਰੀ

### ਦਿੱਲੀ ਦੀਆਂ ਸੜਕਾਂ ਜਲਮਗਨ, 100 ਉਡਾਨਾਂ ਵੀ ਪ੍ਰਭਾਵਿਤ



ਚੜ੍ਹਦੀਕਲਾ ਬਿਊਰੋ
===============

ਨਵੀਂ ਦਿੱਲੀ , 9 ਅਗਸਤ: ਦਿੱਲੀ-ਐਨਸੀਆਰ ਵਿੱਚ ਸ਼ੁੱਕਰਵਾਰ ਰਾਤ ਤੋਂ ਹੀ ਭਾਰੀ ਮੀਂਹ ਜਾਰੀ ਹੈ। ਇੱਥੇ ਮੀਂਹ ਲਈ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਭਾਰੀ ਮੀਂਹ ਕਾਰਨ 100 ਤੋਂ ਵੱਧ ਉਡਾਨਾਂ ਵਿੱਚ ਦੇਰੀ ਹੋ ਰਹੀ ਹੈ। ਦਿੱਲੀ ਦੇ ਕਈ ਇਲਾਕੇ ਪਾਣੀ ਨਾਲ ਭਰੇ ਹੋਏ ਹਨ। ਇਸ ਕਾਰਨ ਟ੍ਰੈਫਿਕ ਜਾਮ ਹੋ ਰਿਹਾ ਹੈ।ਹਿਮਾਚਲ ਪ੍ਰਦੇਸ਼ ਦੇ ਕੁੱਲੂ ਦੇ ਸ਼ਰੋਦ ਨਾਲਾ ਵਿੱਚ ਬੱਦਲ ਫਟਣ ਦੀ ਘਟਨਾ ਵਾਪਰੀ ਹੈ। ਖੁਸ਼ਕਿਸਮਤੀ ਨਾਲ, ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ, ਪਰ ਸ਼ਰੋਦ ਨਾਲਾ ਦੇ ਨਾਲ ਲੱਗਦੇ ਬਰੋਗੀ ਨਾਲਾ ਦੇ ਪਾਣੀ ਦਾ ਪੱਧਰ ਵਧ ਗਿਆ ਹੈ। ਜ਼ਮੀਨ ਖਿਸਕਣ ਕਾਰਨ ਚੰਡੀਗੜ੍ਹ-ਮਨਾਲੀ ਹਾਈਵੇਅ ਬੰਦ ਹੈ।ਬਿਹਾਰ ਵਿੱਚ ਭਾਰੀ ਮੀਂਹ ਜਾਰੀ ਹੈ। ਬੇਗੂਸਰਾਏ ਵਿਚ ਹੜ੍ਹਾਂ ਕਾਰਨ 118 ਸਕੂਲ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ ਹਨ। ਖਗੜੀਆ ਵਿੱਚ 32 ਸਕੂਲ ਅਤੇ ਵੈਸ਼ਾਲੀ ਵਿੱਚ 80 ਸਕੂਲ ਵੀ ਬੰਦ ਕਰ ਦਿੱਤੇ ਗਏ ਹਨ। ਪਟਨਾ ਵਿੱਚ ਕਈ ਥਾਵਾਂ 'ਤੇ ਪਾਣੀ ਇਕੱਠਾ ਹੋ ਗਿਆ ਹੈ।

### ਪਹਾੜਾਂ ਵਿਚ ਅਗਲੇ ਤਿੰਨ ਦਿਨ ਭਾਰੀ ਮੀਂਹ ਦਾ ਖ਼ਦਸ਼ਾ

ਚੜ੍ਹਦੀਕਲਾ ਬਿਊਰੋ
===============

ਕੁੱਲੂ , 9 ਅਗਸਤ: ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਦਾ ਕਹਿਰ ਜਾਰੀ ਹੈ। ਸ਼ੁੱਕਰਵਾਰ ਨੂੰ ਕੁੱਲੂ ਅਤੇ ਮੰਡੀ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਤੋਂ ਬਾਅਦ ਹਨੋਨੀ ਸੁਰੰਗ ਵਿੱਚ ਤਲਾਅ ਵਰਗੀ ਸਥਿਤੀ ਬਣ ਗਈ। ਜ਼ਮੀਨ ਖਿਸਕਣ ਕਾਰਨ ਪਾਣੀ ਇਕੱਠਾ ਹੋਣ ਨਾਲ ਵਾਹਨ ਪਾਣੀ ਵਿੱਚ ਤੈਰਨ ਲੱਗੇ। ਇਸ ਤੋਂ ਇਲਾਵਾ ਕਈ ਥਾਵਾਂ ਤੇ ਜ਼ਮੀਨ ਖਿਸਕਣ ਕਾਰਨ ਸੜਕਾਂ ਬੰਦ ਹੋ ਗਈਆਂ ਹਨ। ਚੰਡੀਗੜ੍ਹ-ਮਨਾਲੀ ਰਾਸ਼ਟਰੀ ਰਾਜਮਾਰਗ ਵੀ ਕਈ ਥਾਵਾਂ ਤੇ ਬੰਦ ਹੈ। NHAI ਮਸ਼ੀਨਰੀ ਸੜਕ ਨੂੰ ਬਹਾਲ ਕਰਨ ਵਿੱਚ ਲੱਗੀ ਹੋਈ ਹੈ।ਮੌਸਮ ਵਿਭਾਗ ਨੇ ਊਨਾ, ਕਾਂਗੜਾ ਅਤੇ ਸਿਰਮੌਰ ਜ਼ਿਲ੍ਹਿਆਂ ਲਈ ਯੈਲੋ ਅਲਰਟ ਜਾਰੀ ਕੀਤਾ ਸੀ। ਇਨ੍ਹਾਂ ਜ਼ਿਲ੍ਹਿਆਂ ਵਿੱਚ ਕੁਝ ਥਾਵਾਂ 'ਤੇ ਭਾਰੀ ਬਾਰਿਸ਼ ਹੋ ਸਕਦੀ ਹੈ। 5 ਜ਼ਿਲ੍ਹਿਆਂ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ, ਜਦੋਂ ਕਿ ਤਿੰਨ ਜ਼ਿਲ੍ਹਿਆਂ ਲਈ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ।ਇਸ ਮਾਨਸੂਨ ਸੀਜ਼ਨ (20 ਜੂਨ ਤੋਂ 7 ਅਗਸਤ ਤੱਕ) ਵਿੱਚ ਸੂਬੇ ਵਿੱਚ 202 ਲੋਕਾਂ ਦੀ ਜਾਨ ਗਈ ਹੈ। ਇਨ੍ਹਾਂ ਵਿੱਚੋਂ 32 ਲੋਕਾਂ ਦੀ ਮੌਤ ਹੜ੍ਹਾਂ, ਬੱਦਲ ਫਟਣ ਅਤੇ ਜ਼ਮੀਨ ਖਿਸਕਣ ਕਾਰਨ ਹੋਈ ਹੈ। 36 ਲੋਕ ਅਜੇ ਵੀ ਲਾਪਤਾ ਹਨ। ਸੜਕ ਹਾਦਸਿਆਂ ਵਿੱਚ 94 ਲੋਕਾਂ ਦੀ ਜਾਨ ਗਈ ਹੈ।

# ਮਹਿੰਗਾਈ ਕਾਰਨ ਵਿਗੜਿਆ ਰਸੋਈ ਦਾ ਬਜਟ, ਕੀਮਤਾਂ 'ਚ ਭਾਰੀ ਉਛਾਲ

ਚੜ੍ਹਦੀਕਲਾ ਬਿਊਰੋ
===============

ਨਵੀਂ ਦਿੱਲੀ , 9 ਅਗਸਤ: ਬਾਰਿਸ਼ ਕਾਰਨ ਸਬਜ਼ੀਆਂ ਦੀ ਸਪਲਾਈ ਵਿੱਚ ਕਮੀ ਕਾਰਨ ਦਿੱਲੀ-ਐਨਸੀਆਰ ਦੇ ਪ੍ਰਚੂਨ ਬਾਜ਼ਾਰ ਵਿੱਚ ਕੀਮਤਾਂ ਲਗਭਗ ਦੁੱਗਣੀਆਂ ਹੋ ਗਈਆਂ ਹਨ। ਟਮਾਟਰ, ਸ਼ਿਮਲਾ ਮਿਰਚ, ਬੰਦਗੋਭੀ, ਭਿੰਡੀ ਅਤੇ ਧਨੀਆ ਸਮੇਤ ਕਈ ਸਬਜ਼ੀਆਂ ਦੇ ਰੇਟ ਅਸਮਾਨ ਨੂੰ ਛੂਹ ਰਹੇ ਹਨ। ਆਜ਼ਾਦਪੁਰ ਸਬਜ਼ੀ ਮੰਡੀ ਦੇ ਵਪਾਰੀਆਂ ਦਾ ਕਹਿਣਾ ਹੈ ਕਿ ਲਗਾਤਾਰ ਬਾਰਿਸ਼ ਕਾਰਨ ਸਬਜ਼ੀਆਂ ਜਲਦੀ ਖਰਾਬ ਹੋ ਰਹੀਆਂ ਹਨ, ਜਿਸ ਕਾਰਨ ਬਾਜ਼ਾਰ ਵਿੱਚ ਆਮਦ ਘੱਟ ਗਈ ਹੈ। ਹਾਲਾਂਕਿ ਇਸ ਹਫ਼ਤੇ ਕੁਝ ਸਬਜ਼ੀਆਂ ਦੀ ਕੀਮਤ ਵਿੱਚ ਥੋੜ੍ਹੀ ਗਿਰਾਵਟ ਆਈ ਸੀ, ਪਰ ਜੇਕਰ ਬਾਰਿਸ਼ ਜਾਰੀ ਰਹੀ ਤਾਂ ਫਿਰ ਵਧਣ ਦੀ ਸੰਭਾਵਨਾ ਹੈ।ਕੇਂਦਰ ਸਰਕਾਰ ਅਨੁਸਾਰ, ਦਿੱਲੀ ਵਿੱਚ ਟਮਾਟਰ ਦੀ ਔਸਤ ਕੀਮਤ 73 ਰੁਪਏ ਪ੍ਰਤੀ ਕਿਲੋ ਹੈ, ਜਦੋਂ ਕਿ ਸਰਕਾਰੀ ਏਜੰਸੀਆਂ ਇਸਨੂੰ 47 ਤੋਂ 60 ਰੁਪਏ ਪ੍ਰਤੀ ਕਿਲੋ ਵੇਚ ਰਹੀਆਂ ਹਨ। ਉੱਤਰ ਅਤੇ ਉੱਤਰ-ਪੱਛਮੀ ਭਾਰਤ ਵਿੱਚ ਭਾਰੀ ਬਾਰਿਸ਼ ਨੂੰ ਇਸਦਾ ਮੁੱਖ ਕਾਰਨ ਦੱਸਿਆ ਗਿਆ ਹੈ, ਜਦੋਂ ਕਿ ਚੇਨਈ ਅਤੇ ਮੁੰਬਈ ਵਰਗੇ ਸ਼ਹਿਰਾਂ ਵਿੱਚ ਕੀਮਤਾਂ ਸਥਿਰ ਹਨ।ਦੂਜੇ



(ਬਾਕੀ ਸਫ਼ਾ 2 'ਤੇ)

# ਅਕਾਲੀ ਦਲ ਦੀ ਸਰਕਾਰ ਬਣਨ 'ਤੇ ਐਕਵਾਇਰ ਕੀਤੀ ਸਾਰੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਾਂਗੇ : ਸੁਖਬੀਰ ਬਾਦਲ

ਚੜ੍ਹਦੀਕਲਾ ਬਿਊਰੋ
===============

ਬਾਬਾ ਬਕਾਲਾ, 9 ਅਗਸਤ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪੰਜਾਬੀਆਂ ਨੂੰ ਭਰੋਸਾ ਦੁਆਇਆ ਕਿ ਸੂਬੇ ਵਿਚ 2027 ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਐਕਵਾਇਰ ਕੀਤੀ ਸਾਰੀ ਜ਼ਮੀਨ ਉਸੇ ਤਰੀਕੇ ਕਿਸਾਨਾਂ ਨੂੰ ਵਾਪਸ ਕੀਤੀ ਜਾਵੇਗੀ ਜਿਵੇਂ 2016 ਵਿਚ ਸਤਲੁਜ ਯਮੁਨਾ ਲਿੰਕ ਨਹਿਰ ਦੀ ਜ਼ਮੀਨ ਵਾਪਸ ਕੀਤੀ ਗਈ ਸੀ।




ਇੱਥੇ ਰੱਖੜ ਪੁੰਨਿਆ 'ਤੇ ਵਿਸ਼ਾਲ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਸੀਂ ਬਹੁਤ ਸਪਸ਼ਟ ਹਾਂ,ਅਸੀਂ ਆਪਣੀ ਜਾਨ ਕੁਰਬਾਨ ਕਰ ਸਕਦੇ ਹਾਂ ਪਰ ਅਸੀਂ ਜ਼ਬਰੀ ਕਿਸਾਨਾਂ ਤੋਂ ਇਕ ਇੰਚ ਵੀ ਜ਼ਮੀਨ ਐਕਵਾਇਰ ਨਹੀਂ ਕਰਨ ਦਿਆਂਗੇ। ਉਹਨਾਂ ਕਿਹਾ ਕਿ ਇਹੀ ਕਾਰਨ ਹੈ ਕਿ ਅਸੀਂ 1 ਸਤੰਬਰ ਤੋਂ ਜ਼ਮੀਨ ਬਚਾਓ ਮੋਰਚਾ ਸ਼ੁਰੂ ਕਰਨ ਲੱਗੇ ਹਾਂ ਤੇ ਇਸ ਮੋਰਚੇ ਵਿਚ ਰੋਜ਼ਾਨਾ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਨਵੇਂ ਸ਼ੀਸ਼ ਮਹਿਲ ਤੱਕ ਮਾਰਚ ਕੱਢਿਆ ਜਾਵੇਗਾ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਿਛਲੀਆਂ ਅਕਾਲੀ ਦਲ ਦੀਆਂ ਸਰਕਾਰਾਂ ਅਹਿਮ ਪ੍ਰਾਜੈਕਟਾਂ ਵਾਸਤੇ ਜ਼ਮੀਨ ਐਕਵਾਇਰ ਲਈ ਢੁੱਕਵਾਂ ਮੁਆਵਜ਼ਾ ਦਿੰਦੀਆਂ ਸਨ ਜਦੋਂ ਕਿ ਇਸਦੇ ਉਲਟ ਅਰਵਿੰਦ ਕੇਜਰੀਵਾਲ ਬੇਸ਼ਕੀਮਤੀ ਉਪਜਾਊ ਜ਼ਮੀਨ ਕੌਡੀਆਂ ਦੇ ਭਾਅ ਹਥਿਆ ਕੇ ਦਿੱਲੀ ਦੇ ਬਿਲਡਰਾਂ ਨੂੰ ਦੇਣੀ ਚਾਹੁੰਦੇ ਹਨ ਜਿਸ ਵਾਸਤੇ ਉਹਨਾਂ 30 ਹਜ਼ਾਰ ਕਰੋੜ ਰੁਪਏ ਵਿਚ ਸੌਦਾ ਕੀਤਾ ਹੈ। ਉਹਨਾਂ ਕਿਹਾ ਕਿ ਕਿਸਾਨਾਂ ਦੀ 65,000 ਏਕੜ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ ਤੇ ਕਿਸਾਨਾਂ ਨੂੰ ਪਹਿਲਾਂ ਹੀ ਰਜਿਸਟਰੀਆਂ ਕਰਵਾਉਣ ਅਤੇ ਚੇਂਜ ਆਫ ਲੈਂਡ ਯੂਜ਼ (ਸੀ ਐਲ ਯੂ) ਕਰਵਾਉਣ ਵਿਚ ਮੁਸ਼ਕਿਲਾਂ

(ਬਾਕੀ ਸਫ਼ਾ 2 'ਤੇ)

# ਚੋਣ ਕਮਿਸ਼ਨ ਨੇ 334 .ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ 'ਚੋਂ ਹਟਾਇਆ

ਚੜ੍ਹਦੀਕਲਾ ਬਿਊਰੋ
===============

ਨਵੀਂ ਦਿੱਲੀ , 9 ਅਗਸਤ: ਭਾਰਤੀ ਚੋਣ ਕਮਿਸ਼ਨ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਉਸ ਨੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਚੋਣਾਂ ਲੜਨ ਵਿੱਚ ਨਾਕਾਮ ਰਹਿਣ ਅਤੇ ਆਰਪੀ ਐਕਟ, 1951 ਦੀ ਧਾਰਾ 29ਏ ਤਹਿਤ ਲਾਜ਼ਮੀ ਖੁਲਾਸੇ ਦੇ ਨਿਯਮਾਂ ਦੀ ਪਾਲਣਾ ਨਾ ਕੀਤੇ ਜਾਣ ਕਾਰਨ 334 ਰਜਿਸਟਰ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ ਵਿੱਚੋਂ ਹਟਾ ਦਿੱਤਾ ਹੈ। ਇਨ੍ਹਾਂ ਪਾਰਟੀਆਂ ਦੇ ਦਫ਼ਤਰਾਂ ਦਾ ਵੀ ਪਤਾ ਨਹੀਂ ਲੱਗ ਸਕਿਆ।ਚੋਣ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ 334 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇਸ਼ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਸਬੰਧਤ ਹਨ।ਕੁੱਲ 2,854 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵਿੱਚੋਂ ਸੋਧ ਮੁਹਿੰਮ ਮਗਰੋਂ 2,520 ਹੀ ਰਹਿ ਗਈਆਂ ਹਨ।ਸਿਆਸੀ ਪਾਰਟੀਆਂ ਨੂੰ ਹਰ ਛੇ ਸਾਲਾਂ ਵਿੱਚ ਘੱਟੋ-ਘੱਟ ਇੱਕ ਵਾਰ ਚੋਣਾਂ ਲੜਨੀਆਂ ਹੁੰਦੀਆਂ ਹਨ ਅਤੇ ਆਪਣੇ ਨਾਮ, ਪਤੇ ਜਾਂ ਅਹੁਦੇਦਾਰਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਕਮਿਸ਼ਨ ਨੂੰ ਫੌਰੀ ਸੂਚਿਤ ਕਰਨਾ ਹੁੰਦਾ ਹੈ।ਜੂਨ 2025 ਵਿੱਚ, ਚੋਣ ਕਮਿਸ਼ਨ (539) ਨੇ ਸੂਬੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ 345 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੀ ਪਾਲਣਾ ਦੀ ਪੁਸ਼ਟੀ ਕਰਨ ਦਾ ਨਿਰਦੇਸ਼ ਦਿੱਤਾ ਸੀ।ਮੁੱਖ ਚੋਣ ਅਧਿਕਾਰੀਆਂ ਨੇ ਜਾਂਚ ਕੀਤੀ, ਕਾਰਨ ਦੱਸੋ ਨੋਟਿਸ ਜਾਰੀ ਕੀਤੇ ਅਤੇ ਨਿੱਜੀ ਸੁਣਵਾਈ ਦੌਰਾਨ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਦੀ ਇਜਾਜ਼ਤ ਦਿੱਤੀ।ਤਸਦੀਕ ਦੌਰਾਨ 334 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵੱਲੋਂ ਨਿਯਮਾਂ ਦੀ ਉਲੰਘਣਾ ਕੀਤੀ ਗਈ, ਜਦੋਂਕਿ ਬਾਕੀ ਕੇਸਾਂ ਨੂੰ ਮੁੜ ਤਸਦੀਕ ਲਈ ਵਾਪਸ ਭੇਜ ਦਿੱਤਾ ਗਿਆ।ਪੜਤਾਲ ਮਗਰੋਂ ਚੋਣ ਕਮਿਸ਼ਨ (539) ਨੇ ਇਨ੍ਹਾਂ 334 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਆਪਣੀ ਸੂਚੀ ਵਿੱਚੋਂ ਹਟਾ ਦਿੱਤਾ।




ਇਸ ਤਰ੍ਹਾਂ ਕੁੱਲ ਰਜਿਸਟਰਡ ਪਾਰਟੀਆਂ ਦੀ ਗਿਣਤੀ 2,520 ਰਹਿ ਗਈ।ਚੋਣ ਕਮਿਸ਼ਨ ਨੇ ਕਿਹਾ ਕਿ ਸੂਚੀ ਤੋਂ ਹਟਾਈਆਂ ਗਈਆਂ ਪਾਰਟੀਆਂ ਹੁਣ 539 ਨਿਯਮਾਂ ਦੇ ਤਹਿਤ ਲਾਭਾਂ ਅਤੇ ਮਾਨਤਾ ਲਈ ਯੋਗ ਨਹੀਂ ਹੋਣਗੀਆਂ।ਇਹ ਕਦਮ ਚੋਣ ਪ੍ਰਣਾਲੀ ਨੂੰ ਸਾਫ਼-ਸੁਥਰਾ ਬਣਾਉਣ ਅਤੇ ਰਜਿਸਟਰਡ ਸਿਆਸੀ ਸੰਗਠਨਾਂ ਦਰਮਿਆਨ ਵਧੇਰੇ ਜਵਾਬਦੇਹੀ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਦੀ ਵਿਆਪਕ ਅਤੇ ਨਿਰੰਤਰ ਮੁਹਿੰਮ ਦਾ ਹਿੱਸਾ ਹੈ।

## ਮੋਦੀ ਵੱਲੋਂ 'ਭਾਰਤ ਛੱਡੋ ਅੰਦੋਲਨ' ਦੇ ਭਾਗੀਦਾਰਾਂ ਨੂੰ ਸ਼ਰਧਾਂਜਲੀ

ਨਵੀਂ ਦਿੱਲੀ, 9 ਅਗਸਤ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਭਾਰਤ ਛੱਡੋ ਅੰਦੋਲਨ ਦੀ 83ਵੀਂ ਵਰ੍ਹੇਗੰਢ 'ਤੇ ਇਸ 'ਚ ਹਿੱਸਾ ਲੈਣ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਹਿੰਮਤ ਨੇ ਦੇਸ਼ ਭਗਤੀ ਦੀ ਇਕ ਚੰਗਿਆੜੀ ਜਗਾਈ ਜਿਸ ਨੇ ਆਜ਼ਾਦੀ ਦੀ ਭਾਲ ਚ ਅਣਗਿਣਤ ਲੋਕਾਂ ਨੂੰ ਇਕਜੁਟ ਕੀਤਾ। ਉਨ੍ਹਾਂ ਕਿਹਾ,ਅਸੀਂ ਉਨ੍ਹਾਂ ਸਾਰੇ ਬਹਾਦਰ ਲੋਕਾਂ ਨੂੰ ਡੂੰਘੀ ਸ਼ੁਕਰਗੁਜ਼ਾਰੀ ਨਾਲ ਯਾਦ ਕਰਦੇ ਹਾਂ ਜਿਨ੍ਹਾਂ ਨੇ ਬਾਪੂ ਦੀ ਪ੍ਰੇਰਨਾਦਾਇਕ ਅਗਵਾਈ ਹੇਠ ਭਾਰਤ ਛੱਡੋ ਅੰਦੋਲਨ 'ਚ ਹਿੱਸਾ ਲਿਆ ਸੀ।ਮੋਦੀ ਨੇ ਕਿਹਾ,ਉਨ੍ਹਾਂ ਦੀ ਹਿੰਮਤ ਨੇ ਦੇਸ਼ ਭਗਤੀ ਦੀ ਇਕ ਚੰਗਿਆੜੀ ਜਗਾਈ ਜਿਸ ਨੇ ਅਣਗਿਣਤ ਲੋਕਾਂ ਨੂੰ ਆਜ਼ਾਦੀ ਦੀ ਭਾਲ ਚ ਇਕਜੁਟ ਕੀਤਾ। ਮਹਾਤਮਾ ਗਾਂਧੀ ਨੇ 1942 ਚ ਬ੍ਰਿਟਿਸ਼ ਸ਼ਾਸਨ ਨੂੰ ਹਟਾਉਣ ਦੀ ਮੰਗ ਕਰਦੇ ਹੋਏ ਅੰਦੋਲਨ ਸ਼ੁਰੂ ਕੀਤਾ

(ਬਾਕੀ ਸਫ਼ਾ 2 'ਤੇ)






## ਜਸਬੀਰ ਸਿੰਘ ਘੁੰਮਣ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਸਾਜ਼ਿਸ਼ਨ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ : ਮੈਨੇਜਰ

ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਤੇ ਮਰਿਆਦਾ ਨੂੰ ਨੀਤੀਗਤ ਤੌਰ 'ਤੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਜਸਬੀਰ ਸਿੰਘ ਘੁੰਮਣ ਵੱਲੋਂ ਲਗਾਏ ਗਏ ਦੋਸ਼ਾਂ ਦਾ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਪੂਰਨ ਤੌਰ 'ਤੇ ਖੰਡਨ ਕੀਤਾ ਹੈ।



ਧੰਗੇੜਾ ਨੇ ਸਪੱਸ਼ਟ ਕੀਤਾ ਕਿ ਬੀਬੀ ਸਤਵੰਤ ਕੌਰ ਦੀ ਮੰਗ ਅਨੁਸਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਪੱਤਰ ਦੇ ਅਧਾਰ 'ਤੇ ਭਾਈ ਗੁਰਦਾਸ ਹਾਲ ਦੀ ਉਨ੍ਹਾਂ ਨੂੰ ਲਿਖਤੀ ਤੌਰ 'ਤੇ ਪੇਸ਼ਕਸ਼ ਕੀਤੀ ਗਈ ਸੀ। ਮੰਗ ਕਰਨ ਵਾਲੇ ਵੱਲੋਂ ਸਹਿਮਤੀ ਦੇਣ ਤੋਂ ਬਾਅਦ ਇਸ ਹਾਲ ਦੀ ਸਾਫ ਸਫ਼ਾਈ ਦਾ ਪ੍ਰਬੰਧ ਕੀਤਾ ਜਾ ਰਿਹਾ ਸੀ, ਜਿਸ ਦੌਰਾਨ ਜਸਬੀਰ ਸਿੰਘ ਘੁੰਮਣ, ਬਲਵਿੰਦਰ ਸਿੰਘ ਜੌੜਾ ਤੇ ਰਘਬੀਰ ਸਿੰਘ ਕਈ ਵਾਰ ਹਾਲ 'ਚ ਆਏ। ਇਸ ਦੌਰਾਨ ਹੀ ਇਨ੍ਹਾਂ ਨੂੰ ਸਪੱਸ਼ਟ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹਾਲ ਉਪਲਬਧ ਕਰਵਾਉਣ ਤੱਕ ਸੀਮਿਤ ਹੈ, ਜਦਕਿ ਸਮਾਗਮ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਯੋਜਕਾਂ ਦੀ ਹੁੰਦੀ ਹੈ। ਮਰਿਆਦਾ ਨੂੰ ਮੁੱਖ ਰੱਖਦਿਆਂ ਸ੍ਰੀ ਦਰਬਾਰ ਸਾਹਿਬ ਵਿਖੇ ਰਾਜਸੀ ਸਮਾਗਮਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਉਚਿਤ ਨਹੀਂ ਹੈ। ਪਰੰਤੂ, ਇਸ ਸਿੱਧੀ ਗੱਲ ਨੂੰ ਸਵੀਕਾਰ ਕਰਨ ਦੀ ਬਜਾਏ ਉਨ੍ਹਾਂ ਨੇ ਹੰਕਾਰੀ ਲਹਿਜ਼ੇ 'ਚ ਸਿੱਖ ਸੰਸਥਾ ਦੀ ਸ਼ਾਨ ਵਿਰੁੱਧ ਟਿੱਪਣੀਆਂ ਕਰਨੀ ਸ਼ੁਰੂ ਕਰ ਦਿੱਤੀਆਂ।

ਧੰਗੇੜਾ ਨੇ ਕਿਹਾ ਕਿ ਇਹ ਸਾਰੀ ਕਾਰਵਾਈ ਪੂਰੀ ਤਰ੍ਹਾਂ ਜਾਣਬੁੱਝ ਕੇ ਸ਼੍ਰੋਮਣੀ ਕਮੇਟੀ ਦੀ ਛਵੀ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਹੈ। ਸ਼੍ਰੋਮਣੀ ਕਮੇਟੀ ਹਮੇਸ਼ਾ ਗੁਰਮਰਿਆਦਾ ਤੇ ਸੇਵਾ ਦੇ ਨਿਸ਼ਕਾਮ ਸਿਧਾਂਤਾਂ 'ਤੇ ਅਡਿੱਗ ਰਹੀ ਹੈ ਤੇ ਰਹੇਗੀ।

## ਜੋਗਾ ਸਿੰਘ ਦੀ ਗ੍ਰਿਫ਼ਤਾਰੀ ਨਾਲ 2015 ਦੇ ਡਰੱਗ ਰੈਕੇਟ ਵਿੱਚ ਹੋਰ ਦੋਸ਼ੀਆਂ ਦਾ ਪਰਦਾਫਾਸ਼ ਹੋਣ ਦੀ ਉਮੀਦ: ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 9 ਅਗਸਤ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਅਤੇ 'ਯੁੱਧ ਨਸ਼ਿਆਂ ਵਿਰੁੱਧ' ਕੈਬਨਿਟ ਸਬ ਕਮੇਟੀ ਦੇ ਚੇਅਰਮੈਨ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਸਾਬਕਾ ਸੁਰੱਖਿਆ ਅਧਿਕਾਰੀ ਜੋਗਾ ਸਿੰਘ ਦੀ ਗ੍ਰਿਫ਼ਤਾਰੀ, 2015 ਦੇ ਗੁਰਦੇਵ ਸਿੰਘ ਦੇਬੀ ਡਰੱਗ ਰੈਕੇਟ ਦੇ ਪੀੜਤਾਂ ਲਈ ਨਿਆਂ ਵੱਲ ਇੱਕ ਮਹੱਤਵਪੂਰਨ ਕਦਮ ਹੈ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਇਸ ਮਾਮਲੇ ਵਿੱਚ ਦਹਾਕੇ ਤੋਂ ਚੱਲ ਰਹੀ ਦੇਰੀ ਦੋਸ਼ੀਆਂ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਲੀਡਰਸ਼ਿਪ ਨਾਲ ਰਾਜਨੀਤਿਕ ਸਬੰਧਾਂ ਕਾਰਨ ਹੋਈ ਹੈ। ਇੱਥੇ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜੋਗਾ ਸਿੰਘ ਦੀ ਗ੍ਰਿਫ਼ਤਾਰੀ ਸਬੰਧੀ ਘਟਨਾਵਾਂ ਦਾ ਵੇਰਵਾ ਦਿੱਤਾ। ਜੋਗਾ ਸਿੰਘ 28 ਸਤੰਬਰ, 2023 ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਤੋਂ ਹੀ ਫਰਾਰ ਸੀ। ਅਕਤੂਬਰ 2023 ਵਿੱਚ ਫਾਜ਼ਿਲਕਾ ਦੀ ਸੈਸ਼ਨ ਅਦਾਲਤ ਅਤੇ ਜਨਵਰੀ 2024 ਵਿੱਚ ਹਾਈ ਕੋਰਟ ਨੇ ਉਸਦੀ ਜ਼ਮਾਨਤ ਰੱਦ ਕਰ ਦਿੱਤੀ ਸੀ। ਕਈ ਪੁਲਿਸ ਛਾਪਿਆਂ ਦੇ ਬਾਵਜੂਦ, ਉਹ ਫਰਾਰ ਰਿਹਾ। ਨਵੰਬਰ 2023 ਵਿੱਚ ਵਿਸ਼ੇਸ਼ ਜਾਂਚ ਟੀਮ



(ਐਸ.ਆਈ.ਟੀ.) ਦੁਆਰਾ ਜਾਰੀ ਕੀਤੇ ਗਏ ਲੁੱਕ ਆਊਟ ਸਰਕੂਲਰ (ਐਲ.ਓ.ਸੀ.) ਕਾਰਨ, ਆਸਟਰੇਲੀਆ ਭੱਜਣ ਦੀ ਕੋਸ਼ਿਸ਼ ਕਰਦੇ ਹੋਏ, ਜੋਗਾ ਸਿੰਘ ਨੂੰ ਅੰਤ ਵਿੱਚ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿੱਚ ਲੈ ਲਿਆ। ਉਸਨੂੰ ਟਰਾਂਜ਼ਿਟ ਰਿਮਾਂਡ 'ਤੇ ਲਿਆ ਗਿਆ ਅਤੇ ਜਲਾਲਾਬਾਦ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਵੱਲੋਂ ਉਸ ਦਾ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਦਿੱਤਾ ਗਿਆ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਖੁਲਾਸਾ ਕੀਤਾ ਕਿ ਜੋਗਾ ਸਿੰਘ ਨੇ ਸੁਖਪਾਲ ਸਿੰਘ ਖਹਿਰਾ ਅਤੇ ਇਸ ਮਾਮਲੇ ਵਿੱਚ ਦੋਸ਼ੀ ਗੁਰਦੇਵ ਸਿੰਘ ਅਤੇ ਉਸ ਦੀ ਯੂਕੇ ਸਥਿਤ ਭੈਣ ਚਰਨਜੀਤ ਕੌਰ ਵਿਚਕਾਰ ਗੱਲਬਾਤ ਵਿੱਚ ਮੁੱਖ ਭੂਮਿਕਾ ਨਿਭਾਈ। ਵਿੱਤ ਮੰਤਰੀ ਨੇ ਕਿਹਾ ਕਿ ਜਦੋਂ ਗੁਰਦੇਵ ਸਿੰਘ ਭਗੌੜਾ ਸੀ ਤਾਂ ਜੋਗਾ ਸਿੰਘ ਨੇ ਇਨ੍ਹਾਂ ਕਾਲਾਂ ਦਾ ਪ੍ਰਬੰਧ ਕਰਨ ਲਈ ਆਪਣੇ ਮੋਬਾਈਲ ਫੋਨ ਦੀ ਵਰਤੋਂ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਕਾਲ ਡਿਟੇਲ ਵਿਸ਼ਲੇਸ਼ਣ ਤੋਂ ਕਈ ਮਾਮਲੇ ਸਾਹਮਣੇ ਆਏ ਹਨ ਜਿੱਥੇ ਜੋਗਾ ਸਿੰਘ ਅਤੇ ਗੁਰਦੇਵ ਸਿੰਘ ਇੱਕੋ ਥਾਂ 'ਤੇ ਸਨ, ਇੱਥੋਂ ਤੱਕ ਕਿ ਖਹਿਰਾ ਦੀ ਰਿਹਾਇਸ਼ 'ਤੇ ਵੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 1 ਮਾਰਚ, 2025 ਨੂੰ ਸ਼ੁਰੂ ਹੋਈ ਸੂਬੇ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਹੁਣ ਤੱਕ ਦੀ ਸਫਲਤਾ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, ਐਨਡੀਪੀਐਸ ਐਕਟ ਤਹਿਤ 16,062 ਮਾਮਲੇ ਦਰਜ ਕੀਤੇ ਗਏ ਹਨ, ਜਿਸ ਤਹਿਤ 25,177 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਨਸ਼ਾ ਤਸਕਰਾਂ ਨਾਲ ਸਬੰਧਤ 178 ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ। ਹੁਣ ਤੱਕ ਜ਼ਬਤ ਕੀਤੇ ਗਏ ਨਸ਼ਿਆਂ ਵਿੱਚ 1,044 ਕਿਲੋਗ੍ਰਾਮ ਹੈਰੋਇਨ, 21,309 ਕਿਲੋਗ੍ਰਾਮ ਭੁੱਕੀ, 365 ਕਿਲੋਗ੍ਰਾਮ ਅਫੀਮ, ਅਤੇ ਲਗਭਗ 32 ਲੱਖ ਗੋਲੀਆਂ ਤੇ ਕੈਪਸੂਲ ਆਦਿ ਸ਼ਾਮਲ ਹਨ।

ਨਸ਼ਿਆਂ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਵਾਲੀ ਅਗਵਾਈ ਹੇਠ ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸਨੇ ਆਪਣੀ ਪੁਲਿਸ ਫੋਰਸ ਨੂੰ 51.41 ਕਰੋੜ ਰੁਪਏ ਦੀ ਕੀਮਤ ਵਾਲ ਡਰੋਨ ਸਿਸਟਮ ਨਾਲ ਲੈਸ ਕੀਤਾ ਹੈ ਜੋ ਨਸ਼ਾ ਵਿਰੋਧੀ ਯਤਨਾਂ ਵਿੱਚ ਸਹਾਇਤਾ ਕਰੇਗਾ। ਉਨ੍ਹਾਂ ਕਿਹਾ ਕਿ ਇਹ ਤਕਨੀਕੀ ਤਰੱਕੀ ਰਾਜ ਦੀਆਂ ਅੰਤਰਰਾਸ਼ਟਰੀ ਸਰਹੱਦਾਂ 'ਤੇ ਨਸੇ ਦੀ ਤਸਕਰੀ ਨੂੰ ਰੋਕਣ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

## ਗੁ. ਸੀਸ ਗੰਜ ਸਾਹਿਬ ਵਿਖੇ ਨਸ਼ਿਆਂ ਵਿਰੁੱਧ ਅਰਦਾਸ ਸਮਾਗਮ ਅੱਜ

ਸ੍ਰੀ ਅਨੰਦਪੁਰ ਸਾਹਿਬ, 9 ਅਗਸਤ (ਤਰਲੋਚਨ ਸਿੰਘ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਵਰੋਸਾਈ ਹੋਈ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ



ਇਲਾਵਾ ਆਸ ਪਾਸ ਦੇ ਇਲਾਕੇ ਵਿੱਚ ਵੱਧ ਰਹੇ ਚਿੱਟੇ ਦੇ ਨਸ਼ੇ ? ਨੂੰ ਖ਼ਤਮ ਕਰਨ ਲਈ ਸਮੂਹਿਕ ਅਰਦਾਸ ਸਮਾਗਮ ਅੱਜ ਸ਼ਾਮੀ 5 ਵਜੇ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਇਹ ਜਾਣਕਾਰੀ ਉੱਘੇ ਸਮਾਜ ਸੇਵੀ ਹਰਤੇਗਬੀਰ ਸਿੰਘ ਤੇਗੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਅਨੰਦਪੁਰ ਸਾਹਿਬ ਦੇ ਇਲਾਕੇ ਵਿੱਚ ਮਾਰੂ ਨਸ਼ੇ ਚਿੱਟੇ ਦਾ ਕਾਰੋਬਾਰ ਜ਼ੋਰਾਂ 'ਤੇ ਹੈ। ਇਲਾਕੇ ਦੇ ਵੱਡੀ ਗਿਣਤੀ ਨੌਜਵਾਨ ਨਸ਼ੇ ਦੇ ਸੌਦਾਗਰਾਂ ਵੱਲੋਂ ਬੁਣੇ ਜਾਲ ਵਿੱਚ ਬੁਰੀ ਤਰ੍ਹਾਂ ਫਸ ਚੁੱਕੇ ਹਨ। ਆਏ ਦਿਨ ਕਿਸੇ ਨਾ ਕਿਸੇ ਨੌਜਵਾਨ ਦੀ ਇਸ ਨਸ਼ਾ ਸੇਵਨ ਕਰਨ ਨਾਲ ਮੌਤ ਹੋ ਜਾਣ ਦੀ ਸੂਚਨਾ ਮਿਲ ਰਹੀ ਹੈ, ਜੋ ਅਸੀਂ ਹਾਲੇ ਵੀ ਹੱਥ 'ਤੇ ਹੱਥ ਰੱਖ ਕੇ ਬੈਠੇ ਰਹੇ ਤਾਂ ਇਸਦਾ ਖਮਿਆਜ਼ਾ ਸਾਨੂੰ ਆਉਣ ਵਾਲੇ ਸਮੇਂ ਵਿਚ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਆਓ ਰਲ ਮਿਲ ਗੁਰੂ ਤੇਗ ਬਹਾਦਰ ਜੀ ਮਹਾਰਾਜ ਅੱਗੇ ਅਰਦਾਸ ਕਰੀਏ ਕਿ ਜਿਹੜੇ ਅਣਭੋਲ ਪੁਣੇ ਵਿੱਚ ਇਸ ਵਿੱਚ ਸ਼ਾਮਿਲ ਹਨ ਉਹਨਾਂ ਨੂੰ ਆਪ ਗੁਰੂ ਸਾਹਿਬ ਸਮੇਤ ਬਖ਼ਸ਼ਣ ਅਤੇ ਜਿਹੜੇ ਆਪਣੇ ਨਿੱਜੀ ਫ਼ਾਇਦੇ ਅਤੇ ਰਾਜਨੀਤਿਕ ਮੰਤਵਾਂ ਲਈ ਨਸ਼ੇ ਨੂੰ ਪ੍ਰਫੁੱਲਤ ਕਰ ਰਹੇ ਹਨ ਉਨ੍ਹਾਂ ਨੂੰ ਗੁਰੂ ਸਾਹਿਬ ਆਪ ਸਜ਼ਾ ਦੇਣ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਵੱਡੀ ਗਿਣਤੀ 'ਚ ਸੰਗਤਾਂ ਪਹੁੰਚ ਕੇ ਹੋਰਾਂ ਨੂੰ ਵੀ ਪ੍ਰੇਰਿਤ ਕੀਤਾ ਜਾਵੇ। ਇਸ ਮੌਕੇ ਮਾਤਾ ਗੁਰਚਰਨ ਕੌਰ ਪ੍ਰਧਾਨ ਇਸਤਰੀ ਸਤਿਸੰਗ ਸਭਾ, ਜਥੇਦਾਰ ਸੰਤੋਖ ਸਿੰਘ, ਬਾਬਾ ਕੁਲਵਿੰਦਰ ਸਿੰਘ, ਰਵਿੰਦਰ ਸਿੰਘ ਰਤਨ, ਭਾਈ ਕਰਮਜੀਤ ਸਿੰਘ, ਰਣ ਬਹਾਦਰ ਸਿੰਘ, ਭਗਵੰਤ ਸਿੰਘ ਮਟੌਰ, ਕਮਲਪ੍ਰੀਤ ਸਿੰਘ ਬੱਬੂ, ਅਮਰਜੀਤ ਸਿੰਘ ਸਰਾਫ, ਸੁਰਿੰਦਰ ਸ਼ਾਹ, ਰਿੰਕੂ ਰਾਣਾ ਹੋਲਗੜ੍ਹ, ਬਲਵੰਤ ਸਿੰਘ ਰਾਣਾ, ਭਾਈ ਜਸਵੀਰ ਸਿੰਘ, ਰਾਜਬੀਰ ਸਿੰਘ ਰਾਣਾ, ਬੀਬੀ ਮਨਜੀਤ ਕੌਰ, ਬੀਬੀ ਮੁਕਤ ਕੌਰ ਚੱਕਵਾਲ ਪਿੰਡ ਹੋਲਗੜ, ਬੀਬੀ ਰਜਿੰਦਰ ਕੌਰ, ਬੀਬੀ ਧਨਵੰਤ ਕੌਰ ਆਦਿਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵਿੱਚ ਸਮੂਹਿਕ ਸਿੱਖਿਆ 'ਚ ਉੱਭਰ ਰਹੇ ਰੁਝਾਨ ਵਿਸ਼ੇ 'ਤੇ ਦੋ-ਰੋਜ਼ਾ ਪ੍ਰੋਗਰਾਮ ਸਫਲਤਾਪੂਰਵਕ ਸਮਾਪਤ

ਮੰਡੀ ਗੋਬਿੰਦਗੜ੍ਹ, 9 ਅਗਸਤ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਦੇ ਵਿਸ਼ੇਸ਼ ਸਿੱਖਿਆ ਅਤੇ ਸਿਖਲਾਈ ਵਿਭਾਗ ਨੇ ਸਮੂਹਿਕ ਸਿੱਖਿਆ ਵਿੱਚ ਉੱਭਰ ਰਹੇ ਰੁਝਾਨ ਵਿਸ਼ੇ 'ਤੇ ਦੋ-ਰੋਜ਼ਾ ਨਿਰੰਤਰ ਪੁਨਰਵਾਸ ਸਿੱਖਿਆ ਪ੍ਰੋਗਰਾਮ ਸਫਲਤਾ ਪੂਰਵਕ ਕਰਵਾਇਆ। ਸਮਾਗਮ ਨੇ ਭਾਰਤ ਤੇ ਇਸ ਤੋਂ ਬਾਹਰ ਸਮਾਵੇਸ਼ੀ ਸਿੱਖਿਆ ਦੇ ਵਿਕਸਤ ਹੋ ਰਹੇ ਦ੍ਰਿਸ਼ ਦੀ ਪੜਚੋਲ ਕਰਨ ਲਈ ਉੱਘੇ ਮਾਹਿਰਾਂ, ਸਿੱਖਿਅਕਾਂ ਅਤੇ ਪੁਨਰਵਾਸ ਪੇਸ਼ੇਵਰਾਂ ਨੂੰ ਇਕ ਮੰਚ ਉੱਪਰ ਇਕੱਠਾ ਕੀਤਾ।

ਪ੍ਰੋਗਰਾਮ ਦਾ ਉਦਘਾਟਨ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਅਜਿਹੀਆਂ ਪਹਿਲਕਦਮੀਆਂ ਦੇ ਸਮਾਜਿਕ ਮੁੱਲ ਨੂੰ ਉਜਾਗਰ ਕੀਤਾ। ਉਨ੍ਹਾਂ



ਕਿਹਾ ਕਿ ਇਹ ਪ੍ਰੋਗਰਾਮ ਨਾ ਸਿਰਫ਼ ਵਿਦਿਆਰਥੀਆਂ ਲਈ ਲਾਭਦਾਇਕ ਹੈ ਬਲਕਿ ਇੱਕ ਹੋਰ ਸਮਾਵੇਸ਼ੀ ਸਮਾਜ ਦੇ ਨਿਰਮਾਣ ਵੱਲ ਇੱਕ ਕਦਮ ਵੀ ਹੈ। ਇਸਦਾ ਉਦੇਸ਼ ਪੁਨਰਵਾਸ ਪੇਸ਼ੇਵਰਾਂ ਦੇ ਗਿਆਨ ਅਤੇ ਹੁਨਰ ਨੂੰ ਵਧਾਉਣਾ ਹੈ, ਇਹ ਯਕੀਨੀ ਬਣਾਉਣਾ ਕਿ ਉਹ ਇਸ ਖੇਤਰ ਵਿੱਚ ਨਵੇਂ ਰੁਝਾਨਾਂ ਤੇ ਤਕਨਾਲੋਜੀਆਂ ਦੇ ਨਾਲ ਜੁੜਣ। ਪ੍ਰੋਗਰਾਮ ਰਜਿਸਟਰਡ ਪੁਨਰਵਾਸ ਪੇਸ਼ੇਵਰਾਂ ਦੇ ਪੇਸ਼ੇਵਰ ਵਿਕਾਸ ਦਾ ਸਮਰਥਨ ਕਰਨ ਲਈ ਤਿਆਰ ਕੀਤੇ ਗਏ, ਜਿਸ ਵਿੱਚ ਅਪੰਗਤਾ ਵਿੱਚ ਨਕਲੀ ਬੁੱਧੀ, ਸਿੱਖਿਆ ਅਤੇ ਕਲੀਨਿਕਲ ਸੈਟਿੰਗਾਂ ਵਿੱਚ ਸਭ ਤੋਂ ਵਧੀਆ ਅਭਿਆਸ ਅਤੇ ਸਹਾਇਕ ਉਪਕਰਣਾਂ ਦੀ ਵਰਤੋਂ ਵਰਗੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ। ਇਸ ਵਿੱਚ ਭਾਗੀਦਾਰੀ ਭਾਰਤ ਦੇ ਪੁਨਰਵਾਸ ਪ੍ਰੀਸ਼ਦ (ਆਰ.ਸੀ.ਆਈ.) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਜਿਸਟ੍ਰੇਸ਼ਨ ਨਵੀਨੀਕਰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਵੀ ਯੋਗਦਾਨ ਪਾਉਂਦੀ ਹੈ। ਇਸ ਮੌਕੇ ਪ੍ਰਬੰਧਕਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਮਾਵੇਸ਼ੀ ਸਿੱਖਿਆ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਿੱਖਿਆ ਢਾਂਚੇ ਦੋਵਾਂ ਵਿੱਚ ਸ਼ਾਮਲ ਇੱਕ ਵਚਨਬੱਧਤਾ ਹੈ। ਅੰਤਮ ਟੀਚਾ ਸਿੱਖਣ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਹੈ ਜਿੱਥੇ ਹਰ ਵਿਦਿਆਰਥੀ-ਯੋਗਤਾ, ਪਿਛੋਕੜ, ਜਾਂ ਲੋੜ ਦੀ ਪਰਵਾਹ ਕੀਤੇ ਬਿਨਾਂ-ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਮੁੱਲਵਾਨ ਤੇ ਸਸ਼ਕਤ ਮਹਿਸੂਸ ਕਰਦਾ ਹੈ। ਇਸ ਪ੍ਰੋਗਰਾਮ 'ਚ 150 ਰਜਿਸਟਰਡ ਭਾਗੀਦਾਰ ਸ਼ਾਮਲ ਹੋਏ, ਜਿਨ੍ਹਾਂ ਵਿੱਚੋਂ 128 ਹਾਜ਼ਰ ਸਨ, ਮੁੱਖ ਤੌਰ 'ਤੇ ਪੰਜਾਬ ਤੋਂ ਸਮਾਵੇਸ਼ੀ ਸਿੱਖਿਆ ਪ੍ਰਤੀ ਖੇਤਰ ਦੇ ਵਧ ਰਹੇ ਸਮਰਪਣ ਨੂੰ ਦਰਸਾਉਂਦੇ ਸਨ। ਪ੍ਰੋਗਰਾਮ ਵਿੱਚ ਸੈਸ਼ਨਾਂ ਦੀ ਇੱਕ ਵਿਭਿੰਨ ਤੇ ਵਿਆਪਕ ਲਾਈਨਅੱਪ ਸੀ ਜਿਸ 'ਚ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਸੀ ਜਿਵੇਂ ਕਿ: ਸਮਾਵੇਸ਼ੀ ਸਕੂਲਾਂ ਦਾ ਵਿਕਾਸ, ਸਹਾਇਕ ਅਤੇ ਸਮਾਵੇਸ਼ੀ ਤਕਨਾਲੋਜੀਆਂ, ਸਮਾਵੇਸ਼ੀ ਸਿੱਖਿਆ ਸ਼ਾਸਤਰ, ਅਧਿਆਪਕ ਤਿਆਰੀ ਅਤੇ ਪੇਸ਼ੇਵਰ ਵਿਕਾਸ, ਸਮਾਵੇਸ਼ ਲਈ ਨੀਤੀਗਤ ਢਾਂਚੇ, ਸਮਾਜਿਕ ਅਤੇ ਭਾਵਨਾਤਮਕ ਸਿੱਖਿਆ, ਸਮਾਨਤਾ, ਵਿਭਿੰਨਤਾ ਅਤੇ ਸਮਾਵੇਸ਼, ਅਪੰਗਤਾ ਅਤੇ ਸਿੱਖਿਆ ਵਿੱਚ ਖੋਜ ਦ੍ਰਿਸ਼ਟੀਕੋਣ।

ਇਸ ਮੌਕੇ 12 ਮਹਿਮਾਨ ਬੁਲਾਰਿਆਂ ਨੇ ਆਪਣੀ ਮੁਹਾਰਤ ਸਾਂਝੀ ਕੀਤੀ, ਜਿਨ੍ਹਾਂ ਵਿੱਚ ਡਾ. ਪ੍ਰੀਸ਼ੀਅਸ ਸ਼ਿਓਰਨ, ਡਾ. ਪਰਦੀਪ, ਡਾ. ਐਮ. ਕਰੁਪਾਸਾਮੀ, ਡਾ. ਨਿਤਿਨ ਰਾਜ, ਸ਼੍ਰੀਮਤੀ ਸ਼ਿਖਾ ਜੈਨ, ਸ਼੍ਰੀ ਸਤੀਸ਼ ਕੁਮਾਰ, ਸ਼੍ਰੀਮਤੀ ਸ਼ੇਰੇਨ ਰਤਨ, ਅਤੇ ਸ਼੍ਰੀ ਬਿਭਾਕਰ ਵਿਸ਼ਵਕਰਮਾ ਸ਼ਾਮਲ ਸਨ। ਹਰੇਕ ਨੇ ਸਮਾਵੇਸ਼ੀ, ਪਹੁੰਚਯੋਗ ਅਤੇ ਸਮਾਨ ਸਿੱਖਣ ਵਾਤਾਵਰਣ ਵਿਕਸਤ ਕਰਨ ਵਿੱਚ ਕੀਮਤੀ ਸੂਝ ਦਾ ਯੋਗਦਾਨ ਪਾਇਆ।

ਅਖੀਰ ਵਿੱਚ ਡਾਇਰੈਕਟਰ ਫੈਕਲਟੀ ਆਫ ਐਜੂਕੇਸ਼ਨ ਡਾ ਪ੍ਰੇਸੀਅਸ਼ ਨੇ ਭਾਰਤ ਦੀ ਪੁਨਰਵਾਸ ਪ੍ਰੀਸ਼ਦ (ਆਰਸੀਆਈ) ਦਾ ਸਮਰਥਨ ਕਰਨ ਅਤੇ ਸਾਰੇ ਬੁਲਾਰਿਆਂ ਅਤੇ ਭਾਗੀਦਾਰਾਂ ਦਾ ਉਨ੍ਹਾਂ ਦੀ ਉਤਸ਼ਾਹੀ ਸ਼ਮੂਲੀਅਤ ਲਈ ਦਿਲੋਂ ਧੰਨਵਾਦ ਕੀਤਾ।

## ਜ਼ਿਲ੍ਹਾ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਨੇ ਮਨਾਇਆ ਪਾਰਸ ਡੋਡਾ ਦਾ ਜਨਮਦਿਨ



ਫਾਜ਼ਿਲਕਾ, 9 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਜ਼ਿਲ੍ਹਾ ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ, ਫਾਜ਼ਿਲਕਾ ਵੱਲੋਂ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਤੇ ਨਿਰਭੀਕ ਪੱਤਰਕਾਰ ਪਾਰਸ ਡੋਡਾ ਦਾ ਜਨਮਦਿਨ ਵਿਸ਼ੇਸ਼ ਢੰਗ ਨਾਲ ਮਨਾਇਆ ਗਿਆ। ਇਹ ਜਨਮਦਿਨ ਫਾਜ਼ਿਲਕਾ ਕ੍ਰਿਕਟ ਕਲੱਬ ਵੱਲੋਂ ਦਾਣਾ ਮੰਡੀ ਵਿਖੇ ਚੱਲ ਰਹੇ ਕ੍ਰਿਕਟ ਟੂਰਨਾਮੈਂਟ ਦੌਰਾਨ ਆਯੋਜਿਤ ਕੀਤਾ ਗਿਆ, ਜਿੱਥੇ ਕੇਕ ਕੱਟ ਕੇ ਪਾਰਸ ਡੋਡਾ ਨੂੰ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਜਿਲ੍ਹਾ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਦੇ ਚੇਅਰਮੈਨ ਲੀਲਾਧਰ ਸ਼ਰਮਾ, ਪ੍ਰਧਾਨ ਬਖਸ਼ੀਸ਼ ਸਿੰਘ (ਹੈਪੀ), ਉਪ ਪ੍ਰਧਾਨ ਵਨੀਤ ਅਰੋੜਾ, ਸੀਨੀਅਰ ਮੈਂਬਰ ਰਾਜੇਸ਼ ਅਨੇਜਾ, ਸੰਜੂ ਗਿਲਹੋਤਰਾ, ਰਾਜੀਵ ਦਾਵੜਾ, ਸਾਜਨ ਗੁਗਲਾਣੀ, ਜਸਪ੍ਰੀਤ ਦੁਰੇਜਾ, ਧੀਰਜ ਕੁਮਾਰ (ਸੰਨੀ ਦੂਮੜਾ), ਸੁੱਖਵਿੰਦਰ ਸਿੰਘ ਪਰਦੇਸੀ, ਵਿਸ਼ੂ ਛਾਬੜਾ ਸਮੇਤ ਹੋਰ ਪੱਤਰਕਾਰ ਮੌਜੂਦ ਸਨ।

ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ ਚੇਅਰਮੈਨ ਲੀਲਾਧਰ ਸ਼ਰਮਾ ਨੇ ਕਿਹਾ ਕਿ ਪਾਰਸ ਡੋਡਾ ਸਿਰਫ਼ ਇੱਕ ਪੱਤਰਕਾਰ ਹੀ ਨਹੀਂ, ਸਗੋਂ ਸਮਾਜਕ ਸੇਵਾ ਅਤੇ ਸਚਾਈ ਦੀ ਅਵਾਜ਼ ਨੂੰ ਉਜਾਗਰ ਕਰਨ ਵਾਲੇ ਇਕ ਸੱਚੇ ਸੇਵਕ ਹਨ। ਉਨ੍ਹਾਂ ਨੇ ਕਿਹਾ, "ਪਾਰਸ ਡੋਡਾ ਦੀਆਂ ਖਬਰਾਂ ਨੇ ਅਨੇਕਾਂ ਮੁੱਦਿਆਂ ਨੂੰ ਜਨਤਾ ਅੱਗੇ ਲਿਆ ਹੈ ਤੇ ਸਰਕਾਰ ਦੇ ਧਿਆਨ ਵਿੱਚ ਪਹੁੰਚਾਇਆ ਹੈ, ਜਿਸ ਨਾਲ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਸੰਭਵ ਹੋਇਆ ਹੈ। ਉਹ ਆਪਣੀ ਨਿਡਰ ਅਤੇ ਨਿਰਪੱਖ ਪੱਤਰਕਾਰਤਾ ਨਾਲ ਨੌਜਵਾਨ ਪੱਤਰਕਾਰਾਂ ਲਈ ਇੱਕ ਮਿਸਾਲ ਬਣੇ ਹਨ। ਇਸ ਮੌਕੇ ਪ੍ਰਧਾਨ ਬਖਸ਼ੀਸ਼ ਸਿੰਘ (ਹੈਪੀ) ਤੇ ਉਪ ਪ੍ਰਧਾਨ ਵਨੀਤ ਅਰੋੜਾ ਨੇ ਵੀ ਪਾਰਸ ਡੋਡਾ ਨੂੰ ਜਨਮਦਿਨ ਦੀਆਂ ਮੁਬਾਰਕਾਂ ਦਿੱਤੀਆਂ ਤੇ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਪਾਰਸ ਡੋਡਾ ਨੇ ਆਪਣੇ ਲਿਖਣ ਰਾਹੀਂ ਹਮੇਸ਼ਾ ਸਚਾਈ ਤੇ ਲੋਕ-ਹਿਤ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਦੇ ਨਿਰਪੱਖ ਰੁਖ ਤੇ ਨਿਡਰ ਰਿਪੋਰਟਿੰਗ ਨੇ ਫਾਜ਼ਿਲਕਾ ਜਿਲ੍ਹੇ ਦੀਆਂ ਆਵਾਜ਼ਾਂ ਨੂੰ ਸੂਬਾ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚਾਇਆ ਹੈ।

ਫਾਜ਼ਿਲਕਾ ਕ੍ਰਿਕਟ ਕਲੱਬ ਦੇ ਪ੍ਰਧਾਨ ਸਾਜਨ ਗੁਗਲਾਣੀ ਨੇ ਵੀ ਪਾਰਸ ਡੋਡਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੱਤਰਕਾਰ ਸਮਾਜ ਦਾ ਮਹੱਤਵਪੂਰਨ ਹਿੱਸਾ ਹੁੰਦੇ ਹਨ। ਉਨ੍ਹਾਂ ਦੀ ਸਚਾਈ ਅਤੇ ਨਿਰਪੱਖਤਾ ਸਮਾਜ ਨੂੰ ਸਹੀ ਦਿਸ਼ਾ 'ਚ ਅੱਗੇ ਵਧਾਉਣ 'ਚ ਯੋਗਦਾਨ ਪਾਉਂਦੀ ਹੈ। ਉਨ੍ਹਾਂ ਨੇ ਕਿਹਾ, "ਫਾਜ਼ਿਲਕਾ ਕ੍ਰਿਕਟ ਕਲੱਬ ਨੂੰ ਮਾਣ ਹੈ ਕਿ ਉਹ ਅਜਿਹੇ ਜ਼ਿੰਮੇਵਾਰ ਪੱਤਰਕਾਰ ਦੇ ਜਨਮਦਿਨ ਸਮਾਰੋਹ ਦਾ ਹਿੱਸਾ ਬਣਿਆ।"ਕਲੱਬ ਦੇ ਸਮੂਹ ਮੈਂਬਰਾਂ ਨੇ ਵੀ ਪਾਰਸ ਡੋਡਾ ਦੀ ਪੱਤਰਕਾਰਤਾ ਦੀ ਲਗਨ, ਸਚਾਈ ਤੇ ਸਮਾਜ ਪ੍ਰਤੀ ਨਿਭਾਈ ਜਾ ਰਹੀ ਜ਼ਿੰਮੇਵਾਰੀ ਦੀ ਪ੍ਰਸ਼ੰਸਾ ਕੀਤੀ।

ਆਪਣੇ ਸੰਬੋਧਨ ਵਿੱਚ ਪਾਰਸ ਡੋਡਾ ਨੇ ਸਾਰੇ ਹਾਜ਼ਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ, "ਮੈਂ ਆਪਣੇ ਜਨਮਦਿਨ 'ਤੇ ਸਾਰਿਆਂ ਵੱਲੋਂ ਮਿਲੇ ਪਿਆਰ ਅਤੇ ਸਤਿਕਾਰ ਲਈ ਦਿਲੋਂ ਧੰਨਵਾਦੀ ਹਾਂ। ਮੇਰਾ ਹਮੇਸ਼ਾ ਯਤਨ ਰਿਹਾ ਹੈ ਕਿ ਮੈਂ ਸਚਾਈ ਨੂੰ ਉਜਾਗਰ ਕਰਦਿਆਂ ਆਮ ਲੋਕਾਂ ਦੀ ਅਵਾਜ਼ ਨੂੰ ਸਰਕਾਰ ਅਤੇ ਸਮਾਜ ਤੱਕ ਪਹੁੰਚਾਵਾਂ। ਤੁਹਾਡੇ ਸਹਿਯੋਗ ਨਾਲ ਹੀ ਅਸੀਂ ਇਸ ਕੰਮ ਨੂੰ ਹੋਰ ਉੱਚਾਈਆਂ ਤੱਕ ਲੈ ਜਾ ਸਕਦੇ ਹਾਂ।"ਪਾਰਸ ਡੋਡਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦਾ ਜਨਮਦਿਨ ਇੱਕ ਖੇਡ ਅਤੇ ਸਮਾਜਕ ਸਮਾਗਮ ਦੌਰਾਨ ਮਨਾਇਆ ਗਿਆ। ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਆਪਣੀ ਪੱਤਰਕਾਰਤਾ ਨੂੰ ਹੋਰ ਵੀ ਜ਼ਿੰਮੇਵਾਰੀ ਤੇ ਨਿਡਰਤਾ ਨਾਲ ਨਿਭਾਉਣਗੇ।

## ਸ਼੍ਰੋਮਣੀ ਕਮੇਟੀ ਵੱਲੋਂ ਅਕਾਲੀ ਦਲ ਦੇ ਇਜਲਾਸ ਲਈ ਥਾਂ ਦੇਣ ਤੋਂ ਨਾਂਹ

# ਪਹਿਲੇ ਸਫ਼ੇ ਦੀ ਬਾਕੀ

ਦਾ ਪ੍ਰਕਾਸ਼ ਨਹੀਂ ਕਰਨ ਦਿੱਤਾ ਗਿਆ।

ਮੈਨਜਰ ਧੰਗੇੜਾ ਨੇ ਜੁਆਬ ਦੇਦਿਆਂ ਕਿਹਾ ਕਿ ਬਾਦਲ ਦਲ ਨੇ ਪ੍ਰਕਾਸ਼ ਨਹੀਂ ਕੀਤਾ ਇਸ ਲਈ ਤੁਹਾਨੂੰ ਵੀ ਪ੍ਰਕਾਸ਼ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਪੰਜ ਮੈਂਬਰੀ ਕਮੇਟੀ ਦੀ ਮੈਂਬਰ ਸਤਵੰਤ ਕੌਰ ਨੇ ਬਿਨ੍ਹਾਂ ਗੁਰੂ ਸਾਹਿਬ ਦੀ ਹਜ਼ੂਰੀ ਤੋਂ ਇਜਲਾਸ ਕਰਨ ਨੂੰ ਮੂਲੋਂ ਹੀ ਰੱਦ ਕਰ ਦਿਤਾ ਅਤੇ ਇਸ ਦੀ ਸਖ਼ਤ ਨਿਖੇਧੀ ਵੀ ਕੀਤੀ ਹੈ। ਭਰਤੀ ਕਮੇਟੀ ਦੇ ਹੁਕਮਾਂ 'ਤੇ ਭਾਈ ਘੁੰਮਣ ਨੇ ਕਿਹਾ ਮੇਰੇ ਸਮੇਤ ਜਥੇ. ਰਘਬੀਰ ਸਿੰਘ ਰਾਜਾਸਾਂਸੀ ਅਤੇ ਬਲਵਿੰਦਰ ਸਿੰਘ ਜੌੜਾ ਸਿੰਘਾ ਵੱਲੋਂ ਬਦਲਵੇ ਪ੍ਰਬੰਧ ਵੱਜੋਂ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਕਰ ਦਿਤੇ ਗਏ ਹਨ। ਉਨ੍ਹਾਂ ਸਮੂੰਹ ਡੈਲੀਗੇਟਸ ਨੂੰ ਅਪੀਲ ਕੀਤੀ ਹੈ ਕਿ ਉਹ 11 ਅਗਸਤ 2025 ਨੂੰ ਸਵੇਰੇ 11 ਵਜੇ ਪਹੁੰਚਣ ਦੀ ਕ੍ਰਿਪਾਲਤਾ ਕਰਨ।

## ਭਰਤੀ ਕਮੇਟੀ ਵੱਲੋਂ ਸਮੂਹ ਡੈਲੀਗੇਟਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ

ਭਰਨ ਵਾਲੀ ਸਾਰੇ ਸਰਕਲ ਡੈਲੀਗੇਟਾਂ ਨੂੰ ਅਪੀਲ ਕੀਤੀ ਹੈ ਕਿ, ਬੁਲਾਏ ਗਏ ਜਨਰਲ ਇਜਲਾਸ ਦੇ ਇਤਿਹਾਸਕ ਪਲਾਂ ਦੇ ਗਵਾਹ ਬਣਨ ਲਈ ਜ਼ਰੂਰ ਆਪਣੀ ਹਾਜ਼ਰੀ ਯਕੀਨੀ ਬਣਾਉਣ। ਸੰਗਤ ਨੂੰ ਅਪੀਲ ਕਰਦਿਆਂ ਭਰਤੀ ਕਮੇਟੀ ਮੈਂਬਰਾਂ ਨੇ ਕਿਹਾ, ਚੋਣ ਕਰਨ ਉਪਰੰਤ ਸਮੁੱਚੀ ਲੀਡਰਸਿੱਪ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਸ਼ੁਕਰਾਨਾ ਕਰਕੇ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲ੍ਹਾ ਦੀ ਅਰਦਾਸ ਕੀਤੀ ਜਾਵੇਗੀ। ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦੇ 105 ਸਾਲ ਬਾਅਦ, ਪਿਛਲੇ ਸਮੇਂ 'ਚ ਕੀਤੀਆਂ ਗਲਤੀਆਂ ਤੇ ਗੁਨਾਹਾਂ ਕਾਰਨ ਸਿਆਸੀ ਅਗਵਾਈ ਦਾ ਨੈਤਿਕ ਅਧਾਰ ਗੁਆ ਚੁੱਕੀ ਲੀਡਰਸ਼ਿਪ ਦੇ ਫਲਸਰੂਪ ਨਵੀਂ ਲੀਡਰਸ਼ਿਪ ਦੀ ਭਾਲ ਤੇ ਲੋੜ ਨੂੰ ਹੁਕਮਨਾਮਾ ਸਾਹਿਬ ਦੀ ਭਾਵਨਾ ਹੇਠ ਪੂਰਿਆ ਕੀਤਾ ਜਾ ਰਿਹਾ ਹੈ।

## ਏਅਰ ਇੰਡੀਆ ਨੇ ਪਾਇਲਟਾਂ ਦੀ ਸੇਵਾ ਮੁਕਤੀ ਹੱਦ 7 ਸਾਲ ਵਧਾਈ

ਸੀ। ਇਸ ਵੇਲੇ ਇਸ ਸਬੰਧ ਵਿੱਚ ਏਅਰ ਇੰਡੀਆ ਵੱਲੋਂ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਗਈ ਹੈ। ਟਾਟਾ ਗਰੁੱਪ ਦੀ ਮਲਕੀਅਤ ਵਾਲੀ ਏਅਰ ਇੰਡੀਆ ਵਿੱਚ ਲਗਭਗ 24,000 ਕਰਮਚਾਰੀ ਹਨ, ਜਿਨ੍ਹਾਂ 'ਚ 3,600 ਪਾਇਲਟ ਤੇ 9,500 ਕੈਬਿਨ ਕਰੂ ਮੈਂਬਰ ਸ਼ਾਮਲ ਹਨ। ਇਹ ਤੁਰੰਤ ਪਤਾ ਨਹੀਂ ਲੱਗ ਸਕਿਆ ਕਿ ਕੈਬਿਨ ਕਰੂ ਦੀ ਸੇਵਾਮੁਕਤੀ ਦੀ ਉਮਰ, ਜੋ ਕਿ ਇਸ ਸਮੇਂ ਏਅਰ ਇੰਡੀਆ ਵਿੱਚ 58 ਸਾਲ ਹੈ, ਵਧਾਈ ਗਈ ਹੈ ਜਾਂ ਨਹੀਂ। ਦੱਸ ਦੇਈਏ ਕਿ ਨਵੰਬਰ 2024 ਵਿੱਚ ਟਾਟਾ ਗਰੁੱਪ ਦਾ ਵਿਸਤਾਰਾ ਏਅਰ ਇੰਡੀਆ ਵਿੱਚ ਰਲੇਵਾਂ ਹੋ ਗਿਆ। ਉਦੋਂ ਤੋਂ ਏਅਰ ਇੰਡੀਆ ਦੇ ਕੁਝ ਪਾਇਲਟ ਸੇਵਾਮੁਕਤੀ ਦੀ ਉਮਰ ਵਿੱਚ ਅਸਮਾਨਤਾ ਨੂੰ ਲੈ ਕੇ ਨਾਰਾਜ਼ ਸਨ। ਨਵੇਂ ਫੈਸਲੇ ਨਾਲ ਇਸ ਅਸਮਾਨਤਾ ਨੂੰ ਖਤਮ ਕੀਤਾ ਜਾਵੇਗਾ। ਇਸ ਵੇਲੇ ਕੈਬਿਨ ਕਰੂ ਦੀ ਸੇਵਾਮੁਕਤੀ ਦੀ ਉਮਰ 58 ਸਾਲ ਹੈ ਅਤੇ ਇਸ ਨੂੰ ਵਧਾਉਣ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਗਈ ਹੈ।

## ਨਸ਼ਿਆਂ ਵਿਰੁੱਧ ਜੰਗ 'ਚ ਨਵਾਂ ਅਧਿਆਇ ਲਿਖੇਗੀ ਏਡੀਐੱਸ: ਕੇਜਰੀਵਾਲ

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਯੂਨਿਟਾਂ 'ਤੇ 51.4 ਕਰੋੜ ਰੁਪਏ ਖਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਦੇਸ਼ ਦੀਆਂ ਹਥਿਆਰਬੰਦ ਫੌਜਾਂ ਅਤੇ ਬੀਐਸਐਫ ਪਹਿਲਾਂ ਹੀ ਅਜਿਹੀਆਂ ਪ੍ਰਣਾਲੀਆਂ ਵਰਤ ਰਹੀਆਂ ਹਨ, ਪਰ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਨੇ ਅੰਤਰਰਾਸਟਰੀ ਸਰਹੱਦ 'ਤੇ ਐਂਟੀ-ਡਰੋਨ ਸਿਸਟਮ ਤਾਇਨਾਤ ਕੀਤਾ ਹੈ। ਉਨ੍ਹਾਂ ਕਿਹਾ ਕਿ ਐਂਟੀ-ਡਰੋਨ ਪ੍ਰਣਾਲੀ ਸਰਹੱਦ ਪਾਰੋਂ ਨਸਾ ਸਪਲਾਈ ਕਰਨ ਵਾਲੇ ਤਸਕਰਾਂ ਨੂੰ ਸਖਤ ਜਵਾਬ ਦੇਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਵਿਰੋਧੀ ਅਨਸਰ ਸਮਾਜ ਵਿਰੋਧੀ ਗਤੀਵਿਧੀਆਂ ਲਈ ਅਕਸਰ ਤਕਨਾਲੋਜੀ ਦੀ ਵਰਤੋਂ ਕਰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਦੁਸ਼ਮਣਾਂ ਨੇ ਪੰਜਾਬ ਦੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਤਬਾਹ ਕਰਨ ਲਈ ਡਰੋਨਾਂ ਨੂੰ ਹਥਿਆਰਾਂ ਵਿੱਚ ਬਦਲ ਦਿੱਤਾ ਹੈ ਤੇ ਸਰਹੱਦ ਪਾਰੋਂ ਨਸ਼ਾ ਤਸਕਰੀ ਲਈ ਡਰੋਨਾਂ ਦੀ ਵਰਤੋਂ ਕਰ ਰਹੇ ਹਨ। ਮੁੱਖ ਮੰਤਰੀ ਨੇ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਅਣਥੱਕ ਮਿਹਨਤ ਕਰਨ ਵਾਸਤੇ ਸੁਰੱਖਿਆ ਬਲਾਂ ਦੀ ਭਰਵੀਂ ਸਲਾਘਾ ਕੀਤੀ। ਉਨ੍ਹਾਂ ਕਿਹਾ ਕਿ 2024 ਵਿੱਚ ਹੈਰੋਇਨ, ਹਥਿਆਰਾਂ ਅਤੇ ਗੋਲਾ ਬਾਰੂਦ ਨਾਲ ਲੱਦੇ ਕੁੱਲ 283 ਡਰੋਨ ਜਬਤ ਕੀਤੇ ਗਏ ਸਨ ਅਤੇ 2025 ਵਿੱਚ ਹੁਣ ਤੱਕ 137 ਡਰੋਨ ਬਰਾਮਦ ਕੀਤੇ ਜਾ ਚੁੱਕੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਠਾਨਕੋਟ ਤੋਂ ਫਾਜ਼ਿਲਕਾ ਤੱਕ ਸਰਹੱਦ 'ਤੇ ਦੂਜੀ ਸੁਰੱਖਿਆ ਪੰਕਤੀ ਵਜੋਂ ਐਂਟੀ-ਡਰੋਨ ਪ੍ਰਣਾਲੀ ਤਾਇਨਾਤ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਸਰਹੱਦ ਰਾਹੀਂ ਸੂਬੇ ਵਿੱਚ ਦਾਖਲ ਹੋਣ ਵਾਲੇ ਕਿਸੇ ਵੀ ਡਰੋਨ ਨੂੰ ਤੁਰੰਤ ਬੇਅਸਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦੂਜੀ ਸੁਰੱਖਿਆ ਪੰਕਤੀ ਦਾ ਮਤਲਬ ਸਰਹੱਦੀ ਜ਼ਿਲ੍ਹਿਆਂ ਵਿੱਚ ਪੰਜਾਬ ਪੁਲਿਸ ਦੀ ਤਾਇਨਾਤੀ ਹੈ, ਜੋ ਅੰਤਰਰਾਸਟਰੀ ਸਰਹੱਦ 'ਤੇ ਤਾਇਨਾਤ ਬੀਐਸਐਫ ਦੇ ਪਿੱਛੇ ਕੰਮ ਕਰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਐਂਟੀ-ਡਰੋਨ ਪ੍ਰਣਾਲੀ ਸੁਰੱਖਿਆ ਬਲਾਂ ਨੂੰ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਨਾਲ ਨਜਿੱਠਣ ਵਿੱਚ ਸਹਾਇਤਾ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਸਟਮ ਉਨ੍ਹਾਂ ਖਾਸ ਸਰਹੱਦੀ ਥਾਵਾਂ 'ਤੇ ਤਾਇਨਾਤ ਕੀਤੇ ਜਾਣਗੇ, ਜਿੱਥੇ ਡਰੋਨ ਗਤੀਵਿਧੀ ਜ਼ਿਆਦਾ ਦੇਖੀ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬ ਪੁਲਿਸ ਕੋਲ ਡਰੋਨਾਂ ਨੂੰ ਬੇਅਸਰ ਕਰਨ ਲਈ ਅਜਿਹਾ ਕੋਈ ਸਿਸਟਮ ਨਹੀਂ ਸੀ, ਪਰ ਹੁਣ ਇਹ ਸਿਸਟਮ ਪੰਜਾਬ ਪੁਲਿਸ ਨੂੰ ਵਧੇਰੇ ਸਮਰੱਥ ਬਣਾਏਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਐਂਟੀ-ਡਰੋਨ ਪ੍ਰਣਾਲੀ ਡਰੋਨ ਦੀ ਸਥਿਤੀ ਅਤੇ ਇਸ ਦੇ ਜਮੀਨੀ ਕੰਟਰੋਲ ਸਟੇਸਨਾਂ ਦਾ ਸਹੀ-ਸਹੀ ਪਤਾ ਲਗਾਉਣ ਦੇ ਸਮਰੱਥ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਸਟਮ ਆਟੋਮੇਟਿਡ ਅਲਰਟ ਤਕਨਾਲੋਜੀ ਦੇ ਨਾਲ ਆਉਂਦੇ ਹਨ, ਜੋ ਡਰੋਨ ਦੀ ਗਤੀਵਿਧੀ ਦਾ ਪਤਾ ਲੱਗਣ 'ਤੇ ਤੁਰੰਤ ਅਧਿਕਾਰੀਆਂ ਨੂੰ ਸੂਚਿਤ ਕਰਦੇ ਹਨ, ਇਸ ਤਰ੍ਹਾਂ ਇਸ ਵਿੱਚ ਮੈਨੂਅਲ ਨਿਗਰਾਨੀ ਦੀ ਜ਼ਰੂਰਤ ਨਹੀਂ ਰਹਿੰਦੀ। ਉਨ੍ਹਾਂ ਕਿਹਾ ਕਿ ਇਸ ਉੱਨਤ ਪ੍ਰਣਾਲੀ ਦੇ ਸਫਲਤਾਪੂਰਵਕ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਬੀਐਸਐਫ, ਭਾਰਤੀ ਹਵਾਈ ਸੈਨਾ, ਭਾਰਤੀ ਫੌਜ ਅਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਾਇਮ ਰੱਖਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ "ਨਸ਼ਿਆਂ ਵਿਰੁੱਧ ਜੰਗ" ਅਧੀਨ ਸਕੂਲਾਂ ਵਿੱਚ ਨਸਾ ਵਿਰੋਧੀ ਪਾਠਕ੍ਰਮ ਪਹਿਲਾਂ ਹੀ ਸੁਰੂ ਕੀਤਾ ਜਾ ਚੁੱਕਾ ਹੈ, ਜਿਸ ਦਾ ਉਦੇਸ 8 ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖਤਰੇ ਵਿਰੁੱਧ ਜਾਗਰੂਕ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਪੰਜਾਬ ਦੀ ਜੰਗ ਹੁਣ ਇੱਕ ਮਹੱਤਵਪੂਰਨ ਪੜਾਅ 'ਤੇ ਪਹੁੰਚ ਗਈ ਹੈ ਅਤੇ ਸੂਬਾ ਸਰਕਾਰ ਦੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ ਤੀਜੇ ਪੜਾਅ ਦੇ ਹਿੱਸੇ ਵਜੋਂ ਸਾਰੇ ਸਰਕਾਰੀ ਸਕੂਲਾਂ ਵਿੱਚ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਸੇਸ ਪਾਠਕ੍ਰਮ ਸੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪਾਠਕ੍ਰਮ ਰਾਹੀਂ 9ਵੀਂ-12ਵੀਂ ਜਮਾਤ ਦੇ 8 ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਸੇਵਨ ਸਬੰਧੀ ਖਤਰਿਆਂ ਤੋਂ ਜਾਣੂੰ ਕਰਵਾਇਆ ਜਾਵੇਗਾ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਸਾ ਵਿਰੋਧੀ ਪ੍ਰੋਗਰਾਮ ਵਿੱਚ 3,658 ਸਕੂਲ ਸਾਮਲ ਹੋਣਗੇ ਅਤੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਉੱਘੇ ਵਿਗਿਆਨੀ ਵੀ ਇਸ ਪ੍ਰੋਗਰਾਮ ਦਾ ਹਿੱਸਾ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ 2009 ਤੋਂ ਬਾਅਦ ਸੂਬੇ ਵਿੱਚ ਨਸ਼ਿਆਂ ਦੀ ਇਹ ਜੜ੍ਹ ਜਾਣ ਬੁੱਝ ਕੇ ਸਿਆਸੀ ਆਗੂਆਂ ਦੀ ਹਮਾਇਤ ਨਾਲ ਸਾਜ਼ਿਸ ਤਹਿਤ ਲਾਈ ਗਈ ਸੀ। ਹਾਲਾਂਕਿ, ਉਨ੍ਹਾਂ ਦੀ ਸਰਕਾਰ ਨੇ ਇਸ ਖਤਰੇ ਵਿਰੁੱਧ ਸਖਤ ਕਾਰਵਾਈ ਕਰਦਿਆਂ ਸੁਚੱਜੀ ਵਿਉਂਤਬੰਦੀ ਕੀਤੀ ਹੈ ਅਤੇ ਸਭ ਤੋਂ ਵੱਡੇ ਸੌਦਾਗਰਾਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਹੜੇ ਲੋਕਾਂ ਨੇ ਨਸਾ ਤਸਕਰਾਂ ਨਾਲ ਹੱਥ ਮਿਲਾਇਆ ਆਪਣੀ ਸੱਤਾ ਦੇ ਦਿਨਾਂ ਦੌਰਾਨ ਉਨ੍ਹਾਂ ਨੂੰ ਸਰਪ੍ਰਸਤੀ ਦਿੱਤੀ, ਉਹ ਅੱਜ ਸਲਾਖਾਂ ਪਿੱਛੇ ਹਨ। ਇਸ ਪ੍ਰੋਗਰਾਮ ਦੌਰਾਨ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡੀ.ਜੀ.ਪੀ. ਗੌਰਵ ਯਾਦਵ ਅਤੇ ਹੋਰ ਮੌਜੂਦ ਸਨ।

## ਹਵਾਈ ਫੌਜ ਦੇ ਮੁਖੀ ਏਪੀ ਸਿੰਘ ਨੇ 'ਆਪ੍ਰੇਸ਼ਨ ਸਿੰਦੂਰ' 'ਚ ਪਾਕਿ ਨੂੰ ਵੱਡਾ ਨੁਕਸਾਨ ਪਹੁੰਚਾਉਣ ਦਾ ਕੀਤਾ ਦਾਅਵਾ

ਕਸੇ ਦੀ ਵੀ ਵਰਤੋਂ ਨਹੀਂ ਕਰ ਸਕਦੇ ਸਨ ਕਿਉਂਕਿ ਉਹ ਹਵਾਈ ਰੱਖਿਆ ਵਿੱਚ ਦਾਖਲ ਨਹੀਂ ਹੋ ਸਕਦੇ ਸਨ। ਏਪੀ ਸਿੰਘ ਨੇ ਅੱਗੇ ਕਿਹਾ ਕਿ ਪਾਕਿਸਤਾਨ ਦੇ ਬਹਾਵਲਪੁਰ ਵਿੱਚ ਹੋਏ ਹਮਲੇ ਤੋਂ ਪਹਿਲਾਂ ਅਤੇ ਬਾਅਦ ਦੀਆਂ ਤਸਵੀਰਾਂ ਸਭ ਦੇ ਸਾਹਮਣੇ ਹਨ। ਉੱਥੇ ਕੁਝ ਵੀ ਨਹੀਂ ਬਚਿਆ ਸੀ। ਇਹ ਤਸਵੀਰਾਂ ਨਾ ਸਿਰਫ਼ ਸੈਟੇਲਾਈਟ ਤੋਂ ਲਈਆਂ ਗਈਆਂ ਸਨ। ਸਗੋਂ ਸਥਾਨਕ ਮੀਡੀਆ ਨੇ ਤਬਾਹ ਹੋਈ ਇਮਾਰਤ ਦੀਆਂ ਅੰਦਰਲੀਆਂ ਤਸਵੀਰਾਂ ਵੀ ਦਿਖਾਈਆਂ।

## ਜੰਮੂ-ਕਸ਼ਮੀਰ ਵਿੱਚ ਅੱਤਵਾਦੀਆਂ ਨਾਲ ਮੁਠਭੇੜ 'ਚ ਪੰਜਾਬ ਦੇ 2 ਫ਼ੌਜੀ ਸ਼ਹੀਦ

ਪ੍ਰਿਤਪਾਲ ਸਿੰਘ ਫੌਜ ਵਿਚ ਲੈਫਟੀਨੈਂਟ ਕਰਨਲ ਸਨ ਤੇ ਸ਼ਹੀਦ ਹਰਮਿੰਦਰ ਸਿੰਘ ਸਿੱਖ ਫੋਰਸ ਸਿਖਲਾਈ ਰੈਜੀਮੈਂਟ ਅਨੰਤਨਾਗ, ਕਸ਼ਮੀਰ ਵਿਚ ਤਾਇਨਾਤ ਸੀ। ਸ਼ਹੀਦ ਦੀ ਮ੍ਰਿਤਕ ਦੇਹ ਅੱਜ ਜੱਦੀ ਪਿੰਡ ਪਹੁੰਚੇਗੀ। ਰੱਖੜੀ ਤੋਂ ਠੀਕ ਪਹਿਲਾਂ ਆਈ ਇਸ ਖ਼ਬਰ ਨੇ ਦੋਵਾਂ ਪਰਿਵਾਰਾਂ ਵਿੱਚ ਸੋਗ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪ੍ਰਿਤਪਾਲ ਸਿੰਘ ਦੇ ਵਿਆਹ ਨੂੰ ਸਿਰਫ਼ 11 ਮਹੀਨੇ ਹੋਏ ਸਨ। ਉਸਦੀ ਪਤਨੀ ਰੱਖੜੀ 'ਤੇ ਘਰ ਵਿੱਚ ਇੱਕ ਤਿਉਹਾਰ ਮਨਾਉਣ ਦੀ ਉਮੀਦ ਕਰ ਰਹੀ ਸੀ। ਇਸ ਦੌਰਾਨ, ਹਰਮਿੰਦਰ ਸਿੰਘ ਦੀ ਮਾਂ ਅਤੇ ਭੈਣਾਂ ਉਸਦੀ ਸੁਰੱਖਿਅਤ ਵਾਪਸੀ ਦੀ ਉਡੀਕ ਕਰ ਰਹੀਆਂ ਸਨ। ਜੰਮੂ-ਕਸ਼ਮੀਰ ਦੇ ਕੁਲਗਾਮ ਵਿੱਚ ਸੁਰੱਖਿਆ ਬਲ ਪਿਛਲੇ ਨੌਂ ਦਿਨਾਂ ਤੋਂ ਅੱਤਵਾਦੀਆਂ ਵਿਰੁੱਧ ਫੌਜੀ ਕਾਰਵਾਈ ਕਰ ਰਹੇ ਹਨ। ਜਾਣਕਾਰੀ ਮੁਤਾਬਕ ਕੁਲਗਾਮ ਵਿੱਚ ਰਾਤ ਭਰ ਹੋਈ ਗੋਲੀਬਾਰੀ ਵਿੱਚ ਦੋ ਜਵਾਨ ਸ਼ਹੀਦ ਹੋ ਗਏ ਹਨ। ਜਦੋਂਕਿ ਕਈ ਸੁਰੱਖਿਆ ਕਰਮਚਾਰੀ ਜ਼ਖਮੀ ਹੋ ਗਏ ਹਨ। ਅੱਤਵਾਦੀਆਂ ਵਿਰੁੱਧ ਫੌਜ ਦਾ ਆਪ੍ਰੇਸ਼ਨ ਜਾਰੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਹੋਈ ਭਿਆਨਕ ਗੋਲੀਬਾਰੀ ਵਿੱਚ ਚਾਰ ਫੌਜ ਦੇ ਜਵਾਨ ਜ਼ਖਮੀ ਹੋ ਗਏ। ਹਾਲਾਂਕਿ, ਜ਼ਖਮੀ ਹੋਏ ਚਾਰ ਫੌਜੀਆਂ ਵਿੱਚੋਂ ਦੋ ਸ਼ਹੀਦ ਹੋ ਗਏ।

## ਅਮਰੀਕਾ ਵੱਲੋਂ ਭਾਰਤ 'ਤੇ ਟੈਰਿਫ ਵਾਧੇ ਕਾਰਨ ਕੱਪੜਾ ਬਰਾਮਦ 'ਤੇ ਸੰਕਟ ਦੇ ਬੱਦਲ

ਉਤਪਾਦਨ ਭਾਰਤ ਤੋਂ ਬਾਹਰ ਵੀਅਤਨਾਮ, ਇੰਡੋਨੇਸ਼ੀਆ, ਬੰਗਲਾਦੇਸ਼ ਅਤੇ ਗੁਆਟੇਮਾਲਾ ਵਰਗੇ ਦੇਸ਼ਾਂ ਵਿੱਚ ਤਬਦੀਲ ਕਰਨ ਬਾਰੇ ਵਿਚਾਰ ਕਰ ਰਹੇ ਹਨ। ਪਰਲ ਗਲੋਬਲ ਇੰਡਸਟਰੀਜ਼ ਦੇ ਐਮਡੀ ਪੱਲਬ ਬੈਨਰਜੀ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਦੇਸ਼ਾਂ ਵਿੱਚ ਅਮਰੀਕੀ ਗਾਹਕਾਂ ਤੋਂ ਸਕਾਰਾਤਮਕ ਫੀਡਬੈਕ ਮਿਲ ਰਿਹਾ ਹੈ। ਕੁਝ ਵੱਡੇ ਕੱਪੜਾ ਨਿਰਯਾਤਕ ਵੀ ਅਫਰੀਕਾ ਵਿੱਚ ਨਿਰਮਾਣ ਨੂੰ ਤਬਦੀਲ ਕਰਨ ਦੀ ਯੋਜਨਾ ਬਣਾ ਰਹੇ ਹਨ। ਪਰਲ ਗਲੋਬਲ ਦੀਆਂ ਭਾਰਤ, ਬੰਗਲਾਦੇਸ਼, ਵੀਅਤਨਾਮ, ਇੰਡੋਨੇਸ਼ੀਆ ਅਤੇ ਗੁਆਟੇਮਾਲਾ ਵਿੱਚ ਸਥਿਤ ਇਕਾਈਆਂ ਹਨ ਅਤੇ ਕੰਪਨੀ ਕਈ ਗਲੋਬਲ ਬ੍ਰਾਂਡਾਂ ਨੂੰ ਸਪਲਾਈ ਕਰਦੀ ਹੈ। ਪੱਲਬ ਬੈਨਰਜੀ ਨੇ ਕਿਹਾ ਕਿ ਕੰਪਨੀ ਨਵੇਂ ਹਾਲਾਤਾਂ ਅਨੁਸਾਰ ਇੱਕ ਵਪਾਰਕ ਰਣਨੀਤੀ ਤੇ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ, ਭਾਰਤ ਬ੍ਰਿਟੇਨ ਅਤੇ ਜਾਪਾਨ, ਆਸਟ੍ਰੇਲੀਆ ਵਰਗੇ ਹੋਰ 6"1 ਬਾਜ਼ਾਰਾਂ ਨਾਲ ਮੁਕਤ ਵਪਾਰ ਸਮਝੌਤੇ ਤੇ ਧਿਆਨ ਕੇਂਦਰਿਤ ਕਰਕੇ ਆਪਣੀ ਵਿਕਾਸ ਦੀ ਗਤੀ ਨੂੰ ਬਰਕਰਾਰ ਰੱਖ ਸਕਦਾ ਹੈ, ਜਦੋਂ ਤੱਕ ਟੈਰਿਫ ਵਿਵਾਦ ਹੱਲ ਨਹੀਂ ਹੋ ਜਾਂਦਾ।

## ਮਹਿੰਗਾਈ ਕਾਰਨ ਵਿਗੜਿਆ ਰਸੋਈ ਦਾ ਬਜਟ, ਕੀਮਤਾਂ 'ਚ ਭਾਰੀ ਉਛਾਲ

ਪਾਸੇ, ਸਰ੍ਹੋਂ ਦੇ ਤੇਲ ਦੀਆਂ ਕੀਮਤਾਂ ਵਿੱਚ ਵੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਸਰ੍ਹੋਂ ਦਾ ਤੇਲ, ਜੋ 15 ਦਿਨ ਪਹਿਲਾਂ 170 ਰੁਪਏ ਪ੍ਰਤੀ ਲੀਟਰ ਤੇ ਮਿਲਦਾ ਸੀ, ਹੁਣ 195 ਰੁਪਏ ਹੋ ਗਿਆ ਹੈ ਅਤੇ ਵਪਾਰੀਆਂ ਦਾ ਅੰਦਾਜ਼ਾ ਹੈ ਕਿ ਇਹ ਜਲਦੀ ਹੀ 200 ਰੁਪਏ ਨੂੰ ਪਾਰ ਕਰ ਸਕਦਾ ਹੈ। ਇਸ ਦਾ ਕਾਰਨ ਉਤਪਾਦਨ ਅਨੁਮਾਨ ਤੋਂ ਘੱਟ ਸਰ੍ਹੋਂ ਦੀ ਆਮਦ ਦੱਸਿਆ ਜਾ ਰਿਹਾ ਹੈ।

## ਅਕਾਲੀ ਦਲ ਦੀ ਸਰਕਾਰ ਬਣਨ 'ਤੇ ਐਕਵਾਇਰ ਕੀਤੀ ਸਾਰੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਾਂਗੇ : ਸੁਖਬੀਰ ਬਾਦਲ

ਦਰਪੇਸ਼ ਹਨ।

ਸਰਦਾਰ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਹੀ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਵਾਸਤੇ ਡਟਿਆ ਹੈ। ਉਹਨਾਂ ਕਿਹਾ ਕਿ ਇਕ ਵਾਰ 2027 ਵਿਚ ਅਸੀਂ ਸਰਕਾਰ ਬਣਾ ਲਈ ਤਾਂ ਬਾਹਰਲਿਆਂ ਦੇ ਪੰਜਾਬ ਵਿਚ ਜ਼ਮੀਨ ਖਰੀਦਣ 'ਤੇ ਪਾਬੰਦੀ ਲਗਾਵਾਂਗੇ। ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਸਰਕਾਰੀ ਨੌਕਰੀਆਂ ਸਿਰਫ ਪੰਜਾਬੀਆਂ ਨੂੰ ਹੀ ਮਿਲਣ ਅਤੇ ਨਿੱਜੀ ਕੰਪਨੀਆਂ ਲਈ ਵੀ ਨਵੀਂ ਭਰਤੀ ਵਿਚ 80 ਫੀਸਦੀ ਪੰਜਾਬੀ ਮੁਲਾਜ਼ਮ ਰੱਖਣੇ ਲਾਜ਼ਮੀ ਕਰਾਂਗੇ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਆਟਾ ਦਾਲ ਤੇ ਸ਼ਗਨ ਸਕੀਮ ਮੁੜ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ ਬੁਢਾਪਾ ਪੈਨਸ਼ਨ ਵਿਚ ਵਾਧਾ ਕੀਤਾ ਜਾਵੇਗਾ।

ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਖਿਲਾਫ ਕੂੜ ਪ੍ਰਚਾਰ ਦੀ ਮੁਹਿੰਮ ਕਾਰਨ 2017 ਵਿਚ ਪਾਰਟੀ ਦੀ ਹਾਰ ਹੋਈ ਸੀ। ਉਹਨਾਂ ਕਿਹਾ ਕਿ ਆਪ ਅਤੇ ਕਾਂਗਰਸ ਨੇ ਰਲ ਕੇ ਅਕਾਲੀ ਦਲ ਨੂੰ ਬਦਨਾਮ ਕੀਤਾ। ਉਹਨਾਂ ਕਿਹਾ ਕਿ ਹੁਣ ਠੋਸ ਸਬੂਤ ਸਾਹਮਣੇ ਆ ਗਏ ਹਨ ਕਿ ਆਪ ਨੇ ਹੀ 2016 ਦੀ ਮਾਲੇਰਕੋਟਲਾ ਕੁਰਾਨ ਸ਼ਰੀਫ ਦੀ ਬੇਅਦਬੀ ਕਰਵਾਈ ਜਿਸ ਵਾਸਤੇ 2024 ਵਿਚ ਉਸਦੇ ਵਿਧਾਇਕ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਉਹਨਾਂ ਕਿਹਾ ਕਿ ਜੇਕਰ ਹੋਰ ਬੇਅਦਬੀ ਕੇਸਾਂ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ ਤਾਂ ਸਾਹਮਣੇ ਆਵੇਗਾ ਕਿ ਇਹਨਾਂ ਘਟਨਾਵਾਂ ਵਿਚ ਵੀ ਆਪ ਦਾ ਹੱਥ ਸੀ।

ਬਾਦਲ ਨੇ ਬਿਕਰਮ ਸਿੰਘ ਮਜੀਠੀਆ ਖਿਲਾਫ ਝੂਠਾ ਕੇਸ ਦਰਜ ਕਰ ਕੇ ਉਹਨਾਂ ਦੀ ਆਵਾਜ਼ ਦਬਾਉਣ ਦੇ ਯਤਨ ਕਰਨ ਲਈ ਆਪ ਸਰਕਾਰ ਦੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਸਰਕਾਰ ਮਜੀਠੀਆ ਖਿਲਾਫ ਦਰਜ ਐਨ ਡੀ ਪੀ ਐਸ ਕੇਸ ਵਿਚ ਚਲਾਨ ਪੇਸ਼ ਕਰਨ ਵਿਚ ਨਾਕਾਮ ਰਹੀ ਹੈ ਤੇ ਹੁਣ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਇਕ ਹੋਰ ਝੂਠਾ ਕੇਸ ਦਰਜ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਸਰਦਾਰ ਮਜੀਠੀਆ ਨੂੰ ਹੋਰ ਝੂਠੇ ਕੇਸਾਂ ਵਿਚ ਫਸਾਉਣ ਵਾਸਤੇ ਪੁਲਿਸ ਅਕਾਲੀ ਦਲ ਦੇ ਵਰਕਰਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਦੱਸਿਆ ਕਿ ਕਿਵੇਂ ਪੰਥ ਅਤੇ ਇਸਦੀਆਂ ਧਾਰਮਿਕ ਸੰਸਥਾਵਾਂ 'ਤੇ ਹਰ ਪਾਸੋਂ ਹਮਲੇ ਕੀਤੇ ਜਾ ਰਹੇ ਹਨ ਕਿਉਂਕਿ ਅਕਾਲੀ ਦਲ ਇਸ ਵੇਲੇ ਲੋਕਤੰਤਰੀ ਤੌਰ 'ਤੇ ਕਮਜ਼ੋਰ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਪੰਥਕ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਉਸ ਕਾਂਗਰਸ ਪਾਰਟੀ ਨੂੰ ਨਕਾਰਨ ਜਿਸਨੇ ਟੈਂਕਾਂ ਤੇ ਤੋਪਾਂ ਨਾਲ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਆਪ ਨੂੰ ਵੀ ਨਕਾਰਨ ਜਿਸਨੇ ਪੰਜਾਬ ਦੇ ਖ਼ਜ਼ਾਨੇ ਦੀ ਲੁੱਟ ਕੀਤੀ। ਸਰਦਾਰ ਬਾਦਲ ਨੇ ਕਿਹਾ ਕਿ ਸਿਰਫ ਅਕਾਲੀ ਦਲ ਹੀ ਸੂਬੇ ਅਤੇ ਇਸਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰ ਸਕਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਗੁਲਜ਼ਾਰ ਸਿੰਘ ਰਣੀਕੇ, ਡਾ. ਦਲਜੀਤ ਸਿੰਘ ਚੀਮਾ, ਸੁੱਚਾ ਸਿੰਘ ਲੰਗਾਹ, ਲਖਬੀਰ ਸਿੰਘ ਲੋਧੀਨੰਗਲ, ਵੀਰ ਸਿੰਘ ਲੋਪੋਕੇ, ਬੰਦੀ ਸਿੰਘ ਭਾਈ ਗੁਰਦੀਪ ਸਿੰਘ ਖੇੜਾ, ਬਲਜੀਤ ਸਿੰਘ ਜਲਾਲਉਸਮਾ, ਸਤਿੰਦਰ ਸਿੰਘ ਛੱਜਲਵੱਡੀ, ਰਾਜਵਿੰਦਰ ਸਿੰਘ ਰਾਜਾ ਲਾਦੇਹ, ਅਲਵਿੰਦਰਪਾਲ ਸਿੰਘ ਪੱਖੋਕੇ, ਜੋਧ ਸਿੰਘ ਸਮਰਾ, ਇਕਬਾਲ ਸਿੰਘ ਸੰਧੂ, ਨਰਿੰਦਰ ਕੁਮਾਰ ਬਹਿਲ, ਰਵਿੰਦਰ ਸਿੰਘ ਬ੍ਰਹਮਪੁਰਾ, ਗੁਰਇਕਬਾਲ ਸਿੰਘ ਮਾਹਲ, ਗੌਰਵ ਵਲਟੋਹਾ ਅਤੇ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੇ ਵੀ ਸੰਬੋਧਨ ਕੀਤਾ।

## ਮੋਦੀ ਵੱਲੋਂ 'ਭਾਰਤ ਛੱਡੋ ਅੰਦੋਲਨ' ਦੇ ਭਾਗੀਦਾਰਾਂ ਨੂੰ ਸ਼ਰਧਾਂਜਲੀ

ਸੀ, ਜਿਸ ਦੇ ਨਤੀਜੇ ਵਜੋਂ ਬਸਤੀਵਾਦੀ ਸ਼ਾਸਕਾਂ ਨੇ ਕਾਂਗਰਸ ਦੀ ਲਗਭਗ ਪੂਰੀ ਲੀਡਰਸ਼ਿਪ ਨੂੰ ਗ੍ਰਿਫਤਾਰ ਕਰ ਲਿਆ ਸੀ।

## ਸਰਬੱਤ ਦਾ ਭਲਾ ਟਰੱਸਟ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੁਨੀਆਂ ਦੀ ਪਹਿਲੀ ਸਿੱਖ ਯੂਨੀਵਰਸਿਟੀ ਸਥਾਪਤ ਕਰਨ ਦਾ ਐਲਾਨ

ਸਰੀ (ਵੈਨਕੂਵਰ), 9 ਅਗਸਤ (ਚ.ਨ.ਸ.) : ਮਾਨਵਤਾ ਦੀ ਸੇਵਾ ਨੂੰ ਸਮਰਪਿਤ ਉੱਘੇ ਸਮਾਜ ਸੇਵਕ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ, ਡਾ. ਐਸ.ਪੀ. ਸਿੰਘ ਓਬਰਾਏ ਨੇ ਇੱਕ ਇਤਿਹਾਸਕ ਐਲਾਨ ਕਰਦਿਆਂ ਦੱਸਿਆ ਹੈ ਕਿ ਟਰੱਸਟ ਵੱਲੋਂ ਸਿੱਖ ਪੰਥ ਦੀ ਜਨਮ ਭੂਮੀ, ਸ੍ਰੀ ਅਨੰਦਪੁਰ ਸਾਹਿਬ ਵਿਖੇ ਦੁਨੀਆਂ ਦੀ ਪਹਿਲੀ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾ ਰਹੀ ਹੈ।

ਇਸ ਮਹਾਨ ਕਾਰਜ ਦਾ ਮੁੱਖ ਉਦੇਸ਼ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਲੋੜਵੰਦ ਵਿਦਿਆਰਥੀਆਂ ਨੂੰ ਬਿਲਕੁਲ ਮੁਫ਼ਤ ਉੱਚ-ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੈ। ਇਸ ਵੱਡੇ ਪ੍ਰੋਜੈਕਟ ਅਤੇ ਟਰੱਸਟ ਵੱਲੋਂ ਕੀਤੇ ਜਾ ਰਹੇ ਹੋਰ ਮਾਨਵਤਾ ਭਲਾਈ ਦੇ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਨ ਲਈ ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ ਵੈਨਕੂਵਰ ਖੇਤਰ ਦੇ ਸਮੂਹ ਪੰਜਾਬੀ ਪ੍ਰੈੱਸ ਕਲੱਬਾਂ ਅਤੇ ਮੀਡੀਆ ਅਦਾਰਿਆਂ ਦੇ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮਿਲਣੀ ਰੱਖੀ ਗਈ ਹੈ। ਇਹ ਸਮਾਗਮ ਸੋਮਵਾਰ, 11 ਅਗਸਤ 2025 ਨੂੰ ਦੁਪਹਿਰ 12:30 ਵਜੇ, ਸਰੀ ਦੇ ਮਹਾਰਾਜਾ ਬੈਂਕੁਏਟ (9320-120 ਸਟਰੀਟ) ਵਿਖੇ ਹੋਵੇਗਾ, ਜਿੱਥੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਮੌਕੇ ਤੇ ਡਾ. ਓਬਰਾਏ ਯੂਨੀਵਰਸਿਟੀ ਦੇ ਢਾਂਚੇ, ਇਸਦੇ ਉਦੇਸ਼ਾਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਮੀਡੀਆ ਨਾਲ ਵਿਚਾਰ-ਵਟਾਂਦਰਾ ਕਰਨਗੇ। ਪ੍ਰਬੰਧਕਾਂ ਵੱਲੋਂ ਸਮੂਹ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਨੁਮਾਇੰਦਿਆਂ, ਖਾਸ ਕਰਕੇ ਚੜ੍ਹਦੀਕਲਾ ਗਰੁੱਪ ਆਫ਼ ਮੀਡੀਆ ਨੈੱਟਵਰਕ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਵਰਗੀਆਂ ਸਤਿਕਾਰਯੋਗ ਸਖਸ਼ੀਅਤਾਂ ਨੂੰ ਇਸ ਅਹਿਮ ਮੌਕੇ ਤੇ ਪਹੁੰਚਣ ਦੀ ਵਿਸ਼ੇਸ਼ ਬੇਨਤੀ ਕੀਤੀ ਗਈ ਹੈ ਤਾਂ ਜੋ ਇਸ ਮਹਾਨ ਕਾਰਜ ਦਾ ਸੁਨੇਹਾ ਦੁਨੀਆਂ ਭਰ ਵਿੱਚ ਪਹੁੰਚਾਇਆ ਜਾ ਸਕੇ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਸਰਕਾਰ ਨੇ 435 ਆਂਗਣਵਾੜੀ ਹੈਲਪਰਾਂ ਨੂੰ ਆਂਗਣਵਾੜੀ ਵਰਕਰਾਂ ਵਜੋਂ ਤਰੱਕੀ ਦਿੱਤੀ : ਡਾ. ਬਲਜੀਤ ਕੌਰ

ਚੰਡੀਗੜ੍ਹ, 9 ਅਗਸਤ (ਅੰਮ੍ਰਿਤਪਾਲ ਸਿੰਘ): ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਰੱਖੜੀ ਦੇ ਪਵਿੱਤਰ ਮੌਕੇ 'ਤੇ ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਵਿਭਾਗ ਦੀਆਂ 435 ਆਂਗਣਵਾੜੀ ਹੈਲਪਰਾਂ ਨੂੰ ਤਰੱਕੀ ਦੇ ਕੇ ਆਂਗਣਵਾੜੀ ਵਰਕਰ ਬਣਾਇਆ ਗਿਆ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਪੁਰਾਣੇ ਸਮੇਂ ਤੋਂ ਸੇਵਾ ਨਿਭਾ ਰਹੀਆਂ 10ਵੀਂ ਪਾਸ ਆਂਗਣਵਾੜੀ ਹੈਲਪਰਾਂ, ਜਿਨ੍ਹਾਂ ਕੋਲ 10 ਸਾਲ ਦਾ ਤਜਰਬਾ ਹੈ, ਨੂੰ ਵੀ ਬਤੌਰ ਵਰਕਰ ਤਰੱਕੀ ਦੇਣ ਲਈ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।



ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਗੰਭੀਰ ਹੈ। ਇਸ ਤਹਿਤ ਡਿਊਟੀ ਦੌਰਾਨ ਪੱਕੇ ਤੌਰ 'ਤੇ ਅਪੰਗ ਹੋਈਆਂ ਜਾਂ ਕਿਸੇ ਜਾਨਲੇਵਾ ਬਿਮਾਰੀ ਨਾਲ ਪੀੜਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਆਸ਼ਰਿਤਾਂ ਨੂੰ ਵਿਸ਼ੇਸ਼ ਮੌਕੇ ਤਹਿਤ ਨੌਕਰੀ ਦੇਣ ਲਈ ਪ੍ਰਕਿਰਿਆ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਸਬੰਧ ਵਿੱਚ ਸਾਰੇ ਜ਼ਿਲਾ ਪ੍ਰੋਗਰਾਮ ਅਧਿਕਾਰੀਆਂ ਨੂੰ 31 ਅਗਸਤ ਤੋਂ ਪਹਿਲਾਂ ਪੁਰਾਣੇ ਪੈਂਡਿੰਗ ਆਸ਼ਰਿਤ ਕੇਸਾਂ ਅਤੇ ਬਦਲੀਆਂ ਦੇ ਕੇਸਾਂ ਦਾ ਨਿਪਟਾਰਾ ਕਰਨ ਦੇ ਹੁਕਮ ਦਿੱਤੇ ਗਏ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਲਗਭਗ 5000 ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਭਰਤੀ ਪ੍ਰਕਿਰਿਆ 1 ਸਤੰਬਰ ਤੋਂ ਸ਼ੁਰੂ ਕੀਤੀ ਜਾਵੇਗੀ, ਜੋ ਕਿ ਪਾਰਦਰਸ਼ੀ ਅਤੇ ਨਿਰੋਲ ਮੈਰਿਟ ਦੇ ਆਧਾਰ 'ਤੇ ਹੋਵੇਗੀ। ਸਾਰੇ ਜ਼ਿਲਾ ਅਧਿਕਾਰੀਆਂ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਭਰਤੀ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਸ਼ਿਕਾਇਤ ਮਿਲਣ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀ ਭਰਤੀ ਪ੍ਰਕਿਰਿਆ 30 ਸਤੰਬਰ ਤੋਂ ਪਹਿਲਾਂ ਮੁਕੰਮਲ ਕਰ ਲਈ ਜਾਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਮਹਿਲਾਵਾਂ ਨੂੰ ਸਸ਼ਕਤ ਬਣਾਉਣਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਇਹ ਤਰੱਕੀਆਂ ਇਸ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਲਗਾਤਾਰ ਉਪਰਾਲਿਆਂ ਨਾਲ ਮਹਿਲਾਵਾਂ ਨੂੰ ਆਰਥਿਕ ਤੇ ਸਮਾਜਿਕ ਮਜ਼ਬੂਤੀ ਮਿਲ ਰਹੀ ਹੈ, ਜਿਸ ਨਾਲ ਉਹ ਆਪਣੇ ਪਰਿਵਾਰ ਅਤੇ ਸਮਾਜ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ।

# ਰੱਖੜੀ 'ਤੇ ਮੁੱਖ ਮੰਤਰੀ ਦੇ ਗੁੱਟ 'ਤੇ ਸਕੂਲੀ ਵਿਦਿਆਰਥਣਾਂ ਨੇ ਬੰਨ੍ਹਿਆਂ ਪਿਆਰ ਦਾ ਧਾਗਾ

ਚੰਡੀਗੜ੍ਹ, 9 ਅਗਸਤ (ਚ.ਨ.ਸ.): ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਨੀਵਾਰ ਨੂੰ ਸੰਤ ਕਰੀਬ ਕੁਟੀਰ ਵਿੱਚ ਰੱਖੜੀ ਦਾ ਉਤਸਵ ਖੁਸ਼ੀ 'ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ 'ਤੇ ਹਰਿਆਣਾ ਰਾਜ ਬਾਲ ਭਲਾਈ ਪਰਿਸ਼ਦ ਦੀ ਵਾਇਸ ਪ੍ਰੇਸੀਡੈਂਟ ਤੇ ਮੁੱਖ ਮੰਤਰੀ ਦੀ ਧਰਮਪਤਨੀ ਸੁਮਨ ਸੈਣੀ ਵੀ ਮੌਜੂਦ ਰਹੀ। ਰੱਖੜੀ ਦੇ ਇਸ ਵਿਸ਼ੇਸ਼ ਪਵਿੱਤਰ ਮੌਕੇ 'ਤੇ ਪੰਚਕੂਲਾ ਜਿਲ੍ਹੇ ਦੇ ਦੋ ਸਰਕਾਰੀ ਪ੍ਰਾਈਮਰੀ ਸਕੂਲਾਂ ਤੇ ਰਾਏਪੁਰਰਾਣੀ ਸਥਿਤ ਵੇਲਫੇਅਰ ਸੈਂਟਰ ਫਾਰ ਪਰਸਨ ਵਿਦ ਸਪੀਚ ਐਂਡ ਹਿਯਰਿੰਗ ਇੰਪੇਅਰਮੈਂਟ' ਦੀ ਛੋਟੀਆਂ ਕੁੜੀਆਂ ਆਪਣੇ ਅਧਿਆਪਕਾਂ ਨਾਲ ਪਹੁੰਚੀਆਂ ਅਤੇ ਮੁੱਖ ਮੰਤਰੀ ਦੇ ਗੁੱਟ 'ਤੇ ਪ੍ਰੇਮ, ਭਰੋਸਾ ਤੇ ਸੁਰੱਖਿਆ ਦੇ ਪ੍ਰਤੀਕ ਸਵਰੂਪ ਰੱਖੜੀ ਬੰਨੀ। ਸਕੂਲਾ ਯੂਨੀਫਾਰਮ ਵਿੱਚ ਪਹੁੰਚੀਆਂ ਇੰਨ੍ਹਾਂ ਕੁੜੀਆਂ ਨੇ ਜਦੋਂ ਮੁੱਖ ਮੰਤਰੀ ਦੇ ਗੁੱਟ 'ਤੇ ਰੰਗ-ਬਿਰੰਗੀ ਰੱਖੜੀ ਵਜੋ ਪਿਆਰ ਦਾ ਰੇਸ਼ਮੀ ਧਾਗਾ ਬੰਨਿਆਂ ਤਾਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਉਪਹਾਰ ਅਤੇ ਆਸ਼ੀਰਵਾਦ ਦਿੱਤਾ। ਮੁੱਖ ਮੰਤਰੀ ਨੇ ਕੁੜੀਆਂ ਨਾਲ ਨਿੱਘੀ ਗਲਬਾਤ ਕੀਤੀ, ਉਨ੍ਹਾਂ ਦੀ ਪੜਾਈ, ਖੇਡਾਂ ਅਤੇ ਭਵਿੱਖ ਦੀ ਯੋਜਨਾਵਾਂ ਦੇ ਬਾਰੇ ਵਿੱਚ ਜਾਣਕਾਰੀ ਲਈ। ਉਨ੍ਹਾ ਨੇ ਕੁੜੀਆਂ ਨੂੰ ਸਿਖਿਆ ਵਿੱਚ ਅੱਗੇ ਵੱਧਣ ਅਤੇ ਸਮਾਜ ਵਿੱਚ ਆਪਣੀ ਪਹਿਚਾਣ ਬਨਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਜਿਲ੍ਹਾ ਸਿਖਿਆ ਅਧਿਕਾਰੀ ਸੰਧਿਆ ਛਿੱਕਾਰਾ, ਜਿਲ੍ਹਾ ਵਿਗਿਆਨ ਮਾਹਰ ਪੂਜਾ, ਜਿਲ੍ਹਾ ਸਭਿਆਚਾਰਕ ਕੋਆਰਡੀਨੇਟਰ ਦੀਪਾ ਰਾਣੀ ਤੋਂ ਇਲਾਵਾ ਉਕਤ ਸਕੂਲਾਂ ਦੀ ਅਧਿਆਪਕਾਂ ਵੀ ਸਨ। ਮਹਿਲਾ ਅਧਿਆਪਕਾਂ ਨੇ ਵੀ ਮੁੱਖ ਮੰਤਰੀ ਨੂੰ ਰੱਖੜੀ ਬੰਨ੍ਹੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ 'ਤੇ ਕਿਹਾ, 'ਰੱਖੜੀ ਸਿਰਫ ਭਰਾ-ਭੈਣ ਦਾ ਤਿਊਹਾਰ ਨਹੀਂ, ਸੋਗ ਇਹ ਪ੍ਰੇਮ, ਤਿਆਗ ਅਤੇ ਸੁਰੱਖਿਆ ਦੀ ਭਾਵਨਾ ਦਾ ਪ੍ਰਤੀਕ ਹੈ। ਅਜਿਹੇ ਮੌਕੇ ਸਾਨੂੰ ਆਪਣੇ ਸਭਿਆਚਾਰ ਤੇ ਰਿਵਾਇਤਾਂ ਨਾਲ ਜੋੜਦੇ ਹਨ ਤੇ ਸਮਾਜ ਵਿੱਚ ਭਾਈਚਾਰੇ ਤੇ ਸਦਭਾਵਨਾ ਦੀ ਭਾਵਨਾ ਨੂੰ ਮਜਬੂਤ ਕਰਦੇ ਹਨ।' ਪ੍ਰੋਗਰਾਮ ਦੇ ਆਖੀਰ ਵਿੱਚ ਕੁੜੀਆਂ ਨੂੰ ਮਿਠਾਈਆਂ ਵੰਡੀਆਂ ਗਈਆਂ ਅਤੇ ਸਮੂਹਿਕ ਫੋਟੋਗ੍ਰਾਫੀ ਦੇ ਨਾਲ ਇਸ ਆਯੋਜਨ ਨੂੰ ਯਾਦਗਾਰ ਬਣਾ ਦਿੱਤਾ ਗਿਆ।

## ਪਨਗਰੇਨ ਦੀ ਖ਼ਰਾਬ ਕਣਕ ਹੋਣ ਦਾ ਮਾਮਲਾ ਸੁਰਖੀਆਂ 'ਚ

# ਧਾਰਮਿਕ ਸਮਾਜਿਕ ਭਲਾਈ ਮੰਚ ਵੱਲੋਂ ਖ਼ੁਰਾਕ ਤੇ ਫੂਡ ਸਪਲਾਈ ਮੰਤਰੀ ਨੂੰ ਕਾਰਵਾਈ ਕਰਨ ਦੀ ਮੰਗ

ਚੰਡੀਗੜ੍ਹ, 9 ਅਗਸਤ (ਹਰਦੀਪ ਵਿਰਕ): ਬੀਤੇ ਦਿਨੀ ਇੱਕ ਫੂਡ ਸਪਲਾਈ ਦੀ ਏਜੰਸੀ ਪਨਗ੍ਰੇਨ ਦਾ ਇੱਕ ਮਾਮਲਾ ਸਾਹਮਣੇ ਆਇਆ ਸੀ ਹਲਕਾ ਅਮਰਗੜ੍ਹ ਦੇ ਪਿੰਡ ਮੋਹਰਾਣਾ ਤੋਂ ਭੁੱਲਰਾ ਰੋਡ ਤੇ ਸਥਿਤ ਇੱਕ ਪ੍ਰਾਈਵੇਟ ਸੈਲਰ 'ਅਜੇ ਰਾਈਸ ਮਿੱਲ' ਵਿੱਚ ਪਨਗਰੇਨ ਦਾ ਕਣਕ ਦਾ ਸਟੋਕ ਰੱਖਿਆ ਗਿਆ ਸੀ ਜਿਥੋਂ ਉਹ ਡਿਪੂਆਂ ਦੇ ਵਿੱਚ ਲੋੜਵੰਦਾ ਨੂੰ ਵੰਡਣ ਲਈ ਭੇਜਿਆ ਜਾਣਾ ਸੀ ਜਦੋਂ ਲੋਕਾ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਉਥੇ ਮੀਡੀਆ ਅਤੇ ਸਮਾਜ ਸੇਵੀ ਸੰਸਥਾ ਧਾਰਮਿਕ ਸਮਾਜਿਕ ਭਲਾਈ ਮੰਚ ਵੱਲੋ ਸੈਲਰ ਦਾ ਦੌਰਾ ਕੀਤਾ ਗਿਆ ਤਾਂ ਮੌਕੇ ਤੇ ਕਣਕ ਨੂੰ ਬਹੁਤ ਬੁਰੇ ਹਾਲਾਤਾਂ ਵਿੱਚ ਪਾਇਆ ਗਿਆ ਜ਼ਿਕਰਯੋਗ ਗੱਲ ਹੈ ਕਿ ਇਹ ਕਣਕ ਸਾਲ 25-26 ਦਾ ਲੇਟੈਸਟ ਸਟਾਕ ਸੀ ਅਤੇ ਮੌਕੇ ਪਰ ਮਾਲ ਗਲਿਆ-ਸੜਿਆ ਅਤੇ ਭਿੱਜਿਆ ਹੋਇਆ ਸੀ ਅਤੇ ਇੱਕ ਸਪੈਸ਼ਲ ਲੱਗੀ ਦੌਰਾਨ ਲੋੜ੍ਹ ਕਰ ਵੱਖ-ਵੱਖ ਸ਼ਾਥਾਨਾ ਤੇ ਗਰੀਬਾਂ ਅਤੇ ਲੋੜਵੰਦ ਲੋਕਾ ਵਿੱਚ ਵੰਡਣ ਲਈ ਭੇਜਿਆ ਜਾ ਰਿਹਾ ਸੀ।ਕਣਕ ਅਜੇਹੀ ਸੀ ਕਿ ਜੇਕਰ ਅਗਰ ਜਾਨਵਰਾਂ ਨੂੰ ਪਾਈ ਜਾਵੇ ਤਾਂ ਉਹ ਵੀ ਇਸ ਕਣਕ ਨੂੰ ਨਾ ਖਾਣ।ਸਮਾਜਸੇਵੀ ਸੰਸਥਾ ਵੱਲੋਂ ਮੌਕੇ ਤੇ ਖੁਰਾਕ ਤੇ ਫੂਡ ਸਪਲਾਈ ਮੰਤਰੀ ਲਾਲ ਚੰਦ ਕਟਾਰੂ ਚੱਕ ਜੀ ਨੂੰ ਫੋਨ ਪਰ ਹਾਲਾਤਾਂ ਦੀ ਜਾਣਕਾਰੀ ਦਿੱਤੀ ਅਤੇ ਅੱਜ ਸ਼ਮਾਜ ਸੇਵੀ ਸੰਸਥਾ ਦੇ ਮੀਤ ਪ੍ਰਧਾਨ ਬੇਅੰਤ ਸਿੰਘ ਮੰਨਵੀ ਅਤੇ ਹੋਰਨਾ ਅਹੁਦੇਦਾਰ ਨੇ ਮੰਤਰੀ ਸਾਹਿਬ ਨਾਲ ਇਸ ਸਬੰਧੀ ਮੀਟਿੰਗ ਕੀਤੀ ਅਤੇ ਕਾਰਵਾਈ ਕਰਨ ਦੀ ਮੰਗ ਕੀਤੀ। ਮੰਤਰੀ ਸਾਹਿਬ ਵੱਲੋ ਡਾਇਰੈਕਟਰ ਪਨਗ੍ਰੇਨ ਨੂੰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਅਤੇ ਡਾਇਰੈਕਟਰ ਸਾਹਿਬ ਨੂੰ ਮੰਗ ਪੱਤਰ ਸੋਪਣ ਲਈ ਕਿਹਾ।



**ਕੀ ਕਹਿਣਾ ਹੈ ਪਨਗਰੇਨ ਦੇ ਚੇਅਰਮੇਨ ਦਾ:** ਉਹਨਾਂ ਨੇ ਕਿਹਾ ਕਿ ਜਾਣਕਾਰੀ ਮਿਲਣ ਉਪਰੰਤ ਮੈਂ ਵੀ ਉਸੇ ਦਿਨ ਓਥੇ ਜਾ ਕੇ ਮੌਕਾ ਦੇਖਿਆ ਅਤੇ ਮੌਕੇ ਪਰ ਕਣਕ ਨੂੰ ਗਲਿਆ ਸੜਿਆ ਅਤੇ ਭਿੱਜਿਆ ਹੋਇਆ ਪਾਇਆ। ਕਣਕ ਖਾਣ ਦੇ ਯੋਗ ਨਹੀ ਸੀ। ਮੈਂ ਵਿਭਾਗੀ ਵਿਜਲੈਂਸ ਨੂੰ ਜਾਂਚ ਲਈ ਹੁਕਮ ਜਾਰੀ ਕਰ ਦਿੱਤੇ ਹਨ। ਚੇਅਰਮੈਨ ਸਹਿਬ ਨੇ ਸਬੰਧਤ ਅਧਿਕਾਰੀ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਤੇ ਕਿਹਾ ਜੋ ਵੀ ਅਨਾਜ ਗਲਿਆ-ਸੜਿਆ ਖਰਾਬ ਹੋਇਆ ਹੈ ਉਸਦੀ ਸਾਰੀ ਭਰਭਾਈ ਸਬੰਧਤ ਅਧਿਕਾਰੀ ਤੋਂ ਕੀਤੀ ਜਾਵੇਗੀ। ਹੁਣ ਦੇਖਣ ਯੋਗ ਗੱਲ ਹੈ ਕਿ ਇਹ ਮਾਮਲਾ ਪਿਛਲੀ ਬਾਰ ਦੀ ਤਰ੍ਹਾਂ ਸਰਕਾਰੀ ਫਾਈਲਾਂ ਵਿੱਚ ਹੀ ਦੱਬਿਆ ਰਹਿ ਜਾਵੇਗਾ ਜਾਂ ਇਸ ਵਾਰ ਬਣਦੀ ਕਾਰਵਾਈ ਕਰ ਉਨ੍ਹਾ ਕਿਸਾਨਾਂ ਨੂੰ ਇਨਸਾਫ ਦਿੱਤਾ ਜਾਵੇਗਾ ਜੋ ਆਪਣੀ ਖੂਨ ਪਸੀਨੇ ਦੀ ਮਿਹਨਤ ਨਾਲ ਇਸ ਫਸਲ ਨੂੰ ਉਗਾਉਂਦੇ ਹਨ ਤੇ ਉਹਨਾਂ ਨੂੰ ਜਿਨਾਂ ਲੋੜਵੰਦਾਂ ਦੇ ਇਹ ਖਾਣ ਦੇ ਲਈ ਭੇਜੀ ਜਾਣੀ ਸੀ।ਇਸਦਾ ਫੈਸਲਾ ਤਾਂ ਆਉਣ ਵਾਲਾ ਸਮਾਂ ਹੀ ਕਰੇਗਾ।

## ਅਕਾਲੀ ਦਲ ਵਾਰਸ ਪੰਜਾਬ ਦੀ ਕਾਨਫ਼ਰੰਸ

# ਪੰਜਾਬ ਸਰਕਾਰ ਤੇ ਕੇਂਦਰ ਸਿੱਖਾਂ 'ਤੇ ਜ਼ੁਲਮ ਕਰ ਰਹੀ ਹੈ : ਬਾਪੂ ਤਰਸੇਮ ਸਿੰਘ

ਬਾਬਾ ਬਕਾਲਾ ਸਾਹਿਬ, 9 ਅਗਸਤ (ਬਲਰਾਜ ਸਿੰਘ ਰਾਜਾ): ਪੰਜਾਬ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਸਿੱਖਾਂ ਤੇ ਜ਼ੁਲਮ ਕਰ ਰਹੀ ਹੈ ਅਤੇ ਸਿੱਖਾਂ ਨੂੰ ਬਿਨਾਂ ਵਜਾ ਜੇਲ੍ਹਾਂ ਵਿਚ ਬੰਦ ਕਰਕੇ ਤੰਗ ਪ੍ਰੇਸ਼ਾਨ ਕਰ ਰਹੀ ਹੈ ਇਹ ਸਬਦ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਅਕਾਲੀ ਦਲ ਵਾਰਸ ਪੰਜਾਬ ਵੱਲੋਂ ਅਕਾਲੀ ਫਾਰਮ ਦੇ ਕੋਲ ਰੱਖੀ ਕਾਨਫ਼ਰੰਸ ਵਿਚ ਸੰਬੋਧਨ ਕਰਦਿਆਂ ਕਹੇ ਉਹਨਾਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਕਿਰਪਾ ਨਾਲ ਪੰਜਾਬ ਭਰ ਤੋ ਸੰਗਤਾਂ ਵੱਡੇ ਇਕੱਠ ਵਜੋਂ ਇੱਥੇ ਪਹੁੰਚੀਆਂ ਹਨ। ਇਸ ਭਾਰੀ ਇਕੱਠ ਨੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੂੰ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਜਿੰਨਾ ਜ਼ੁਲਮ ਹੋਵੇਗਾ, ਉਨ੍ਹਾਂ ਹੀ ਵਿਰੋਧ ਹੋਵੇਗਾ ਅਤੇ ਲੋਕਾਂ ਦੇ ਵੱਡੇ ਇਕੱਠੇ ਹੋਣਗੇ। ਉਹਨਾਂ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਸਿੱਖ ਕੌਮ ਦੇ ਮਾਣ ਹੈ, ਜਿਨ੍ਹਾਂ ਨੇ ਕੌਮ ਦੀ ਇੱਜ਼ਤ ਲਈ ਵੱਡੀ ਕੁਰਬਾਨੀਆਂ ਦਿੱਤੀਆਂ। ਇਸ ਲਈ ਪੂਰੀ ਕੌਮ ਉਹਨਾਂ ਦੇ ਨਾਲ ਖੜੀ ਹੈ। ਪੰਜਾਬ ਦੇ ਮਸਲਿਆਂ 'ਤੇ ਗੱਲ ਕਰਦਿਆਂ ਉਹਨਾਂ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਤੋ ਇਲਾਵਾ ਬੇਅਦਬੀ ਦੇ ਮਾਮਲੇ, ਲੈਂਡ ਪੂਲਿੰਗ ਦੇ ਮਸਲੇ ਅਤੇ ਨੌਜਵਾਨਾਂ 'ਤੇ ਝੂਠੇ ਕੇਸ ਦਰਜ ਕਰਕੇ ਸਾਲਾਂ ਜੇਲਾਂ ਵਿੱਚ ਬੰਦ ਰੱਖਣਾ ਇਹ ਸਭ ਮੁੱਦੇ ਸਾਡੇ ਸਾਹਮਣੇ ਹਨ। ਇਸ ਮੌਕੇ ਫ਼ਰੀਦਕੋਟ ਦੇ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਨੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰ ਕੇ ਸ਼ਰੇਆਮ ਸਿੱਖਾਂ ਨਾਲ ਧੱਕਾ ਕਰ ਰਹੀ ਹੈ ਪਰ ਇਹ ਹੁਣ ਛੋਟੀ ਜਿਹੀ ਗੱਲ ਨਹੀਂ ਰਹੀ ਇਹ ਹੁਣ ਬਹੁਤ ਜਲਦੀ ਲੋਕ ਸੰਘਰਸ਼ ਦਾ ਰੂਪ ਧਾਰਨ ਕਰੇਗਾ। ਇਸ ਮੌਕੇ ਸਾਬਕਾ ਅਕਾਲ ਤਖ਼ਤ ਦੇ ਜਥੇਦਾਰ ਜਸਬੀਰ ਸਿੰਘ ਰੋਡੇ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀ ਅਲੋਚਨਾ ਕੀਤੀ।



ਇਸ ਮੌਕੇ ਪਰਮਜੀਤ ਸਿੰਘ ਜੋਹਲ, ਜਰਮਨਜੀਤ ਸਿੰਘ ,ਚਰਨਜੀਤ ਸਿੰਘ ਭਿੰਡਰ, ਸੁਖਚੈਨ ਸਿੰਘ ਚਾਚਾ, ਪ੍ਰਗਟ ਸਿੰਘ,ਭਗਵੰਤ ਪਾਲ ਸਿੰਘ ਸਮੇਤ ਵੱਡੀ ਗਿਣਤੀ ਵਿਚ ਆਗੂਆਂ ਨੇ ਸੰਬੋਧਨ ਕੀਤਾ।

# ਅਮਰੀਕਾ ਵਰਗੇ ਤਾਕਤਵਰ ਮੁਲਕ ਨੂੰ ਗਰੀਬ ਮੁਲਕਾਂ ਦਾ ਸ਼ੋਸ਼ਣ ਕਰਨਾ ਸ਼ੋਭਾ ਨਹੀ ਦਿੰਦਾ : ਸੰਤ ਸੀਚੇਵਾਲ

ਨਵੀਂ ਦਿੱਲੀ, 9 ਅਗਸਤ (ਅੰਮ੍ਰਿਤਪਾਲ ਸਿੰਘ): ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ 25 ਫੀਸਦੀ ਟੈਰਿਫ ਵਾਲੇ ਬਿਆਨ 'ਤੇ ਵੀ ਟਿੱਪਣੀ ਕਰਦਿਆਂ ਕਿਹਾ ਕਿ ਗਰੀਬ ਮੁਲਕਾਂ ਨੂੰ ਡਰਾਵੇ ਦੇਣੇ ਅਤੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਨਾ ਅਮਰੀਕਾ ਵਰਗੇ ਤਾਕਤਵਰ ਮੁਲਕ ਨੂੰ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਟੈਰਿਫ ਨਾਲ ਭਾਰਤ ਨੂੰ ਕੋਈ ਫਰਕ ਨਹੀਂ ਪੈਣ ਵਾਲਾ ਪਰ ਅਮਰੀਕਾ ਦੀ ਸੋਚ 'ਤੇ ਜ਼ਰੂਰ ਕਲੰਕ ਲੱਗੇਗਾ ਜਿਸ ਨੂੰ ਇਤਿਹਾਸ ਵਿੱਚ ਯਾਦ ਰੱਖਿਆ ਜਾਵੇਗਾ। ਟਰੰਪ ਦੇ ਰੱਵਈਏ 'ਤੇ ਟਿੱਪਣੀ ਕਰਦਿਆਂ ਸੰਤ ਸੀਚੇਵਾਲ ਕਿਹਾ ਕਿ ਜਦੋਂ ਤੁਹਾਡੇ ਕੋਲ ਹਥਿਆਰ ਆ ਜਾਂਦੇ ਹਨ ਜਾਂ ਪੈਸਾ ਆ ਜਾਂਦਾ ਹੈ ਤਾਂ ਤੁਸੀ ਦੁਨੀਆਂ ਦੇ ਲੋਕਾਂ ਨੂੰ ਗੱਲਵਕੜੀ ਵਿੱਚ ਨਹੀਂ ਲੈਂਦੇ ਸਗੋਂ ਉਨ੍ਹਾਂ ਨੂੰ ਡਰਾ ਕੇ ਉਨ੍ਹਾਂ ਕੋਲੋ ਖੋਹਣ ਦੀ ਨੀਤੀ 'ਤੇ ਚੱਲਦੇ ਹੋ। ਉਨ੍ਹਾਂ ਕਿਹਾ ਕਿ ਟਰੰਪ ਦੇ ਗਲਤ ਫੈਸਲਿਆਂ ਦਾ ਖਮਿਆਜ਼ਾ ਦੁਨੀਆ ਦੇ ਗਰੀਬ ਮੁਲਕਾਂ ਨੂੰ ਭੁਗਤਣਾ ਪਵੇਗਾ। ਸੰਤ ਸੀਚੇਵਾਲ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਸਖ਼ਤ ਟਿੱਪਣੀ ਕਰਦਿਆਂ ਉਨ੍ਹਾਂ ਨੂੰ ਡਾਕੂ ਦੱਸਿਆ ਹੈ। ਉਨ੍ਹਾਂ ਗੱਲਬਾਤ ਦੌਰਾਨ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਹਿਲਾ ਵੀ 25 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ ਜਿਹੜਾ 7 ਅਗਸਤ ਨੂੰ ਲਾਗੂ ਹੋ ਗਿਆ ਹੈ ਤੇ ਹੁਣ ਮੁੜ 25 ਫੀਸਦੀ ਹੋਰ ਟੈਰਿਫ ਲਗਾਉਣ ਦੇ ਐਲਾਨ ਨੇ ਉਹਨਾਂ ਦੀ ਮਾਨਸਿਕਤਾ ਨੂੰ ਉਜਾਗਰ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਇਹ ਕਹਿਣਾ ਕਿ ਜਦੋਂ ਤੱਕ ਭਾਰਤ ਨਾਲ ਟੈਰਿਫ ਵਿਵਾਦ ਹੱਲ ਨਹੀਂ ਹੁੰਦਾ ਉਦੋਂ ਤੱਕ ਕੋਈ ਵੀ ਵਪਾਰਕ ਗੱਲਬਾਤ ਨਹੀਂ ਹੋਵੇਗੀ, ਉਨ੍ਹਾਂ ਦੀ ਪਿਛਾਂਹ-ਖਿੱਚੂ ਸੋਚ ਨੂੰ ਦਰਸਾਉਂਦਾ ਹੈ।



ਸੰਤ ਸੀਚੇਵਾਲ ਨੇ ਕਿਹਾ ਕਿ ਭਾਰਤ ਪਹਿਲਾਂ ਵਾਲਾ ਭਾਰਤ ਨਹੀਂ ਰਿਹਾ ਜਿਸ ਦੀ ਜਦੋਂ ਚਾਹੇ ਬਾਂਹ ਮਰੋੜ ਲਵੋਗੇ। ਸੰਤ ਸੀਚੇਵਾਲ ਨੇ ਕਿਹਾ ਕਿ ਭਾਰਤ ਨੇ ਪਹਿਲਾਂ ਵੀ ਆਰਥਿਕ ਪਾਬੰਦੀਆਂ ਦਾ ਡੱਟ ਕੇ ਸਾਹਮਣਾ ਕੀਤਾ ਸੀ ਤੇ ਹੁਣ ਅੱਗੇ ਵੀ ਕਰਦਾ ਰਹੇਗਾ। ਸੰਤ ਸੀਚੇਵਾਲ ਨੇ ਕਿਹਾ ਕਿਸਾਨ ਤੇ ਮਜ਼ਦੂਰ ਦੇਸ਼ ਦੇ 140 ਕਰੋੜ ਲੋਕਾਂ ਦਾ ਢਿੱਡ ਭਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਮਿਹਨਤੀ ਹਨ ਤੇ ਕਿਰਤ ਕਰਨ ਵਿੱਚ ਵਿਸ਼ਵਾਸ਼ ਰੱਖਦੇ ਹਨ ਅਤੇ ਟਰੰਪ ਅਜਿਹੇ ਟੈਰਿਫ ਲਗਾ ਕੇ ਭਾਰਤ ਨੂੰ ਆਰਥਿਕ ਸੰਕਟ ਵਿੱਚ ਨਹੀਂ ਪਾ ਸਕਦੇ। ਅਜਿਹੇ ਹਲਾਤਾਂ ਵਿੱਚ ਅਮਰੀਕੀ ਲੋਕਾਂ ਨੂੰ ਹੀ ਟਰੰਪ ਦੀਆਂ ਦੁਨੀਆਂ ਵਿਰੋਧੀ ਆਰਥਿਕ ਨੀਤੀਆਂ ਦਾ ਡੱਟ ਕੇ ਵਿਰੋਧ ਕਰਨਾ ਪਵੇਗਾ।

## ਗੁਲਾਬ ਸਿੰਘ ਸੈਣੀ ਏਸ਼ੀਅਨ ਕਬੱਡੀ ਫੈਡਰੇਸ਼ਨ ਦੇ ਚੇਅਰਮੈਨ ਨਿਯੁਕਤ

ਚੰਡੀਗੜ੍ਹ, 9 ਅਗਸਤ (ਹਰਦੀਪ ਕੌਰ): ਇਕ ਸੰਖੇਪ ਸਨਮਾਨ ਸਮਾਰੋਹ 'ਚ ਏਸ਼ੀਅਨ ਕਬੱਡੀ ਫੈਡਰੇਸ਼ਨ ਦੇ ਨਵ ਨਿਯੁਕਤ ਚੇਅਰਮੈਨ ਗੁਲਾਬ ਸਿੰਘ ਸੈਣੀ ਨੂੰ ਸੈਣੀ ਯੂਥ ਫੈਡਰੇਸ਼ਨ ਵੱਲੋਂ ਮਿਲ ਕੇ ਵਧਾਈਆਂ ਦਿੱਤੀਆਂ ਗਈਆਂ। ਸੈਣੀ ਯੂਥ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਨਰਿੰਦਰ ਸੈਣੀ ਲਾਲੀ, ਸੈਣੀ ਯੂਥ ਫੈਡਰੇਸ਼ਨ ਦੇ ਪੰਜਾਬ ਪ੍ਰਭਾਰੀ ਨੈਬ ਸਿੰਘ ਪਟਾਕਮਾਜਰਾ, ਸੈਣੀ ਯੂਥ ਫੈਡਰਸ਼ਨ ਦੇ ਹਰਿਆਣਾ ਦੇ ਪ੍ਰਭਾਰੀ ਕੁਲਬੀਰ ਸੈਣੀ, ਕੌਮੀ ਅਡਵਾਈਜ਼ਰ ਗੁਰਵਿੰਦਰ ਸਿੰਘ ਸੈਣੀ, ਹਰਿਆਣਾ ਤੋਂ ਮੀਤ ਪ੍ਰਧਾਨ ਸਾਹਿਲ ਸੈਣੀ, ਕੋਰ ਕਮੇਟੀ ਮੈਂਬਰ ਅਮਨਦੀਪ ਸਿੰਘ ਸੈਣੀ, ਸੰਦੀਪ ਦਹਿਆ , ਕੁਲਜੀਤ ਸਿੰਘ ਸੈਣੀ, ਰਿਪੁਦਮਨ ਸੈਣੀ ਨੇ ਮਿਲ ਕੇ ਵਧਾਈਆਂ ਦਿੱਤੀਆਂ!

# ਸਮੇਂ ਸਿਰ ਟਾਂਗਰੀ ਨਦੀਂ ਵਿੱਚ ਖੁਦਾਈ ਨਾਲ ਟਲਿਆ ਨੁਕਸਾਨ : ਸ਼ਰੂਤੀ ਚੌਧਰੀ

ਚੰਡੀਗੜ੍ਹ, 9 ਅਗਸਤ (ਚ.ਨ.ਸ.): ਹਰਿਆਣਾ ਦੀ ਸਿੰਚਾਈ ਮੰਤਰੀ ਸ਼ਰੂਤੀ ਚੌਧਰੀ ਨੇ ਦਸਿਆ ਕਿ ਬੀਤੀ ਅੱਧੀ ਰਾਤ ਟਾਂਗਰੀ ਨਦੀਂ ਵਿੱਚ ਜਲ੍ਹ ਪੱਧਰ 9.5 ਫੁੱਟ (ਲਗਭਗ 20,900 ਕਿਯੂਸਿਕ) ਤੱਕ ਪਹੁੰਚ ਗਿਆ ਸੀ, ਜੋ ਖਤਰੇ ਦੇ ਨਿਸ਼ਾਨ 7.0 ਫੁੱਟ (15,400 ਕਿਯੂਸੇਕ) ਤੋਂ ਵੱਧ ਹੈ। ਪਿਛਲੇ ਸਾਲਾਂ ਵਿੱਚ ਇੰਨ੍ਹੀ ਗਿਣਤੀ ਵਿੱਚ ਆਪਣੀ ਆਉਣ 'ਤੇ ਅੰਬਾਲਾ ਕੈਂਟ ਦੀ ਕਈ ਕਲੋਨੀਆਂ ਵਿੱਚ ਪਾਣੀ ਭਰ ਜਾਂਦਾ ਸੀ ਅਤੇ ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਸੀ, ਪਰ ਸਮੇਂ ਸਿਰ ਖੁਦਾਈ ਹੋਣ ਨਾਲ ਅਤੇ ਵਿਭਾਗ ਦੀ ਸਮਝਦਾਰੀ ਨਾਲ ਖਤਰਾ ਟੱਲ ਗਿਆ। ਉਨ੍ਹਾਂ ਨੇ ਦਸਿਆ ਕਿ ਇਸ ਵਾਰ ਸਿੰਚਾਈ ਵਿਭਾਗ ਨੇ ਬਰਸਾਤ ਤੋਂ ਪਹਿਲਾਂ ਨਦੀ ਦੀ ਖੁਦਾਈ ਦਾ ਕੰਮ ਸ਼ੁਰੂ ਕੀਤਾ, ਜਿਸ ਦੀ ਵਜ੍ਹਾ ਨਾਲ ਪਾਣੀ ਸੁਰੱਖਿਅਤ ਰੁਪ ਨਾਲ ਵਹਿ ਗਿਆ ਤੇ ਹਜਾਰਾਂ ਲੋਕਾਂ ਨੂੰ ਵੱਡੀ ਰਾਹਤ ਮਿਲੀ।ਸਿੰਚਾਈ ਮੰਤਰੀ ਨੇ ਦਸਿਆ ਕਿ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਵਿਭਾਗ ਨੇ ਨਦੀਂ ਦੇ ਤੱਲ ਨੂੰ ਡੂੰਘਾ ਅਤੇ ਚੌੜਾ ਕਰਨ ਦਾ ਕੰਮ ਸ਼ੁਰੂ ਕੀਤਾ ਸੀ। ਹਾਲਾਂਕਿ, ਬਰਸਾਤ ਦੇ ਕਾਰਨ ਫਿਲਹਾਲ ਸਿਰਫ ਅੱਧਾ ਕੰਮ ਹੀ ਪੂਰਾ ਹੋ ਪਾਇਆ, ਪਰ ਇਸ ਨਾਲ ਨਦੀਂ ਦੀ ਜਲ੍ਹ ਨਿਕਾਸੀ ਸਮਰੱਥਾ ਵਿੱਚ ਕਾਫੀ ਵਾਧਾ ਹੋਇਆ ਹੈ। ਬਰਸਾਤ ਦਾ ਮੌਸਮ ਖਤਮ ਹੁੰਦੇ ਹੀ ਅਸੀਂ ਇਹ ਕੰਮ ਪੂਰਾ ਕਰ ਦਵਾਂਗੇ।



ਸਿੰਚਾਈ ਮੰਤਰੀ ਨੇ ਦਸਿਆ ਕਿ 6 ਅਗਸਤ ਨੂੰ ਸਵੇਰੇ 11 ਵਜੇ ਨਦੀਂ ਵਿੱਚ 11,000 ਕਿਯੂਸੇਕ ਪਾਣੀ ਸੀ, ਜੋ ਸ਼ਾਮ 4 ਵਜੇ ਤੱਕ 15,400 ਕਿਯੂਸੇਕ ਅਤੇ ਅੱਧੀ ਰਾਤ ਤੱਕ 20,900 ਕਿਯੂਸੇਕ ਹੋ ਗਿਆ। ਪਹਿਲਾਂ ਅਜਿਹੇ ਜਲ੍ਹ ਪੱਧਰ 'ਤੇ ਨਿਊ ਟੈਗੋਰ ਗਾਰਡਨ, ਨਿਊ ਏਕਤਾ ਵਿਹਾਰ, ਪ੍ਰਭੂ ਪ੍ਰੇਮਪੁਰਮ, ਰਾਮਪੁਰ, ਸਰਸਹੇੜੀ, ਚੰਦਪੁਰਾ ਅਤੇ ਕਰਧਾਨ ਵਰਗੇ ਖੇਤਰਾਂ ਵਿੱਚ ਪਾਣੀ ਭਰ ਜਾਂਦਾ ਸੀ, ਪਰ ਇਸ ਵਾਰ ਅਜਿਹਾ ਨਹੀਂ ਹੋਇਆ।ਸਿੰਚਾਈ ਮੰਤਰੀ ਨੇ ਦਸਿਆ ਕਿ ਵਿਭਾਗ ਵੱਲੋਂ ਟਾਂਗਰੀ ਨਦੀ ਨੂੰ ਪਿੰਡ ਰਾਮਗੜ੍ਹ ਮਾਜਰਾ ਤੋਂ ਪਿੰਡ ਭੁੰਨੀ ਤੱਕ ਡੂੰਘਾ ਅਤੇ ਚੌੜਾ ਕੀਤਾ ਜਾ ਰਿਹਾ ਹੈ ਅਤੇ ਸਰਸਹੇੜੀ ਅਤੇ ਚੰਦਪੁਰਾ ਵਿੱਓ ਅਸਥਾਈ ਬੰਨ੍ਹ ਬਣਾਏ ਗਏ ਹਨ। ਇੰਨ੍ਹਾਂ ਯਤਨਾਂ ਨਾਲ ਇਸ ਵਾਰ ਵੱਧ ਜਲ੍ਹ ਪੱਧਰ ਹੋਣ ਦੇ ਬਾਗਜੂਦ ਸਰਸਹੇੜੀ, ਚੰਦਪੁਰਾ ਅਤੇ ਨੇੜੇ ਦੇ ਖੇਤਰ ਸੁਰੱਖਿਅਤ ਹਨ।

ਉਨ੍ਹਾਂ ਨੇ ਦਸਿਆ ਕਿ ਪਹਿਲਾਂ ਮਹੇਸ਼ਨਗਰ ਪੰਪ ਹਾਊਸ ਦੇ ਗੇਟ ਨਦੀ ਵਿੱਚ ਸਿਰਫ 2.5 ਫੁੱਟ ਪਾਣੀ ਆਉਣ 'ਤੇ ਬੰਦ ਹੋ ਜਾਂਦੇ ਸਨ, ਜਿਸ ਨਾਲ ਸ਼ਹਿਰ ਵਿੱਚ ਬਰਸਾਤ ਦਾ ਪਾਣੀ ਭਰ ਜਾਂਦਾ ਸੀ। ਇਸ ਵਾਰ ਖੁਦਾਈ ਕਾਰਨ ਇਹ ਗੇਟ 4.5 ਫੁੱਟ ਪਾਣੀ ਆਉਣ 'ਤੇ ਹੀ ਬੰਦ ਹੋਏ, ਜਿਸ ਨਾਲ ੋਕਾਂ ਨੂੰ ਭਾਰਤੀ ਰਾਹਤ ਮਿਲੀ।ਮੰਤਰੀ ਸ਼ਰੂਤੀ ਚੌਧਰੀ ਨੇ ਨਾਗਰਿਕਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਸਰਕਾਰ ਤੇ ਸਿੰਚਾਈ ਵਿਭਾਗ ਇਸੀ ਤਰ੍ਹਾ ਸਮੇਂ ਰਹਿੰਦੇ ਕਦਮ ਚੁੱਕ ਕੇ ਜਨਤਾ ਦੀ ਸੁਰੱਖਿਆ ਯਕੀਨੀ ਕਰਦਾ ਰਹੇਗਾ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਤਰ੍ਹਾ ਦੀ ਕੁਦਰਤੀ ਆਪਦਾ ਦੇ ਸਮੇਂ ਸਰਕਾਰ ਹਰ ਸਮੇਂ ਲੋਕਾਂ ਦੇ ਨਾਲ ਖੜੀ ਹੈ। ਆਮਜਨਤਾ ਨੂੰ ਕਿਸੇ ਤਰ੍ਹਾ ਦੀ ਚਿੰਤਾ ਕਰਨ ਦੀ ਜਰੂਰਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਜਲ੍ਹ ਭਰਾਵ ਵਾਲੇ ਖੇਤਰਾਂ ਵਿੱਚ ਵੀ ਵਿਭਾਗ ਦੇ ਅਧਿਕਾਰੀਆਂ ਨੂੰ ਪਾਣੀ ਨਿਕਾਸੀ ਲਈ ਹਰ ਜਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਖੁਦ ਜਲ੍ਹ ਭਰਾਵ ਵਾਲੇ ਖੇਤਰ ਦਾ ਦੌਰਾ ਕੀਤਾ ਹੈ। ਕਈ ਦਿਨਾਂ ਤੱਕ ਬਹੁਤ ਵੱਧ ਬਰਸਾਤ ਹੋਣ ਕਾਰਨ ਜਲ੍ਹਭਰਾਵ ਦੀ ਸਮਸਿਆ ਬਣੀ ਹੈ।



# JOIN INDIAN NAVY

Online applications are invited from **unmarried men & women candidates,** to join as **Short Service Commission Officer**

(Course commencing **June 2026** onwards at Indian Naval Academy, Ezhimala, Kerala)

| Branch/Cadre | Vacancies* | Gender |
|---|---|---|
| Executive Branch {GS (X)/Hydro Cadre} | 57 (including 05 Hydro) | Men and Women (maximum of 06 Vacancies in GS (X) and 02 Vacancy in Hydro, for women) |
| Pilot | 24 | Men and Women (maximum of 03 vacancies for women) |
| Naval Air Operations Officer (Observers) | 20 | Men and Women (maximum of 03 vacancies for women) |
| Air Traffic Controller(ATC) | 20 | Men and Women |
| Logistics | 10 | Men and Women (maximum of 01 vacancy for women) |
| Naval Armament Inspectorate Cadre (NAIC) | 20 | Men and Women |
| Law | 02 | Men and Women |
| Education | 15 | Men and Women |
| Engineering Branch {General Service (GS)} | 36 | Men and Women (maximum of 05 vacancies for women) |
| Electrical Branch {General Service (GS)} | 40 | Men and Women (maximum of 06 vacancies for women) |
| Naval Constructor | 16 | Men and Women |
| Total | 260 | |

* These vacancies are tentative and may be changed depending on availability of training slots.

APPLY ONLINE FROM 09 AUG TO 01 SEP 25

For eligibility criteria and specific details for the batch, visit www.joinindiannavy.gov.in and

EMPLOYMENT NEWS DATED 16 AUG 25

Scan this QR Code to apply online

CBC 10701/13/0011/2526

## ਸੰਪਾਦਕੀ

# ਧੋਖੇਬਾਜ਼ ਡਾਕਟਰ ਤੇ ਮਰੀਜ਼ਾਂ ਦੀ ਜਾਨ ਨਾਲ ਖਿਲਵਾੜ

ਅਸੀਂ ਅਕਸਰ ਝੋਲਾ ਛਾਪ ਡਾਕਟਰਾਂ ਵੱਲੋਂ ਕੀਤੇ ਜਾ ਰਹੇ ਕਾਰਨਾਮਿਆਂ ਬਾਰੇ ਪੜ੍ਹਦੇ ਸੁਣਦੇ ਰਹਿੰਦੇ ਹਾਂ। ਜਦੋਂ ਇਨ੍ਹਾਂ ਡਾਕਟਰਾਂ ਦੁਆਰਾ ਲੋਕਾਂ ਦੀ ਜਾਨ ਨਾਲ ਖਿਲਵਾੜ ਕੀਤਾ ਜਾਂਦਾ ਹੈ ਤਾਂ ਸਰਕਾਰ ਵੀ ਹਰਕਤ ਵਿੱਚ ਆ ਜਾਂਦੀ ਹੈ। ਪਰ ਜਦੋਂ ਸਮਾਂ ਲੰਘ ਜਾਂਦਾ ਹੈ ਤਾਂ ਗੱਲ ਉੱਥੇ ਹੀ ਆਈ ਗਈ ਹੋ ਜਾਂਦੀ ਹੈ ਅਤੇ ਇਹ ਡਾਕਟਰ ਪੂਰੀ ਠਾਠ ਨਾਲ ਆਪਣਾ ਕਾਰੋਬਾਰ ਆਰੰਭ ਦਿੰਦੇ ਹਨ। ਹੁਣ ਮੱਧ ਪ੍ਰਦੇਸ਼ ਦੇ ਦਮੋਂ ਜ਼ਿਲ੍ਹੇ ਦੇ ਹਸਪਤਾਲ ਤੋਂ ਖ਼ਬਰ ਆ ਰਹੀ ਹੈ, ਜਿੱਥੇ ਇਕ ਡਾਕਟਰ ਨੇ ਬਹੁਤ ਸਾਰੇ ਦਿਲ ਦੇ ਰੋਗੀਆਂ ਦੇ ਆਪ੍ਰੇਸ਼ਨ ਕਰ ਦਿੱਤੇ, ਜਿਨ੍ਹਾਂ ਵਿੱਚੋਂ 7 ਦੀ ਮੌਤ ਹੋ ਗਈ। ਜਦੋਂ ਇਹ ਖ਼ਬਰ ਸਾਹਮਣੇ ਆਈ ਤਾਂ ਕਈ ਹੋਰ ਥਾਵਾਂ ਤੋਂ ਅਜਿਹੇ ਡਾਕਟਰਾਂ ਦੇ ਕਿੱਸੇ ਸਾਹਮਣੇ ਆਉਣ ਲੱਗੇ। ਦੇਸ਼ ਵਿੱਚ ਕੁਵੈਕ ਡਾਕਟਰਾਂ ਬਾਰੇ ਅਕਸਰ ਚਿੰਤਾਵਾਂ ਉਠਾਈਆਂ ਜਾਂਦੀਆਂ ਰਹੀਆਂ ਹਨ। ਪਰ ਮੱਧ ਪ੍ਰਦੇਸ਼ ਦੇ ਦਮੋਹ ਜ਼ਿਲ੍ਹੇ ਦੇ ਇੱਕ ਹਸਪਤਾਲ ਵਿੱਚ ਵਾਪਰੀ ਘਟਨਾ ਇਹ ਦਰਸਾਉਂਦੀ ਹੈ ਕਿ ਇੱਕ ਧੋਖੇਬਾਜ਼ ਨਾ ਸਿਰਫ਼ ਆਮ ਲੋਕਾਂ ਨੂੰ ਬਲਕਿ ਪੂਰੇ ਮੈਡੀਕਲ ਸਿਸਟਮ ਨੂੰ ਕਿੰਨੀ ਅਸਾਨੀ ਨਾਲ ਠੱਗ ਸਕਦਾ ਹੈ। ਦਮੋਹ ਦੇ ਇੱਕ ਹਸਪਤਾਲ ਵਿੱਚ ਇੱਕ ਵਿਅਕਤੀ ਨੇ ਇੱਕ ਮਸ਼ਹੂਰ ਬ੍ਰਿਟਿਸ਼ ਡਾਕਟਰ ਦਾ ਨਾਮ ਲੈ ਕੇ ਧੋਖੇ ਨਾਲ ਕਈ ਦਿਲ ਦੇ ਮਰੀਜ਼ਾਂ ਦੇ ਅਸਾਨੀ ਨਾਲ ਆਪ੍ਰੇਸ਼ਨ ਕੀਤੇ। ਸੱਤ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਦੇ ਦਿਲ ਦਾ ਅਪਰੇਸ਼ਨ ਉਸ ਨੇ ਕੀਤਾ ਸੀ। ਇਸ ਤੋਂ ਬਾਅਦ ਹੀ ਇਹ ਮਾਮਲਾ ਕਿਸੇ ਤਰ੍ਹਾਂ ਸਾਹਮਣੇ ਆ ਸਕਦਾ ਸੀ। ਪਰ ਸਬੰਧਤ ਅਧਿਕਾਰੀਆਂ ਨੂੰ ਇਸ ਬਾਰੇ ਪਤਾ ਹੋਣ ਦੇ ਬਾਵਜੂਦ ਉਹ ਫਰਾਰ ਹੋ ਗਿਆ। ਦੋਸ਼ ਹੈ ਕਿ ਮੌਤ ਦੇ ਮਾਮਲੇ ਦੀ ਪੁਲਿਸ ਨੂੰ ਰਿਪੋਰਟ ਨਹੀਂ ਕੀਤੀ ਗਈ, ਲਾਸ਼ਾਂ ਦੀ ਜਾਂਚ ਨਹੀਂ ਕੀਤੀ ਗਈ ਅਤੇ ਮ੍ਰਿਤਕਾਂ ਦੇ ਵਾਰਸਾਂ ਤੋਂ ਮੋਟੀਆਂ ਰਕਮਾਂ ਵਸੂਲੀਆਂ ਗਈਆਂ। ਜੇਕਰ ਇਹ ਦੋਸ਼ ਸੱਚ ਹਨ ਤਾਂ ਇਸ ਧੋਖਾਧੜੀ ਵਿੱਚ ਹਸਪਤਾਲ ਪ੍ਰਬੰਧਕਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਵਾਲ ਇਹ ਹੈ ਕਿ ਜਾਅਲੀ ਪਛਾਣ ਅਤੇ ਡਿਗਰੀ ਵਾਲਾ ਵਿਅਕਤੀ ਹਸਪਤਾਲ ਵਿਚ ਦਿਲ ਦੇ ਮਰੀਜ਼ਾਂ ਦਾ ਇੰਨੇ ਲੰਬੇ ਸਮੇਂ ਤੱਕ ਅਪਰੇਸ਼ਨ ਕਿਵੇਂ ਕਰ ਸਕਦਾ ਹੈ? ਕੀ ਉਸ ਨੂੰ ਉੱਥੇ ਜ਼ਿੰਮੇਵਾਰੀ ਦੇਣ ਤੋਂ ਪਹਿਲਾਂ ਉਸ ਦੀ ਪ੍ਰਮਾਣਿਕਤਾ ਅਤੇ ਡਿਗਰੀਆਂ ਬਾਰੇ ਕੋਈ ਜਾਂਚ ਕੀਤੀ ਗਈ ਸੀ? ਉਸ ਨੂੰ ਹਸਪਤਾਲ ਵਿਚ ਇੰਨੀ ਅਹਿਮ ਭੂਮਿਕਾ ਕਿਵੇਂ ਦਿੱਤੀ ਗਈ ਕਿਉਂਕਿ ਉਹ ਬਰਤਾਨੀਆ ਦਾ ਮਸ਼ਹੂਰ ਡਾਕਟਰ ਸੀ? ਇਹ ਕਿਸੇ ਭੋਲੇ ਭਾਲੇ ਦੀ ਚਲਾਕੀ ਹੋ ਸਕਦੀ ਹੈ, ਪਰ ਸਵਾਲ ਇਹ ਹੈ ਕਿ ਸੂਬੇ ਦੇ ਸਿਹਤ ਵਿਭਾਗ ਅਤੇ ਹਸਪਤਾਲ ਵਿੱਚ ਡਾਕਟਰ ਦੀ ਨਿਯੁਕਤੀ ਲਈ ਜ਼ਿੰਮੇਵਾਰ ਸਿਸਟਮ ਨੇ ਕਿਸ ਪ੍ਰਕਿਰਿਆ ਤਹਿਤ ਉਸ ਨੂੰ ਅਜਿਹੀ ਸੰਵੇਦਨਸ਼ੀਲ ਭੂਮਿਕਾ ਸੌਂਪੀ ਹੈ। ਅਜਿਹੀਆਂ ਘਟਨਾਵਾਂ ਸ਼ਹਿਰਾਂ ਤੋਂ ਲੈ ਕੇ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਦੇਖਣ ਨੂੰ ਮਿਲੀਆਂ ਹਨ, ਜਿੱਥੇ ਲੋਕ ਸਥਾਨਕ ਪੱਧਰ 'ਤੇ ਅਜਿਹੇ ਡਾਕਟਰਾਂ ਤੋਂ ਇਲਾਜ ਕਰਵਾ ਰਹੇ ਹਨ, ਜਿਨ੍ਹਾਂ ਕੋਲ ਕੋਈ ਵੀ ਜਾਇਜ਼ ਮੈਡੀਕਲ ਡਿਗਰੀ ਨਹੀਂ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਲੰਬੇ ਸਮੇਂ ਤੋਂ ਯਤਨ ਕੀਤੇ ਜਾ ਰਹੇ ਹਨ।

-ਜਗਜੀਤ ਸਿੰਘ ਦਰਦੀ

# 2027 ਪੰਜਾਬ ਵਿਧਾਨ ਸਭਾ ਚੋਣਾਂ ਦੇ ਏਜੰਡੇ ਵਿਚ ਰੰਗਲੇ ਪੰਜਾਬ ਦਾ ਸੱਚ ਅਤੇ ਰਾਜਸੀ ਪਾਰਟੀਆਂ ਦੀ ਭੂਮਿਕਾ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਜਿਨ੍ਹਾਂ ਸਮੱਸਿਆਵਾਂ ਨਾਲ ਇਸ ਵੇਲੇ ਜੂਝ ਰਿਹਾ ਹੈ ਅਤੇ ਸਰਕਾਰ ਰੰਗਲੇ ਪੰਜਾਬ ਦੀ ਇੱਕ ਨਵੀਂ ਕਲਪਨਾ ਲੈ ਕੇ ਆਈ ਹੈ। ਉਸ 'ਤੇ ਕੀ ਕੁੱਝ ਹੋ ਰਿਹਾ ਹੈ ਤੇ ਪੰਜਾਬ ਦੇ ਲੋਕ ਕੀ ਸੋਚਦੇ ਹਨ ਅਤੇ 2027 ਦੀਆਂ ਚੋਣਾਂ ਵਿੱਚ ਇਸ ਰੰਗਲੇ ਪੰਜਾਬ ਦਾ ਸੱਚ ਕਿਹੋ ਜਿਹਾ ਹੋਵੇਗਾ। ਇਹ ਸਾਰੇ ਮੁੱਦੇ ਅੱਜ ਹੈਰਾਨੀਜਨਕ ਹਨ ਅਤੇ ਪੰਜਾਬ ਦੇ ਸਿਸਟਮ ਵਿੱਚ ਜਿਸ ਤਰ੍ਹਾਂ ਦੀਆਂ ਬੁਰਾਈਆਂ ਅਤੇ ਜਿਸ ਤਰ੍ਹਾਂ ਦਾ ਲਚਰਪੁਣਾ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਉਹ ਐਨੀ ਜਲਦੀ ਰੰਗਲਾ ਪੰਜਾਬ ਨਹੀਂ ਬਣਾ ਸਕਦਾ। ਉੱਘੇ ਪੱਤਰਕਾਰ ਸ਼ਿੰਗਾਰਾ ਸਿੰਘ ਢਿੱਲੋਂ ਦੀ ਪੁਸਤਕ ਰੰਗਲਾ ਪੰਜਾਬ ਕਿ ਕੰਗਲਾ ਪੰਜਾਬ ਵਿੱਚ ਇਸ ਦੇ ਬਾਰੇ ਪੂਰਨ ਤੱਥਾਂ ਨਾਲ ਵੇਰਵਾ ਦਿੱਤਾ ਗਿਆ ਹੈ ਕਿ ਅਸੀਂ ਇਸ ਸਥਿਤੀ ਵਿੱਚ ਹਾਂ ਪਰ ਪੂਰ ਇਥੇ ਅਸੀਂ ਦੇਖ ਸਕਦੇ ਹਾਂ ਕਿ ਰੰਗਲੇ ਪੰਜਾਬ ਅਤੇ 2027 ਦੀਆਂ ਚੋਣਾਂ ਵਿੱਚ ਪੰਜਾਬ ਦੀ ਸਥਿਤੀ ਕਿਹੋ ਜਿਹੀ ਹੋਵੇਗੀ।2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਪੰਜਾਬ ਦੇ ਸਿਆਸੀ, ਸਮਾਜਿਕ ਅਤੇ ਆਰਥਿਕ ਭਵਿੱਖ ਨੂੰ ਮੁੜ ਪਰਿਭਾਸ਼ਿਤ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਹੋਣਗੀਆਂ। ਰੰਗਲੇ ਪੰਜਾਬ ਦੀ ਪਰਿਕਲਪਨਾ, ਜੋ ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਆਰਥਿਕ ਸੁਖਾਲਤਾ ਅਤੇ ਸਮਾਜਿਕ ਨਿਆਂ ਨੂੰ ਸੰਜੋਣ ਦੀ ਗੱਲ ਕਰਦੀ ਹੈ, ਨੂੰ ਸਾਕਾਰ ਕਰਨ ਲਈ ਰਾਜਸੀ ਪਾਰਟੀਆਂ ਨੂੰ ਲੋਕਾਂ ਦੀਆਂ ਉਮੀਦਾਂ ਅਤੇ ਸਮੱਸਿਆਵਾਂ ਨੂੰ ਸੰਬੋਧਨ ਕਰਨਾ ਹੋਵੇਗਾ। ਅੱਜ ਅਸੀਂ ਪੰਜਾਬ ਦੇ ਮੁੱਖ ਮੁੱਦਿਆਂ, ਰਾਜਸੀ ਪਾਰਟੀਆਂ ਦੀ ਭੂਮਿਕਾ, ਆਮ ਆਦਮੀ ਪਾਰਟੀ (ਆਪ) ਦੀ ਰਣਨੀਤੀ ਅਤੇ ਪੰਜਾਬ ਦੇ ਲੋਕਾਂ ਨੂੰ ਜਗਾਉਣ ਦੇ ਸੰਭਾਵੀ ਯਤਨਾਂ ਦੀ ਚਰਚਾ ਵਿੱਚ ਵੇਖਦੇ ਹਾਂ ਕਿ, ਨਸ਼ਿਆਂ, ਬੇਰੁਜ਼ਗਾਰੀ, ਪਰਵਾਸ, ਭ੍ਰਿਸ਼ਟਾਚਾਰ ਅਤੇ ਵੱਧਦੇ ਕਰਜ਼ੇ ਵਰਗੇ ਮੁੱਦਿਆਂ ਨੂੰ ਸ਼ਾਮਲ ਕਰਦੇ ਹੋਏ ਇੱਕ ਨਵੇਂ ਏਜੰਡੇ ਦੀ ਰੂਪ-ਰੇਖਾ ਪੇਸ਼ ਕੀਤੀ ਗਈ ਹੈ।ਪੰਜਾਬ ਦੇ ਏਜੰਡੇ ਦੇ ਮੁੱਖ ਮੁੱਦਿਆਂ ਵਿੱਚ ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਈ ਅਜਿਹੇ ਮੁੱਦੇ ਹੋਣਗੇ ਜੋ ਚੋਣ ਮੁਹਿੰਮ ਦਾ ਕੇਂਦਰ ਹੋਣਗੇ। ਇਹ ਮੁੱਦੇ ਪੰਜਾਬ ਦੀ ਜਨਤਾ ਦੀਆਂ ਰੋਜ਼ਮਰ੍ਹਾ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੀਆਂ ਉਮੀਦਾਂ ਨੂੰ ਦਰਸਾਉਂਦੇ ਹਨ। 'ਅੱਜ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੇ ਸਮਾਜ ਦੀ ਨੀਂਹ ਨੂੰ ਹਿਲਾ ਕੇ ਰੱਖ ਦਿੱਤਾ ਹੈ। ਨੌਜਵਾਨ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੀ ਹੈ, ਜਿਸ ਨੇ ਪਰਿਵਾਰਾਂ ਅਤੇ ਸਮਾਜ ਨੂੰ ਤਬਾਹ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਪ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਹੈ, ਪਰ ਇਸ ਦੇ ਨਤੀਜਿਆਂ ਨੂੰ ਲੈ ਕੇ ਲੋਕਾਂ ਵਿੱਚ ਅਜੇ ਵੀ ਸਵਾਲ ਹਨ।ਬੇਰੁਜ਼ਗਾਰੀ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆਵਾਂ ਵਿੱਚੋਂ ਇੱਕ ਹੈ। ਨੌਜਵਾਨਾਂ ਦੀ ਵੱਡੀ ਗਿਣਤੀ ਵਿਦੇਸ਼ਾਂ ਵੱਲ ਪਰਵਾਸ ਕਰ ਰਹੀ ਹੈ, ਕਿਉਂਕਿ ਸੂਬੇ ਵਿੱਚ ਰੁਜ਼ਗਾਰ ਦੇ ਮੌਕੇ ਸੀਮਤ ਹਨ। ਰੰਗਲੇ ਪੰਜਾਬ ਦੇ ਮਿਸ਼ਨ ਰੁਜ਼ਗਾਰ ਤਹਿਤ ਆਪ ਸਰਕਾਰ ਨੇ ਨੌਕਰੀਆਂ ਦੇਣ ਦੇ ਦਾਅਵੇ ਕੀਤੇ ਹਨ, ਪਰ ਵਿਰੋਧੀ ਪਾਰਟੀਆਂ ਇਸ ਨੂੰ ਨਾਕਾਫ਼ੀ ਮੰਨਦੀਆਂ ਹਨ।ਹੁਣ ਪਰਵਾਸ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਵਿਦੇਸ਼ਾਂ ਵੱਲ ਵਹੀਰਾਂ ਵਿਖਾਉਣਾ ਹੈ ਅਤੇ ਪਰਵਾਸ ਸੂਬੇ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਲਈ ਇੱਕ ਵੱਡੀ ਚੁਣੌਤੀ ਹੈ। ਇਸ ਦੇ ਪਿੱਛੇ ਬੇਰੁਜ਼ਗਾਰੀ, ਸਿੱਖਿਆ ਦੀ ਘਟੀਆ ਕੁਆਲਿਟੀ ਅਤੇ ਬਿਹਤਰ ਜੀਵਨ ਦੀ ਖੋਜ ਮੁੱਖ ਕਾਰਨ ਹਨ। ਇਸ ਨੂੰ ਰੋਕਣ ਲਈ ਰਾਜਸੀ ਪਾਰਟੀਆਂ ਨੂੰ ਮਜ਼ਬੂਤ ਨੀਤੀਆਂ ਲਿਆਉਣ ਦੀ ਲੋੜ ਹੈ। ਉਧਰ ਭ੍ਰਿਸ਼ਟਾਚਾਰ ਵੀ ਸਰਕਾਰੀ ਮਸ਼ੀਨਰੀ ਵਿੱਚ ਭ੍ਰਿਸ਼ਟਾਚਾਰ ਪੰਜਾਬ ਦੀ ਪ੍ਰਗਤੀ ਵਿੱਚ ਵੱਡੀ ਰੁਕਾਵਟ ਹੈ। ਪਿਛਲੀਆਂ ਸਰਕਾਰਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਰਹੇ ਹਨ ਅਤੇ ਆਪ ਸਰਕਾਰ ਨੇ ਵੀ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਹੈ। ਪੰਜਾਬ ਦਾ ਵਧਦਾ ਕਰਜ਼ਾ ਸੂਬੇ ਦੀ ਆਰਥਿਕ ਸਥਿਤੀ ਨੂੰ ਹੋਰ ਕਮਜ਼ੋਰ ਕਰ ਰਿਹਾ ਹੈ। ਸਰਕਾਰ ਨੂੰ ਵਿੱਤੀ ਸੁਧਾਰਾਂ ਅਤੇ ਨਵੇਂ ਆਮਦਨੀ ਸਰੋਤਾਂ ਦੀ ਖੋਜ ਕਰਨ ਦੀ ਲੋੜ ਹੈ, ਪਰ ਇਸ ਦੇ ਨਾਲ-ਨਾਲ ਲੋਕਾਂ 'ਤੇ ਟੈਕਸ ਦਾ ਬੋਝ ਵੀ ਨਹੀਂ ਵਧਣਾ ਚਾਹੀਦਾ। ਅੱਜ ਭਾਸ਼ਾ ਅਤੇ ਸੱਭਿਆਚਾਰ ਵੀ ਮੁੱਦਾ ਹੈ ਅਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸੰਭਾਲਣਾ ਵੀ ਇੱਕ ਵੱਡਾ ਕੰਮ ਹੈ। ਸਿੱਖਿਆ ਸੰਸਥਾਵਾਂ ਵਿੱਚ ਪੰਜਾਬੀ ਭਾਸ਼ਾ ਨੂੰ ਪ੍ਰਮੁੱਖਤਾ ਦੇਣ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਕਰਨ ਦੀ ਜ਼ਰੂਰਤ ਹੈ।

ਪੰਜਾਬ ਦੀਆਂ ਰਾਜਸੀ ਪਾਰਟੀਆਂ ਦੀ ਭੂਮਿਕਾ ਵਿਚ 2027 ਦੀਆਂ ਚੋਣਾਂ ਵਿੱਚ ਕਈ ਰਾਜਸੀ ਪਾਰਟੀਆਂ ਮੁੱਖ ਤੌਰ 'ਤੇ ਮੈਦਾਨ ਵਿੱਚ ਹੋਣਗੀਆਂ, ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ (ਆਪ), ਕਾਂਗਰਸ, ਭਾਰਤੀ ਜਨਤਾ ਪਾਰਟੀ (ਭਾਜਪਾ), ਸ਼੍ਰੋਮਣੀ ਅਕਾਲੀ ਦਲ ਅਤੇ ਸ਼ਿਵ ਸੈਨਾ (ਸ਼ਿੰਦੇ) ਸ਼ਾਮਲ ਹਨ। ਹਰ ਪਾਰਟੀ ਦੀ ਰਣਨੀਤੀ ਵੱਖਰੀ ਹੋਵੇਗੀ, ਪਰ ਉਨ੍ਹਾਂ ਦਾ ਮੁੱਖ ਉਦੇਸ਼ ਰੰਗਲੇ ਪੰਜਾਬ ਦੀ ਪਰਿਕਲਪਨਾ ਨੂੰ ਆਪਣੇ ਏਜੰਡੇ ਨਾਲ ਜੋੜਨਾ ਹੋਵੇਗਾ। ਪੰਜਾਬ ਕਾਂਗਰਸ, ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਿੱਚ 2027 ਦੀਆਂ ਚੋਣਾਂ ਲਈ 60-70 ਨਵੇਂ ਚਿਹਰਿਆਂ ਨੂੰ ਮੈਦਾਨ ਵਿੱਚ ਉਤਾਰਨ ਦੀ ਤਿਆਰੀ ਕਰ ਰਹੀ ਹੈ ਅਤੇ ਪਾਰਟੀ ਇਸ ਨੂੰ 2027 ਦੀਆਂ ਚੋਣਾਂ ਲਈ ਟਰਨਿੰਗ ਪੁਆਇੰਟ ਵਜੋਂ ਵੇਖ ਰਹੀ ਹੈ। ਕਾਂਗਰਸ ਆਪਣੀ ਰਣਨੀਤੀ ਵਿੱਚ ਨੌਜਵਾਨਾਂ ਅਤੇ ਸਮਾਜਿਕ ਨਿਆਂ ਨੂੰ ਪਹਿਲ ਦੇਵੇਗੀ। ਉਧਰ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵੀ 2027 ਦੀਆਂ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀ ਨੇ ਸੰਗਠਨਾਤਮਕ ਪੱਧਰ 'ਤੇ ਵਿਸਥਾਰ ਕੀਤਾ ਹੈ ਅਤੇ ਇਕੱਲੇ ਮੈਦਾਨ ਵਿੱਚ ਉਤਰਨ ਦਾ ਐਲਾਨ ਕੀਤਾ ਹੈ। ਭਾਜਪਾ ਦੀ ਰਣਨੀਤੀ ਵਿੱਚ ਸੂਬੇ ਦੀਆਂ ਸਮੱਸਿਆਵਾਂ ਨੂੰ ਕੇਂਦਰ ਸਰਕਾਰ ਦੀਆਂ ਨੀਤੀਆਂ ਨਾਲ ਜੋੜਨਾ ਸ਼ਾਮਲ ਹੋ ਸਕਦਾ ਹੈ।ਸ਼੍ਰੋਮਣੀ ਅਕਾਲੀ ਦਲ: ਅਕਾਲੀ ਦਲ, ਜੋ ਪੰਜਾਬ ਦੀ ਸਿਆਸਤ ਵਿੱਚ ਇੱਕ ਪੁਰਾਣੀ ਪਾਰਟੀ ਹੈ, ਨੂੰ ਵੀ ਮੁੜ ਆਪਣੀ ਜਗ੍ਹਾ ਬਣਾਉਣ ਦੀ ਚੁਣੌਤੀ ਹੈ। ਪਾਰਟੀ ਨੂੰ ਨੌਜਵਾਨ ਵੋਟਰਾਂ ਨੂੰ ਆਕਰਸ਼ਿਤ ਕਰਨ ਅਤੇ ਪੰਜਾਬੀ ਸੱਭਿਆਚਾਰਕ ਮੁੱਦਿਆਂ ਨੂੰ ਪ੍ਰਮੁੱਖਤਾ ਦੇਣ ਦੀ ਲੋੜ ਹੈ। ਪੰਜਾਬ ਦੀਆਂ ਹਿੰਦੂ ਪਾਰਟੀਆਂ ਨੇ ਪੰਜਾਬ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਪਾਰਟੀ ਦੀ ਹਿੰਦੂ ਵਿਚਾਰਧਾਰਾ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਦੀ ਮੁਹਿੰਮ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਲਿਆ ਸਕਦੀ ਹੈ। ਵਾਰਸ ਪੰਜਾਬ ਦੇ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਕੇ ਵਾਰਸ ਪੰਜਾਬ ਦੇ ਪਾਰਟੀ ਨੇ ਸਿੱਖ ਵਿਚਾਰਧਾਰਾ ਅਤੇ ਪੰਜਾਬੀ ਅਸਮਿਤਾ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ।ਆਪ ਪਾਰਟੀ ਦੇ ਦੁਬਾਰਾ ਆਉਣ ਦੇ ਯਤਨ:


ਆਮ ਆਦਮੀ ਪਾਰਟੀ (ਆਪ) 2022 ਦੀਆਂ ਚੋਣਾਂ ਵਿੱਚ ਵੱਡੀ ਜਿੱਤ ਤੋਂ ਬਾਅਦ 2027 ਵਿੱਚ ਸਰਕਾਰ ਨੂੰ ਬਰਕਰਾਰ ਰੱਖਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਪ ਨੇ ਸਿੱਖਿਆ, ਸਿਹਤ ਅਤੇ ਉਦਯੋਗਿਕ ਵਿਕਾਸ ਵਰਗੇ ਖੇਤਰਾਂ ਵਿੱਚ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਜ਼ਿਮਨੀ ਚੋਣਾਂ ਵਿੱਚ ਆਪ ਦੀ ਜਿੱਤ ਨੇ ਪਾਰਟੀ ਦਾ ਮਨੋਬਲ ਵਧਾਇਆ ਹੈ।

ਹੁਣ ਆਪ ਦੀ ਰਣਨੀਤੀ ਵਿੱਚ ਸ਼ਾਮਲ ਹੈ, ਸਿੱਖਿਆ ਅਤੇ ਸਿਹਤ, ਸਰਕਾਰੀ ਸਕੂਲਾਂ ਦੀ ਸੁਧਾਰੀ ਸਥਿਤੀ ਅਤੇ ਸਿਹਤ ਸਹੂਲਤਾਂ ਨੂੰ ਮੁੱਖ ਏਜੰਡੇ ਵਜੋਂ ਪੇਸ਼ ਕਰਨਾ। ਉਦਯੋਗਿਕ ਵਿਕਾਸ ਲਈ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਦੇ ਹੱਲ ਅਤੇ ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਨਸ਼ਿਆਂ ਦੇ ਵਪਾਰ ਨੂੰ ਰੋਕਣ ਲਈ ਸਖ਼ਤ ਕਦਮ ਅਤੇ ਜਾਗਰੂਕਤਾ ਮੁਹਿੰਮਾਂ ਹਨ। ਹਾਲਾਂਕਿ, ਆਪ ਨੂੰ ਵਿਰੋਧੀਆਂ ਦੀਆਂ ਚੁਣੌਤੀਆਂ, ਖਾਸ ਕਰਕੇ ਕਾਂਗਰਸ ਅਤੇ ਭਾਜਪਾ ਵੱਲੋਂ, ਦਾ ਸਾਹਮਣਾ ਕਰਨਾ ਪਵੇਗਾ। ਵਿਰੋਧੀ ਪਾਰਟੀਆਂ ਆਪ ਦੀਆਂ ਕਮੀਆਂ, ਜਿਵੇਂ ਕਿ ਵਾਅਦਿਆਂ ਨੂੰ ਪੂਰਾ ਨਾ ਕਰਨ ਦੇ ਦੋਸ਼, ਨੂੰ ਉਭਾਰ ਸਕਦੀਆਂ ਹਨ।

**ਅੱਜ ਸੁੱਤੇ ਹੋਏ ਪੰਜਾਬ ਦੇ ਲੋਕਾਂ ਨੂੰ ਜਗਾਉਣ ਦੀ ਚੁਣੌਤੀ**: ਪੰਜਾਬ ਦੇ ਲੋਕਾਂ ਵਿੱਚ ਸਿਆਸੀ ਅਤੇ ਸਮਾਜਿਕ ਜਾਗਰੂਕਤਾ ਪੈਦਾ ਕਰਨਾ 2027 ਦੀਆਂ ਚੋਣਾਂ ਦਾ ਇੱਕ ਮਹੱਤਵਪੂਰਨ ਪਹਿਲੂ ਹੋਵੇਗਾ। ਪਿਛਲੀਆਂ ਸਰਕਾਰਾਂ ਦੇ ਨਕਾਰਾਤਮਕ ਤਜਰਬਿਆਂ ਨੇ ਲੋਕਾਂ ਵਿੱਚ ਸਿਆਸੀ ਪਾਰਟੀਆਂ ਪ੍ਰਤੀ ਨਿਰਾਸ਼ਾ ਪੈਦਾ ਕੀਤੀ ਹੈ। ਅਜਿਹੇ ਵਿੱਚ, ਕੋਈ ਵੀ ਪਾਰਟੀ ਜੋ ਲੋਕਾਂ ਦੇ ਦਿਲਾਂ ਨੂੰ ਛੂਹ ਸਕੇ ਅਤੇ ਉਨ੍ਹਾਂ ਦੀਆਂ ਅਸਲ ਸਮੱਸਿਆਵਾਂ ਨੂੰ ਸੰਬੋਧਨ ਕਰੇ, ਸਫਲਤਾ ਹਾਸਲ ਕਰ ਸਕਦੀ ਹੈ।ਪੰਜਾਬ ਵਿੱਚ ਕਾਂਗਰਸ ਨੌਜਵਾਨਾਂ ਅਤੇ ਮਜ਼ਦੂਰ ਵਰਗ ਨੂੰ ਜਗਾਉਣ ਲਈ ਨਵੀਂ ਲੀਡਰਸ਼ਿਪ ਅਤੇ ਨਵੇਂ ਚਿਹਰਿਆਂ 'ਤੇ ਨਿਰਭਰ ਕਰ ਰਹੀ ਹੈ ਅਤੇ ਵਾਰਿਸ ਪੰਜਾਬ ਦੇ ਵਰਗੀਆਂ ਨਵੀਆਂ ਪਾਰਟੀਆਂ ਸਿੱਖ ਅਸਮਿਤਾ ਅਤੇ ਸਮਾਜਿਕ ਨਿਆਂ ਦੇ ਮੁੱਦਿਆਂ ਨੂੰ ਉਭਾਰ ਕੇ ਨੌਜਵਾਨ ਵੋਟਰਾਂ ਨੂੰ ਆਕਰਸ਼ਿਤ ਕਰ ਸਕਦੀਆਂ ਹਨ। ਭ੍ਰਿਸ਼ਟਾਚਾਰ ਦੂਰ ਕਰਨ ਲਈ ਸਰਕਾਰੀ ਮਸ਼ੀਨਰੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਡਿਜੀਟਲ ਸੁਧਾਰ ਅਤੇ ਸਖ਼ਤ ਵਿਜੀਲੈਂਸ ਵਿਵਸਥਾ ਦੀ ਜ਼ਰੂਰਤ ਹੈ। ਵੱਧਦਾ ਕਰਜ਼ਾ ਅਤੇ ਵਿੱਤੀ ਸੁਧਾਰਾਂ ਨਾਲ ਪੰਜਾਬ ਦਾ ਵਧਦਾ ਕਰਜ਼ਾ ਜੋ ਸੂਬੇ ਦੀ ਆਰਥਿਕ ਸਥਿਤੀ ਲਈ ਸਭ ਤੋਂ ਵੱਡੀ ਚੁਣੌਤੀ ਹੈ। ਸਰਕਾਰ ਨੂੰ ਨਵੇਂ ਆਮਦਨੀ ਸਰੋਤ ਖੋਜਣ, ਗੈਰ-ਜ਼ਰੂਰੀ ਖਰਚਿਆਂ ਨੂੰ ਘਟਾਉਣ ਅਤੇ ਵਿੱਤੀ ਅਨੁਸ਼ਾਸਨ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਨਾਲ ਹੀ, ਲੋਕਾਂ 'ਤੇ ਟੈਕਸ ਦਾ ਬੋਝ ਵਧਾਏ ਬਿਨਾਂ ਆਰਥਿਕ ਸੁਧਾਰ ਕਰਨ ਦੀ ਚੁਣੌਤੀ ਵੀ ਹੈ। ਹੁਣ ਰੰਗਲੇ ਪੰਜਾਬ ਦਾ ਨਵਾਂ ਏਜੰਡਾ ਅਤੇ 2027 ਦੀਆਂ ਚੋਣਾਂ ਵਿੱਚ ਰੰਗਲੇ ਪੰਜਾਬ ਦੀ ਪਰਿਕਲਪਨਾ ਨੂੰ ਸਾਕਾਰ ਕਰਨ ਲਈ ਰਾਜਸੀ ਪਾਰਟੀਆਂ ਨੂੰ ਇੱਕ ਅਜਿਹਾ ਏਜੰਡਾ ਪੇਸ਼ ਕਰਨਾ ਹੋਵੇਗਾ ਜੋ ਸਮਾਜ ਦੇ ਹਰ ਵਰਗ ਨੂੰ ਸੰਬੋਧਤ ਕਰੇ। ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਸਿੱਖਿਆ ਅਤੇ ਸਕਿੱਲ ਡਿਵੈਲਪਮੈਂਟ ਜੋ ਸਰਕਾਰੀ ਸਕੂਲਾਂ ਅਤੇ ਕਾਲਜਾਂ ਦੀ ਕੁਆਲਿਟੀ ਸੁਧਾਰਨ ਅਤੇ ਨੌਜਵਾਨਾਂ ਨੂੰ ਰੋਜ਼ਗਾਰ-ਅਧਾਰਤ ਸਕਿੱਲ ਸਿਖਾਉਣ ਦੀਆਂ ਸਹੂਲਤਾਂ ਦੇਣ ਉਦਯੋਗਿਕ ਵਿਕਾਸ ਲਈ ਨਵੀਆਂ ਇੰਡਸਟਰੀਜ਼ ਅਤੇ ਸਟਾਰਟਅਪਸ ਨੂੰ ਪ੍ਰੋਤਸਾਹਨ ਦੇਣ ਲਈ ਸਰਕਾਰੀ ਨੀਤੀਆਂ ਅਤੇ ਸੱਭਿਆਚਾਰਕ ਸੰਭਾਲ ਲਈ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਸਮਰਥਨ ਵਿਚ ਇਕ ਪਾਰਦਰਸ਼ੀ ਸਰਕਾਰ ਹੋਏ ਅਤੇ ਭ੍ਰਿਸ਼ਟਾਚਾਰ-ਮੁਕਤ ਪ੍ਰਸ਼ਾਸਨ ਅਤੇ ਜਨਤਕ ਸਹੂਲਤਾਂ ਦੀ ਸੁਚਾਰੂ ਵੰਡ ਹੋਵੇ।

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਰੰਗਲੇ ਪੰਜਾਬ ਦੀ ਪਰੀਕਲਪਨਾ ਨੂੰ ਸਾਕਾਰ ਕਰਨ ਦਾ ਇੱਕ ਮੌਕਾ ਹਨ। ਰਾਜਸੀ ਪਾਰਟੀਆਂ ਨੂੰ ਨਸ਼ਿਆਂ, ਬੇਰੁਜ਼ਗਾਰੀ, ਪਰਵਾਸ, ਭ੍ਰਿਸ਼ਟਾਚਾਰ ਅਤੇ ਵੱਧਦੇ ਕਰਜ਼ੇ ਵਰਗੇ ਮੁੱਦਿਆਂ ਨੂੰ ਸੰਬੋਧਨ ਕਰਦੇ ਹੋਏ ਇੱਕ ਅਜਿਹੀ ਰਣਨੀਤੀ ਤਿਆਰ ਕਰਨੀ ਹੋਵੇਗੀ ਜੋ ਪੰਜਾਬ ਦੇ ਲੋਕਾਂ ਦੇ ਦਿਲਾਂ ਨੂੰ ਛੂਹ ਸਕੇ। ਆਪ ਸਰਕਾਰ ਨੂੰ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਦੀ ਚੁਣੌਤੀ ਹੈ, ਜਦਕਿ ਕਾਂਗਰਸ, ਭਾਜਪਾ ਅਤੇ ਹੋਰ ਪਾਰਟੀਆਂ ਨੂੰ ਨਵੀਆਂ ਅਤੇ ਠੋਸ ਨੀਤੀਆਂ ਪੇਸ਼ ਕਰਨੀਆਂ ਹੋਣਗੀਆਂ। ਅੰਤ ਵਿੱਚ, ਜੋ ਪਾਰਟੀ ਪੰਜਾਬ ਦੇ ਲੋਕਾਂ ਦੀਆਂ ਅਕਾਂਖਿਆਵਾਂ ਨੂੰ ਸਮਝੇਗੀ ਅਤੇ ਉਨ੍ਹਾਂ ਨੂੰ ਜਗਾਏਗੀ, ਉਹੀ ਰੰਗਲੇ ਪੰਜਾਬ ਦੀ ਸਫਲਤਾ ਦੀ ਨੀਂਹ ਰੱਖ ਸਕੇਗੀ।

# ਰੂਸ-ਅਮਰੀਕਾ-ਚੀਨ ਅਤੇ ਭਾਰਤ ਦੀ ਤੇਲ-ਗੈਸ ਰਣਨੀਤੀ: ਬਦਲਦਾ ਵਿਸ਼ਵ ਊਰਜਾ ਸੰਤੁਲਨ



ਵਿੰਕਲਜੀਤ ਸਿੰਘ ਸਰਾ
9501477889

ਵਿਸ਼ਵ ਊਰਜਾ ਦਾ ਨਕਸ਼ਾ ਇੱਕ ਵੱਡੇ ਬਦਲਾਅ ਦੇ ਦੌਰ ਵਿੱਚੋਂ ਲੰਘ ਰਿਹਾ ਹੈ, ਜਿਸਦੇ ਕੇਂਦਰ ਵਿੱਚ ਰੂਸ, ਅਮਰੀਕਾ, ਚੀਨ ਅਤੇ ਭਾਰਤ ਵਰਗੇ ਵੱਡੇ ਖਿਡਾਰੀ ਹਨ। ਇੱਕ ਪਾਸੇ ਜਿੱਥੇ ਅਮਰੀਕਾ ਆਪਣੀ ਅਮਰੀਕਾ ਫਸਟ ਨੀਤੀ ਤਹਿਤ ਚੀਨ 'ਤੇ ਨਿਰਭਰਤਾ ਘਟਾਉਣ ਅਤੇ ਰੂਸ 'ਤੇ ਆਰਥਿਕ ਦਬਾਅ ਵਧਾਉਣ ਲਈ ਕਦਮ ਚੁੱਕ ਰਿਹਾ ਹੈ, ਉੱਥੇ ਹੀ ਭਾਰਤ ਆਪਣੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਸੂਝਵਾਨ ਅਤੇ ਬਹੁ-ਪੱਖੀ ਰਣਨੀਤੀ 'ਤੇ ਚੱਲ ਰਿਹਾ ਹੈ। ਇਹ ਲੇਖ ਇਸ ਗੁੰਝਲਦਾਰ ਸਮੀਕਰਨ ਦੇ ਵੱਖ-ਵੱਖ ਪਹਿਲੂਆਂ, ਖਾਸ ਕਰਕੇ ਭਾਰਤ ਦੇ ਊਰਜਾ ਭਵਿੱਖ ਤੇ ਇਸਦੇ ਪ੍ਰਭਾਵਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰੇਗਾ।

**ਅਮਰੀਕਾ ਦੀ ਨਵੀਂ ਤੇਲ-ਚੀਨ ਨੀਤੀ ਅਤੇ ਟਰੰਪ ਦਾ ਐਲਾਨ** : ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਨਵੀਂ ਨੀਤੀ ਵਿੱਚ ਸਪੱਸ਼ਟ ਕੀਤਾ ਹੈ ਕਿ ਉਹ ਚੀਨ ਅਤੇ ਰੂਸ ਨਾਲ ਜੁੜੇ ਵਪਾਰਕ ਹਿੱਤਾਂ ਨੂੰ ਨਿਸ਼ਾਨਾ ਬਣਾਉਣਗੇ। ਇਸ ਨੀਤੀ ਦਾ ਮੁੱਖ ਉਦੇਸ਼ ਅਮਰੀਕਾ ਦੀ ਊਰਜਾ ਅਤੇ ਸਪਲਾਈ ਚੇਨ ਨੂੰ ਚੀਨ ਦੀ ਨਿਰਭਰਤਾ ਤੋਂ ਮੁਕਤ ਕਰਵਾਉਣਾ ਹੈ। ਇਸ ਲਈ ਚੀਨ ਤੋਂ ਆਉਣ ਵਾਲੇ ਸਮਾਨ 'ਤੇ ਭਾਰੀ ਟੈਕਸ ਲਗਾਉਣ ਦੀ ਯੋਜਨਾ ਹੈ, ਤਾਂ ਜੋ ਅਮਰੀਕੀ ਕੰਪਨੀਆਂ ਉਤਪਾਦਨ ਲਈ ਹੋਰ ਦੇਸ਼ਾਂ ਵੱਲ ਵੇਖਣ।

ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਸ ਬਦਲਾਅ ਦਾ ਸਭ ਤੋਂ ਵੱਡਾ ਲਾਭ ਭਾਰਤ ਨੂੰ ਮਿਲ ਸਕਦਾ ਹੈ। ਜੇਕਰ ਭਾਰਤ ਆਪਣੀ ਉਤਪਾਦਨ ਸਮਰੱਥਾ, ਬੁਨਿਆਦੀ ਢਾਂਚੇ ਅਤੇ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ ਤਾਂ ਉਹ ਵਿਸ਼ਵ ਸਪਲਾਈ ਚੇਨ ਵਿੱਚ ਚੀਨ ਦਾ ਇੱਕ ਮਜ਼ਬੂਤ ਬਦਲ ਬਣ ਕੇ ਉੱਭਰ ਸਕਦਾ ਹੈ। ਇਸ ਨਾਲ ਨਾ ਸਿਰਫ਼ ਭਾਰਤ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ, ਸਗੋਂ ਉਸਨੂੰ ਇੱਕ ਗਲੋਬਲ ਮੈਨੂਫੈਕਚਰਿੰਗ ਹੱਬ ਵਜੋਂ ਸਥਾਪਤ ਹੋਣ ਦਾ ਮੌਕਾ ਵੀ ਮਿਲੇਗਾ।

**ਭਾਰਤ-ਰੂਸ ਤੇਲ ਵਪਾਰ**: ਮਜ਼ਬੂਤ ਪਰ ਦਬਾਅ ਹੇਠ : ਭਾਰਤ ਅਤੇ ਰੂਸ ਵਿਚਾਲੇ ਊਰਜਾ ਸਾਂਝੇਦਾਰੀ, ਖਾਸ ਕਰਕੇ ਤੇਲ ਵਪਾਰ, ਇਤਿਹਾਸਕ ਤੌਰ 'ਤੇ ਮਜ਼ਬੂਤ ਰਿਹਾ ਹੈ, ਪਰ ਮੌਜੂਦਾ ਭੂ-ਰਾਜਨੀਤਿਕ ਹਾਲਾਤ ਇਸ 'ਤੇ ਦਬਾਅ ਬਣਾ ਰਹੇ ਹਨ।

**ਇਤਿਹਾਸਕ ਸਮਝੌਤਾ**: ਦਸੰਬਰ 2024 ਵਿੱਚ, ਰੂਸ ਦੀ ਸਭ ਤੋਂ ਵੱਡੀ ਤੇਲ ਕੰਪਨੀ ਰੋਸਨੇਫਟ (Rosneft) ਨੇ ਭਾਰਤ ਦੀ ਰਿਲਾਇੰਸ ਇੰਡਸਟਰੀਜ਼ ਨਾਲ 10 ਸਾਲਾਂ ਲਈ ਇੱਕ ਮਹੱਤਵਪੂਰਨ ਤੇਲ ਸਪਲਾਈ ਸਮਝੌਤਾ ਕੀਤਾ। ਇਸ ਸਮਝੌਤੇ ਤਹਿਤ ਰੂਸ ਰਿਲਾਇੰਸ ਨੂੰ ਹਰ ਰੋਜ਼ 5 ਲੱਖ ਬੈਰਲ ਕੱਚਾ ਤੇਲ ਮੁਹੱਈਆ ਕਰਵਾਏਗਾ, ਜਿਸਦੀ ਸਾਲਾਨਾ ਕੀਮਤ ਲਗਭਗ 13 ਅਰਬ ਡਾਲਰ ਬਣਦੀ ਹੈ। ਇਹ ਸਮਝੌਤਾ ਦੋਵਾਂ ਦੇਸ਼ਾਂ ਵਿਚਾਲੇ ਲੰਬੇ ਸਮੇਂ ਦੀ ਊਰਜਾ ਸਾਂਝੇਦਾਰੀ ਦਾ ਪ੍ਰਤੀਕ ਹੈ।

**ਮੌਜੂਦਾ ਸਥਿਤੀ**: ਸਾਲ 2025 ਦੇ ਪਹਿਲੇ ਅੱਧ ਵਿੱਚ, ਰੂਸ ਭਾਰਤ ਦਾ ਸਭ ਤੋਂ ਵੱਡਾ ਤੇਲ ਸਪਲਾਇਰ ਬਣ ਕੇ ਉੱਭਰਿਆ। ਭਾਰਤ ਦੇ ਕੁੱਲ ਤੇਲ ਆਯਾਤ ਵਿੱਚ ਰੂਸ ਦਾ ਹਿੱਸਾ ਲਗਭਗ 35% ਤੱਕ ਪਹੁੰਚ ਗਿਆ, ਜੋ ਕਿ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੇ ਬਾਵਜੂਦ ਸੀ। ਇਸ ਦਾ ਮੁੱਖ ਕਾਰਨ ਰੂਸੀ ਤੇਲ 'ਤੇ ਮਿਲ ਰਹੀ ਭਾਰੀ ਛੋਟ ਸੀ।

**ਅਮਰੀਕੀ ਦਬਾਅ**: ਅਮਰੀਕਾ ਨੇ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ 25% ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਇਸਨੂੰ ਵਧਾ ਕੇ 50% ਤੱਕ ਕੀਤਾ ਜਾ ਸਕਦਾ ਹੈ। ਭਾਵੇਂ ਇਹ ਪਾਬੰਦੀਆਂ ਸਿੱਧੇ ਤੌਰ 'ਤੇ ਭਾਰਤ 'ਤੇ ਨਹੀਂ ਲਗਾਈਆਂ ਗਈਆਂ, ਪਰ ਇਸ ਨਾਲ ਭੁਗਤਾਨ, ਬੀਮਾ ਅਤੇ ਸ਼ਿਪਿੰਗ ਵਰਗੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ, ਜਿਸਦਾ ਅਸਿੱਧਾ ਪ੍ਰਭਾਵ ਭਾਰਤ 'ਤੇ ਪੈ ਰਿਹਾ ਹੈ।

**ਭਾਰਤ ਦੀ ਰਣਨੀਤਕ ਪ੍ਰਤੀਕਿਰਿਆ**: ਭਾਰਤ ਇਸ ਗੁੰਝਲਦਾਰ ਸਥਿਤੀ ਨਾਲ ਨਜਿੱਠਣ ਲਈ ਇੱਕ ਸੋਚੀ-ਸਮਝੀ ਰਣਨੀਤੀ ਅਪਣਾ ਰਿਹਾ ਹੈ, ਜਿਸ ਵਿੱਚ ਰਾਸ਼ਟਰੀ ਹਿੱਤਾਂ ਨੂੰ ਸਭ ਤੋਂ ਉੱਪਰ ਰੱਖਿਆ ਗਿਆ ਹੈ।

**ਸਰਕਾਰੀ ਪੱਧਰ 'ਤੇ ਖੁੱਲ੍ਹ**: ਭਾਰਤ ਸਰਕਾਰ ਨੇ ਆਪਣੀਆਂ ਜਨਤਕ ਖੇਤਰ ਦੀਆਂ ਰਿਫਾਇਨਰੀਆਂ, ਜਿਵੇਂ ਕਿ ਐਚਪੀਸੀਐਲ (HPCL), ਨੂੰ ਰੂਸੀ ਤੇਲ ਖਰੀਦਣ ਜਾਂ ਰੋਕਣ ਬਾਰੇ ਕੋਈ ਸਿੱਧਾ ਨਿਰਦੇਸ਼ ਨਹੀਂ ਦਿੱਤਾ ਹੈ। ਸਰਕਾਰ ਦਾ ਸਟੈਂਡ ਸਪੱਸ਼ਟ ਹੈ ਕਿ ਕੰਪਨੀਆਂ ਬਜ਼ਾਰ ਦੀ ਸਥਿਤੀ ਅਤੇ ਆਪਣੇ ਵਪਾਰਕ ਹਿੱਤਾਂ ਅਨੁਸਾਰ ਫੈਸਲੇ ਲੈਣ ਲਈ ਆਜ਼ਾਦ ਹਨ।

**ਬਜ਼ਾਰ ਅਧਾਰਤ ਬਦਲਾਅ**: ਜਦੋਂ ਰੂਸੀ ਤੇਲ 'ਤੇ ਮਿਲਣ ਵਾਲੀ ਛੋਟ ਘੱਟ ਗਈ, ਤਾਂ ਭਾਰਤੀ ਕੰਪਨੀਆਂ ਨੇ ਤੁਰੰਤ ਆਪਣੀ ਰਣਨੀਤੀ ਬਦਲੀ। ਉਦਾਹਰਣ ਵਜੋਂ, HPCL ਨੇ 2025 ਦੀ ਦੂਜੀ ਤਿਮਾਹੀ ਵਿੱਚ ਆਪਣੀ ਰੂਸੀ ਤੇਲ ਦੀ ਖਪਤ ਨੂੰ 13.2% ਤੱਕ ਘਟਾ ਦਿੱਤਾ। ਹਾਲਾਂਕਿ, ਕੰਪਨੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਭਵਿੱਖ ਵਿੱਚ ਰੂਸੀ ਤੇਲ 'ਤੇ ਦੁਬਾਰਾ ਚੰਗੀ ਛੋਟ ਮਿਲਦੀ ਹੈ, ਤਾਂ ਉਹ ਖਰੀਦ ਵਧਾਉਣ ਤੋਂ ਸੰਕੋਚ ਨਹੀਂ ਕਰੇਗੀ।

**ਵਿਕਲਪਿਕ ਸਰੋਤਾਂ ਦੀ ਭਾਲ**: ਭਾਰਤ ਸਿਰਫ਼ ਰੂਸ 'ਤੇ ਨਿਰਭਰ ਨਹੀਂ ਰਹਿਣਾ ਚਾਹੁੰਦਾ। ਰਿਲਾਇੰਸ ਵਰਗੀਆਂ ਨਿੱਜੀ ਕੰਪਨੀਆਂ ਮੱਧ-ਪੂਰਬੀ ਦੇਸ਼ਾਂ, ਖਾਸ ਕਰਕੇ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (UAE), ਨਾਲ ਤੇਲ ਖਰੀਦ ਨੂੰ ਵਧਾਉਣ ਦੇ ਵਿਕਲਪਾਂ 'ਤੇ ਕੰਮ ਕਰ ਰਹੀਆਂ ਹਨ। ਇਸ ਨਾਲ ਭਾਰਤ ਨੂੰ ਕਿਸੇ ਇੱਕ ਸਰੋਤ 'ਤੇ ਨਿਰਭਰਤਾ ਘਟਾਉਣ ਅਤੇ ਸਪਲਾਈ ਵਿੱਚ ਕਿਸੇ ਵੀ ਸੰਭਾਵੀ ਰੁਕਾਵਟ ਦਾ ਸਾਹਮਣਾ ਕਰਨ ਵਿੱਚ ਮਦਦ ਮਿਲੇਗੀ।

**ਤੇਲ ਤੋਂ ਪਰੇ: ਨਵੀਆਂ ਊਰਜਾ ਸਾਂਝੇਦਾਰੀਆਂ** : ਭਾਰਤ ਅਤੇ ਰੂਸ ਦੇ ਊਰਜਾ ਸਬੰਧ ਸਿਰਫ਼ ਤੇਲ ਤੱਕ ਹੀ ਸੀਮਤ ਨਹੀਂ ਹਨ। ਦੋਵੇਂ ਦੇਸ਼ ਐਨਰਜੀ ਬ੍ਰਿਜ ਦੀ ਧਾਰਨਾ 'ਤੇ ਕੰਮ ਕਰ ਰਹੇ ਹਨ, ਜਿਸਦਾ ਉਦੇਸ਼ ਊਰਜਾ ਦੇ ਹਰ ਖੇਤਰ ਵਿੱਚ ਸਹਿਯੋਗ ਨੂੰ ਵਧਾਉਣਾ ਹੈ।

**ਪਰਮਾਣੂ ਊਰਜਾ**: ਰੂਸ ਭਾਰਤ ਦੇ ਪ੍ਰਮਾਣੂ ਊਰਜਾ ਪ੍ਰੋਗਰਾਮ ਵਿੱਚ ਇੱਕ ਅਹਿਮ ਭਾਈਵਾਲ ਹੈ। ਇਸ ਸਹਿਯੋਗ ਨੂੰ ਅੱਗੇ ਵਧਾਉਂਦੇ ਹੋਏ, ਮਹਾਰਾਸ਼ਟਰ ਵਿੱਚ ਥੋਰੀਅਮ-ਅਧਾਰਿਤ ਛੋਟੇ ਪਰਮਾਣੂ ਰਿਐਕਟਰ (SMR - Small Modular Reactors) ਬਣਾਉਣ ਲਈ ਇੱਕ ਸਮਝੌਤਾ ਹੋਇਆ ਹੈ। ਇਹ ਤਕਨੀਕ ਭਵਿੱਖ ਵਿੱਚ ਭਾਰਤ ਨੂੰ ਸਵੱਛ ਅਤੇ ਸੁਰੱਖਿਅਤ ਊਰਜਾ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

**ਗੈਸ ਅਤੇ ਨਵਿਆਉਣਯੋਗ ਊਰਜਾ**: ਤੇਲ ਤੋਂ ਇਲਾਵਾ ਦੋਵੇਂ ਦੇਸ਼ ਕੁਦਰਤੀ ਗੈਸ, ਐਲਐਨਜੀ (LNG) ਅਤੇ ਹਰੀ ਊਰਜਾ ਜਿਵੇਂ ਕਿ ਗ੍ਰੀਨ ਹਾਈਡਰੋਜਨ ਅਤੇ ਸੋਲਰ ਊਰਜਾ ਦੇ ਖੇਤਰ ਵਿੱਚ ਸਾਂਝੇ ਪ੍ਰੋਜੈਕਟਾਂ ਦੀਆਂ ਸੰਭਾਵਨਾਵਾਂ ਤਲਾਸ਼ ਰਹੇ ਹਨ।

**ਪਾਬੰਦੀਆਂ ਅਤੇ ਵਪਾਰਕ ਚੁਣੌਤੀਆਂ** : ਪੱਛਮੀ ਦੇਸ਼ਾਂ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਭਾਰਤ-ਰੂਸ ਵਪਾਰ ਲਈ ਚੁਣੌਤੀਆਂ ਪੈਦਾ ਕਰ ਰਹੀਆਂ ਹਨ।

**ਨਯਾਰਾ ਐਨਰਜੀ 'ਤੇ ਪ੍ਰਭਾਵ**: ਯੂਰਪੀ ਸੰਘ ਨੇ ਭਾਰਤ ਸਥਿਤ ਨਯਾਰਾ ਐਨਰਜੀ 'ਤੇ ਪਾਬੰਦੀਆਂ ਲਗਾਈਆਂ ਹਨ, ਕਿਉਂਕਿ ਇਸ ਵਿੱਚ ਰੋਸਨੇਫਟ ਦੀ 49.13% ਹਿੱਸੇਦਾਰੀ ਹੈ। ਇਨ੍ਹਾਂ ਪਾਬੰਦੀਆਂ ਕਾਰਨ ਕੰਪਨੀ ਨੂੰ ਯੂਰਪੀ ਬਜ਼ਾਰਾਂ ਵਿੱਚ ਨਿਰਯਾਤ ਕਰਨ, ਅੰਤਰਰਾਸ਼ਟਰੀ ਬੀਮਾ ਪ੍ਰਾਪਤ ਕਰਨ ਅਤੇ ਵਿੱਤੀ ਲੈਣ-ਦੇਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਰਾਜਨੀਤਿਕ ਸੰਤੁਲਨ**: ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਭਾਰਤ ਨੇ ਰੂਸ ਨਾਲ ਆਪਣੇ ਮਜ਼ਬੂਤ ਰਾਜਨੀਤਿਕ ਸਬੰਧਾਂ ਨੂੰ ਬਰਕਰਾਰ ਰੱਖਿਆ ਹੈ। ਭਾਰਤ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਭਾਰਤ ਦੌਰੇ ਦਾ ਸੱਦਾ ਵੀ ਦਿੱਤਾ ਹੈ, ਜੋ ਇਹ ਦਰਸਾਉਂਦਾ ਹੈ ਕਿ ਭਾਰਤ ਕਿਸੇ ਬਾਹਰੀ ਦਬਾਅ ਹੇਠ ਆਪਣੀ ਵਿਦੇਸ਼ ਨੀਤੀ ਨੂੰ ਤੈਅ ਨਹੀਂ ਕਰੇਗਾ।

**ਭਵਿੱਖ ਵੱਲ ਨਜ਼ਰ** : ਆਪਣੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰਤ ਇੱਕ ਵਿਆਪਕ ਅਤੇ ਦੂਰਦਰਸ਼ੀ ਯੋਜਨਾ 'ਤੇ ਕੰਮ ਕਰ ਰਿਹਾ ਹੈ

**ਸਰੋਤਾਂ ਦੀ ਵਿਭਿੰਨਤਾ (Diversification)**: ਰੂਸ ਅਤੇ ਮੱਧ-ਪੂਰਬ ਤੋਂ ਇਲਾਵਾ ਭਾਰਤ ਅਫਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਤੋਂ ਵੀ ਤੇਲ ਖਰੀਦਣ ਦੀਆਂ ਸੰਭਾਵਨਾਵਾਂ ਤਲਾਸ਼ ਰਿਹਾ ਹੈ।

**ਘਰੇਲੂ ਰਿਫਾਈਨਿੰਗ ਸਮਰੱਥਾ ਵਿੱਚ ਵਾਧਾ**: ਭਾਰਤ ਆਪਣੀ ਰਿਫਾਈਨਿੰਗ ਸਮਰੱਥਾ ਨੂੰ ਵਧਾ ਰਿਹਾ ਹੈ ਤਾਂ ਜੋ ਕੱਚੇ ਤੇਲ ਨੂੰ ਪ੍ਰੋਸੈਸ ਕਰਕੇ ਪੈਟਰੋਲੀਅਮ ਉਤਪਾਦਾਂ ਦਾ ਨਿਰਯਾਤ ਵਧਾਇਆ ਜਾ ਸਕੇ।

**ਹਰੀ ਊਰਜਾ 'ਤੇ ਜ਼ੋਰ**: ਭਾਰਤ ਤੇਲ 'ਤੇ ਨਿਰਭਰਤਾ ਘਟਾਉਣ ਲਈ ਏਥਨੋਲ ਮਿਸ਼ਰਨ, ਗ੍ਰੀਨ ਹਾਈਡਰੋਜਨ ਮਿਸ਼ਨ, ਅਤੇ ਸੋਲਰ ਤੇ ਵਿੰਡ ਊਰਜਾ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅਪਣਾ ਰਿਹਾ ਹੈ। 2030 ਤੱਕ 500 ਗੀਗਾਵਾਟ ਨਵਿਆਉਣਯੋਗ ਊਰਜਾ ਦਾ ਟੀਚਾ ਇਸੇ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ।

ਮੌਜੂਦਾ ਵਿਸ਼ਵ ਊਰਜਾ ਸੰਤੁਲਨ ਬਹੁਤ ਹੀ ਨਾਜ਼ੁਕ ਮੋੜ 'ਤੇ ਹੈ। ਰੂਸ-ਭਾਰਤ ਊਰਜਾ ਸਾਂਝੇਦਾਰੀ ਭਾਵੇਂ ਮਜ਼ਬੂਤ ਹੈ, ਪਰ ਅਮਰੀਕਾ-ਚੀਨ ਤਣਾਅ ਅਤੇ ਪੱਛਮੀ ਪਾਬੰਦੀਆਂ ਕਾਰਨ ਭਾਰਤ ਨੂੰ ਆਪਣੀ ਰਣਨੀਤੀ ਵਿੱਚ ਲਚਕਤਾ ਲਿਆਉਣੀ ਪੈ ਰਹੀ ਹੈ। ਭਾਰਤ ਸਫਲਤਾਪੂਰਵਕ ਆਪਣੇ ਰਾਸ਼ਟਰੀ ਹਿੱਤਾਂ ਨੂੰ ਸੁਰੱਖਿਅਤ ਰੱਖਦੇ ਹੋਏ ਵੱਖ-ਵੱਖ ਦੇਸ਼ਾਂ ਨਾਲ ਸਬੰਧਾਂ ਵਿੱਚ ਸੰਤੁਲਨ ਬਣਾ ਰਿਹਾ ਹੈ। ਭਵਿੱਖ ਵਿੱਚ ਭਾਰਤ ਦੀ ਊਰਜਾ ਨੀਤੀ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਹ ਕਿੰਨੀ ਕੁ ਕੁਸ਼ਲਤਾ ਨਾਲ ਆਪਣੇ ਆਯਾਤ ਸਰੋਤਾਂ ਵਿੱਚ ਵਿਭਿੰਨਤਾ ਲਿਆਉਂਦਾ ਹੈ ਅਤੇ ਹਰੀ ਊਰਜਾ ਵੱਲ ਆਪਣੇ ਪਰਿਵਰਤਨ ਨੂੰ ਤੇਜ਼ ਕਰਦਾ ਹੈ। ਇਸ ਬਦਲਦੇ ਹੋਏ ਊਰਜਾ ਨਕਸ਼ੇ ਵਿੱਚ ਭਾਰਤ ਦੀ ਭੂਮਿਕਾ ਨਾ ਸਿਰਫ਼ ਆਪਣੇ ਲਈ, ਸਗੋਂ ਪੂਰੇ ਵਿਸ਼ਵ ਲਈ ਕੇਂਦਰੀ ਅਤੇ ਨਿਰਣਾਇਕ ਸਾਬਤ ਹੋ ਸਕਦੀ ਹੈ।

# ਸ਼੍ਰੋਮਣੀ ਕਮੇਟੀ ਦੀ ਚੋਣ ਅਦਾਲਤ ਦੀ ਘੁੰਮਣਘੇਰੀ 'ਚ ਫਸੀ



ਕਮਲਜੀਤ ਸਿੰਘ ਬਨਵੈਤ
98147 34035

- ਹਰਿਆਣਾ ਦੇ ਦੋ ਸਿੱਖਾਂ ਪਟੀਸ਼ਨਰਾਂ ਨੇ ਹਾਈ ਕੋਰਟ ਤੋਂ ਹਰਿਆਣਾ ਦੇ ਵੋਟਰਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਦੀ ਕੀਤੀ ਮੰਗ
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਟੀਸ਼ਨਰਾਂ ਦੀ ਸੁਰ ਨਾਲ ਮਿਲਾਈ ਸੁਰ
- ਗੁਰਦੁਆਰਾ ਚੋਣ ਕਮਿਸ਼ਨ ਦੇ ਚੀਫ ਕਮਿਸ਼ਨਰ ਐਸ ਐਸ ਸਾਰੋਂ ਹੋਏ ਸੇਵਾ ਮੁਕਤ
- ਕੇਂਦਰ ਸਰਕਾਰ ਵੱਲੋਂ ਨਵੇਂ ਚੀਫ ਕਮਿਸ਼ਨਰ ਦੀ ਨਿਯੁਕਤੀ ਲਈ ਅਮਲ ਸ਼ੁਰੂ
- ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਲਟਕਣਾ ਕਾਬਜ਼ ਧਿਰ ਨੂੰ ਖਾ ਰਿਹੈ ਵਾਰਾ
- ਸ਼੍ਰੋਮਣੀ ਕਮੇਟੀ ਦੀਆਂ ਆਖ਼ਰੀ ਵਾਰ ਚੋਣਾਂ ਹੋਈਆਂ ਸਨ 2014 ਨੂੰ, ਕਮੇਟੀ ਦੀ ਮਿਆਦ ਹੁੰਦੀ ਹੈ ਪੰਜ ਸਾਲ
- ਹਰਿਆਣਾ ਦੀ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਣ ਦੇ ਬਾਵਜੂਦ ਪਟੀਸ਼ਨਰਾਂ ਨੇ ਰੱਖ ਦਿੱਤੀ ਮੰਗ

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸਮਝੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਮੁਲਕ ਭਰ ਵਿੱਚ ਸ਼ਾਇਦ ਹੀ ਕੋਈ ਹੋਰ ਸੰਸਥਾ ਹੋਵੇ ਜਿਹੜੀ ਵੋਟਾਂ ਰਾਹੀਂ ਚੁਣੀ ਜਾਂਦੀ ਹੋਵੇ। ਪਾਰਲੀਮੈਂਟ ਅਤੇ ਵਿਧਾਨ ਸਭਾ ਤੋਂ ਬਾਅਦ ਇਹ ਇੱਕੋ ਇੱਕ ਅਜਿਹੀ ਸੰਸਥਾ ਹੈ, ਜਿਸ ਦੀ ਚੋਣ ਵੋਟਾਂ ਰਾਹੀਂ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਦੋਂ ਦੀ ਬਣੀ ਹੈ, ਇਸਦੀ ਚੋਣ ਸ਼ਾਇਦ ਹੀ ਕਦੇ ਸਮੇਂ ਸਿਰ ਹੋਈ ਹੋਵੇ। ਸ਼੍ਰੋਮਣੀ ਕਮੇਟੀ ਦੇ ਕਾਰਜ ਕਾਲ ਦੀ ਮਿਆਦ ਪੰਜ ਸਾਲ ਹੁੰਦੀ ਹੈ। ਸ਼੍ਰੋਮਣੀ ਕਮੇਟੀ ਦੀ ਪਿਛਲੀ ਵਾਰ ਚੋਣ 2014 ਨੂੰ ਹੋਈ ਸੀ।

ਹੁਣ ਜਦੋਂ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਲਈ ਅਮਲ ਤੇਜ਼ੀ ਨਾਲ ਅੱਗੇ ਵਧਣ ਲੱਗਾ ਸੀ ਤਾਂ ਇਹ ਅਦਾਲਤ ਦੀ ਘੁੰਮਣ ਘੇਰੀ ਵਿੱਚ ਫਸ ਕੇ ਰਹਿ ਗਈ ਹੈ। ਹਰਿਆਣਾ ਦੇ ਦੋ ਸਿੱਖ ਪਟੀਸ਼ਨਰਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਸ਼੍ਰੋਮਣੀ ਕਮੇਟੀ ਦੀ ਚੋਣ ਲਈ ਹਰਿਆਣਾ ਵਿੱਚ ਵੀ ਵੋਟਾਂ ਬਣਾਉਣ ਦੀ ਮੰਗ ਕਰ ਦਿੱਤੀ ਹੈ। ਹੈਰਾਨੀ ਦੀ ਗੱਲ ਇਹ ਕਿ ਪਟੀਸ਼ਨਰਾਂ ਵਿੱਚੋਂ ਇੱਕ ਤਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਵੀ ਹੈ। ਉਂਝ ਅਦਾਲਤ ਵਿੱਚ ਇਹ ਪਟੀਸ਼ਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਹੋਰ ਲਟਕਾਉਣ ਦੀ ਮਨਸ਼ਾ ਨਾਲ ਦਾਇਰ ਕੀਤੀ ਲੱਗਦੀ ਹੈ। ਸ਼ਾਇਦ ਕਾਬਜ਼ ਧਿਰ ਨੂੰ ਇਹ ਡਰ ਖਾਣ ਲੱਗ ਪਿਆ ਹੋਵੇ ਕਿ ਜੇ ਕਮੇਟੀ ਦੀਆਂ ਚੋਣਾਂ ਹੋ ਜਾਂਦੀਆਂ ਹਨ ਤਾਂ ਵਿਰੋਧੀ ਧਿਰਾਂ ਬਾਜ਼ੀ ਨਾ ਮਾਰ ਲੈਣ। ਇਸ ਦੇ ਨਾਲ ਹੀ ਸਿੱਖ ਗੁਰਦੁਆਰਾ ਚੋਣ ਕਮਿਸ਼ਨ ਦੇ ਚੀਫ ਕਮਿਸ਼ਨਰ ਜਸਟਿਸ ਐਸ ਐਸ ਸਾਰੋਂ ਦੇ ਸੇਵਾ ਮੁਕਤ ਹੋਣ ਨਾਲ ਵੀ ਚੋਣ ਪ੍ਰਕਿਰਿਆ ਇੱਕ ਤਰ੍ਹਾਂ ਠੱਪ ਹੋ ਗਈ ਹੈ। ਭਾਰਤ ਸਰਕਾਰ ਵੱਲੋਂ ਨਵੇਂ ਚੀਫ਼ ਕਮਿਸ਼ਨਰ ਦੀ ਨਿਯੁਕਤੀ ਲਈ ਅਮਲ ਤਾਂ ਸ਼ੁਰੂ ਕਰ ਦਿੱਤਾ ਗਿਆ ਹੈ ਪਰ ਇਸ ਦੇ ਸਿਰੇ ਚੜ੍ਹਨ ਨੂੰ ਕਿੰਨਾ ਸਮਾਂ ਲੱਗੇਗਾ, ਇਹ ਵੱਡਾ ਸਵਾਲ ਸਭ ਦੇ ਸਾਹਮਣੇ ਆ ਖੜ੍ਹਾ ਹੈ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਦੇ ਦੋ ਸਿੱਖਾਂ ਵੱਲੋਂ ਦਾਇਰ ਕੀਤੀ ਪਟੀਸ਼ਨ ਦੀ ਅਗਲੀ ਸੁਣਵਾਈ 12 ਅਗਸਤ ਲਈ ਮੁੱਕਰਰ ਕਰ ਦਿੱਤੀ ਹੈ। ਅਦਾਲਤ ਦੀ ਪਲੇਠੀ ਸੁਣਵਾਈ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਜੇ ਹਰਿਆਣਾ ਦੇ ਸਿੱਖਾਂ ਨੂੰ ਵੋਟਰ ਬਣਾ ਲਿਆ ਜਾਵੇ ਤਾਂ ਕੋਈ ਇਤਰਾਜ਼ ਨਹੀਂ ਹੈ। ਸ਼ਾਇਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਦੂਜੇ ਅਹੁਦੇਦਾਰ ਵੀ ਇਹ ਚਾਹੁੰਦੇ ਹੋਣ ਕਿ ਜੇ ਚੋਣਾਂ ਹੋਰ ਲਟਕ ਜਾਣ ਤਾਂ ਉਹਨਾਂ ਦੀ ਸਿੱਖਾਂ ਦੀ ਸਰਵਉੱਚ ਸੰਸਥਾ ਉੱਤੇ ਸਿਰਦਾਰੀ ਬਣੀ ਰਹੇਗੀ। ਸੁਧਾਰ ਲਹਿਰ ਵੱਲੋਂ ਨਵਾਂ ਅਕਾਲੀ ਦਲ ਹੋਂਦ ਵਿੱਚ ਲਿਆਉਣ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖਾਲਸਾ ਦੇ ਮੈਂਬਰ ਪਾਰਲੀਮੈਂਟ ਚੁਣੇ ਜਾਣ ਤੋਂ ਬਾਅਦ ਕਾਬਜ਼ ਧਿਰ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਤਰਥਕੀ ਪਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਲਮਕ ਜਾਣਾ ਕਾਬਜ਼ ਧਿਰ ਨੂੰ ਵਾਰਾ ਖਾ ਰਿਹਾ ਹੈ। ਚੋਣਾਂ ਹੋ ਜਾਂਦੀਆਂ ਹਨ ਤਾਂ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖ ਸਿਆਸਤ ਵਿਚਲਾ ਪਾਣੀ ਕਾਫ਼ੀ ਤੱਕ ਨਿੱਤਰ ਜਾਵੇਗਾ। ਹਾਲ ਦੀ ਘੜੀ ਸਾਰਾ ਕੁਝ ਗੰਧਲਾ ਦਿਸ ਰਿਹਾ ਹੈ।

ਚੋਣ ਕਮਿਸ਼ਨਰ ਐਸ ਐਸ ਸਾਰੋਂ 30 ਜੂਨ ਨੂੰ ਸੇਵਾ ਮੁਕਤ ਹੋ ਗਏ ਸਨ। ਉਹਨਾਂ ਦੀ ਉਮਰ ਉਸ ਵੇਲੇ 70 ਸਾਲ ਪੂਰੀ ਹੋ ਗਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਨੂੰ ਲੈ ਕੇ ਪਟੀਸ਼ਨ ਉਸ ਵੇਲੇ ਦਾਇਰ ਕੀਤੀ ਗਈ ਹੈ। ਜਦੋਂ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਪੰਜਾਬ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਵਿੱਚ ਵੋਟਾਂ ਬਣਾਉਣ ਦੀ ਪ੍ਰਕਿਰਿਆ ਪੂਰੀ ਕਰ ਲਈ ਗਈ ਸੀ। ਇਸ ਅਮਲ ਦੌਰਾਨ 50 ਲੱਖ ਵੋਟਾਂ ਬਣੀਆਂ ਸਨ। ਹੁਣ ਵੋਟਾਂ ਸਬੰਧੀ ਇਤਰਾਜ਼ਾਂ ਉੱਤੇ ਉਹਨਾਂ ਦੇ ਨਿਬੇੜੇ ਦੀ ਪ੍ਰਕਿਰਿਆ ਚੱਲ ਹੀ ਰਹੀ ਸੀ ਕਿ ਹਾਈਕੋਰਟ ਨੇ ਚੋਣ ਪ੍ਰਕਿਰਿਆ ਉੱਤੇ ਰੋਕ ਲਾ ਦਿੱਤੀ ਹੈ।

ਦਿਲਚਸਪ ਗੱਲ ਇਹ ਹੈ ਕਿ ਸਿੱਖਾਂ ਦੀ ਇਸ ਨੁਮਾਇੰਦਾ ਸੰਸਥਾ ਦੀਆਂ ਚੋਣਾਂ ਦੇ ਲਟਕਣ ਦਾ ਮੁੱਦਾ ਨਾ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਉਠਾਇਆ ਜਾ ਰਿਹਾ ਹੈ ਅਤੇ ਨਾ ਹੀ ਕਮੇਟੀ ਵਿੱਚ ਜਿਹੜੀ ਵਿਰੋਧੀ ਧਿਰ ਨੇ ਲੋੜ ਸਮਝੀ ਹੈ। ਇੱਥੇ ਹੀ ਦੱਸਣਾ ਜ਼ਰੂਰੀ ਹੋਵੇਗਾ ਕਿ ਪੰਜਾਬੀ ਸੂਬਾ ਬਣਨ ਤੱਕ ਗੁਰਦੁਆਰਾ ਚੋਣਾਂ ਆਮ ਤੌਰ 'ਤੇ ਸਮੇਂ ਸਰ ਹੁੰਦੀਆਂ ਰਹੀਆਂ ਹਨ। ਪਰ ਮਗਰਲੇ ਕੁਝ ਦਹਾਕਿਆਂ ਤੋਂ ਇਹ ਚੋਣਾਂ ਲਗਾਤਾਰ ਸਮੇਂ ਤੋਂ ਕਾਫੀ ਪੱਛੜ ਕੇ ਕਰਵਾਈਆਂ ਜਾਂਦੀਆਂ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਜਿਹੜਾ ਕਿ ਇਸ ਸੰਸਥਾ ਉੱਤੇ ਕਾਬਜ਼ ਰਿਹਾ ਹੈ, ਹਮੇਸ਼ਾ ਚੋਣਾਂ ਨੂੰ ਲਟਕਾਉਣ ਵਿੱਚ ਰਾਜ਼ੀ ਮੰਨਿਆ ਜਾ ਰਿਹਾ ਹੈ। ਸਿਆਸੀ ਪੰਡਤ ਤਾਂ ਚੋਣਾਂ ਲਟਕਾਉਣ ਪਿੱਛੇ ਭਾਰਤ ਸਰਕਾਰ ਦੀ ਵੀ ਮਨਸ਼ਾ ਦੱਸਦੇ ਹਨ। ਸਿਆਸੀ ਪੰਡਤਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਧੜੇ ਦੀ ਭਾਰਤੀ ਜਨਤਾ ਪਾਰਟੀ ਪ੍ਰਤੀ ਪਹੁੰਚ ਨਰਮ ਹੈ ਜਦੋਂ ਕਿ ਗਰਮ ਖ਼ਿਆਲੀ ਧੜਾ ਜਿੱਤ ਜਾਂਦਾ ਹੈ ਤਾਂ ਦੋਹਾਂ ਦੀ ਸੁਰ ਰਲਣੀ ਮੁਸ਼ਕਲ ਹੋ ਸਕਦੀ ਹੈ।

ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋ ਜਾਂਦੀਆਂ ਹਨ ਤਾਂ ਸੁਖਬੀਰ ਸਿੰਘ ਬਾਦਲ ਦੇ ਧੜੇ ਅਤੇ 11 ਅਗਸਤ ਨੂੰ ਨਵੇਂ ਬਣਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੀ ਹਰਮਨ ਪਿਆਰਤਾ ਤੋਂ ਪਰਦਾ ਚੁੱਕਿਆ ਜਾਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਵੀ ਸ਼੍ਰੋਮਣੀ ਕਮੇਟੀ ਉੱਤੇ ਆਪਣੀ ਅੱਖ ਰੱਖੀ ਬੈਠੇ ਹਨ। ਬੜੇ ਕੁਝ ਦਾ ਨਿਤਾਰਾ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਵਿੱਚ ਵੀ ਹੋ ਜਾਵੇਗਾ।

ਸੁਧਾਰ ਲਹਿਰ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਜਿਸ ਤਰ੍ਹਾਂ ਅੱਗੇ ਵੱਧ ਰਹੀ ਹੈ, ਉਸ ਤੋਂ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਖੜ੍ਹੀ ਹੋਣ ਦੇ ਆਸਾਰ ਬਣਦੇ ਦਿਸਣ ਲੱਗੇ ਹਨ। ਸ੍ਰੀ ਅੰਮ੍ਰਿਤਸਰ ਦੇ ਭਾਈ ਗੁਰਦਾਸ ਹਾਲ ਵਿੱਚ 11 ਅਗਸਤ ਨੂੰ ਹੋਣ ਵਾਲੀ ਚੋਣ ਵਿੱਚ ਗਿਆਨੀ ਹਰਪ੍ਰੀਤ ਸਿੰਘ ਦਾ ਪ੍ਰਧਾਨ ਚੁਣਿਆ ਜਾਣਾ ਤੈਅ ਹੈ। ਉਹਨਾਂ ਦੇ ਨਾਂ ਉੱਤੇ ਸਹਿਮਤੀ ਲਗਭਗ ਬਣ ਚੁੱਕੀ ਹੈ। ਸੂਤਰਾਂ ਦਾ ਦਾਅਵਾ ਹੈ ਕਿ ਪੰਜਵੇਂ ਕਮੇਟੀ ਅੰਦਰ ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨੂੰ ਧਾਰਮਿਕ ਕੌਂਸਲ ਦੀ ਮੁਖੀ ਨਿਯੁਕਤ ਕਰਨ ਲਈ ਰਜ਼ਾਮੰਦੀ ਹੋ ਗਈ ਹੈ। ਜਿਸ ਦਾ ਭਾਵ ਇਹ ਹੋਇਆ ਕਿ ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨਗੇ ਜਦੋਂ ਕਿ ਬੀਬੀ ਸਤਵੰਤ ਕੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਉਮੀਦਵਾਰ ਹੋ ਸਕਣਗੇ। ਇੱਕ ਚੰਗੀ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਵੱਲ ਝਾਕ ਨਹੀਂ ਰੱਖੇਗਾ। ਸ਼੍ਰੋਮਣੀ ਅਕਾਲੀ ਦਲ ਵਿੱਚ ਸੰਕਟ ਹੀ ਇਸ ਕਰਕੇ ਸ਼ੁਰੂ ਹੋਇਆ ਸੀ ਕਿਉਂਕਿ ਇਹ ਇੱਕ ਪਰਿਵਾਰ ਦੇ ਕਲਾਵੇ ਵਿੱਚ ਆ ਗਿਆ ਸੀ। ਸਾਲ 2017 ਤੋਂ ਲਗਾਤਾਰ ਹਾਰ ਦੇ ਬਾਵਜੂਦ ਬਾਦਲ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਨੂੰ ਆਜ਼ਾਦ ਤੌਰ 'ਤੇ ਕੰਮ ਕਰਨ ਦੇਣ ਤੋਂ ਮੁਨਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਧੜੇ ਨੇ ਇੱਕ ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਮੂਹਰੇ ਸਮਰਪਿਤ ਹੋ ਕੇ ਕਬੂਲਨਾਮਾ ਇਸੇ ਵਜ੍ਹਾ ਕਰਕੇ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਹੁਕਮ ਆਏ ਵਿੱਚ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ। ਇਸ ਹੁਕਮ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਅੱਧ-ਪਚੱਧਾ ਮੰਨਿਆ ਗਿਆ ਹੈ।

ਨਵੇਂ ਸ਼੍ਰੋਮਣੀ ਅਕਾਲੀ ਦਲ ਬਾਰੇ ਇੱਕ ਹੋਰ ਦਿਲਚਸਪ ਪੱਖ ਇਹ ਸਾਹਮਣੇ ਆ ਰਿਹਾ ਹੈ ਕਿ ਜੇ ਬੀਬੀ ਸਤਵੰਤ ਕੌਰ ਪ੍ਰਧਾਨ ਚੁਣੇ ਜਾਂਦੇ ਹਨ ਤਾਂ ਇਸ ਨਾਲ ਇਤਿਹਾਸ ਵਿੱਚ ਇੱਕ ਵਿਲੱਖਣ ਪੰਨਾ ਜੁੜੇਗਾ। ਪਹਿਲੀ ਵਾਰ ਹੋਵੇਗਾ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨ ਇੱਕ ਮਹਿਲਾ ਹੋਵੇਗੀ। ਜੇ ਗਿਆਨੀ ਹਰਪ੍ਰੀਤ ਸਿੰਘ ਸਿਰ ਪ੍ਰਧਾਨਗੀ ਦਾ ਤਾਜ ਸੱਜਦਾ ਹੈ ਤਦ ਵੀ ਵਿਲੱਖਣ ਗੱਲ ਹੋਵੇਗੀ। ਸਾਡੀ ਜਾਣਕਾਰੀ ਮੁਤਾਬਕ ਹਾਲੇ ਤੱਕ ਕਿਸੇ ਰਾਖਵੇਂ ਵਰਗ ਦੇ ਲੀਡਰ ਸਿਰ ਅਕਾਲੀ ਦਲ ਦੀ ਪ੍ਰਧਾਨਗੀ ਦਾ ਤਾਜ ਨਹੀਂ ਸਜਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਟਕਾਉਣ ਲਈ ਸਿਆਸਤ ਖੇਡੀ ਜਾ ਰਹੀ ਹੈ। ਸਿੱਖ ਸਿਆਸਤ ਵਿੱਚ ਬੜਾ ਕੁਝ ਇੱਕ ਵੱਡੇ ਘਰੋਂ ਰਿਮੋਟ ਨਾਲ ਚੱਲਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ ਵੱਡਿਆਂ ਘਰਾਂ ਦਾ ਦਿਲ ਤਾਕਤ ਹੱਥੋਂ ਜਾਣ ਦਾ ਝੋਰਾ ਲਾਈ ਬੈਠਾ ਹੈ। ਨਿਰਸੰਦੇਹ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਦਾ ਵਕਾਰ ਹੇਠਾਂ ਆਇਆ ਹੈ। ਇਥੋਂ ਤੱਕ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਤਖਤਾਂ ਨੂੰ ਸੱਟਾਂ ਵੱਜਦੀਆਂ ਰਹੀਆਂ ਹਨ। ਜਿਸ ਦਾ ਖਮਿਆਜ਼ਾ ਸਿਰਫ ਸਿੱਖ ਲੀਡਰਸ਼ਿਪ 'ਚ ਨਹੀਂ ਸਗੋਂ ਸਮੁੱਚੀ ਕੌਮ ਭੁਗਤ ਰਹੀ ਹੈ। ਸਿੱਖ ਕੌਮ ਕੁਰਬਾਨੀ ਦੀ ਪੁੰਜ ਰਹੀ ਹੈ। ਹੁਣ ਦੇ ਲੀਡਰ ਵਿਰਸੇ ਵਿੱਚੋਂ ਮਿਲੀ ਤਿਆਗ ਦੀ ਭਾਵਨਾ ਤੋਂ ਪਾਸੇ ਹੱਟਣ ਲੱਗੇ ਹਨ। ਉਹ ਹਉਮੈ ਦੇ ਚੱਕਰ ਵਿੱਚ ਫਸ ਕੇ ਰਹਿ ਗਏ ਹਨ। ਸਿੱਖਾਂ ਦੇ ਧਾਰਮਿਕ ਅਤੇ ਸਿਆਸੀ ਲੀਡਰ ਹਉਮੈ ਵਿੱਚ ਫਸੇ ਰਹਿਣ ਕਰਕੇ ਸਿੱਖ ਕੌਮ ਨੂੰ ਆਹ ਦਿਨ ਦੇਖਣੇ ਪੈ ਰਹੇ ਹਨ। ਰੱਬ ਸਭ ਨੂੰ ਸੁਮੱਤ ਦੇਵੇ।

ਸਪਤਾਹਿਕ ਮੈਗਜ਼ੀਨ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਚੜ੍ਹਦੀਕਲਾ

ਐਤਵਾਰ, 10 ਅਗਸਤ, 2025 Sunday, 10 August, 2025



# ਸਫ਼ਲਤਾ ਦਾ ਰਹੱਸ ਹੈ ਲਗਨ ਨਾਲ ਲੱਗੇ ਰਹਿਣਾ

ਜੀਵਨ ਜਾਚ

ਪ੍ਰੋ. (ਡਾ.) ਹਰਜਿੰਦਰ ਵਾਲੀਆ

+91 98723 14380

ਇਕ ਸੰਤ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਮੈਨੂੰ ਪਾਣੀ ਚਾਹੀਦਾ ਹੈ। ਇਸ ਲਈ ਖੂਹ ਪੁੱਟੋ। ਚੇਲਿਆਂ ਨੇ ਖੂਹ ਪੁੱਟਣਾ ਸ਼ੁਰੂ ਕੀਤਾ, ਜਦੋਂ ਉਹ 20-25 ਫੁੱਟ ਤੱਕ ਡੂੰਘਾ ਪੁੱਟ ਚੁੱਕੇ ਸਨ ਤਾਂ ਉਨ੍ਹਾਂ ਦੇਖਿਆ, ਪਾਣੀ ਮਿਲਣ ਦਾ ਕੋਈ ਆਸਾਰ ਨਜ਼ਰ ਨਹੀਂ ਆ ਰਿਹਾ, ਉਨ੍ਹਾਂ ਸੰਤ ਨੂੰ ਕਿਹਾ :

''ਗੁਰੂ ਜੀ ਪਾਣੀ ਤਾਂ ਨਹੀਂ ਮਿਲਿਆ''

''ਕਿਤੇ ਹੋਰ ਪੁੱਟ ਲਵੋ'' ਸੰਤ ਨੇ ਸੁਝਾਅ ਦਿੱਤਾ। ਉਨ੍ਹਾਂ ਨੇ ਥੋੜ੍ਹੀ ਦੂਰ ਜਾ ਕੇ ਫਿਰ ਖ਼ੁਦਾਈ ਸ਼ੁਰੂ ਕਰ ਦਿੱਤੀ ਅਤੇ 20-25 ਫੁੱਟ ਦੀ ਡੂੰਘਾਈ ਵਿਚ ਇਥੇ ਵੀ ਪਾਣੀ ਦੀ ਬੂੰਦ ਨਹੀਂ ਸੀ। ਉਨ੍ਹਾਂ ਇਕ ਹੋਰ ਥਾਂ ਲੱਭ ਕੇ ਖੂਹ ਪੁੱਟਣਾ ਸ਼ੁਰੂ ਕਰ ਦਿੱਤਾ ਪਰ ਪਾਣੀ ਇਥੇ ਵੀ ਨਹੀਂ ਸੀ। ਇਉਂ ਚੇਲਿਆਂ ਨੇ ਅਲੱਗ ਅਲੱਗ ਥਾਵਾਂ ਉਤੇ ਪੰਜ ਵਾਰ ਕੋਸ਼ਿਸ਼ ਕੀਤੀ ਪਰ ਅਸਫ਼ਲਤਾ ਹੀ ਹੱਥ ਲੱਗੀ।

''ਤੁਹਾਨੂੰ ਪਤਾ ਹੈ ਕਿ ਤੁਹਾਨੂੰ ਪਾਣੀ ਕਿਉਂ ਨਹੀਂ ਮਿਲਿਆ ਅਤੇ ਤੁਹਾਡੀ ਅਸਫ਼ਲਤਾ ਹੱਥ ਕਿਉਂ ਲੱਗੀ?'' ਸੰਤ ਨੇ ਪੁੱਛਿਆ।

''ਰੱਬ ਦੀ ਮਰਜ਼ੀ, ਅਸੀਂ ਤਾਂ ਬਹੁਤ ਕੋਸ਼ਿਸ਼ ਕੀਤੀ।'' ਚੇਲਿਆਂ ਦਾ ਜਵਾਬ ਸੀ।

''ਨਹੀਂ, ਤੁਸੀਂ ਗਲਤੀ ਕੀਤੀ, ਤੁਹਾਨੂੰ ਇਕੋ ਖੂਹ ਨੂੰ ਹੋਰ ਡੂੰਘੇ ਪੁੱਟਦੇ ਰਹਿਣਾ ਚਾਹੀਦਾ ਸੀ ਅਤੇ ਸਫ਼ਲਤਾ ਅਵੱਸ਼ ਤੁਹਾਡੇ ਹੱਥ ਲੱਗਦੀ। ਜੋ ਤੁਸੀਂ ਪੰਜ ਥਾਵਾਂ 'ਤੇ 125 ਫੁੱਟ ਡੂੰਘਾਈ ਖੁਦਾਈ ਕੀਤੀ ਹੈ, ਜੇ ਤੁਸੀਂ ਇਕੋ ਖੂਹ ਨੂੰ 125 ਫੁੱਟ ਡੂੰਘਾ ਪੁੱਟ ਲੈਂਦੇ ਤਾਂ ਪਾਣੀ ਤੁਹਾਨੂੰ ਮਿਲ ਹੀ ਜਾਣਾ ਸੀ।''

ਇਹੀ ਹੈ ਸਫ਼ਲਤਾ ਦਾ ਇਕ ਵੱਡਾ ਸੂਤਰ ਜੋ ਇਹ ਕਹਾਣੀ ਸਮਝਾ ਰਹੀ ਹੈ। ਹਮੇਸ਼ਾ ਆਪਣੇ ਨਿਸ਼ਾਨੇ 'ਤੇ ਅੱਖ ਰੱਖੋ। ਫੋਕਸ ਰੱਖੋ ਅਤੇ ਲਗਾਤਾਰ ਯਤਨ ਕਰਦੇ ਰਹੋ। ਲਗਨ ਨਾਲ ਯਤਨ ਕਰੋ। ਸਫ਼ਲਤਾ ਮਿਲਣ ਤੱਕ ਯਤਨ ਕਰੋ। ਟੀਚਾ ਪੂਰਾ ਹੋਣ ਤੱਕ ਕੋਸ਼ਿਸ਼ ਜਾਰੀ ਰੱਖੋ। ਇਧਰ ਉਧਰ ਭਟਕਣ ਦੀ ਬਜਾਏ ਆਪਣੇ ਨਿਸ਼ਾਨੇ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਆਪਣੀ ਮੰਜ਼ਿਲ, ਆਪਣੇ ਨਿਸ਼ਾਨੇ, ਆਪਣੇ ਉਦੇਸ਼ ਨੂੰ ਪਾਉਣ ਹਿੱਤ ਆਤਮ ਵਿਸ਼ਵਾਸ, ਦ੍ਰਿੜ੍ਹ ਇਰਾਦਾ, ਤੀਬਰ ਇੱਛਾ, ਸ਼ਕਤੀ, ਸੰਕਲਪ, ਤੌਫ਼ੀਕੀ ਚੇਤਨਾ, ਪੌਰਖ, ਹਿੰਮਤ, ਅਰਜਣੀ-ਇਕਾਗਰਤਾ, ਸਾਧਨਾ, ਅਭਿਆਸ, ਲਗਨ ਅਤੇ ਮਿਹਨਤ ਦੀ ਜ਼ਰੂਰਤ ਹੁੰਦੀ ਹੈ।

ਸਫ਼ਲਤਾ ਦੇ ਰਾਹੀ ਨੂੰ ਪਤਾ ਹੁੰਦਾ ਹੈ ਕਿ ਲਗਨ ਨਾਲ ਲੱਗੇ ਰਹਿਣ ਵਾਲਿਆਂ ਦੀ ਅੰਤ ਵਿਚ ਜਿੱਤ ਹੁੰਦੀ ਹੈ। ਚਰਚਿਲ ਨੇ ਸਫ਼ਲਤਾ ਦਾ ਰਹੱਸ ਦੱਸਦੇ ਹੋਏ ਕਿਹਾ ਸੀ ਕਿ 'ਕਦੇ ਵੀ ਹਾਰ ਨਾ ਮੰਨੋ।' ਜੇਤੂ ਕਦੇ ਮੈਦਾਨ ਨਹੀਂ ਛੱਡਦੇ ਅਤੇ ਮੈਦਾਨ ਛੱਡਣ ਵਾਲੇ ਕਦੇ ਜੇਤੂ ਨਹੀਂ ਹੁੰਦੇ। ਬ੍ਰਾਇਨ ਟ੍ਰੇਸੀ ਨੇ ਕੈਲਵਿਲ ਕੂਲਿਜ ਦੇ ਹਵਾਲੇ ਨਾਲ ਕਿਹਾ ਸੀ 'ਜੁਟੇ ਰਹੋ, ਦੁਨੀਆ ਵਿਚ ਕੋਈ ਵੀ ਚੀਜ਼ ਲਗਨ ਦੀ ਜਗ੍ਹਾ ਨਹੀਂ ਲੈ ਸਕਦੀ', ਯੋਗਤਾ ਵੀ ਨਹੀਂ ਲੈ ਸਕਦੀ, ਯੋਗਤਾ ਵਾਲੇ ਅਸਫ਼ਲਤਾ ਵਿਅਕਤੀਆਂ ਤੋਂ ਜ਼ਿਆਦਾ ਆਮ ਕੁਝ ਨਹੀਂ ਹੈ। ਹੁਨਰ ਨਹੀਂ ਲੈ ਸਕਦਾ, ਅਣ-ਸਨਮਾਨਿਤ ਹੁਨਰ ਵਾਲੇ ਲੋਕ ਬਹੁਤ ਮਿਲਦੇ ਹਨ। ਇਕੱਲੀ ਸਿੱਖਿਆ ਕੁਝ ਨਹੀਂ ਲੈ ਸਕਦੀ, ਦੁਨੀਆ ਸਿੱਖਿਅਤ ਅਪਰਾਧੀਆਂ ਨਾਲ ਭਰੀ ਪਈ ਹੈ। ਲਗਨ ਅਤੇ ਸੰਕਲਪ ਹੀ ਸਰਬ ਸ਼ਕਤੀਸ਼ਾਲੀ ਹਨ।''

ਮਿੱਕੀ ਮਾਊਸ ਅਤੇ ਡੋਨਾਲਡ ਡੱਕ ਦੇ ਰਚੇਤਾ ਅਤੇ ਡਿਜ਼ਨੀਲੈਂਡ ਦੇ ਸੰਸਥਾਪਕ ਵਾਲਟ ਡਿਜ਼ਨੀ ਦੀ ਕਹਾਣੀ ਚੀਨ ਦੇ ਪ੍ਰਸਿੱਧ ਵਿਚਾਰਕ ਕਨਫਿਊਸ਼ੀਅਸ ਦੇ ਇਨ੍ਹਾਂ ਬੋਲਾਂ ਨੂੰ ਦਰਸਾਉਂਦੀ ਹੈ ਕਿ ਮਨੁੱਖ ਦਾ ਮਹਾਨ ਗੌਰਵ ਕਦੇ ਵੀ ਡਿੱਗਣ ਵਿਚ ਨਹੀਂ ਹੈ ਸਗੋਂ ਹਰ ਵਾਰ ਉਠ ਖੜ੍ਹਨ ਵਿਚ ਹੈ। ਵਾਲਟ ਡਿਜ਼ਨੀ ਦੀ ਲਗਨ ਅਤੇ ਕਦੇ ਵੀ ਹਾਰ ਨਾ ਮੰਨਣ ਵਾਲੀ ਸੋਚ ਨੇ ਉਸ ਨੂੰ ਸਫ਼ਲ ਬਣਾਇਆ। 26 ਵਰ੍ਹਿਆਂ ਦੀ ਉਮਰ ਵਿਚ ਉਸਨੇ ਆਪਣਾ ਪਹਿਲਾ ਸਫ਼ਲ ਕਾਰਟੂਨ 'ਔਸਵਾਲਡ ਦੀ ਰੈਬਿਟ' ਤਿਆਰ ਕੀਤਾ ਪਰ ਵਾਲਟ ਡਿਜ਼ਨੀ ਦੀ ਬਦਕਿਸਮਤੀ ਦੇਖੋ ਕਿ ਡਿਸਟ੍ਰੀਬਿਊਟਰ ਨੇ ਉਸ ਨੂੰ ਚੋਰੀ ਕਰ ਲਿਆ। ਅਗਲੇ ਵਰ੍ਹੇ 27 ਵਰ੍ਹਿਆਂ ਦੀ ਉਮਰ ਵਿਚ ਉਸਨੇ 'ਮਿਕੀ ਮਾਊਸ' ਬਣਾਇਆ ਪਰ ਖਰਚੇ ਕਾਰਨ ਆਰਥਿਕ ਤੌਰ 'ਤੇ ਐਨਾ ਟੁੱਟਿਆ ਕਿ ਉਸਦੀ ਕਾਰ ਤੱਕ ਵਿੱਕ ਗਈ। ਦੋ ਵਰ੍ਹੇ ਬਾਅਦ ਜਦੋਂ ਡਿਜ਼ਨੀ ਅਜੇ 29 ਸਾਲ ਦਾ ਹੀ ਹੋਇਆ ਸੀ, ਇਕ ਹੋਰ ਡਿਸਟ੍ਰੀਬਿਊਟਰ ਨੇ ਉਸਦੇ ਡੇਢ ਲੱਖ ਡਾਲਰ ਠੱਗ ਲਏ। ਅਗਲੇ 2 ਸਾਲਾਂ ਵਿਚ ਫਿਲਮਾਂ ਰੰਗੀਨ ਆਉਣ ਲੱਗੀਆਂ ਸਨ ਅਤੇ ਰੰਗੀਨ ਫ਼ਿਲਮਾਂ ਦੀ ਲਾਗਤ ਕਾਰਨ ਉਸਦੀ ਕੰਪਨੀ ਦਾ ਦੀਵਾਲੀ ਨਿਕਲ ਗਿਆ। ਦੂਜੇ ਵਿਸ਼ਵ ਯੁੱਧ ਦੌਰਾਨ ਉਸਦਾ ਸਟੂਡੀਓ ਵੀ ਉਸਦੇ ਹੱਥੋਂ ਜਾਂਦਾ ਰਿਹਾ।

ਜ਼ਿੰਦਗੀ ਵਿਚ ਮਿਲ ਰਹੀਆਂ ਹਾਰਾਂ ਉਸਦਾ ਹੌਸਲਾ ਨਹੀਂ ਤੋੜ ਸਕੀਆਂ। ਅਜੇ ਵੀ ਉਸਦੇ ਮਨ ਵਿਚ ਕੁਝ ਨਿਆਰਾ ਅਤੇ ਵੱਡਾ ਕੰਮ ਕਰਨ ਦੀ ਇੱਛਾ ਅਤੇ ਇਰਾਦਾ ਸੀ। ਉਸਨੇ ਕੈਲੀਫੋਰਨੀਆ ਵਿਚ ਡਿਜ਼ਨੀਲੈਂਡ ਬਣਾਉਣ ਦਾ ਫੈਸਲਾ ਕੀਤਾ। ਉਸਦੀ ਕੰਪਨੀ ਅਤੇ ਉਸਦੇ ਪਰਿਵਾਰ ਨੇ ਉਸਦੇ ਫੈਸਲੇ ਦਾ ਸਖ਼ਤ ਵਿਰੋਧ ਕੀਤਾ। ਉਸਦੇ ਭਰਾ ਨੇ ਉਸ ਨੂੰ ਪਾਗਲ ਹੀ ਕਰਾਰ ਦੇ ਦਿੱਤਾ ਸੀ। ਸਭ ਪਾਸਿਓਂ ਵਿਰੋਧ ਦੀ ਪਰਵਾਹ ਕੀਤੇ ਬਿਨਾਂ ਉਸਨੇ ਡਿਜ਼ਨੀਲੈਂਡ ਬਣਾਉਣ ਲਈ ਆਪਣਾ ਘਰ ਵੇਚ ਦਿੱਤਾ। ਆਪਣੀ ਬੀਤਾ ਪਾਲਿਸੀ ਵੇਚ ਦਿੱਤੀ। ਉਸਨੇ ਪੂਰੀ ਲਗਨ ਅਤੇ ਮਿਹਨਤ ਨਾਲ ਆਪਣਾ ਉਦੇਸ਼ ਪੂਰਾ ਕਰਨ ਹਿੱਤ ਦਿਨ ਰਾਤ ਇਕ ਕਰ ਦਿੱਤਾ ਅਤੇ ਆਖਿਰ ਉਹ ਸਫ਼ਲ ਹੋਇਆ। ਵਾਲਟ ਡਿਜ਼ਨੀ ਦੀ ਜੀਵਨ ਕਹਾਣੀ ਕਹਿੰਦੀ ਹੈ ਕਿ ਸਫ਼ਲਤਾ ਉਹਨਾਂ ਨੂੰ ਹੀ ਮਿਲਦੀ ਹੈ ਜੋ ਜਿੱਤਣ ਤੱਕ ਮੈਦਾਨ ਵਿਚ ਡਟੇ ਰਹਿੰਦੇ ਹਨ। ਹਾਰ ਨਾ ਮੰਨਣ ਦੀ ਜ਼ਿੱਦ, ਜਿੱਤ ਲਈ ਤੀਬਰ ਇੱਛਾ ਸ਼ਕਤੀ ਅਤੇ ਅਟਲ ਲੱਗਣ ਦੀ ਆਦਤ, ਸਫ਼ਲਤਾ ਦਾ ਪਰਚਮ ਗੱਡਣ ਵਿਚ ਸਹਾਈ ਹੁੰਦੀ ਹੈ।

''ਪੂਲਿੰਗ ਟੂਰ ਦਾ ਫਰੰਟ'' ਸਮੇਤ 50 ਪੁਸਤਕਾਂ ਦੇ ਅਮਰੀਕਨ ਲੇਖਕ ਡਾ. ਉਡੀਸ਼ਨ ਸਵੇਟ ਮਾਰਡਨ ਦੀ ਜ਼ਿੰਦਗੀ ਦੀ ਕਹਾਣੀ ਵੀ ਅਜਿਹੇ ਸਫ਼ਲ ਮਨੁੱਖ ਦੀ ਕਹਾਣੀ ਹੈ ਜੋ ਦ੍ਰਿੜ੍ਹ ਨਿਸ਼ਚੇ, ਆਤਮ ਵਿਸ਼ਵਾਸ, ਜਿੱਤਣ ਦੀ ਤੀਬਰ ਇੱਛਾ, ਲਗਨ, ਮਿਹਨਤ ਅਤੇ ਅੰਤਲੇ ਸਾਹ ਤੱਕ ਲੜਨ ਦੇ ਹੌਸਲੇ ਦੀ ਗਾਥਾ ਹੈ। 1850 ਵਿਚ ਪੈਦਾ ਹੋਏ ਸਵੈਟ ਮਾਰਡਨ ਨੇ ਅਮਰੀਕਾ ਦੀ ਭਿਆਨਕ ਮੰਦੀ ਦੇ ਦਿਨਾਂ ਵਿਚ ਆਪਣਾ ਹੋਟਲ ਗਵਾ ਲਿਆ ਅਤੇ ਉਹ ਪੂਰੀ ਤਰ੍ਹਾਂ ਸੜਕ 'ਤੇ ਆ ਗਿਆ।


ਅਜਿਹੇ ਔਖੇ ਸਮੇਂ ਉਸਨੇ ਨਾ ਸਿਰਫ਼ ਆਪਣੇ ਆਪ ਨੂੰ ਸਾਬਤ ਕਦਮ ਅਤੇ ਸਹਿਜ ਰੱਖਿਆ ਸਗੋਂ ਸਮੁੱਚੇ ਅਮਰੀਕਾ ਨੂੰ ਪ੍ਰੇਰਿਤ ਕਰਨ ਲਈ ਪ੍ਰੇਰਨਾਤਮਕ ਲਿਖਤਾਂ ਲਿਖਣ ਦਾ ਬੀੜਾ ਚੁੱਕਿਆ। ਉਸ ਨੇ ਦਿਨ ਰਾਤ ਮਿਹਨਤ ਕਰਕੇ ਇਕ ਪੁਸਤਕ ਲਿਖੀ।

ਇਸ ਪੁਸਤਕ ਨੂੰ ਲਿਖ ਕੇ ਉਹ ਪੂਰੀ ਤਰ੍ਹਾਂ ਸੰਤੁਸ਼ਟ ਸੀ ਪਰ ਇਕ ਅਜਿਹਾ ਭਾਣਾ ਵਾਪਰਿਆ ਕਿ ਜਿਸ ਮਕਾਨ ਵਿਚ ਉਹ ਰਹਿੰਦਾ ਸੀ, ਉਹ ਅੱਗ ਦੀ ਲਪੇਟ ਵਿਚ ਆ ਗਿਆ ਤੇ ਪੁਸਤਕ ਦਾ ਖਰੜਾ ਸੜ ਕੇ ਸੁਆਹ ਹੋ ਗਿਆ। ਅਜਿਹੇ ਮੌਕੇ ਆਮ ਆਦਮੀ ਦੇ ਮਨੋਬਲ ਨੂੰ ਤੋੜ ਕੇ ਰੱਖ ਦਿੰਦੇ ਹਨ ਪਰ ਇਹ ਤਾਂ ਉਡੀਸ਼ਨ ਸਵੈਟ ਮਾਰਡਨ ਸੀ। ਮਾਰਡਨ ਨੇ ਮੁੜ ਪੁਸਤਕ 'ਤੇ ਕੰਮ ਆਰੰਭ ਕੀਤਾ ਅਤੇ ਇਕ ਸਾਲ ਬਾਅਦ 'ਪੁਸ਼ਇੰਗ ਟੂ ਦੀ ਫਰੰਟ' ਹੋਂਦ ਵਿਚ ਆਈ। ਅਨੇਕਾਂ ਔਕੜਾਂ ਤੋਂ ਬਾਅਦ ਜਦੋਂ ਇਸ ਪੁਸਤਕ ਦੀ ਪ੍ਰਕਾਸ਼ਨਾ ਹੋਈ ਤਾਂ ਸਾਲ ਵਿਚ ਇਹ ਦੁਨੀਆ ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਬਣ ਗਈ। ਇਸ ਤੋਂ ਬਾਅਦ ਸਵੇਟ ਮਾਰਡਨ ਤਕਰੀਬਨ 50 ਪੁਸਤਕਾਂ ਲਿਖ ਚੁੱਕਿਆ ਸੀ, ਜੋ ਦੁਨੀਆ ਲਈ ਪ੍ਰੇਰਣਾ ਸਰੋਤ ਬਣੀਆਂ।

ਸਫ਼ਲਤਾ ਬਾਰੇ ਲਿਖਦਾ ਹੋਇਆ ਸਵੇਟ ਮਾਰਡਨ

ਬਾਕੀ ਸਫ਼ਾ 6 'ਤੇ

> ਸਫ਼ਲਤਾ ਦੇ ਰਾਹੀ ਨੂੰ ਪਤਾ ਹੁੰਦਾ ਹੈ ਕਿ ਲਗਨ ਨਾਲ ਲੱਗੇ ਰਹਿਣ ਵਾਲਿਆਂ ਦੀ ਅੰਤ ਵਿਚ ਜਿੱਤ ਹੁੰਦੀ ਹੈ। ਚਰਚਿਲ ਨੇ ਸਫ਼ਲਤਾ ਦਾ ਰਹੱਸ ਦੱਸਦੇ ਹੋਏ ਕਿਹਾ ਸੀ ਕਿ 'ਕਦੇ ਵੀ ਹਾਰ ਨਾ ਮੰਨੋ।' ਜੇਤੂ ਕਦੇ ਮੈਦਾਨ ਨਹੀਂ ਛੱਡਦੇ ਅਤੇ ਮੈਦਾਨ ਛੱਡਣ ਵਾਲੇ ਕਦੇ ਜੇਤੂ ਨਹੀਂ ਹੁੰਦੇ। ਬ੍ਰਾਇਨ ਟ੍ਰੇਸੀ ਨੇ ਕੈਲਵਿਲ ਕੂਲਿਜ ਦੇ ਹਵਾਲੇ ਨਾਲ ਕਿਹਾ ਸੀ 'ਜੁਟੇ ਰਹੋ, ਦੁਨੀਆ ਵਿਚ ਕੋਈ ਵੀ ਚੀਜ਼ ਲਗਨ ਦੀ ਜਗ੍ਹਾ ਨਹੀਂ ਲੈ ਸਕਦੀ', ਯੋਗਤਾ ਵੀ ਨਹੀਂ ਲੈ ਸਕਦੀ, ਯੋਗਤਾ ਵਾਲੇ ਅਸਫ਼ਲਤਾ ਵਿਅਕਤੀਆਂ ਤੋਂ ਜ਼ਿਆਦਾ ਆਮ ਕੁਝ ਨਹੀਂ ਹੈ।




# ਪੰਜਾਬੀ ਬੋਲੀ ਦਾ ਪਿਛੋਕੜ, ਭਵਿੱਖ ਅਤੇ ਚੁਣੌਤੀਆਂ

ਮਹਿੰਦਰਪਾਲ ਸਿੰਘ ਧਾਲੀਵਾਲ

ਮਨੁੱਖ ਦੇ ਸਮੁੱਚੇ ਵਿਕਾਸ ਵਿੱਚ ਬੋਲੀ ਦਾ ਸਭ ਤੋਂ ਵੱਡਾ ਯੋਗਦਾਨ ਹੈ ਅਤੇ ਰਹੇਗਾ। ਬੋਲੀ ਵਿਚਾਰਾਂ ਦੇ ਅਦਾਨ-ਪ੍ਰਦਾਨ ਦਾ ਸਾਧਨ ਹੈ ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਹੀ ਮਨੁੱਖਤਾ ਨੂੰ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਵਿਕਾਸ ਦੀਆਂ ਪੌੜੀਆਂ ਚੜ੍ਹਨ ਵਿੱਚ ਮਦਦਗਾਰ ਸਾਬਤ ਹੁੰਦਾ ਹੈ।

ਬੋਲੀ ਦਾ ਵਿਕਾਸ ਵੀ ਸਦੀਆਂ ਵਿੱਚ ਹੋਇਆ ਹੈ। ਬੋਲੀਆਂ ਸਾਰੀਆਂ ਹੀ ਚੰਗੀਆਂ ਤੇ ਪਿਆਰੀਆਂ ਹੁੰਦੀਆਂ ਹਨ। ਬੋਲੀ ਦਾ ਕੰਮ ਮਨੁੱਖ ਦੇ ਵਿਚਾਰਾਂ ਨੂੰ ਦੂਸਰਿਆਂ ਤੱਕ ਪਹੁੰਚਾਉਣਾ ਹੁੰਦਾ ਹੈ ਤੇ ਹਰ ਜ਼ੁਬਾਨ ਇਹੋ ਕੰਮ ਬਾਖੂਬੀ ਕਰਦੀ ਹੈ। ਇਹ ਗੱਲ ਵੱਖਰੀ ਹੈ ਕਿ ਹਰ ਇਨਸਾਨ ਨੂੰ ਆਪਣੀ ਮਾਤ-ਭਾਸ਼ਾ ਨਾਲ ਅਥਾਹ ਪਿਆਰ ਹੋਣਾ ਕੁਦਰਤੀ ਹੈ। ਅਸੀਂ ਆਪਣੀ ਮਾਂ-ਬੋਲੀ ਪੰਜਾਬੀ ਨੂੰ ਅਥਾਹ ਪਿਆਰ ਕਰਦੇ ਹਾਂ ਤੇ ਇਸ ਦੇ ਵਿਕਾਸ ਲਈ ਕੁਝ ਲੋਕ ਚੇਤਨ ਰੂਪ ਵਿੱਚ ਕਿਰਿਆਸ਼ੀਲ ਹਨ ਤੇ ਕੁਝ ਅਚੇਤ ਹੀ ਆਪਣੀ ਬੋਲੀ ਦੇ ਵਿਕਾਸ ਵਿੱਚ ਹਿੱਸਾ ਪਾਉਂਦੇ ਰਹਿੰਦੇ ਹਨ।

ਪੰਜਾਬੀ ਪੰਜਾਬ ਦੀ ਬੋਲੀ ਹੈ ਤੇ ਪੰਜਾਬ ਦੀ ਹੋਂਦ ਸਦੀਆਂ ਪੁਰਾਣੀ ਹੈ। ਦੁਨੀਆ ਦੀਆਂ ਪਹਿਲੀਆਂ ਚਾਰ ਸੱਭਿਆਤਾਵਾਂ ਮੈਸੋਪੋਟੇਮੀਆ, ਮਿਸਰ, ਸਿੰਧ ਘਾਟੀ ਤੇ ਚੀਨ ਦੀਆਂ ਸੱਭਿਆਤਾਵਾਂ ਹਨ। ਸਿੰਧ ਘਾਟੀ ਜੋ ਪੰਜਾਬ ਦਾ ਹਿੱਸਾ ਹੈ ਤੇ ਜਦੋਂ ਖੇਤੀਬਾੜੀ ਨੇ ਲੋਕਾਂ ਲਈ ਇੱਕ ਥਾਂ ਪੱਕੇ ਤੌਰ 'ਤੇ ਰਹਿਣ ਦੀ ਲੋੜ ਪੈਦਾ ਕਰ ਦਿੱਤੀ ਤਾਂ ਉਹ ਉਪਜਾਊ ਜ਼ਮੀਨ ਅਤੇ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਆਪਣੇ ਟਿਕਾਣੇ ਤਲਾਸ਼ਣ ਲੱਗੇ। ਸਿੰਧ ਦੇ ਨੇੜੇ-ਤੇੜੇ ਬੈਠਣ ਤੋਂ ਬਾਅਦ ਆਸੇ ਪਾਸੇ ਫੈਲਣ ਲੱਗੇ। ਪਹਿਲਾਂ ਪੰਜਾਬ ਨੂੰ ਸਪਤ ਸਿੰਧੂ ਯਾਨੀ ਸੱਤ ਦਰਿਆਵਾਂ ਦੀ ਧਰਤੀ, ਪੰਚ ਨਾਦ ਤੇ ਫਿਰ ਪੰਜ-ਆਬ ਕਿਹਾ ਜਾਂਦਾ ਸੀ ਤੇ ਹੌਲੀ ਹੌਲੀ ਪੰਜਾਬ ਨਾਮ ਪ੍ਰਚੱਲਿਤ ਹੋ ਗਿਆ। ਵੈਸੇ ਹਿੰਦ ਅਤੇ ਹਿੰਦੂ ਸ਼ਬਦ ਵੀ ਸਿੰਧ ਅਤੇ ਸਿੰਧੂ ਤੋਂ ਹੀ ਬਣਿਆ ਹੈ।

ਵੈਦਿਕ ਕਾਲ ਸਮੇਂ ਪੰਜਾਬ ਵਿੱਚ ਇਰਾਨ ਤੇ ਅਫ਼ਗਾਨਿਸਤਾਨ ਦੇ ਕੁਝ ਹਿੱਸੇ ਵੀ ਸ਼ਾਮਲ ਸਨ ਤੇ ਸੱਤ ਦਰਿਆ ਪੰਜਾਬ ਵਿੱਚ ਵਗਦੇ ਸਨ। ਵੈਦਿਕ ਕਾਲ ਦਾ ਸਮਾਂ 3500 ਕੁ ਸਾਲ ਪਹਿਲਾਂ ਦਾ ਮਿਥਿਆ ਜਾਂਦਾ ਹੈ, ਉਸ ਸਮੇਂ ਪੰਜਾਬ ਵਿੱਚ ਦ੍ਰਾਵੜ ਲੋਕ ਰਹਿੰਦੇ ਸਨ। ਸੌ ਕੁ ਸਾਲ ਪਹਿਲਾਂ ਮਹਿੰਜੋਦਾਰੋ ਤੇ ਹੜੱਪਾ ਦੇ ਥੇਹਾਂ ਦੀ ਖੁਦਾਈ ਕਰਨ 'ਤੇ ਇਤਿਹਾਸਕਾਰਾਂ ਨੂੰ ਪਤਾ ਚੱਲਿਆ ਕਿ ਉਸ ਸਮੇਂ ਦਾ ਪੰਜਾਬ ਕਾਫ਼ੀ ਅਮੀਰ ਸੀ। ਲੋਕ ਚੰਗੇ ਹਵਾਦਾਰ ਘਰਾਂ ਵਿੱਚ ਰਹਿੰਦੇ ਸਨ। ਖੇਤੀ ਦੇ ਨਾਲ ਵਪਾਰ ਵੀ ਹੋਂਦ ਵਿੱਚ ਆ ਚੁੱਕਾ ਸੀ। ਪਾਣੀ ਦੇ ਨਿਕਾਸ ਦਾ ਪੁਖਤਾ ਪ੍ਰਬੰਧ ਸੀ। ਅਮੀਰ ਲੋਕ ਵੱਡੇ ਮਹਿਲਾਂ ਵਿੱਚ ਰਹਿੰਦੇ ਸਨ।

ਆਰੀਅਨ ਲੋਕਾਂ ਨੇ ਸਿੰਧ ਘਾਟੀ ਦੇ ਲੋਕਾਂ 'ਤੇ ਹਮਲੇ ਕਰਨੇ ਸ਼ੁਰੂ ਕੀਤੇ ਤੇ ਹੌਲੀ ਹੌਲੀ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ। ਕੁਝ ਦ੍ਰਾਵੜ ਲੋਕ ਮਾਰੇ ਗਏ ਤੇ ਕੁਝ ਦੱਖਣ ਵੱਲ ਨੂੰ ਚਲੇ ਗਏ। ਜੋ ਰਹਿ ਗਏ ਉਨ੍ਹਾਂ ਨੂੰ ਆਰੀਅਨਾਂ ਨੇ ਗ਼ੁਲਾਮ ਬਣਾ ਲਿਆ। ਇੰਜ ਜਿੱਥੇ ਆਰੀਅਨ ਅਤੇ ਦ੍ਰਾਵੜਾਂ ਦੇ ਮੇਲ ਨਾਲ ਨਵੀਂ ਨਸਲ ਪੈਦਾ ਹੋਈ ਉਵੇਂ ਹੀ ਨਵੀਂ ਬੋਲੀ ਵੀ ਪੈਦਾ ਹੋਈ ਤੇ ਹੌਲੀ ਹੌਲੀ ਬਦਲਦੀ ਗਈ। ਬੋਲੀ ਚਾਹੇ ਕੋਈ ਵੀ ਹੋਵੇ ਉਸ ਦੇ ਜਿਉਂਦਾ ਰਹਿਣ ਲਈ ਉਸ ਵਿੱਚ ਸਮੇਂ ਅਤੇ ਲੋੜ ਅਨੁਸਾਰ ਤਬਦੀਲੀ ਜ਼ਰੂਰੀ ਹੈ ਤੇ ਹੁੰਦੀ ਰਹਿੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਵੇਲੇ ਦੀ ਪੰਜਾਬੀ ਨੂੰ ਸਮਝਣਾ ਅੱਜ ਦੇ ਪੰਜਾਬੀਆਂ ਲਈ ਔਖਾ ਹੈ। ਕੁਝ ਇਤਿਹਾਸਕਾਰਾਂ ਅਨੁਸਾਰ ਪੰਜਾਬੀ ਵੈਦਿਕ ਕਾਲ ਤੋਂ ਹੀ ਬੋਲੀ ਜਾਂਦੀ ਸੀ, ਪਰ ਪੰਜਾਬੀ ਦਾ ਰੂਪ ਬਦਲਦਾ ਰਿਹਾ ਹੈ। ਉਸ ਤੋਂ ਬਾਅਦ ਕਈ ਸਾਰੀਆਂ ਬੋਲੀਆਂ ਪੰਜਾਬ ਅਤੇ ਨੇੜੇ ਦੇ ਵੱਖ ਵੱਖ ਖਿੱਤਿਆਂ ਵਿੱਚ ਪ੍ਰਫੁੱਲਿਤ ਹੋਈਆਂ। ਖੜੀ ਬੋਲੀ, ਅਵਧੀ, ਭੋਜਪੁਰੀ, ਪ੍ਰਕ੍ਰਿਤਕ ਭਾਸ਼ਾ ਆਦਿ ਤੇ ਸੰਸਕ੍ਰਿਤ ਵੀ। ਸੰਸਕ੍ਰਿਤ ਕਿਉਂਕਿ ਆਮ ਲੋਕਾਂ ਦੀ ਭਾਸ਼ਾ ਨਹੀਂ ਸੀ ਬਣਨ ਦਿੱਤੀ ਗਈ ਤੇ ਇਸ ਨੂੰ ਦੇਵਤਿਆਂ ਦੀ ਭਾਸ਼ਾ ਕਿਹਾ ਜਾਂਦਾ ਸੀ, ਇਸ ਲਈ ਇਹ ਪੰਡਤਾਂ ਤੱਕ ਹੀ ਸੀਮਤ ਰਹੀ ਤੇ ਆਮ ਲੋਕਾਂ ਦੀ ਭਾਸ਼ਾ ਨਾ ਬਣ ਸਕੀ। ਜੇ ਕੋਈ ਆਮ ਆਦਮੀ ਇਸ ਬੋਲੀ ਨੂੰ ਸੁਣ ਲੈਂਦਾ ਤਾਂ ਉਸ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ।

ਇਸਲਾਮ ਦੇ ਪੈਦਾ ਹੋਣ ਨਾਲ ਮਿਡਲ ਈਸਟ ਵਿੱਚ ਬਹੁਤ ਸਾਰੇ ਇਸਲਾਮਕ ਰਾਜੇ ਪੈਦਾ ਹੋ ਗਏ ਤੇ ਉਨ੍ਹਾਂ ਦਿਨਾਂ ਵਿੱਚ ਪੰਜਾਬ ਦੀ ਉਪਜਾਊ ਭੂਮੀ ਤੇ ਸ਼ਾਨਦਾਰ ਮੌਸਮ ਕਾਰਨ ਇਸ ਨੂੰ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਸੀ। ਇਸਲਾਮਿਕ ਰਾਜੇ ਸਮੇਂ ਸਮੇਂ ਪੰਜਾਬ 'ਤੇ ਹਮਲੇ ਕਰਦੇ ਰਹੇ। ਕਦੀ ਪੰਜਾਬ ਨੂੰ ਲੁੱਟ ਕੇ ਵਾਪਸ ਮੁੜ ਜਾਂਦੇ, ਕਦੀ ਕਿਸੇ ਰਾਜੇ ਨੂੰ ਹਰਾ ਦਿੰਦੇ ਤੇ ਕਦੀ ਹਾਰ ਜਾਂਦੇ। ਹੌਲੀ ਹੌਲੀ ਉਨ੍ਹਾਂ ਦੇ ਪੈਰ ਪੰਜਾਬ/ ਭਾਰਤ ਵਿੱਚ ਜੰਮਣ ਲੱਗੇ। ਜਿੰਨੇ ਵੀ ਇਸਲਾਮਿਕ ਰਾਜੇ ਆਏ ਉਨ੍ਹਾਂ ਨੇ ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ 'ਤੇ ਇਸਲਾਮ ਅਪਨਾਉਣ ਲਈ ਹਰ ਵਸੀਲਾ ਵਰਤਿਆ। ਚਾਹੇ ਉਹ ਲਾਲਚ ਹੋਵੇ ਜਾਂ ਜ਼ੁਲਮ। ਬਾਬਰ ਹਿੰਦੁਤਸਾਨ 'ਤੇ ਰਾਜ ਕਰਨ ਦੀ ਮਨਸ਼ਾ ਨਾਲ ਆਇਆ ਤੇ ਉਸ ਨੇ ਰਾਜ ਕੀਤਾ ਵੀ। ਉਸ ਨੇ ਤੇ ਉਸ ਤੋਂ ਬਾਅਦ ਦੇ ਰਾਜਿਆਂ ਨੇ ਵੀ (ਅਕਬਰ ਨੂੰ ਛੱਡਕੇ) ਇਸਲਾਮ ਦੀ ਪ੍ਰਫੁੱਲਤਾ ਲਈ ਹਰ ਹੱਥਕੰਡਾ ਵਰਤਿਆ।

ਪੰਜਾਬ ਦੀ ਬੋਲੀ ਪੰਜਾਬੀ 'ਤੇ ਇਸਲਾਮਕ ਰਾਜਿਆਂ ਦੀ ਆਮਦ ਕਾਰਨ ਅਰਬੀ ਤੇ ਫ਼ਾਰਸੀ ਨੇ ਪ੍ਰਭਾਵ ਪਾਇਆ। ਫ਼ਾਰਸੀ ਪੰਜਾਬ ਦੀ ਤੇ ਹਿੰਦੁਸਤਾਨ ਦੀ ਮੁੱਖ ਭਾਸ਼ਾ ਬਣ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਫ਼ਾਰਸੀ ਹੀ ਦਫ਼ਤਰਾਂ ਦੀ ਭਾਸ਼ਾ ਸੀ। ਮਹਾਰਾਜਾ ਰਣਜੀਤ ਸਿੰਘ ਭਾਵੇਂ ਪੜ੍ਹਿਆ ਲਿਖਿਆ ਨਹੀਂ ਸੀ, ਪਰ ਕੁਝ ਫ਼ਾਰਸੀ ਬੋਲ ਲੈਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਫ਼ਾਰਸੀ ਦੇ ਬਹੁਤ ਚੰਗੇ ਕਵੀ ਸਨ ਤੇ ਉਨ੍ਹਾਂ ਨੇ ਜ਼ਫਰਨਾਮਾ ਵੀ ਫ਼ਾਰਸੀ ਵਿੱਚ ਲਿਖਿਆ। ਆਮ ਲੋਕਾਂ ਦੀ ਬੋਲੀ ਵਿੱਚ ਵੀ ਫਾਰਸੀ (ਉਰਦੂ) ਦੇ

ਬਾਕੀ ਸਫ਼ਾ 7 'ਤੇ

> ਬੋਲੀ ਚਾਹੇ ਕੋਈ ਵੀ ਹੋਵੇ ਉਸ ਦੇ ਜਿਉਂਦਾ ਰਹਿਣ ਲਈ ਉਸ ਵਿੱਚ ਸਮੇਂ ਅਤੇ ਲੋੜ ਅਨੁਸਾਰ ਤਬਦੀਲੀ ਜ਼ਰੂਰੀ ਹੈ ਤੇ ਹੁੰਦੀ ਰਹਿੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਵੇਲੇ ਦੀ ਪੰਜਾਬੀ ਨੂੰ ਸਮਝਣਾ ਅੱਜ ਦੇ ਪੰਜਾਬੀਆਂ ਲਈ ਔਖਾ ਹੈ। ਕੁਝ ਇਤਿਹਾਸਕਾਰਾਂ ਅਨੁਸਾਰ ਪੰਜਾਬੀ ਵੈਦਿਕ ਕਾਲ ਤੋਂ ਹੀ ਬੋਲੀ ਜਾਂਦੀ ਸੀ, ਪਰ ਪੰਜਾਬੀ ਦਾ ਰੂਪ ਬਦਲਦਾ ਰਿਹਾ ਹੈ। ਉਸ ਤੋਂ ਬਾਅਦ ਕਈ ਸਾਰੀਆਂ ਬੋਲੀਆਂ ਪੰਜਾਬ ਅਤੇ ਨੇੜੇ ਦੇ ਵੱਖ ਵੱਖ ਖਿੱਤਿਆਂ ਵਿੱਚ ਪ੍ਰਫੁੱਲਿਤ ਹੋਈਆਂ।



# ਸਿੱਕਮ ਭਾਰਤ ਦਾ ਖ਼ੂਬਸੂਰਤ ਰਾਜ



ਬਲਜਿੰਦਰ ਸਿੰਘ
8146077177

ਭਾਰਤ ਕੁਦਰਤੀ ਤੌਰ 'ਤੇ ਭੂਗੋਲਿਕ ਭਿੰਨਤਾਵਾਂ ਵਾਲਾ ਦੇਸ਼ ਹੈ, ਜੇਕਰ ਪੰਜਾਬ ਅਤੇ ਹਰਿਆਣਾ ਜਿਹਾ ਜ਼ਰਖ਼ੇਜ਼ ਜ਼ਮੀਨ ਵਾਲਾ ਖਿੱਤਾ ਮੌਜੂਦ ਹੈ ਤਾਂ ਦੱਖਣ ਭਾਰਤ ਦੇ ਪਥਰੀਲੇ ਪਠਾਰ ਵੀ ਇਸ ਦੀ ਸ਼ਾਨ ਹਨ। ਜਿੱਥੋਂ ਉੱਤਮ ਕਿਸਮ ਦੇ ਮਸਾਲਿਆਂ ਦੀ ਪੈਦਾਵਾਰ ਹੁੰਦੀ ਹੈ, ਵਿਸ਼ਾਲ ਸਮੁੰਦਰ ਤੱਟ ਕੁਦਰਤੀ ਨਜ਼ਾਰਿਆਂ, ਨਾਰੀਅਲ ਦੀ ਖੇਤੀ, ਮੱਛੀ ਫੜ੍ਹਨ ਅਤੇ ਸਮੁੰਦਰੀ ਵਪਾਰ ਲਈ ਢੁੱਕਵੇਂ ਹਨ। ਰਾਜਸਥਾਨ ਦੇ ਬਹੁਤ ਸਾਰੇ ਸਥਾਨਾਂ 'ਤੇ ਭਾਂਤ-ਭਾਂਤ ਰੰਗਾਂ ਦਾ ਨਿਕਲਦਾ ਮਾਰਬਲ ਅਤੇ ਗ੍ਰੇਨਾਈਟ ਕੁਦਰਤ ਦਾ ਕ੍ਰਿਸ਼ਮਾ ਹੈ। ਹਿਮਾਲਿਆ ਪਰਬਤ ਲੜੀ ਤੇ ਸਥਿਤ ਸੂਬੇ ਕੁਦਰਤੀ ਖਜ਼ਾਨਿਆਂ ਨਾਲ ਭਰਪੂਰ ਹਨ। ਇਹਨਾਂ ਵਿੱਚੋਂ ਇੱਕ ਬਹੁਤ ਥੋੜ੍ਹੇ ਖੇਤਰਫ਼ਲ 7096 ਵਰਗ ਕਿਲੋਮੀਟਰ ਵਾਲਾ ਸੂਬਾ ਸਿੱਕਮ ਵੀ ਕਿਸੇ ਤੋਂ ਘੱਟ ਨਹੀਂ ਭਾਰਤ ਦੇ ਸੂਬੇ ਪੱਛਮੀ ਬੰਗਾਲ ਰਾਹੀਂ ਦੇਸ਼ ਨਾਲ ਜੁੜਿਆ ਹੋਇਆ ਇਹ ਸੂਬਾ ਨੇਪਾਲ, ਭੂਟਾਨ ਅਤੇ (ਤਿੱਬਤ ) ਚੀਨ ਨਾਲ ਆਪਣੀ ਸਰਹੱਦ ਸਾਂਝੀ ਕਰਦਾ ਹੈ। ਚਾਰ ਦਿਸ਼ਾਵਾਂ ਦੇ ਨਾਂ 'ਤੇ ਇਹ ਕੁੱਲ ਚਾਰ ਜ਼ਿਲ੍ਹਿਆਂ ਵਿੱਚ ਵੰਡਿਆ ਹੋਇਆ ਹੈ।

ਸਿੱਕਮ ਰਾਜਸ਼ਾਹੀ ਤੰਤਰ ਅਧੀਨ ਚਲਦਾ ਸੀ ਚੌਗਿਆਲ ਰਾਜੇ ਰਾਜ ਕਰਦੇ ਸਨ । ਸਿੱਕਮ ਭਾਰਤ ਦਾ ਸੂਬਾ ਬਹੁਤ ਹੌਲੀ-ਹੌਲੀ ਬਣਿਆ , 1950 ਤੋਂ ਭਾਰਤ ਸਿੱਕਮ ਦੀ ਡਿਫੈਂਸ, ਸੰਚਾਰ ਅਤੇ ਬਾਹਰੀ ਮਾਮਲਿਆਂ ਨੂੰ ਕੰਟਰੋਲ ਕਰਦਾ ਆ ਰਿਹਾ ਸੀ ਭਾਵ ਭਾਰਤ ਦੀ ਸੁਰੱਖਿਆ ਹੇਠ ਸੀ । ਆਪਣੇ ਅੰਦਰੂਨੀ ਮਾਮਲਿਆਂ ਦੇ ਫ਼ੈਸਲੇ ਸਿੱਕਮ ਆਪ ਕਰਦਾ ਸੀ। ਸਿੱਕਮ ਵਿੱਚ ਰਾਜਾਸ਼ਾਹੀ ਦੇ ਖਿਲਾਫ ਅੰਦੋਲਨ ਉੱਠਣ ਕਰਕੇ 1973 ਵਿੱਚ ਤਿੰਨ ਧਿਰੀ ਸੰਧੀ ਚੌਗਿਆਲ ਰਾਜੇ , ਭਾਰਤ ਅਤੇ ਸਥਾਨਕ ਸਿਆਸੀ ਧਿਰਾਂ ਵਿਚਕਾਰ ਨੇ ਰਾਜੇ ਦੀਆਂ ਸ਼ਕਤੀਆਂ ਨੂੰ ਸੀਮਤ ਕਰ ਦਿੱਤਾ ਅਤੇ ਭਾਰਤ ਨੂੰ ਸਰਕਾਰ ਦੇ ਕੰਮਾਂ ਦਖਲ ਅਤੇ ਲਾਅ ਐਂਡ ਆਰਡਰ ਲਾਗੂ ਕਰਨ ਦਾ ਅਧਿਕਾਰ ਮਿਲ ਗਿਆ।ਇਸ ਐਗਰੀਮੈਂਟ ਕਰਕੇ ਹੀ ਅਪ੍ਰੈਲ 1975 ਵਿੱਚ ਸਿੱਕਮ ਵਿੱਚ ਰਾਏਸ਼ੁਮਾਰੀ (Referendum) ਕਰਵਾਈ ਗਈ, 97.55% ਲੋਕਾਂ ਨੇ ਭਾਰਤ ਵਿੱਚ ਮਿਲਣ ਲਈ ਆਪਣੀ ਵੋਟ ਦਿੱਤੀ। 16 ਮਈ 1975 ਨੂੰ ਭਾਰਤੀ ਸੰਵਿਧਾਨ ਦੀ 36ਵੀਂ ਸੋਧ ਦੁਆਰਾ ਸਿੱਕਮ ਭਾਰਤ ਦਾ 22ਵਾਂ ਰਾਜ ਬਣ ਗਿਆ।

ਇਸ ਸੂਬੇ ਵਿੱਚ ਖੇਤੀ ਲਈ ਕਿਸੇ ਕਿਸਮ ਦੀ ਕੀਟਨਾਸ਼ਕ ਜਾਂ ਨਦੀਨ ਨਾਸ਼ਕ ਵਰਤਣ ਦੀ ਮਨਾਹੀ ਹੈ। ਇਸ ਨੂੰ 100% ਔਰਗੇਨਿਕ ਸਟੇਟ ਦਾ ਦਰਜਾ ਹਾਸਲ ਹੈ।

ਸਫ਼ਾਈ ਪ੍ਰਤੀ ਸਥਾਨਕ ਲੋਕਾਂ ਦੀ ਜਾਗਰੂਕਤਾ ਕਮਾਲ ਦੀ ਹੈ, ਕਿਧਰੇ ਵੀ ਕੂੜਾ ਕਰਕਟ , ਖ਼ਾਲੀ ਲਿਫਾਫੇ ਜਾਂ ਰਹਿੰਦ-ਖੂਹੰਦ ਖਿਲਰੀ ਨਜ਼ਰ ਨਹੀਂ ਆਉਂਦੀ। ਕੂੜੇ ਦੀ ਸੰਭਾਲ ਲਈ ਥਾਂ-ਥਾਂ ਰੱਖੇ ਡਸਟਬਿਨ ਦਿਖਾਈ ਦਿੰਦੇ ਹਨ। ਇੱਧਰ ਉੱਧਰ ਕੂੜਾ ਖਿਲਾਰਨਾ ਉਹਨਾਂ ਦੇ ਸੁਭਾਅ ਵਿੱਚ ਸ਼ਾਮਲ ਨਹੀਂ ਅਤੇ ਨਾ ਹੀ ਕਿਸੇ ਦੀ ਅਜਿਹੀ ਹਰਕਤ ਨੂੰ ਬਰਦਾਸ਼ਤ ਕਰਦੇ ਹਨ। ਕਿਉਂਕਿ ਅਜਿਹਾ ਸਾਡੇ ਨਾਲ ਵਾਪਰਿਆ ਸੀ, ਪੇਂਡੂ ਖੇਤਰ ਵਿੱਚੋਂ ਗੁਜ਼ਰ ਰਹੇ ਸੀ ਕਿ ਸਾਡੀ ਟੀਮ ਦੇ ਇੱਕ ਜਣੇ ਦੀ ਤਬੀਅਤ ਖਰਾਬ ਹੋ ਗਈ ਅਤੇ ਉਲਟੀਆਂ ਆਉਣ ਕਰਕੇ ਸੜਕ ਕਿਨਾਰੇ ਗੱਡੀ ਰੋਕ ਕੇ ਉਸ ਨੂੰ ਬਿਠਾ ਦਿੱਤਾ ਤਾਂ ਜੋ ਉਲਟੀ ਆਉਣ 'ਤੇ ਕੱਪੜੇ ਨਾ ਲਿਬੜ ਜਾਣ। ਇਸੇ ਸਮੇਂ ਦੌਰਾਨ ਇੱਕ ਸਾਥੀ ਸੜਕ ਕੰਢੇ ਖੜਾ ਪਿਸ਼ਾਬ ਕਰ ਰਿਹਾ ਸੀ ਕਿ ਸਥਾਨਕ ਵਾਸੀ ਗੱਡੀ ਲੈ ਕੇ ਕੋਲੋਂ ਲੰਘ ਗਏ, ਪਰ ਕੁੱਝ ਦੂਰ ਜਾ ਕੇ ਉਹ ਗੱਡੀ ਬੈਕ ਲੈ ਕੇ ਸਾਡੇ ਕੋਲ ਆ ਗਏ ਅਤੇ ਲੱਗੇ ਪੁੱਛਗਿੱਛ ਕਰਨ। ਸਾਡਾ ਸਾਥੀ ਸਾਫ਼ ਮੁੱਕਰ ਰਿਹਾ ਸੀ ਪਰ ਉਹਨਾਂ ਫੋਨ ਦੀ ਟਾਰਚ ਨਾਲ ਉਹ ਥਾਂ ਲੱਭ ਲਈ ਜਿੱਥੇ ਪਿਸ਼ਾਬ ਕੀਤਾ ਸੀ। ਐਵੇਂ ਰੋਡ ਉੱਤੇ ਪਿਸ਼ਾਬ ਕਰਨ 'ਤੇ ਪੰਜ ਸੌ ਰੁਪਏ ਜੁਰਮਾਨੇ ਬਾਰੇ ਦੱਸ ਕੇ ਜੁਰਮਾਨਾ ਮੰਗਣ ਲੱਗੇ। ਬਿਗਾਨੇ ਲੋਕ ਬਿਗਾਨੀ ਧਰਤੀ, ਆਖਰ ਸੌਰੀ ਕਹਿ ਕੇ ਮੁਆਫ਼ੀ ਮੰਗੀ ਤੇ ਸਿੱਕਮ ਪਹਿਲੀ ਵਾਰ ਆਏ ਹਾਂ ਕਹਿ ਕੇ ਉਹਨਾਂ ਤੋਂ ਖਹਿੜਾ ਛੁਡਾਇਆ।

ਗੰਗਟੋਕ ਪਹਾੜੀ ਸ਼ਹਿਰ ਹੋਣ ਕਰਕੇ ਉੱਚਾ-ਨੀਵਾਂ ਹੈ , ਇੱਥੇ ਆਵਾਜਾਈ ਲਈ ਵਨ ਵੇਅ ਟ੍ਰੈਫਿਕ ਨਿਯਮ ਹੈ । ਹਾਰਨ ਦੀ ਆਵਾਜ਼ ਕਿਤੇ ਵੀ ਸੁਣਾਈ ਨਹੀਂ ਦਿੰਦੀ । ਜਾਮ ਲੱਗਣ ਦੀ ਸਥਿਤੀ ਵਿੱਚ ਚੁੱਪ-ਚਾਪ ਖੜ੍ਹ ਕੇ ਵਾਰੀ ਦੀ ਉਡੀਕ ਕੀਤੀ ਜਾਂਦੀ ਹੈ। ਸ਼ਹਿਰ ਵਿੱਚ ਸਵੇਰ ਵੇਲੇ ਸ਼ਾਂਤ ਮਾਹੌਲ ਸੁਖਦ ਅਹਿਸਾਸ ਦਿੰਦਾ ਹੈ ਕਿਸੇ ਵੀ ਧਾਰਮਿਕ ਸਥਾਨ ਦੇ ਲਾਊਡ ਸਪੀਕਰ ਦੀ ਆਵਾਜ਼ ਸ਼ਾਂਤੀ ਭੰਗ ਨਹੀਂ ਕਰਦੀ।

ਵਿਸਕੀ ਅਤੇ ਵਾਇਨ ਦੀਆਂ ਦੁਕਾਨਾਂ ਵੱਡੀ ਗਿਣਤੀ ਵਿੱਚ ਹਨ ਅਤੇ ਇਸ ਵਰਤੋਂ ਵੀ ਕਾਫੀ ਲੋਕ ਕਰਦੇ ਹਨ, ਔਰਤਾਂ ਵੀ ਆਮ ਤੌਰ ਤੇ ਵਿਸਕੀ ਅਤੇ ਵਾਇਨ ਖਰੀਦ ਦੀਆਂ ਹਨ । ਖਰੀਦੀ ਬੋਤਲ ਅਖ਼ਬਾਰ ਜਾਂ ਕਾਗਜ਼ ਵਿੱਚ ਲਪੇਟ ਕੇ ਗਾਹਕ ਨੂੰ ਦਿੱਤੀ ਜਾਂਦੀ ਹੈ ।

ਵਿਦਿਆਰਥੀ ਵੀਕ ਐਂਡ ਤੇ ਕੰਮ ਕਰਕੇ ਆਪਣੀ ਪੜ੍ਹਾਈ ਲਈ ਪੈਸੇ ਕਮਾਉਂਦੇ ਹਨ। ਬਹੁਤੇ ਟੈਕਸੀ ਡਰਾਈਵਰੀ ਕਰਦੇ ਹਨ।

ਭਾਰਤ ਦੇ ਪ੍ਰਸਿੱਧ ਫੁੱਟਬਾਲ ਖਿਡਾਰੀ ਬਾਈਚੁੰਗ ਭੁਟੀਆ ਦਾ ਸੰਬੰਧ ਵੀ ਸਿੱਕਮ ਨਾਲ ਹੀ ਹੈ, ਪੂਰਬ ਜ਼ਿਲ੍ਹੇ ਵਿੱਚ ਭੁਟੀਆ ਦੁਆਰਾ ਚਲਾਈ ਜਾ ਰਹੀ ਹੈ ਅਕੈਡਮੀ ਵਿੱਚ ਨਵੇਂ ਖਿਡਾਰੀਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ । ਬੁੱਧ ਧਰਮ ਦਾ ਕਾਫੀ ਪ੍ਰਭਾਵ ਹੈ , ਹਿੰਦੂ ਧਰਮ ਨਾਲ ਸਬੰਧਿਤ ਵੀ ਮੰਦਰ ਅਤੇ ਗੰਗਟੋਕ ਸ਼ਹਿਰ ਵਿੱਚ ਇੱਕ ਗੁਰਦੁਆਰਾ ਵੀ ਬਣਿਆ ਹੋਇਆ ਹੈ।

ਲੋਕ ਸਮੇਂ ਦੇ ਪਾਬੰਦ ਤੇ ਕਾਨੂੰਨ ਦਾ ਪਾਲਣ ਕਰਨ ਵਾਲੇ ਹਨ , ਰਾਤੀਂ ਅੱਠ ਵਜੇ ਬਜ਼ਾਰ ਬੰਦ ਹੋਣ ਦਾ ਸਮਾਂ ਹੈ , ਕੋਈ ਵੀ ਉਲੰਘਣਾ ਨਹੀਂ ਕਰਦਾ । ਬਿਲਕੁਲ ਸਿੱਕਮ ਕਿਸੇ ਬਾਹਰਲੇ ਦੇਸ਼ ਦਾ ਭੁਲੇਖਾ ਪਾਉਂਦਾ ਹੈ, ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਇਸ ਖ਼ੂਬਸੂਰਤ ਰਾਜ ਦਾ ਆਨੰਦ ਮਾਣਿਆ ਜਾ ਸਕਦਾ।

ਚੰਡੀਗੜ੍ਹ ਤੋਂ ਸਿੱਕਮ ਲਈ ਰੇਲ ਗੱਡੀ ਅਤੇ ਹਵਾਈ ਜਹਾਜ਼ ਦੀ ਸੇਵਾ ਉਪਲੱਬਧ ਹੈ, ਰੇਲ ਗੱਡੀ ਰਾਹੀਂ ਪੱਛਮੀ ਬੰਗਾਲ ਦੇ ਨਿਊ ਜਲਪਾਈ ਗੁੜੀ ਰੇਲਵੇ ਸਟੇਸ਼ਨ ਤੱਕ ਅਤੇ ਅੱਗੋਂ ਟੈਕਸੀ ਲੈ ਕੇ ਪੰਜ-ਛੇ ਘੰਟੇ ਦਾ ਸਫ਼ਰ ਕਰਕੇ ਗੰਗਟੋਕ ਪਹੁੰਚਿਆ ਜਾ ਸਕਦਾ ਹੈ। ਗੰਗਟੋਕ ਦਾ ਐੱਮ ਜੀ ਸਟਰੀਟ ਆਮ ਪਹਾੜੀ ਸ਼ਹਿਰਾਂ ਦੇ ਮਾਲ ਰੋਡ ਵਰਗਾ ਅਹਿਸਾਸ ਦਿੰਦਾ ਹੈ, ਜਿੱਥੇ ਖਾਣ ਪੀਣ ਅਤੇ ਖਰੀਦਦਾਰੀ ਕਰਨ ਲਈ ਸੜਕ ਦੇ ਦੋਵੇਂ ਪਾਸੇ ਦੁਕਾਨਾਂ, ਰੈਸਟੋਰੈਂਟ ਅਤੇ ਸ਼ੋਅ ਰੂਮ ਬਣੇ ਹੋਏ ਹਨ। ਇਸ ਰੋਡ 'ਤੇ ਸਾਰਾ ਦਿਨ ਖ਼ੂਬ ਚਹਿਲ-ਪਹਿਲ ਰਹਿੰਦੀ ਹੈ। ਸ਼ਾਮ ਸਮੇਂ ਪੂਰਾ ਨਜ਼ਾਰਾ ਬੱਝਿਆ ਹੁੰਦਾ ਹੈ।ਇਸ ਤੋਂ ਇਲਾਵਾ ਗਨੇਸ਼ ਮੰਦਰ , ਹਿਮਾਲਿਅਨ ਜ਼ੂਅਲੋਜੀਕਲ ਪਾਰਕ , ਤਾਸੋ ਵਿਊ ਪੁਆਇੰਟ ਵੀ ਘੁੰਮੇ ਜਾ ਸਕਦੇ ਹਨ। ਵਾਇਟ ਮੈਮੋਰੀਅਲ ਹਾਲ ਦੇ ਨੇੜੇ ਫੁੱਲਾਂ ਦੀ ਨੁਮਾਇਸ਼ ਵੀ ਦੇਖਣਯੋਗ ਜਿਸ ਵਿੱਚ ਸਿੱਕਮ ਵਿੱਚ ਪੈਦਾ ਹੁੰਦੇ ਵੱਖ-ਵੱਖ ਫੁੱਲਾਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਰੰਗ ਬਿਰੰਗੇ ਫੁੱਲ ਦਾ ਵੱਖਰਾ ਹੀ ਨਜ਼ਾਰਾ ਹੈ। ਬੁੱਧ ਧਰਮ ਨਾਲ ਸਬੰਧਿਤ ਬੋਧ ਮੱਠ ਵੀ ਭਵਨ ਕਲਾ ਦਾ ਅਨੂਠਾ ਨਮੂਨਾ ਹੈ। ਪ੍ਰਸਿੱਧ ਨਥੂਲਾ ਦਰ੍ਹਾ ਜੋ ਕਿ ਗੰਗਟੋਕ ਤੋਂ ਲਗਭੱਗ 55 ਕਿਲੋਮੀਟਰ ਦੂਰ ਹੈ ਦੇਖਣ ਲਈ ਪਾਸ ਐੱਮ ਜੀ ਰੋਡ 'ਤੇ ਸਥਿਤ ਕੇਂਦਰ ਤੋਂ ਲੈਣਾ ਪੈਂਦਾ ਹੈ। ਨਥੂਲਾ ਦਰ੍ਹਾ ਜਾਣ ਲਈ ਹਫ਼ਤੇ ਦੇ ਕੁੱਝ ਦਿਨ ਨਿਰਧਾਰਤ ਹਨ ਸੋਮਵਾਰ ਅਤੇ ਮੰਗਲਵਾਰ ਨੂੰ ਨਥੂਲਾ ਦਰ੍ਹਾ ਨੂੰ ਜਾਣ ਵਾਸਤੇ ਆਵਾਜਾਈ ਬੰਦ ਹੁੰਦੀ । ਬਾਕੀ ਦਿਨ ਵੀ ਮੌਸਮ ਦੇ ਮੁਤਾਬਿਕ ਪ੍ਰਵਾਨਗੀ ਮਿਲਦੀ ਹੈ। ਸਮੋਗ ਝੀਲ ਨੂੰ ਇੱਥੋਂ ਦੇ ਵਸਨੀਕ ਪਵਿੱਤਰ ਮੰਨਦੇ ਹਨ,ਇਹ ਗੰਗਟੋਕ ਤੋਂ ਲਗਭੱਗ 40 ਕਿਲੋਮੀਟਰ ਦੂਰ ਹੈ।

ਸੈਰ-ਸਪਾਟੇ ਦਾ ਸਿੱਕਮ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਹੈ ਹਰ ਸਾਲ ਤਕਰੀਬਨ ਤਿੰਨ ਲੱਖ ਸੈਲਾਨੀ ਸਿੱਕਮ ਘੁੰਮਣ ਆਉਂਦੇ ਹਨ । ਸਿੱਕਮ ਆਉਣ ਲਈ ਅਕਤੂਬਰ ਦਾ ਮੌਸਮ ਬੜਾ ਢੁੱਕਵਾਂ ਹੈ, ਪ੍ਰੰਤੂ ਦੁਰਗਾ ਪੂਜਾ ਦੌਰਾਨ ਇੱਥੇ ਹੋਟਲ ਮਹਿੰਗੇ ਮਿਲਦੇ ਹਨ ਤੇ ਭੀੜ ਵੀ ਜ਼ਿਆਦਾ ਹੁੰਦੀ ਹੈ ਕਿਉਂਕਿ ਪੱਛਮੀ ਬੰਗਾਲ ਦੇ ਲੋਕ ਦੁਰਗਾ ਪੂਜਾ ਦੀਆਂ ਛੁੱਟੀਆਂ ਮਨਾਉਣ ਲਈ ਸਿੱਕਮ ਵੱਡੀ ਗਿਣਤੀ ਵਿੱਚ ਆਉਂਦੇ ਹਨ। ਇੱਥੇ ਦੁਰਗਾ ਪੂਜਾ ਤੋਂ ਇੱਕ ਹਫ਼ਤਾ ਪਹਿਲਾਂ ਅਤੇ ਇੱਕ ਹਫ਼ਤਾ ਬਾਅਦ ਤੱਕ ਪੂਰੀ ਭੀੜ ਹੁੰਦੀ ਹੈ। ਇਸ ਲਈ ਇਸ ਸਮੇਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

*****

# ਅਸਭਿਅਕ ਲੋਕਾਂ 'ਤੇ ਜ਼ੋਰਦਾਰ ਪ੍ਰਹਾਰ ਕਰਦੀ ਹੈ ਚਰਨਜੀਤ ਜੋਤ



ਚਰਨਜੀਤ ਜੋਤ ਆਪਣੀ ਕਵਿਤਾ ਰਾਹੀਂ ਸਮਾਜ ਵਿੱਚ ਵਿਚਰ ਰਹੇ ਅਸਭਿਅਕ ਲੋਕਾਂ ਤੇ ਜ਼ੋਰਦਾਰ ਪ੍ਰਹਾਰ ਕਰਦੀ ਪ੍ਰਤੀਤ ਹੁੰਦੀ ਹੈ। ਚਰਨਜੀਤ ਦੀ ਕਵਿਤਾ ਵਿੱਚ ਚਿੰਤਨ ਹੈ। ਉਸ ਦੀ ਕਵਿਤਾ ਪੜ੍ਹਦਿਆਂ ਲੱਗਿਆ ਕਿ ਉਸ ਨੂੰ ਮਾਨਵਤਾ ਦਾ ਫ਼ਿਕਰ ਹੈ। ਉਹ ਚਿੰਤਤ ਹੈ ਕਿ ਅਸੀਂ ਨਾਨਕ ਦੇ ਦੱਸੇ ਰਾਹ ਤੇ ਨਹੀਂ ਚੱਲੇ। ਉਹ ਕਵਿਤਾ ਰਾਹੀਂ ਦੀਵੇ ਜਗਾ ਰਹੀ ਲਗਦੀ। ਉਸ ਨੂੰ ਕਸਕ ਹੈ ਕਿ ਸਦੀਆਂ ਤੋਂ ਚਾਨਣ ਲਈ ਦੀਵੇ ਜਗਾਏ ਜਾ ਰਹੇ ਪਰ ਚਾਨਣ ਮਨੁੱਖ ਦੇ ਅੰਦਰ ਤੱਕ ਨਹੀਂ ਪਹੁੰਚ ਰਿਹਾ। ਕਵੀ ਚਾਨਣ ਨਾਲ ਭਰ ਜਾਣਾ ਲੋਚਦਾ। ਉਸ ਦੀ ਇਹ ਵੀ ਇੱਛਾ ਹੈ ਕਿ ਸਭ ਚਾਨਣ ਨਾਲ ਭਰ ਜਾਣ।

ਕਵੀ ਦੀ ਕਵਿਤਾ ਸੱਚ ਤੇ ਖੜੀ ਲਗਦੀ। ਉਂਜ ਵੀ ਮੈਨੂੰ ਲਗਦਾ ਹੁੰਦਾ ਕਵਿਤਾ ਝੂਠ ਨਹੀਂ ਬਰਦਾਸ਼ਤ ਕਰਦੀ। ਉਸ ਦੀ ਕਵਿਤਾ ਵਿਚ ਸੰਤਾਪੀ ਮਿੱਟੀ ਦਾ ਦਰਦ ਹੈ, ਮਨੁੱਖ ਵਿੱਚੋਂ ਸੰਵੇਦਨਾ, ਤਹਿਜ਼ੀਬ, ਸੰਸਕਾਰਾਂ, ਦਾ ਮਨਫ਼ੀ ਹੋਣਾ ਉਸ ਨੂੰ ਸਤਾਉਂਦਾ ਹੈ। ਕਵੀ ਦੀ ਕਵਿਤਾ ਸਵਾਲ ਕਰਦੀ ਹੈ। ਬੇਸ਼ੱਕ ਜ਼ਮੀਨ ਦੀ ਸੱਤਾ ਲਈ ਖ਼ੂਨੀ ਹੋਲੀ ਖੇਡਦੇ ਮਨੁੱਖ ਧਰਤੀ ਤੇ ਖ਼ੌਫ਼ਨਾਕ ਮੰਜ਼ਰ ਪੈਦਾ ਕਰਦੇ ਹਨ ਪਰ ਕਵੀ ਨੂੰ ਵਿਸ਼ਵਾਸ ਹੈ ਕਿ ਧਰਤੀ 'ਤੇ ਫੁੱਲ ਫਿਰ ਖਿੜਣਗੇ।

ਚਰਨਜੀਤ ਦੀ ਕਵਿਤਾ ਵਿਚ ਗਰੀਬੀ ਤੋਂ ਹੇਠਾਂ ਰਹਿੰਦੇ ਲੋਕਾਂ ਦਾ ਡੂੰਘਾ ਦਰਦ ਸਮਾਇਆ ਹੋਇਆ। ਉਹ ਗਰੀਬ ਦੇ ਹੱਕ ਵਿੱਚ ਹਾ ਦਾ ਨਾਹਰਾ ਮਾਰਦੀ ਹੈ। ਕਵੀ ਦੀ ਕਵਿਤਾ ਸਮਾਜ ਵਿਚ ਮਨੁੱਖ ਵੱਲੋਂ ਕੀਤੇ ਜਾ ਰਹੇ ਅਣ ਮਨੁੱਖੀ ਵਰਤਾਰੇ ਖ਼ਿਲਾਫ਼ ਅਵਾਜ਼ ਬੁਲੰਦ ਕਰਦੀ ਪ੍ਰਤੀਤ ਹੁੰਦੀ ਹੈ। ਉਸ ਨੇ ਕਵਿਤਾ ਰਾਹੀਂ ਲੋਕਾਂ ਦੇ ਮਨ ਪਾਕ ਪਵਿੱਤਰ ਹੋ ਜਾਣ ਦੀ ਤਾਂਘ ਰੱਖੀ ਹੈ ਤੇ ਲੋਕ ਪੱਖੀ ਕਵਿਤਾ ਦੀ ਸਿਰਜਣਾ ਕੀਤੀ ਹੈ। ਕਵੀ ਨੂੰ ਇਹ ਵੀ ਤੌਖਲਾ ਹੈ ਕਿ ਅੱਜ ਸਮਾਜ ਵਿੱਚ ਰਹਿਬਰਾਂ ਦੀ ਘਾਟ ਹੈ। ਕਵੀ ਤੇ ਗੁਰਮਤ ਦਾ ਪ੍ਰਭਾਵ ਪ੍ਰਤੱਖ ਦਿਸਦਾ ਹੈ। ਚਰਨਜੀਤ ਨੂੰ ਕੁਦਰਤ ਨਾਲ ਮੁਹੱਬਤ ਹੈ। ਉਸ ਦੇ ਦਿਲ ਵਿਚ ਲੋਕਾਈ ਲਈ ਦਰਦ ਹੈ ਤੇ ਇਹੋ ਮਨੁੱਖ ਹੋਣ ਦੀ ਨਿਸ਼ਾਨੀ ਹੈ।

ਚਰਨਜੀਤ ਕੋਲ ਕਵਿਤਾ ਹੈ, ਉਸ ਦੀ ਕਵਿਤਾ ਵਿਚ ਰਸ ਹੈ। ਕਵਿਤਾ ਵਿਚ ਕਾਵਿਕਤਾ ਹੈ, ਸਮੇਂ ਨਾਲ ਇਹ ਹੋਰ ਗਹਿਰੀ ਹੋਵੇਗੀ। ਕਵੀ ਦੀ ਕਵਿਤਾ ਦਾ ਵਹਾਅ ਸੋਹਣਾ ਹੈ। ਉਹ ਜ਼ਿਆਦਾ ਸਮਾਂ ਚਿੰਤਨ ਵਿਚ ਰਹਿੰਦੀ। ਚਰਨਜੀਤ ਨੂੰ ਇਸ ਗੱਲ ਤੋਂ ਸੁਚੇਤ ਹੋਣਾ ਜ਼ਰੂਰੀ ਕਿ ਕਵਿਤਾ ਵਿਚ ਸਭ ਕੁਝ ਕਹਿਣ ਨਾਲੋਂ ਕੁਝ ਅਣ ਕਿਹਾ ਵੀ ਛੱਡਣਾ ਜ਼ਰੂਰੀ। ਚਰਨਜੀਤ ਜੋਤ ਦੀ ਲੋਕ ਪੱਖੀ ਕਵਿਤਾ ਦਾ ਭਰਪੂਰ ਸਵਾਗਤ ਹੈ।

**ਲੜੀ ਨੰਬਰ- 7**

ਨਵਦੀਪ ਸਿੰਘ ਮੁੰਡੀ
98880-90038




ਟਵਿੱਟਰ ਵਾਲੀ ਚਿੜੀ ਹੈ ਬਹੁਤ
ਉਦਾਸ
ਨਾ ਕਿਸੇ ਦੀ ਧਰਵਾਸ
ਨਾ ਉਹ ਆਜ਼ਾਦ
ਨਾ ਕੋਈ ਖ਼ਾਬ

ਇਹ ਸੋਚਦੀ ਹੋਈ,ਉਹ ਆਪਣੇ
ਆਪ ਨੂੰ
ਕਹਿੰਦੀ ਹੈ ਕਿ ਮੇਰੇ 'ਫਿੱਟੇ ਮੂੰਹ'
ਟਵਿੱਟਰ 'ਤੇ ਬੈਠੀ ਚਿੜੀ ਨੇ
ਹਿੰਮਤ ਕਰਕੇ
ਜਦੋਂ ਚੁੰਝ ਨੂੰ
ਘਸੁੰਨ ਵਾਂਗ ਮਾਰਿਆ
ਜੈੱਡ ਸੁਰੱਖਿਆ ਵਾਲਾ ਬੰਦਾ
ਬਹੁਤ ਡਰਿਆ

ਹਿੰਮਤ ਕਰਕੇ ਬੋਲੀ ਤੇ ਕਹਿੰਦੀ
ਰੁੱਖਾਂ ਨੂੰ ਵਢਾ ਕੇ
ਸਾਡੇ ਆਲ੍ਹਣੇ ਤੜਾ ਕੇ
ਸਾਨੂੰ ਇੱਥੇ ਸਜਾ ਕੇ
ਤੇਰੇ 'ਫਿੱਟੇ ਮੂੰਹ'

ਜੈੱਡ ਸੁਰੱਖਿਆ ਵਾਲਾ ਬੰਦਾ
ਬਹੁਤ ਡਰਿਆ
ਟਵਿੱਟਰ ਵਾਲੀ ਚਿੜੀ ਹੁਣ
ਉੱਡ ਨੀ ਸਕਦੀ
ਚੋਗ ਨਹੀਂ ਚੁੱਗਦੀ

ਉਹ ਤਾਂ ਚੁੱਗਦੀ ਹੈ
ਸ਼ਬਦੀ ਜੰਗ ਦੇ
ਹਉਮੇ ਨਾਲ ਭਰੇ ਅੱਖਰ
ਟੁੱਟੇ ਫੁੱਟੇ ਸ਼ਬਦ
ਤੇ ਕਹਿੰਦੀ ਤੁਸੀਂ ਇਹ
ਛੱਡਿਆ ਮੇਰੇ ਲਈ
ਤੇਰੇ 'ਫਿੱਟੇ ਮੂੰਹ'

ਟਵਿੱਟਰ ਦੀ ਚਿੜੀ
ਅੱਕ ਥੱਕ ਕੇ
ਸਭਨਾ ਤੋਂ ਅੱਖ ਬਚਾ ਕੇ
ਜਦੋਂ ਬਾਹਰ ਉੱਡਦੀ
ਤਾਂ ਆਪਣੀਆਂ ਅੱਖਾਂ 'ਚ ਵੀ
ਉਹ ਆਪਣੀ ਚੁੰਝ ਨੂੰ
ਘਸੁੰਨ ਵਾਂਗ ਮਾਰਦੀ

ਕਿਉਂਕਿ ਉਸਨੂੰ ਕੋਈ ਚਿੜੀ
ਨਾ ਤੱਕਦੀ ,ਨਾ ਆਲ੍ਹਣੇ 'ਚ ਮਿਲੀ
ਉਹ ਬਨਾਵਟੀ ਟੰਗੇ ਆਲ੍ਹਣਿਆਂ 'ਚ
ਲੁੱਕ ਗਈਆਂ
ਚਿੜੀਆਂ ਨੂੰ ਦੇਖਦੀ

ਪਰ ਉਹ ਫਿਰ ਵੀ ਆਜ਼ਾਦ ਨੇ
ਰੁੱਖਾਂ ਨੂੰ ਮਿਲਣ ਦੇ ਖ਼ੁਆਬ ਨੇ
ਆਪਣਿਆਂ ਦੇ ਧਰਵਾਸ ਨੇ

ਇਹ ਸਭ ਦੇਖ ਕੇ
ਟਵਿੱਟਰ ਵਾਲੀ ਚਿੜੀ ਹੈ
ਬਹੁਤ ਉਦਾਸ
ਨਾ ਕਿਸੇ ਦੀ ਧਰਵਾਸ
ਨਾ ਉਹ ਆਜ਼ਾਦ
ਨਾ ਕੋਈ ਖ਼ੁਆਬ ।

## ਮਾਡਰਨ ਚਿੜੀਆਂ ਦਾ ਚੰਬਾ

ਪਾਸ਼ ਨੇ ਕਿਹਾ ਸੀ ਕਿ
ਚਿੜੀਆਂ ਦਾ ਚੰਬਾ
ਉੱਡਕੇ ਕਿਤੇ ਨਹੀਂ ਜਾਵੇਗਾ
ਪਰ ਮਾਫ ਕਰੀ ਪਾਸ਼
ਚਿੜੀਆਂ ਦੇ ਚੰਬੇ ਨੇ
ਤੈਨੂੰ ਝੂਠਾ ਸਾਬਿਤ ਕਰ
ਦੂਰ ਦੇਸ਼ ਦੀ ਉਡਾਰੀ ਭਰ
ਲੋਹੇ ਦੇ ਜਾਲ ਨੂੰ
ਆਪਣੀਆਂ ਚੁੰਝਾਂ ਨਾਲ ਤੋੜ ਦਿੱਤਾ
ਚੰਬਾ ਦੂਰ -ਦੂਰ ਤੱਕ ਕਿਤੇ ਵੀ
ਘਾਹ ਨਹੀਂ ਖੋਤਦਾ
ਉਹ ਤਾਂ ਰੁੱਝ ਗਿਆ
ਆਈਲੈਟਸ ਸੈਂਟਰਾਂ 'ਚ
ਬੈਂਡ ਵੱਧ ਲੈਣ ਲਈ
ਹੁਣ ਚਿੜੀਆਂ ਦਾ ਚੰਬਾ
ਰੁੱਖੀਆਂ ਮਿੱਸੀਆਂ ਰੋਟੀਆਂ ਭੁੱਲ
ਬਰਗਰ, ਪੀਜੇ ਦਾ ਜਾਇਕਾ ਲੈਂਦਾ
ਉਹਨਾਂ ਦੇ ਮਖ਼ਮਲੀ ਸਰੀਰਾਂ 'ਤੇ
ਪੱਛਮੀ ਪੁਸ਼ਾਕਾਂ ਨੇ ਸਿਰ ਅਤੇ ਮੋਢਿਆਂ ਤੋਂ
ਭੁਲਾ ਦਿੱਤਾ
ਚੁੰਨੀਆਂ ਲੈਣ ਦਾ ਸਲੀਕਾ
ਮਾਡਰਨ ਚਿੜੀਆਂ ਦਾ ਚੰਬਾ
ਸਰਾਪੀ ਜਵਾਨੀ ਦਾ ਮਰਸੀਆ ਗਾ ਕੇ ਨਹੀਂ
ਗੁਜ਼ਾਰਦਾ
ਸਗੋਂ ਸਟੇਟਸ ਲਾ ਕੇ ਤੇ ਰੀਲਾਂ ਬਣਾ ਕੇ
ਆਨੰਦ ਮਾਣਦਾ
ਨਾ ਹੀ ਇਹ ਚੰਬਾ
ਕਲਮ ਕੱਲਾ ਰੋਂਦਾ
ਨਾ ਹੀ ਪਰੇਸ਼ਾਨ ਹੁੰਦਾ
ਇਹ ਤਾਂ ਸੋਸ਼ਲ ਮੀਡੀਏ 'ਤੇ
ਪਲ -ਪਲ ਹੈ ਅਪਡੇਟ ਰਹਿੰਦਾ
ਹੁਣ ਬਾਬਲ ਵੀ ਪਰੇਸ਼ਾਨ ਨਹੀਂ
ਹੱਥੀ ਛੱਡ ਆਉਂਦਾ
ਵੀਜਾ ਲਵਾ ਹਵਾਈ ਅੱਡੇ 'ਤੇ
ਮਾਫ਼ ਕਰੀ ਪਾਸ਼
ਮਾਡਰਨ ਚਿੜੀਆਂ ਦਾ ਚੰਬਾ
ਪੰਜਾਬ ਛੱਡ ਕੇ ਹੁਣ ਬਹੁਤ ਖੁਸ਼ ਹੈ
ਇਹਨਾਂ ਨੂੰ ਨਹੀਂ ਸਤਾਉਂਦਾ
ਕੋਈ ਪਿਛਲਿਆਂ ਦਾ ਮੋਹ
ਉਹ ਤਾਂ ਬਾਜ਼ਾਰੀ ਚੀਜ਼ਾਂ ਨਾਲ
ਮਹਾਂਵਾਰੀ ਦਾ ਦਾਗ ਲਕੋ ਲੈਂਦਾ
ਤੇ ਕਈ ਵਾਰੀ ਨਾ ਸਮਝੀ 'ਚ
ਕੋਈ ਦਾਗ ਬਾਬਲ ਦੀ ਪੱਗ 'ਤੇ ਲਗਾ ਜਾਂਦਾ
ਪਾਸ਼ ਤੇਰਾ ਚਿੜੀਆਂ ਦਾ ਚੰਬਾ
ਰੁਖ਼ਸਤ ਹੋ ਗਿਆ
ਪਤਾ ਨਹੀਂ
ਕਿਹੜੇ ਕਿਹੜੇ ਦੇਸ।

## ਵਿੱਦਿਆ ਵੀਚਾਰੀ

ਹੇ ਨਾਨਕ ਪਾਤਸ਼ਾਹ
ਵਿੱਦਿਆ ਦੇ ਰਹਿਬਰ
ਅਸੀਂ ਵਿੱਦਿਆ ਨੂੰ ਵੀਚਾਰਨਾਂ
ਤੇ ਪਰਉਪਕਾਰਨਾ
ਛੱਡ ਦਿੱਤਾ

ਕਿਉਂਕਿ ਵਿੱਦਿਆ ਸਾਡੇ
ਮਸਤਕ 'ਚ ਅਜੇ ਖੁੱਭੀ ਨਹੀਂ
ਗੂਗਲ ਭਾਰੂ ਪੈ ਗਿਆ
ਤੇਰੀ ਦੱਸੀ ਵਿੱਦਿਆ 'ਤੇ

ਹੁਣ ਪਰਉਪਕਾਰੀ ਕੌਣ ਬਣੇ
ਕਿਸ 'ਤੇ ਕਰੀਏ ਪਰਉਪਕਾਰ
ਇਸ ਗੂਗਲ ਦੇ ਵਿਚਕਾਰ

ਜੇ ਅਸੀਂ ਪਰਉਪਕਾਰੀ ਬਣਦੇ
ਵਿੱਦਿਆ ਝੌਂਪੜੀਆਂ ਨਾਲ
ਟਕਰਾ ਜਾਂਦੀ
ਫੈਲ ਜਾਂਦੀ ਚਹੁੰ-ਦਿਸ਼ਵਾਂ
ਵਿਚਕਾਰ

ਨਾ ਹੀ ਬਾਲ ਮਜ਼ਦੂਰੀ ਯੁੱਧ
ਲੜਦੀ
ਜੇ ਲੋਕਤੰਤਰ ਵਿੱਦਿਆ ਵੀਚਾਰ
ਦਾ
ਸਿੰਘਾਸਨ 'ਤੇ ਬੈਠ ਕੇ
ਚੋਣਾਂ ਜਿੱਤਣ ਵਾਂਗ ਕਰਦਾ ਪ੍ਰਚਾਰ
ਤਾਂ ਵਿਦਿਆ ਤੀਜਾ ਨੇਤਰ ਹੀ
ਨਹੀਂ
ਸਦੀਵੀ ਨੇਤਰ ਬਣਦਾ

ਇਹ ਨੇਤਰ ਕਦੇ ਵੀ
ਆਈਲੈਟਸ ਸੈਂਟਰਾਂ 'ਚ
ਨਾ ਪੱਲੇ ਝਾੜਦਾ ਦਾ
ਨਾ ਪੱਲੇ ਅੱਡਦਾ
ਨਾ ਭਰਨ ਦਿੰਦਾ ਉਡਾਣ
ਸੱਤ ਸਮੁੰਦਰੋਂ ਪਾਰ

ਹੁਣ ਤੱਕ ਪੈਂਤੀ ਦੀ ਜੋਤ
ਇਸ ਨੇਤਰ 'ਚ ਹੀ
ਬਲ਼ ਉੱਠਦੀ
ਫਿਰ ਅਸੀਂ ਕਦੇ ਵੀ
ਸੌਦਾਗਰ ਨਾ ਬਣਦੇ
ਵਿੱਦਿਆ ਦੇ

ਜੇ ਅਸੀਂ ਕੀਤਾ ਹੁੰਦਾ
ਪਰਉਪਕਾਰ
ਕੀਤਾ ਹੁੰਦਾ ਵੀਚਾਰ
ਕੀਤਾ ਹੁੰਦਾ ਉਪਚਾਰ
ਹੇ ਵਿਦਿਆ ਦੇ ਰਹਿਬਰ
ਨਾਨਕ ਪਾਤਸ਼ਾਹ।

ਵਿਅੰਗ

# ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

ਮੰਗਤ ਕੁਲਜਿੰਦ
094177-53892, 001-425-286-0163 (ਵੱਟਸਐਪ)

ਪੰਜਾਬੀ ਦੇ ਇਕ ਮਹਾਨ ਵਿਅੰਗਕਾਰ ਦਾ ਲਿਖਿਆ ਵਿਅੰਗ 'ਪੈਸੇ ਦਰੱਖਤਾਂ ਨੂੰ ਨਹੀਂ ਲੱਗਦੇ' ਪੜ੍ਹਦਿਆਂ ਇੱਥੇ ਆ ਕੇ ਸੂਈ ਅਟਕ ਗਈ ਜਿੱਥੇ ਉਸ ਲਿਖਿਆ ਸੀ 'ਮੈਂ ਅਮਰੀਕਾ ਗਿਆ ਤੇ ਉੱਥੋਂ ਡਾਲਰ ਦਰੱਖਤਾਂ ਤੋਂ ਤੋੜ ਕੇ ਲਿਆਇਆ,' ਮਨ ਨੂੰ ਵੀ ਯਕੀਨ ਜਿਹਾ ਹੋ ਗਿਆ, ਬਈ ਅਮਰੀਕਾ ਤਾਂ ਅਮਰੀਕਾ ਹੈ! ਸੁਪਰ ਪਾਵਰ, ਧੱਕੜ, ਉੱਥੇ ਪੈਸੇ ਦਰੱਖਤਾਂ ਨੂੰ ਵੀ ਲੱਗੇ ਹੋ ਸਕਦੇ ਹਨ।' ਉਦੋਂ ਹੀ ਸੋਚ ਲਿਆ ਕਿ ਮੈਂ ਵੀ ਦਰੱਖਤਾਂ ਤੋਂ ਡਾਲਰ ਤੋੜ ਕੇ ਲਿਆਵਾਂਗਾ। 'ਉਹ ਦਰੱਖਤ ਮਿਲਣਗੇ ਕਿੱਥੇ?' ਅਖੀਰਲੀਆਂ ਸਤਰਾਂ ਪੜ੍ਹ ਕੇ ਪਤਾ ਲੈਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਡਾਲਰਾਂ ਨਾਲ ਲਹਿਲਹਾਉਂਦੇ ਦਰੱਖਤਾਂ ਦੇ ਮੂਹਰੇ ਖੜ੍ਹਾ ਪਾਇਆ।

ਹੁਣ ਅਮਰੀਕਾ ਆ ਵੀ ਗਏ, ਬੜੇ ਪਛਤਾ ਰਹੇ ਹਾਂ ਕਿ ਉਦੋਂ ਜੇ ਦੋ ਲਾਈਨਾਂ ਹੋਰ ਪੜ੍ਹ ਲੈਂਦੇ ਤਾਂ ਕੀ ਜ਼ਹਾਜ ਛੁੱਟ ਜਾਣਾ ਸੀ? ਪਰ ਅਬ ਪਛਤਾਏ ਹੋਤ ਕਿਆ? ਜੋ ਹੋਣਾ ਸੀ ਹੋ ਗਿਆ। ਸਮਾਂ ਬਰਬਾਦ ਕਰਨ ਦੀ ਬਜਾਇ ਉਸ ਦਰੱਖਤ ਨੂੰ ਭਾਲੀਏ, ਖ਼ਬਰੇ ਮਿਲ ਹੀ ਜਾਵੇ। ਪੰਜਾਬੀ ਦਿੱਖ ਵਾਲੇ ਦੋ ਕੁ ਰਾਹ ਜਾਂਦੇ ਸੱਜਣਾਂ ਨੂੰ ਰੋਕਿਆ, ਅਜਿਹੇ ਦਰੱਖਤ ਬਾਰੇ ਪੁੱਛਿਆ ਤਾਂ ਉਹ ਇਕ ਸੌ ਇਕ ਫ਼ੀਸਦੀ ਹੀ ਮੁੱਕਰ ਗਏ। ਇਕ ਹੋਰ ਪੰਜਾਬੀ ਨੂੰ ਰੋਕਿਆ। ਉਹਨੂੰ ਸਾਡੀਆਂ ਗੱਲਾਂ ਤੋਂ ਪਤਾ ਲੱਗ ਗਿਆ ਕਿ ਇਹ ਪੰਜਾਬ ਤੋਂ ਨਵਾਂ ਨਵਾਂ ਆਇਆ ਹੈ, ਇਸ ਦੀਆਂ ਆਦਤਾਂ ਹਾਲੇ ਪੰਜਾਬੀਆਂ ਵਾਲੀਆਂ ਹੀ ਹੋਣਗੀਆਂ ਕਿ ਡਿਊਟੀ ਕਰਨ ਚੱਲਿਆਂ ਵੀ ਜਿੱਥੇ ਮਰਜ਼ੀ ਖੜ੍ਹ ਜਾਉ, ਗੱਪਾਂ ਮਾਰੋ, ਕੋਈ ਮਜ੍ਹਮਾ ਲੱਗਿਆ ਵੇਖੋ, ਕਿਹੜਾ ਕਿਸੇ ਨੇ ਪੁੱਛਣੈ ਬਈ ਲੇਟ ਕਿਉਂ ਹੈ? ਇਸ ਲਈ ਉਸ ਨੇ ਮੇਰੇ ਤੋਂ ਖਹਿੜਾ ਛੁਡਾਉਣ 'ਚ ਹੀ ਭਲਾ ਸਮਝਿਆ। ਪਰ ਇਕ ਬਜ਼ੁਰਗ ਸੱਜਣ ਮਿਲਿਆ ਜੋ ਸ਼ਾਇਦ ਆਪਣੇ ਸਮੇਂ ਨੂੰ ਕਤਲ ਕਰਨ ਦੀ ਤਾਕ 'ਚ ਸੀ। ਮੇਰੀ ਗੱਲ ਨੂੰ ਧਿਆਨ ਨਾਲ ਸੁਣ ਕੇ ਉਹ ਕਹਿੰਦਾ, "ਬਈ ਸ਼ੇਰਾ, ਮੈਂ ਤਾਂ ਆਪ ਨ੍ਹੀ ਅੱਜ ਤੱਕ ਡਾਲਰ ਲੱਗੇ ਵਾਲਾ ਦਰੱਖਤ ਵੇਖਿਆ। ਹਾਂ! ਇੱਥੇ ਦਰੱਖਤਾਂ ਨੂੰ ਬੇਰ-ਬੂਰ ਜਿਹੇ ਕਾਫ਼ੀ ਲੱਗੇ ਹੁੰਦੇ ਐ ਅਤੇ ਆਪਣੇ ਪੰਜਾਬੀ ਸ਼ੁਰੂਆਤ ਵੀ ਉਨ੍ਹਾਂ ਨੂੰ ਤੋੜਣ ਤੋਂ ਈ ਕਰਦੇ ਐ, ਸ਼ਾਮ ਨੂੰ ਡਾਲਰ ਮਿਲ ਜਾਂਦੇ ਨੇ, ਮੈਂ ਵੀ ਜਾਂਦਾ ਹਾਂ ਤੋੜਣ। ਜੇ ਤੂੰ ਵੀ ਚੱਲਣੈ ਤਾਂ ਆਜਾ, ਲੈ ਚੱਲਦਾਂ ਖੇਤਾਂ ਚ...।"

"ਇੰਨੀ ਠੰਢ 'ਚ! ਇੱਥੇ ਤਾਂ ਕੁਲਫ਼ੀ ਜੰਮ ਜੂ।"

"ਪਰ ਕਾਕਾ, ਉਹ ਦਰੱਖਤ ਤਾਂ ਖੇਤਾਂ 'ਚ ਹੀ ਮਿਲਦੇ ਨੇ, ਸਟੋਰਾਂ 'ਚ ਤਾਂ ਮਿਲਣੇ ਨਹੀਂ।"

ਬਜ਼ੁਰਗ ਦੀਆਂ ਗੱਲਾਂ ਦਾ ਵੀ ਸੱਚ ਨਾ ਆਇਆ। ਸੋਚਿਆ ਕਿਉਂ ਇਹਦੇ ਨਾਲ ਮੱਥਾ ਮਾਰ ਕੇ ਸਮਾਂ ਗੁਆਉਣਾ ਹੈ, ਕਿਸੇ ਹੋਰ ਤੋਂ ਪੁੱਛਦੇ ਹਾਂ। ਸਾਹਮਣੇ ਹੀ ਗੁਰੂ-ਘਰ ਸੀ। ਉੱਥੇ ਕਾਫ਼ੀ ਲੋਕ ਮਿਲ ਗਏ ਕਿਉਂਕਿ ਲੰਗਰ ਦਾ ਸਮਾਂ ਜੋ ਸੀ। ਕੁਝ ਸੱਜਣ ਤਾਂ ਲੱਗੇ ਜਿਵੇਂ ਬੜੇ ਕਾਹਲੇ ਨੇ, ਉਨ੍ਹਾਂ ਨੇ ਤਾਂ ਦਰਬਾਰ ਸਾਹਿਬ 'ਚ ਜਾ ਕੇ ਮੱਥਾ ਟੇਕਣ ਦੀ ਖੇਚਲ ਹੀ ਨੀਂ ਕੀਤੀ ਹੋਣੀ। ਕੁਝ ਕੁ ਹਿਸਾਬੀ-ਕਿਤਾਬੀ ਵੀ ਲੱਗੇ ਜਿਨ੍ਹਾਂ ਨੇ ਸੋਚਿਆ ਹੋਊ ਉਨੇ ਕੁ ਦਾ ਮੱਥਾ ਟੇਕ ਲਈਏ ਜਿੰਨੇ ਕੁ ਦਾ ਖਾਣਾ ਹੈ ਤੇ ਦਸਵੰਧ ਕੱਢਣ ਵਾਲੇ ਸੱਜਣਾਂ ਦੀ ਤਾਂ ਕੋਈ ਘਾਟ ਹੀ ਨਹੀਂ ਸੀ। ਦੋ ਚਾਰ ਬੰਦਿਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ, "ਬਈ ਸੱਜਣਾ, ਅਜੇ ਤੱਕ ਤਾਂ ਟਰੰਪ ਵਰਗੇ ਨੇਤਾਵਾਂ ਨੇ ਇੱਥੇ ਅਜਿਹਾ ਕੋਈ ਦਰੱਖਤ ਉੱਗਣ ਹੀ ਨਹੀਂ ਦਿੱਤਾ। ਜੇ ਕਿਤੇ ਅੰਡਰ ਗਰਾਊਂਡ ਰੱਖੀ ਬੈਠੇ ਹੋਣ ਤਾਂ ਕਹਿ ਨਹੀਂ ਸਕਦੇ। ਪਰ ਜੇ ਤੂੰ ਡਾਲਰ ਤੋੜਣੇ ਮਤਲਬ ਕਮਾਉਣੇ ਨੇ ਤਾਂ ਸਟੋਰਾਂ 'ਤੇ, ਢਾਬਿਆਂ 'ਚ, ਪੈਟਰੋਲ ਪੰਪਾਂ 'ਤੇ, ਫੈਕਟਰੀਆਂ 'ਚ ਜਾ। ਜਿੱਥੇ ਕਿਤੇ ਭਾਂਡੇ ਧੋਣ ਦਾ, ਰੇੜੀਆਂ ਖਿੱਚਣ ਦਾ, ਸਫਾਈਆ ਕਰਨ ਦਾ ਜੋ ਵੀ ਕੰਮ ਮਿਲਦੈ, ਜੁਟ ਜਾ ਮਸ਼ੀਨ ਬਣਕੇ। ਡਾਲਰ ਭੱਜੇ ਆਉਣਗੇ ਤੇਰੀ ਝੋਲੀ ਭਰਨ। ਗੱਲ ਉਨ੍ਹਾਂ ਦੀ ਕੁਝ ਕੁ ਸਿਆਣੀ ਲੱਗੀ।

ਇਸ ਮਗਰੋਂ ਅੰਗਰੇਜ਼ੀ ਅੱਖਰਾਂ 'ਚ ਲਿਖੇ ਨਾਮ ਵਾਲੇ ਸਟੋਰ 'ਚ ਵੜਨ ਤੋਂ ਪਹਿਲਾਂ ਸਾਰੇ ਰੱਬਾਂ ਨੂੰ ਮਨ 'ਚ ਧਿਆਇਆ ਸਿਵਾਇ ਅੰਗਰੇਜ਼ੀ ਮਾਤਾ ਦੇ। ਅੰਦਰ ਜਾ ਕੇ ਸਮਝ ਨਾ ਆਵੇ, ਕੀਹਦੇ ਨਾਲ ਗੱਲ ਕਰਾਂ? ਇੱਥੇ ਤਾਂ ਸਾਰੇ ਹੀ ਝੱਗੀਆਂ ਪਾਈ ਆਪਣੇ ਕੰਮਾਂ 'ਚ ਜੁਟੇ ਭੱਜੇ ਫਿਰਦੇ ਮੈਨੇਜਰ ਹੀ ਲੱਗੇ। ਸ਼ੁਕਰ ਹੈ ਸਾਹਮਣੇ 'ਆਫਿਸ' ਲਿਖਿਆ ਹੋਇਆ ਪੜ੍ਹ ਲਿਆ। ਲੋਕਾਂ ਤੋਂ ਅੱਖ ਬਚਾਉਂਦਾ ਉਧਰ ਨੂੰ ਭੱਜਿਆ। ਸੋਚਿਆ ਕਿ ਆਪਣੀ ਸੋਹਣੀ ਜਿਹੀ ਸੈਕਰੇਟਰੀ ਨਾਲ ਮੈਨੇਜਰ ਅੰਦਰ ਬੈਠਾ ਕੁਝ ਡਿਕਟੇਟ ਕਰਾ ਰਿਹਾ ਹੋਵੇਗਾ, ਵੱਡਾ ਸਾਰਾ ਮੇਜ਼, ਆਸੇ ਪਾਸੇ ਕੁਰਸੀਆਂ ਦਾ ਝੁਰਮਟ, ਇਕ ਸੋਫਾ ਸੈੱਟ ਆਦਿ, ਪਰ ਇੱਥੇ ਤਾਂ ਅਜਿਹਾ ਕੁਝ ਨਹੀਂ ਸੀ। ਦਫ਼ਤਰ 'ਚ ਤਿੰਨ ਚਾਰ ਸਾਧਾਰਨ ਜਿਹੀਆਂ ਕੁਰਸੀਆਂ ਸਟੂਲ ਤੇ ਸਾਧਾਰਨ ਜਿਹਾ ਆਦਮੀ ਝੱਗੀ ਪਾਈ ਕੰਪਿਊਟਰ 'ਤੇ ਖੜ੍ਹਾ ਕੰਮ ਕਰੀ ਜਾਵੇ। ਇਹਨੂੰ ਕਿਵੇਂ ਪੁੱਛਾਂ ਕਿ ਮੈਨੇਜਰ ਕਿੱਥੇ ਆ? ਜ਼ੋਰ ਦੇ ਕੇ ਵੀ ਅੰਗਰੇਜ਼ੀ ਨਾ ਬਣੀ ਤੇ ਪੰਜਾਬੀ 'ਚ ਹੀ ਬੋਲਿਆ ਗਿਆ, "ਜੀ ਮੈਂ ਦਰੱਖਤਾਂ ਤੋਂ ਡਾਲਰ ਤੋੜਣ ਆਇਆਂ।" ਪਰ ਮੈਂ ਸਮਝ ਗਿਆ ਕਿ ਉਸ ਨੂੰ ਮੇਰੀ ਗੱਲ ਦੀ ਸਮਝ ਨਹੀਂ ਆਈ। ਫਿਰ ਵੀ ਉਸ ਨੇ ਮੁਸਕਰਾਉਂਦਿਆਂ ਮੇਰੇ ਵੱਲ ਦੇਖਿਆ ਤੇ ਅੰਗਰੇਜ਼ੀ 'ਚ ਹੀ ਕੁਝ ਪੁੱਛਿਆ। ਫਿਰ ਉਹੀ ਅੜਚਣ! ਮੈਂ ਉਹਦੇ ਮੂੰਹ ਵੱਲ ਵੇਖਣ ਲੱਗਿਆ। ਇਸ਼ਾਰੇ ਨਾਲ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਕੰਮ ਮੰਗਣ ਆਇਆ ਹਾਂ, ਪਰ ਉਹ ਸਮਝ ਗਿਆ ਕਿ ਜਾਂ ਤਾਂ ਮੈਂ ਗੂੰਗਾ-ਬੋਲਾ ਹਾਂ ਜਾਂ ਅੰਗਰੇਜ਼ੀ ਦਾ ਕੱਟੜ ਦੁਸ਼ਮਣ। ਲੱਗਿਆ ਉਸ ਨੇ ਮਨ 'ਚ ਦੋ ਚਾਰ ਗਾਲ੍ਹਾਂ ਟਰੰਪ ਨੂੰ ਵੀ ਕੱਢੀਆਂ ਹੋਣਗੀਆਂ 'ਬਈ ਕੀ ਖੁੜਿਆ ਪਿਐ ਅਜਿਹੇ ਲੋਕਾਂ ਬਿਨਾਂ, ਉਈਂ ਸੱਦੀ ਜਾ ਰਹੇ ਨੇ ਟਰੱਕ ਦੇ ਟਰੱਕ ਭਰਕੇ।' ਉਂਜ, ਉਸ ਦੇ ਹਾਵ-ਭਾਵ ਤੋਂ ਮੈਂ ਪਹਿਲਾਂ ਹੀ ਅੰਦਾਜ਼ਾ ਲਾ ਲਿਆ ਕਿ ਇਸ ਨੇ ਗਾਲ੍ਹਾਂ ਨਹੀਂ ਕੱਢੀਆਂ ਹੋਣੀਆਂ। ਇੰਨਾ ਜ਼ਰੂਰ ਹੋਇਆ ਕਿ ਉਹਨੇ ਹੱਥਾਂ ਦੇ ਇਸ਼ਾਰਿਆਂ ਨਾਲ ਸਮਝਾ ਦਿੱਤਾ, 'ਬਈ ਤੇਰੇ ਲਈ ਇੱਥੇ ਕੋਈ ਕੰਮ ਨ੍ਹੀਂ, ਔਹ ਹੈ ਬੂਹੇ ਦਾ ਦਰਵਾਜ਼ਾ, ਹੋਰ ਕਿਤੇ ਕੰਮ ਭਾਲ।' ਖ਼ੁਦ 'ਤੇ ਬੜਾ ਹੀ ਗੁੱਸਾ ਆਇਆ ਕਿ ਤੀਹ ਸਾਲ ਪਹਿਲਾਂ ਅਮਰੀਕਾ ਆ ਵਸੇ ਭਰਾ ਦੀ ਵਾਰ ਵਾਰ ਕੀਤੀ ਅੰਗਰੇਜ਼ੀ ਸਿੱਖਣ ਦੀ ਤਾਕੀਦ ਕਿਉਂ ਨਾ ਮੰਨੀ? ਪਰ ਮੰਨਦਾ ਵੀ ਕਿਵੇਂ? ਉਦੋਂ ਤਾਂ ਮੈਂ ਸਾਡੇ ਪਿੰਡ ਵਾਲੇ ਸਕੂਲ ਦੇ ਪੰਜਾਬੀ ਮਾਸਟਰ ਅਤੇ ਖੇਡ-ਸਿੱਖਿਆ ਮਾਸਟਰ ਜੀ ਦਾ ਅੰਧ-ਭਗਤ ਸੀ। ਉਨ੍ਹਾਂ ਦੇ ਕਹੇ ਇਕ ਇਕ ਸ਼ਬਦ 'ਤੇ ਫੁੱਲ ਚੜ੍ਹਾਉਂਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਅੰਗਰੇਜ਼ ਸਾਡੇ ਦੇਸ਼ ਦੀ ਸਾਰੀ ਦੌਲਤ ਹੂੰਝ ਕੇ ਲੈ ਗਏ। ਆਪ ਤਾਂ ਇੱਥੋਂ ਚਲੇ ਗਏ, ਪਰ ਵਲਾਇਤ ਨੂੰ ਅਤੇ ਅੰਗਰੇਜ਼ੀ ਭਾਸ਼ਾ ਨੂੰ ਸਾਡੀ ਜਾਨ ਦਾ ਖੌਅ ਬਣਾ ਗਏ। ਮੁੱਕਦੀ ਗੱਲ ਕਿ ਅੰਗਰੇਜ਼ੀ ਦਾ ਐਸਾ ਹਊਆ ਮਨ 'ਚ ਵੜਿਆ ਕਿ ਅਮਰੀਕਾ ਆ ਜਾਣ 'ਤੇ ਵੀ ਨਾਲ ਨਾਲ ਤੁਰਿਆ ਫਿਰਦਾ ਹੈ।

ਥੋੜ੍ਹੇ ਦਿਨ ਧੱਕੇ ਖਾ ਕੇ ਦੋਸਤਾਂ ਮਿੱਤਰਾਂ ਦੀ ਸਲਾਹ 'ਤੇ ਥੋੜ੍ਹੀ ਬਹੁਤ 'ਪੰਜਰੇਜ਼ੀ' 'ਚ ਕਿਸੇ ਸਾਹਮਣੇ ਕੁਝ ਕਹਿ ਕੇ ਸਮਝਾਉਣ ਦੀ ਪ੍ਰੈਕਟਿਸ ਕਰ ਲਈ ਅਤੇ ਜਾ ਵੱਜੇ ਇਕ ਹੋਰ ਸਟੋਰ 'ਤੇ। ਪਤਾ ਲੱਗਿਆ ਕਿ ਇੱਥੇ ਕਾਫ਼ੀ ਪੰਜਾਬੀ ਕੰਮ ਕਰਦੇ ਹਨ। ਇਕ ਦੋ ਜਣਿਆਂ ਨੂੰ ਖੜ੍ਹਾ ਕੇ ਪੁੱਛਣ ਦੀ ਕੋਸ਼ਿਸ਼ ਕੀਤੀ, ਕਿਸੇ ਨੇ ਬਾਹਲੀ ਗੱਲ ਨਾ ਸੁਣੀ। ਹਾਂ, ਇਕ ਅੱਧਖੜ ਔਰਤ ਨੇ ਮੈਨੂੰ ਮੈਨੇਜਰ ਸਾਹਮਣੇ ਜਾ ਖੜ੍ਹਾਇਆ। ਮੂੰਹ ਨਾਲ ਗੁੱਡ-ਮੌਰਨਿੰਗ ਕਹਿਣ ਦੀ ਬਜਾਇ ਹੱਥਾਂ ਨਾਲ ਹੀ ਨਮਸਤੇ ਕਹਿ ਕੇ ਉਸਨੂੰ ਪੰਜਰੇਜ਼ੀ 'ਚ ਕਹਿਣਾ ਸ਼ੁਰੂ ਕੀਤਾ ਕਿ ਮੈਂ ਪੰਜਾਬ ਵਿਚ ਸਰਕਾਰੀ ਮਹਿਕਮੇ 'ਚ ਪੈਂਤੀ ਸਾਲ ਨੌਕਰੀ ਕੀਤੀ ਅਤੇ ਲੋਕਾਂ ਦੀ ਬੜੀ ਸੇਵਾ ਕੀਤੀ ਹੈ...। ਉਹਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਸ਼ਾਇਦ ਉਹ ਸੋਚਦਾ ਹੋਵੇਗਾ ਕਿ ਪੰਜਾਬ ਦਾ ਸਰਕਾਰੀ ਮੁਲਾਜ਼ਮ ਅਤੇ ਲੋਕ ਸੇਵਾ! ਮੈਨੂੰ ਲੱਗਿਆ ਕਿ ਪੈ ਗਿਆ ਪੰਗਾ! ਉਸ ਨੇ ਵੀ ਹੱਸਦਿਆਂ ਹੱਸਦਿਆਂ ਢਿੱਲਾ ਜਿਹਾ ਮੂੰਹ ਬਣਾ ਕੇ "ਸੌਰੀ, ਨੋ ਜੌਬ" ਕਹਿੰਦਿਆਂ ਕਿਸੇ ਹੋਰ ਸਟੋਰ ਨੂੰ ਸੇਵਾਵਾਂ ਦੇਣ ਲਈ ਮੈਨੂੰ ਮਜਬੂਰ ਕਰ ਦਿੱਤਾ।

ਅਖੀਰ ਇਕ ਦਿਨ ਇਕ ਸਟੋਰ ਮਾਲਕ ਨੇ ਸਾਡੀ ਕਾਬਲੀਅਤ ਨੂੰ ਪਛਾਣ ਹੀ ਲਿਆ। ਮੈਂ ਪਹਿਲੇ ਦਿਨ ਅਮਰੀਕਾ ਦੀ ਸਰ-ਜ਼ਮੀਂ 'ਤੇ ਸਟੋਰ 'ਤੇ ਕੰਮ ਕੀਤਾ ਤਾਂ ਪਤਾ ਲੱਗ ਗਿਆ ਕਿ ਡਾਲਰ ਰੁਪੀਏ ਨਾਲੋਂ ਇੰਨਾ ਸਖ਼ਤ ਕਿਉਂ ਹੈ। ਘੰਟੇ ਕੁ ਬਾਅਦ ਹੀ ਲੱਤਾਂ ਨੇ ਚੂੰਢੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ, ਬਈ ਮੰਗੂ ਰਾਮਾ ਬੈਠਣ ਦਾ ਕੋਈ ਇੰਤਜ਼ਾਮ ਕਰ। ਚਾਰੇ ਪਾਸੇ ਨਜ਼ਰ ਘੁਮਾਈ ਤਾਂ ਕੋਈ ਸਟੂਲ ਵਗੈਰਾ ਨਜ਼ਰ ਨਾ ਆਇਆ। ਉਦੋਂ ਸੋਚਿਆ ਕਿ ਇੱਥੇ ਕੁਰਸੀਆਂ ਸਟੂਲਾਂ ਦੀ ਸਪਲਾਈ ਦਾ ਕੰਮ ਵੀ ਵਧੀਆ ਚੱਲ ਸਕਦਾ ਹੈ, ਪਰ ਇਹ ਪਲੈਨਿੰਗ ਉਦੋਂ ਹੀ ਠੁੱਸ ਕਰਨੀ ਪਈ ਜਦੋਂ ਪਤਾ ਲੱਗਿਆ ਬਈ ਇੱਥੇ ਕੰਮ ਸਮੇਂ ਕੁਰਸੀਆਂ ਸਟੂਲਾਂ 'ਤੇ ਬੈਠਣ ਦੀ ਇਜਾਜ਼ਤ ਹੀ ਨਹੀਂ। ਮਨ ਨੂੰ ਵੀ ਚੈਨ ਆਇਆ ਜਦ ਵੇਖਿਆ ਕਿ ਖ਼ੁਦ ਮਾਲਕ ਕੁਰਸੀਆਂ ਸਟੂਲਾਂ ਦੇ ਹੁੰਦਿਆਂ ਆਪ ਖੜ੍ਹ ਕੇ ਕੰਮ ਕਰ ਰਿਹਾ ਹੈ। ਲੱਤਾਂ ਨੂੰ ਸੁਨੇਹਾ ਭੇਜਿਆ, ਸਬਰ ਰੱਖੋ, ਅੱਛੇ ਦਿਨ ਵੀ ਆ ਜਾਣਗੇ। ਨਾਲ ਹੀ ਮਨ ਨੂੰ ਡਾਲਰ ਰੂਪੀ ਰੱਬ ਦੀ ਯਾਦ 'ਚ ਲਾ ਲਿਆ। ਜਿਵੇਂ ਜਿਵੇਂ ਘੰਟੇ ਵਧੀ ਜਾ ਰਹੇ ਸਨ ਮਨ ਦਾ ਕੈਲਕੂਲੇਟਰ ਡਾਲਰਾਂ ਦੀ ਗਿਣਤੀ ਕਰ ਕਰ ਖ਼ੁਸ਼ ਹੋ ਰਿਹਾ ਸੀ। ਆਖ਼ਰਕਾਰ ਅਸੀਂ ਇਨ੍ਹਾਂ ਡਾਲਰਾਂ ਨਾਲ ਹੀ ਦੇਸ਼ ਦੀ ਆਰਥਿਕਤਾ ਨੂੰ ਸਹਾਰਾ ਜੋ ਦੇਣਾ ਸੀ। ਕੰਮ ਤੋਂ ਵਿਹਲੇ ਹੋ ਜਾਈਏ ਫਿਰ ਭਾਰਤ ਸਰਕਾਰ ਨਾਲ ਗੱਲ ਕਰਦੇ ਹਾਂ ਬਈ ਡਾਲਰ ਦੇ ਨਿਵੇਸ਼ ਲਈ ਕੋਈ ਯੋਜਨਾਬੰਦੀ ਕਰ ਲਵੇ। ਅਜੇ ਮੈਂ ਸੋਚ ਹੀ ਰਿਹਾ ਸੀ ਕਿ ਬਠਿੰਡੇ ਤੋਂ ਸੁਖਦਰਸ਼ਨ ਦਾ ਫੋਨ ਆ ਗਿਆ। ਕਹਿਣ ਲੱਗਾ, "ਉਏ ਤੂੰ ਤਾਂ ਨਹੀਂ ਦੱਸਿਆ, ਪਰ ਸਾਨੂੰ ਫਿਰ ਵੀ ਪਤਾ ਲੱਗ ਹੀ ਗਿਆ ਬਈ ਤੇਰਾ ਡਾਲਰਾਂ ਨੂੰ ਹੱਥ ਪੈ ਚੱਲਿਆ ਹੈ। ਯਾਦ ਐ ਨਾ ਤੁਰਨ ਵੇਲੇ ਕੀਤਾ ਵਾਅਦਾ? ਹੁਣ ਤਾਂ ਸੁੱਖ ਨਾਲ ਤਿੰਨ ਕਿਤਾਬਾਂ ਦੇ ਖਰੜੇ ਤਿਆਰ ਪਏ ਨੇ। ਨਾਲੇ ਸਭਾ ਲਈ ਹਾਲ ਬਣਾਉਣ ਦਾ ਹੀਲਾ ਤਾਂ ਅਸੀਂ ਕਰ ਲਿਆ, ਹੁਣ ਉਸ ਅੰਦਰ ਮੇਜ਼ ਕੁਰਸੀਆਂ ਅਤੇ ਹੋਰ ਸਾਰਾ ਸਾਜ਼ੋ-ਸਮਾਨ ਤੇਰੇ ਜ਼ਿੰਮੇ ਐ। ਬਾਕੀ ਜਦੋਂ ਆਉਣਾ ਹੋਇਆ ਦੱਸ ਦੇਈਂ ਤੇਰੇ ਮਾਣ-ਸਨਮਾਨ 'ਚ ਪ੍ਰੋਗਰਾਮ ਰੱਖ ਲਵਾਂਗੇ, ਬਹਿਜਾ ਬਹਿਜਾ ਕਰਵਾ ਦਿਆਂਗੇ, ਅਸੀਂ ਤਾਂ ਹੁਣੇ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ।"

ਮੈਂ ਕਿਹਾ, "ਤੁਹਾਨੂੰ ਅਤੇ ਤੁਹਾਡੇ ਵੱਲੋਂ ਮਿਲਦੇ ਰਹਿੰਦੇ 'ਘਰ ਫੂਕ ਤਮਾਸ਼ਾ' ਰੂਪੀ ਉਤਸ਼ਾਹ ਨੂੰ ਭੁੱਲ ਸਕਦਾਂ ਕਦੇ? ਪਰ ਯਾਰ ਤੂੰ ਹੁਣ ਭਾਰਤੀ ਕਰਮਚਾਰੀ ਨੂੰ ਫੋਨ ਨਹੀਂ ਕਰ ਰਿਹਾ ਸਗੋਂ ਇਕ ਅਮਰੀਕੀ ਕਰਮਚਾਰੀ ਨਾਲ ਗੱਲ ਕਰ ਰਿਹਾ ਹੈਂ। ਇਸ ਲਈ ਜ਼ਰਾ ਸਮੇਂ ਦਾ ਖਿਆਲ ਰੱਖਿਆ ਕਰ ਮਤੇ ਫੋਨ 'ਤੇ ਗੱਲ ਕਰਦੇ ਨੂੰ ਸੁਣ ਕੇ ਪੱਕੇ ਤੌਰ 'ਤੇ ਆਰਾਮ ਕਰਨ ਦਾ ਹੁਕਮ ਹੀ ਦੇ ਦੇਣ। ਮੈਂ ਘਰੇ ਜਾ ਕੇ ਗੱਲ ਕਰਾਂਗਾ। ਇਕ ਗੱਲ ਹੋਰ, ਆਪਣੇ ਯਾਰਾਂ ਮਿੱਤਰਾਂ ਨੂੰ ਕਹਿਦੇ ਬਈ ਆਪਣੇ ਖਰੜੇ ਤਿਆਰ ਕਰ ਲੈਣ ਸਭ ਦੇ ਉਲਾਭੇਂ ਲਾਹ ਦਿਆਂਗੇ।"

ਹਫ਼ਤੇ 'ਚ ਮਹਿਜ਼ ਤੀਹ ਘੰਟੇ ਕੰਮ ਕਰਕੇ ਪਤਾ ਲੱਗ ਗਿਆ ਕਿ ਕੰਮ ਕੀਹਨੂੰ ਕਹਿੰਦੇ ਨੇ, ਪਰ ਖ਼ੁਸ਼ੀ ਇਹ ਸੀ ਬਈ ਕਮਾਈ ਵੀ ਰੁਪਈਆਂ ਗੁਣਾ ਸੱਤਰ ਹੈ। ਹਫ਼ਤੇ ਬਾਅਦ ਮੁਲਾਜ਼ਮਾਂ ਨੂੰ ਬੁਲਾ ਬੁਲਾ ਕੇ ਚੈੱਕ ਦਿੱਤੇ ਗਏ ਤਾਂ ਮੇਰਾ ਧਿਆਨ ਉਧਰ ਹੀ ਸੀ ਕਿ ਕਦੋਂ ਬੁਲਾਉਣਗੇ ਤੇ ਕਰਾਂਗਾ ਡਾਲਰਾਂ ਦੇ ਚੈੱਕ ਦੇ ਦਰਸ਼ਨ। ਪਰ ਮੇਰੀ ਆਸ ਨੂੰ ਬੂਰ ਨਾ ਪਿਆ। ਕੰਮ ਛੱਡ ਕੇ ਮੈਂ ਹੀ ਜਾ ਮੈਨੇਜਰ ਦੁਆਲੇ ਹੋਇਆ। ਉਸ ਨੇ ਕਈ ਭਾਸ਼ਾਵਾਂ ਦਾ ਮਿਸ਼ਰਣ ਬਣਾ ਕੇ ਮੇਰੇ ਦਿਮਾਗ਼ 'ਚ ਗੱਲ ਪਾਈ ਕਿ ਅਗਲੇ ਹਫ਼ਤੇ।

ਦੂਜਾ ਹਫ਼ਤਾ ਵੀ ਆ ਗਿਆ। ਚੈੱਕ ਵੰਡਣ ਦਾ ਦੌਰ ਫਿਰ ਸ਼ੁਰੂ ਹੋਇਆ। ਮੇਰਾ ਨੰਬਰ ਤਾਂ ਫਾਡੀ ਹੀ ਆਉਣਾ ਸੀ, ਆਇਆ। ਚੈੱਕ ਮਿਲਿਆ। ਦੇਖਣ ਦੀ ਬਜਾਏ ਚੁੰਮਿਆ। ਜੇਬ੍ਹ ਨੂੰ ਨਿੱਘ ਦੇਣ ਲਈ ਮਰੋੜ ਕੇ ਜੇਬ੍ਹ 'ਚ ਹੀ ਪਾ ਲਿਆ। ਯਾਰ ਇਹਦੀ ਚੀਰ ਫਾੜ ਫਿਰ ਕਰਾਂਗੇ ਪਹਿਲਾਂ ਖ਼ੁਸ਼ੀ ਸਾਂਝੀ ਕਰੀਏ, ਪਰ ਕੀਹਦੇ ਨਾਲ? ਦੋ ਤਿੰਨ ਯਾਰ ਯਾਦ ਆਏ, ਪਰ ਉਹ ਤਾਂ ਕੰਮ 'ਤੇ ਹੋਣਗੇ। ਅਖੀਰ ਇਕੋ ਸਹਾਰਾ ਬਾਕੀ ਬਚਿਆ, ਮਤਬਲ ਸ਼ਕਤੀ ਵਾਟਰ। ਮਿਲ ਤਾਂ ਸਾਹਮਣਿਉ ਹੀ ਜਾਣਾ ਸੀ। ਸੋਚਿਆ ਸ਼ਕਤੀ ਵਾਟਰ ਪੀ ਕੇ ਭੰਗੜਾ ਪਾਵਾਂ ਤੇ ਲਲਕਾਰੇ ਮਾਰਾਂ। ਫਿਰ ਸੋਚਿਆ ਕਿ ਇਹ ਸਾਰਾ ਕੁਝ ਤਾਂ ਸਾਊਂਡ ਪਰੂਫ ਕਮਰੇ 'ਚ ਕਰਨਾ ਪਵੇਂ ਜਿੱਥੋਂ ਮੇਰੀ ਖ਼ੁਸ਼ੀ ਦੀ ਤਰੰਗ ਦਾ ਇਕ ਭੋਰਾ ਵੀ ਬਾਹਰ ਨਾ ਜਾ ਸਕੇ। ਜੇ ਫਿਰ ਵੀ ਇੰਡੀਅਨ ਹਿੰਡ ਪੁਗਾਉਣ ਦੀ ਕੋਸ਼ਿਸ਼ ਕੀਤੀ ਤਾਂ ਪਹਿਲੀ ਮਿਲੀ ਕਮਾਈ ਦਾ ਚੈੱਕ ਜੁਰਮਾਨੇ ਦੇ ਰੂਪ 'ਚ ਅਮਰੀਕਾ ਦੀ ਆਰਥਿਕਤਾ ਦਾ ਹਿੱਸਾ ਬਣ ਜਾਵੇਗਾ। ਸੋਚਿਆ, ਨਹੀਂ, ਇਹ ਨਹੀਂ ਕਰਨਾ, ਫਿਰ ਭਾਰਤੀ ਆਰਥਿਕਤਾ ਨੂੰ ਕੌਣ ਠੁੰਮਣਾ ਦੇਊ।

ਜਦੋਂ ਚੈੱਕ ਦੀ ਡਿਟੇਲ ਵੇਖੀ ਤਾਂ ਬੜਾ ਗੁੱਸਾ ਆਇਆ- ਅਮਰੀਕਨਾਂ ਦੀ ਬਿਜ਼ਨਸ-ਬੁੱਧੀ 'ਤੇ। ਇਹ ਬੰਦੇ 'ਤੇ ਭੋਰਾ ਇਤਬਾਰ ਨਹੀਂ ਕਰਦੇ। ਪਹਿਲਾਂ ਹੀ ਫੈਡਰਲ-ਟੈਕਸ, ਮੈਡੀਕੇਅਰ-ਟੈਕਸ, ਸੋਸ਼ਲ-ਸਕਿਉਰਟੀ ਟੈਕਸ, ਸਟੇਟ ਮੈਡੀਕਲ ਟੈਕਸ ਆਦਿ ਕੱਟ ਕੇ ਅੱਧ ਪਚੱਧਾ ਲੈ ਗਏ, ਅਜੇ ਲੋਕਲ ਟੈਕਸ ਭਰਨੇ ਬਾਕੀ ਸਨ। ਤਿੰਨ ਸੌ 'ਚੋਂ ਉਨ੍ਹਾਂ ਡੇਢ ਸੌ ਹੀ ਪੱਲੇ ਪਾਇਆ। ਸੋਚਿਆ ਕਿ ਭਾਰਤ ਮਾਤਾ ਦਾ ਉਲਾਂਭਾ ਲਾਹ ਦੇਈਏ ਤੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨੂੰ ਭੇਜ ਦੇਈਏ ਆਪਣੇ ਦੇਸ਼ 'ਚ ਨਿਵੇਸ਼ ਕਰਨ ਲਈ, ਪਰ ਇੱਥੇ ਤਾਂ ਬਾਅਦ 'ਚ ਵੀ ਭੇਜੇ ਜਾ ਸਕਦੇ ਹਨ। ਪਹਿਲਾਂ ਸਾਹਿਤ ਸਭਾ ਲਈ ਭੇਜੀਏ, ਨਾਲੇ ਸਾਹਿਤਕਾਰਾਂ ਨੂੰ ਇਸ ਦੀ ਜ਼ਿਆਦਾ ਜ਼ਰੂਰਤ ਹੈ। ਪਰ ਉਦੋਂ ਹੀ ਕੱਕੋ ਵੱਲੋਂ ਮਿਲਿਆ ਹੁਕਮ ਯਾਦ ਆ ਗਿਆ, "ਜੀ ਜਦੋਂ ਅੱਜ ਡਾਲਰ ਮਿਲ ਗਏ ਸਿੱਧੇ ਘਰੇ ਹੀ ਲੈ ਕੇ ਆਇਉ, ਐਵੇਂ ਨਾ ਰਸਤੇ 'ਚ ਖਰਚਣ ਬਹਿ ਜਾਇਓ। ਕਈ ਥਾਵਾਂ 'ਤੇ ਸੁੱਖਣਾ ਸੁੱਖੀ ਬੈਠੀ ਹਾਂ, ਸਭ ਲਈ ਸੁੱਚੇ ਡਾਲਰ ਕੱਢ ਕੇ ਦੇਣੇ ਨੇ, ਤੇ ਰਸੋਈ 'ਚੋਂ ਰਾਸ਼ਨ ਵੀ ਨੌਂ ਦੋ ਗਿਆਰਾਂ ਹੋਇਆ ਬੈਠਾ ਹੈ। ਬਾਕੀ ਮੈਂ ਆਪਣੇ ਮੇਕਅੱਪ ਦੇ ਸਾਮਾਨ ਲਈ ਕਿਸੇ ਸਹੇਲੀ ਨਾਲ ਰਾਬਤਾ ਕਾਇਮ ਰੱਖਿਆ ਹੋਇਆ ਹੈ। ਉਮੀਦ ਹੈ ਲੋਨ ਮਿਲ ਜਾਵੇਗਾ।"


ਬਾਕੀਆਂ ਨੂੰ ਤਾਂ ਮਨਾ ਲਵਾਂਗੇ, ਪਰ ਹੋਮ-ਮਨਿਸਟਰੀ ਅੱਗੇ... ਕੀ ਆਖਾਂ।



> ਅਖੀਰ ਇਕੋ ਸਹਾਰਾ ਬਾਕੀ ਬਚਿਆ, ਮਤਬਲ ਸ਼ਕਤੀ ਵਾਟਰ। ਮਿਲ ਤਾਂ ਸਾਹਮਣਿਉ ਹੀ ਜਾਣਾ ਸੀ। ਸੋਚਿਆ ਸ਼ਕਤੀ ਵਾਟਰ ਪੀ ਕੇ ਭੰਗੜਾ ਪਾਵਾਂ ਤੇ ਲਲਕਾਰੇ ਮਾਰਾਂ। ਫਿਰ ਸੋਚਿਆ ਕਿ ਇਹ ਸਾਰਾ ਕੁਝ ਤਾਂ ਸਾਊਂਡ ਪਰੂਫ ਕਮਰੇ 'ਚ ਕਰਨਾ ਪਵੇਂ ਜਿੱਥੋਂ ਮੇਰੀ ਖ਼ੁਸ਼ੀ ਦੀ ਤਰੰਗ ਦਾ ਇਕ ਭੋਰਾ ਵੀ ਬਾਹਰ ਨਾ ਜਾ ਸਕੇ। ਜੇ ਫਿਰ ਵੀ ਇੰਡੀਅਨ ਹਿੰਡ ਪੁਗਾਉਣ ਦੀ ਕੋਸ਼ਿਸ਼ ਕੀਤੀ ਤਾਂ ਪਹਿਲੀ ਮਿਲੀ ਕਮਾਈ ਦਾ ਚੈੱਕ ਜੁਰਮਾਨੇ ਦੇ ਰੂਪ 'ਚ ਅਮਰੀਕਾ ਦੀ ਆਰਥਿਕਤਾ ਦਾ ਹਿੱਸਾ ਬਣ ਜਾਵੇਗਾ। ਸੋਚਿਆ, ਨਹੀਂ, ਇਹ ਨਹੀਂ ਕਰਨਾ, ਫਿਰ ਭਾਰਤੀ ਆਰਥਿਕਤਾ ਨੂੰ ਕੌਣ ਠੁੰਮਣਾ ਦੇਊ।

# ਸਫ਼ਲਤਾ ਦਾ ਰਹੱਸ ਹੈ ਲਗਨ ਨਾਲ ਲੱਗੇ ਰਹਿਣਾ

ਸਫ਼ਾ 5 ਦੀ ਬਾਕੀ



ਦੱਸਦਾ ਹੈ ਕਿ ਸਫ਼ਲਤਾ ਲਈ ਦੋ ਸ਼ਰਤਾਂ ਹਨ :

1. ਸਫ਼ਲਤਾ ਤੱਕ ਪਹੁੰਚਣ ਦਾ ਸੰਕਲਪ, 2. ਲਗਾਤਾਰ ਨਾਲ ਜੁਟੇ ਰਹਿਣ ਦੀ ਆਦਤ। ਮਾਰਡਨ ਅਨੁਸਾਰ "ਉਸ ਵਿਅਕਤੀ ਲਈ ਕੋਈ ਅਸਫ਼ਲਤਾ ਨਹੀਂ ਹੈ, ਜਿਸ ਨੂੰ ਆਪਣੀ ਤਾਕਤ ਦਾ ਪਤਾ ਹੈ, ਜਿਸ ਨੂੰ ਹਾਰਨਾ ਨਹੀਂ ਆਉਂਦਾ। ਸੰਕਲਪਵਾਨ ਕੋਸ਼ਿਸ਼, ਦ੍ਰਿੜ੍ਹ ਇੱਛਾ ਸ਼ਕਤੀ ਦੀ ਕੋਈ ਅਸਫ਼ਲਤਾ ਨਹੀਂ ਹੈ। ਉਸ ਬੰਦੇ ਲਈ ਕੋਈ ਹਾਰ ਨਹੀਂ ਹੈ, ਜੋ ਹਰ ਵਾਰ ਡਿੱਗਣ ਤੋਂ ਬਾਅਦ ਵੀ ਉਠ ਖੜ੍ਹਦਾ ਹੈ, ਜੋ ਰਬੜ ਦੀ ਗੇਂਦ ਵਾਂਗ ਡਿੱਗ ਕੇ ਉਛਲਦਾ ਹੈ, ਉਹ ਉਸ ਵਕਤ ਵੀ ਲਗਨ ਨਾਲ ਜੁਟਿਆ ਰਹਿੰਦਾ ਹੈ, ਜਦੋਂ ਬਾਕੀ ਸਾਰੇ ਲੋਕ ਹਾਰ ਸਵੀਕਾਰ ਕਰ ਲੈਂਦੇ ਹਨ, ਉਹ ਉਦੋਂ ਵੀ ਜੁਟਿਆ ਰਹਿੰਦਾ ਹੈ, ਜਦੋਂ ਬਾਕੀ ਸਾਰੇ ਲੋਕ ਆਪਣੀ ਪਿੱਠ ਮੋੜ ਲੈਂਦੇ ਹਨ।"

ਸਫ਼ਲਤਾ ਦੇ ਰਾਹੀ ਜਾਣਦੇ ਹੁੰਦੇ ਹਨ ਕਿ ਜਿੱਤ ਪ੍ਰਾਪਤ ਕਰਨ ਲਈ ਦ੍ਰਿੜ੍ਹ ਨਿਸ਼ਚਾ ਅਤੇ ਲਗਨ ਅਜਿਹੇ ਸੂਤਰ ਹਨ, ਜਿਨ੍ਹਾਂ ਰਾਹੀਂ ਬੁਰੀ ਤਰ੍ਹਾਂ ਹਾਰੇ, ਅਸਫ਼ਲ ਅਤੇ ਥੱਕੇ ਹੋਏ ਸ਼ਖ਼ਸ ਵੀ ਜਿੱਤ ਦਾ ਰਸਤਾ ਕੱਢ ਹੀ ਲੈਂਦੇ ਹਨ। ਦੁਨੀਆ ਦੇ ਸਫ਼ਲ ਲੋਕਾਂ ਦੀ ਸਫ਼ਲਤਾ ਦਾ ਰਹੱਸ ਇਹੀ ਰਿਹਾ ਹੈ ਕਿ ਉਨ੍ਹਾਂ ਨੇ ਮਾੜੇ ਤੋਂ ਮਾੜੇ ਹਾਲਾਤ ਵਿਚ ਵੀ ਹਾਰ ਸਵੀਕਾਰ ਨਹੀਂ ਕੀਤੀ। ਉਹ ਕਦੇ ਨਿਰਾਸ਼ ਨਹੀਂ ਹੋਏ ਅਤੇ ਉਨ੍ਹਾਂ ਕਦੇ ਜਿੱਤ ਦੀ ਕਾਮਨਾ ਨਹੀਂ ਛੱਡੀ।

ਸਫ਼ਲਤਾ ਸਿਰਫ਼ ਚਾਹੁਣ ਨਾਲ ਨਹੀਂ ਆਉਂਦੀ। ਸਫ਼ਲਤਾ ਦੀ ਕੀਮਤ ਦੇਣੀ ਪੈਂਦੀ ਹੈ। ਸਫ਼ਲਤਾ ਦੀ ਕੀਮਤ ਹੈ ਸਖ਼ਤ ਮਿਹਨਤ, ਲਗਾਤਾਰ ਮਿਹਨਤ ਅਤੇ ਜਿੱਤ ਦੀ ਕਾਮਨਾ ਨਾਲ ਮਿਹਨਤ। ਯਾਦ ਰੱਖੋ ਸਫ਼ਲਤਾ ਅਤੇ ਆਰਾਮ ਕਦੇ ਇਕੱਠੇ ਨਹੀਂ ਸੌਂਦੇ।

ਸਫ਼ਲ ਅਤੇ ਅਸਫ਼ਲ ਬੰਦਿਆਂ ਵਿਚ ਤਾਕਤ ਅਤੇ ਗਿਆਨ ਦਾ ਫਰਕ ਨਹੀਂ ਹੁੰਦਾ ਬਲਕਿ ਇੱਛਾ ਸ਼ਕਤੀ ਦਾ ਫਰਕ ਹੁੰਦਾ ਹੈ। ਹਾਰ ਨਾ ਮੰਨਣ ਦੀ ਬਿਰਤੀ ਦਾ ਫਰਕ ਹੁੰਦਾ ਹੈ। ਇਕ ਹੋਰ ਗੱਲ ਵੀ ਸਮਝਣੀ ਜ਼ਰੂਰੀ ਹੈ ਕਿ ਸਫ਼ਲਤਾ ਦੀ ਮੰਜ਼ਿਲ ਦਾ ਰਾਹ ਹਮੇਸ਼ਾ ਅਸਫ਼ਲਤਾ ਦੀ ਪਗਡੰਡੀ ਦੀ ਉਤੋਂ ਹੋ ਕੇ ਜਾਂਦਾ ਹੈ। ਆਮ ਤੌਰ 'ਤੇ ਸਫ਼ਲਤਾ ਅਤੇ ਅਸਫ਼ਲਤਾ ਹਮਸਫ਼ਰ ਹਨ ਪਰ ਜਦੋਂ ਸਫ਼ਲਤਾ ਦੇ ਰਾਹੀ ਦਮ ਨਹੀਂ ਲੈਂਦੇ ਤਾਂ ਮੰਜ਼ਿਲ ਮਿਲ ਹੀ ਜਾਂਦੀ ਹੈ। ਜਦੋਂ ਅਸੀਂ ਕਿਸੇ ਸਫ਼ਲ ਵਿਅਕਤੀ ਨੂੰ ਦੇਖਦੇ ਹਾਂ ਤਾਂ ਸਿਰਫ਼ ਉਸਦੀ ਸਫ਼ਲਤਾ ਨੂੰ ਵੇਖਦੇ ਹਾਂ। ਇਸ ਸਫ਼ਲਤਾ ਦੀ ਟੀਸੀ 'ਤੇ ਪਹੁੰਚਣ ਲਈ ਉਸਨੇ ਕਿੰਨੀ ਵਾਰ ਸੱਟਾਂ ਖਾਧੀਆਂ ਹਨ, ਗੋਡੇ ਭੰਨਾਏ ਹਨ, ਦੰਦ ਤੁੜਵਾਏ ਹਨ। ਇਹ ਕੋਈ ਨਹੀਂ ਜਾਣਦਾ। ਅਸਫ਼ਲਤਾ ਦਾ ਸਾਹਮਣਾ ਕਰੇ ਬਿਨਾਂ ਸ਼ਾਇਦ ਹੀ ਕੋਈ ਸਫ਼ਲ ਹੋਇਆ ਹੋਵੇ।

ਅਮਰੀਕਾ ਦੇ ਰਾਸ਼ਟਰਪਤੀ ਅਬ੍ਰਾਹਿਮ ਲਿੰਕਨ 52 ਸਾਲ ਦੀ ਉਮਰ ਵਿਚ ਰਾਸ਼ਟਰਪਤੀ ਬਣਿਆ। ਇਸ ਬਾਰੇ ਤਾਂ ਸਭ ਜਾਣਦੇ ਹਨ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਹ 6 ਵਾਰ ਚੋਣਾਂ ਹਾਰੇ ਸਨ ਪਰ ਅੰਤ ਵਿਚ ਜਿੱਤ ਉਨ੍ਹਾਂ ਦੀ ਹੋਈ, ਕਿਉਂਕਿ ਉਹ ਜਿੱਤਣਾ ਚਾਹੁੰਦੇ ਸਨ। ਹਾਰ ਉਨ੍ਹਾਂ ਨੂੰ ਸਵੀਕਾਰ ਨਹੀਂ ਸੀ। ਵਾਰ-ਵਾਰ ਡਿੱਗ ਕੇ ਉਠਣਾ ਉਨ੍ਹਾਂ ਦੀ ਆਦਤ ਵਿਚ ਸ਼ਾਮਲ ਸੀ।

ਕੁਝ ਇਸ ਤਰਹਿ ਤਹਿ ਕੀ ਹਮਨੇ ਮੰਜ਼ਿਲੇਂ,
ਗਿਰ ਗਏ, ਗਿਰ ਕਰ ਉਠੇ, ਉਠ ਕਰ ਚਲ ਦੀਏ।

ਅਮਰੀਕਾ ਦੇ ਇਕ ਹੋਰ ਰਾਸ਼ਟਰਪਤੀ ਰੋਨਾਲਡ ਰੀਗਨ ਕਿਸੇ ਸਮੇਂ ਫ਼ਿਲਮਾਂ ਵਿਚ ਕੰਮ ਕਰਦੇ ਸਨ। ਜਦੋਂ ਉਨ੍ਹਾਂ ਸਿਆਸਤ ਵਿਚ ਪੈਰ ਧਰਿਆ ਤਾਂ ਲੋਕਾਂ ਨੇ ਹਾਸਾ ਉਡਾਇਆ ਪਰ ਉਹ ਡਟੇ ਰਹੇ ਅਤੇ ਗਵਰਨਰ ਬਣੇ। ਇਕ ਨਹੀਂ ਦੋ ਵਾਰ ਗਵਰਨਰ ਚੁਣੇ ਗਏ। ਫਿਰ ਉਨ੍ਹਾਂ ਰਾਸ਼ਟਰਪਤੀ ਦੀ ਚੋਣ ਲੜਨ ਦਾ ਫੈਸਲਾ ਕੀਤਾ ਪਰ ਪਾਰਟੀ ਨੇ ਉਨ੍ਹਾਂ ਨੂੰ ਉਮੀਦਵਾਰ ਨਹੀਂ ਬਣਾਇਆ। ਚਾਰ ਸਾਲ ਬਾਅਦ ਫਿਰ ਕੋਸ਼ਿਸ਼ ਕੀਤੀ ਫਿਰ ਨਾਕਾਮ ਹੋਏ। ਪਰ ਉਨ੍ਹਾਂ ਆਪਣਾ ਯਤਨ ਜਾਰੀ ਰੱਖਿਆ ਅਤੇ ਅੰਤ ਵਿਚ ਸਫ਼ਲ ਹੋਏ ਅਤੇ ਅਮਰੀਕਾ ਦੇ ਰਾਸ਼ਟਰਪਤੀ ਬਣੇ। ਰੀਗਨ ਨੂੰ ਸਫ਼ਲਤਾ ਕਿਉਂ ਮਿਲੀ, ਕਿਉਂਕਿ ਉਸਨੂੰ ਪਤਾ ਸੀ ਕਿ ਜਦ ਤੱਕ ਤੁਸੀਂ ਜੁਟੇ ਰਹਿੰਦੇ ਹੋ, ਤਦ ਤੱਕ ਸੰਘਰਸ਼ ਖਤਮ ਨਹੀਂ ਹੁੰਦਾ। ਅਲਬਰਟ ਹਵਾਰਡ ਨੇ ਲਿਖਿਆ ਹੈ "ਕੋਸ਼ਿਸ਼ ਛੱਡਣ ਤੋਂ ਸਿਵਾ ਹੋਰ ਕੋਈ ਅਸਫ਼ਲਤਾ ਨਹੀਂ, ਜਿਸਨੂੰ ਪਾਰ ਨਾ ਕੀਤਾ ਜਾ ਸਕੇ। ਸਿਰਫ਼ ਟੀਚਿਆਂ ਦੀ ਅੰਦਰਲੀ ਕਮਜ਼ੋਰੀ ਨੂੰ ਛੱਡ ਕੇ" ਅਸਲ ਵਿਚ ਸਫ਼ਲ ਲੋਕ ਆਪਣੇ ਨਿਰੰਤਰ ਵਿਸ਼ਵਾਸ ਨਾਲ ਜਿੱਤਦੇ ਹਨ, ਉਹ ਅਸਫ਼ਲਤਾਵਾਂ ਦਾ ਮੁਕਾਬਲਾ ਵੀ ਉਸੇ ਵਿਸ਼ਵਾਸ ਨਾਲ ਕਰਦੇ ਹਨ। ਉਹ ਰੁਕਦੇ ਨਹੀਂ, ਲੱਗੇ ਰਹਿੰਦੇ ਹਨ, ਜਿੱਤ ਦੇ ਵਿਸ਼ਵਾਸ ਨਾਲ ਜੁਟੇ ਰਹਿੰਦੇ ਹਨ। ਥਾਮਸ ਐਡੀਸਨ ਦਾ ਵਿਸ਼ਵਾਸ ਹੀ ਸੀ ਕਿ ਉਹ ਇਕ ਹਜ਼ਾਰ ਵਾਰ ਅਸਫ਼ਲ ਰਹਿਣ ਤੋਂ ਬਾਅਦ ਸਫ਼ਲ ਹੋਇਆ ਅਤੇ ਬਲਬ ਦੀ ਖੋਜ ਕੀਤੀ। ਇਸੇ ਲਗਨ ਅਤੇ ਜਿੱਤ ਦੇ ਵਿਸ਼ਵਾਸ ਨੇ ਬੈਸਾਖੀਆਂ 'ਤੇ ਚੱਲਣ ਵਾਲੇ ਫ੍ਰੈਡ ਸਕਿਮ ਨੂੰ ਸਫ਼ਲ ਮਨੁੱਖਾਂ ਦੀ ਸੂਚੀ ਵਿਚ ਲਿਆ ਖੜ੍ਹਾ ਕੀਤਾ, ਜਿਸ ਨੇ ਅਨੇਕਾਂ ਮੁਸ਼ਕਿਲਾਂ ਨੂੰ ਪਾਰ ਕਰਕੇ ਪਾਰਸਲਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਵਾਲੀ ਪਹਿਲੀ ਕੰਪਨੀ ਫੈਡਰਲ ਐਕਸਪ੍ਰੈਸ ਬਣਾਈ ਸੀ। ਨੋਬਲ ਐਵਾਰਡ ਜੇਤੂ ਦੱਖਣੀ ਅਫਰੀਕਾ ਦੇ ਕਾਲੇ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ 27 ਸਾਲ ਜੇਲ੍ਹ ਵਿਚ ਕੱਟੇ ਅਤੇ ਆਖਿਰ ਜਿੱਤ ਪ੍ਰਾਪਤ ਕੀਤੀ ਸੀ। ਇਨ੍ਹਾਂ ਸਾਰੇ ਸਫ਼ਲ ਮਨੁੱਖਾਂ ਨੇ ਇਕ ਗੱਲ ਸਿੱਖੀ ਹੋਈ ਸੀ ਕਿ ਉਚੇ ਅਤੇ ਵੱਡੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਲਗਨ ਅਤੇ ਮਿਹਨਤ ਦਾ ਗੁਣ ਬਹੁਤ ਮਹੱਤਵਪੂਰਨ ਹੈ।

ਸਫ਼ਲ ਲੋਕ ਜਿੱਤ ਦੇ ਵਿਸ਼ਵਾਸ ਨਾਲ ਸੰਘਰਸ਼ ਕਰਦੇ ਹਨ। ਉਹ ਸੰਘਰਸ਼ ਕਰਦੇ ਹਨ, ਮੰਜ਼ਿਲ ਵੱਲ ਵੱਧਦੇ ਰਹਿੰਦੇ ਹਨ, ਡਿੱਗ ਵੀ ਪੈਂਦੇ ਹਨ ਪਰ ਹੋਰ ਹੌਸਲੇ ਨਾਲ ਉਠ ਕੇ ਫਿਰ ਤੁਰ ਪੈਂਦੇ ਹਨ। ਉਹ ਮੈਦਾਨ ਛੱਡਣ ਤੋਂ ਨਾਂਹ ਕਰ ਦਿੰਦੇ ਹਨ। ਉਹ ਹਰ ਹਾਲਾਤ ਵਿਚ ਜਿੱਤਣਾ ਚਾਹੁੰਦੇ ਹਨ। ਜੇ ਸ਼ੋਹਰਤ ਚਾਹੁੰਦੇ ਹੋ, ਦੌਲਤ ਚਾਹੁੰਦੇ ਹੋ, ਸੱਤਾ ਚਾਹੁੰਦੇ ਹੋ ਤਾਂ ਕਿਸੇ ਵੀ ਖੇਤਰ ਵਿਚ ਸਫ਼ਲ ਮਨੁੱਖ ਬਣਨਾ ਚਾਹੁੰਦੇ ਹੋ ਤਾਂ ਇਕੋ ਇਕ ਗੁੰਟੀ ਹੈ ਸਫ਼ਲਤਾ ਦੀ। ਉਹ ਹੈ ਇੱਛਾ ਸ਼ਕਤੀ, ਮਿਹਨਤ, ਲਗਨ ਅਤੇ ਜਿੱਤ ਦੇ ਵਿਸ਼ਵਾਸ ਨਾਲ ਕੰਮ ਵਿਚ ਜੁਟੇ ਰਹਿਣ ਦੀ ਭਾਵਨਾ। ਇਸੇ ਭਾਵਨਾ ਨੂੰ ਪੰਜਾਬੀ ਕਵੀ ਭਾਈ ਵੀਰ ਸਿੰਘ ਇਉਂ ਪ੍ਰਗਟਾਉਂਦੇ ਹਨ :

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਉਹ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ,
ਉਹ ਤਾਂ ਦਿਨ ਰਾਤ ਪਏ ਵਹਿੰਦੇ।

ਜੇ ਸਫ਼ਲਤਾ ਚਾਹੁੰਦੇ ਹੋ ਤਾਂ ਛੱਡੋ ਆਰਾਮ। ਇੱਧਰ ਉਧਰ ਭਟਕਣ ਦੀ ਬਜਾਏ ਨਿਸ਼ਾਨੇ 'ਤੇ ਨਿਗਾਹ ਰੱਖਣੀ ਚਾਹੀਦੀ ਹੈ। ਆਪਣੀ ਮੰਜ਼ਿਲ, ਆਪਣੇ ਨਿਸ਼ਾਨੇ, ਆਪਣੇ ਉਦੇਸ਼ ਨੂੰ ਪਾਉਣ ਹਿੱਤ ਆਤਮ ਵਿਸ਼ਵਾਸ, ਦ੍ਰਿੜ੍ਹ ਇਰਾਦਾ, ਤੀਬਰ ਇੱਛਾ ਸ਼ਕਤੀ, ਸੰਕਲਪ, ਤੌਫ਼ੀਕੀ ਚੇਤਨਾ, ਪੌਰਖ, ਹਿੰਮਤ, ਅਰਜਣੀ-ਇਕਾਗਰਤਾ, ਸਾਧਨਾ, ਅਭਿਆਸ, ਲਗਨ ਅਤੇ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਸਫ਼ਲਤਾ ਦੇ ਰਾਹੀ ਨੂੰ ਪਤਾ ਹੁੰਦਾ ਹੈ ਕਿ ਲਗਨ ਨਾਲ ਲੱਗੇ ਰਹਿਣ ਵਾਲਿਆਂ ਦੀ ਅੰਤ ਵਿਚ ਜਿੱਤ ਹੁੰਦੀ ਹੈ।

ਸਫ਼ਲਤਾ ਸਿਰਫ਼ ਚਾਹੁਣ ਨਾਲ ਨਹੀਂ ਆਉਂਦੀ। ਸਫ਼ਲਤਾ ਦੀ ਕੀਮਤ ਦੇਣੀ ਪੈਂਦੀ ਹੈ। ਸਫ਼ਲਤਾ ਦੀ ਕੀਮਤ ਹੈ ਸਖ਼ਤ ਮਿਹਨਤ, ਲਗਾਤਾਰ ਮਿਹਨਤ ਅਤੇ ਜਿੱਤ ਦੀ ਕਾਮਨਾ ਨਾਲ ਮਿਹਨਤ। ਯਾਦ ਰੱਖੋ ਸਫ਼ਲਤਾ ਅਤੇ ਆਰਾਮ ਕਦੇ ਇਕੱਠੇ ਨਹੀਂ ਸੌਂਦੇ।

ਸਾਬਕਾ ਪ੍ਰੋਫੈਸਰ ਅਤੇ ਮੁਖੀ ਪੱਤਰਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
112 ਅਰਬਨ ਅਸਟੇਟ-II, ਪਟਿਆਲਾ

# ਟਾਇਮ ਹੀ ਨਹੀਂ ਮਿਲ.ਦਾ...

ਅੱਜ ਜਦੋਂ ਅਸੀਂ ਕਿਸੇ ਨੂੰ ਮਿਲਦੇ ਹਾਂ ਤਾਂ ਅਕਸਰ ਜ਼ਿਆਦਾਤਰ ਲੋਕਾਂ ਕੋਲ ਇੱਕ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਸਾਨੂੰ ਤਾਂ ਟਾਇਮ ਹੀ ਨਹੀਂ ਮਿਲਦਾ। ਗੱਲ ਭਾਵੇਂ ਸਿਹਤ ਸੰਭਾਲ ਦੀ ਹੋਵੇ ਜਾਂ ਸਾਹਿਤ ਲਿਖਣ ਦੀ ਜਾਂ ਪੜ੍ਹਨ ਦੀ। ਅਸੀਂ ਬੜੀ ਆਸਾਨੀ ਦੇ ਨਾਲ ਸਮਾਂ ਨਾ ਹੋਣ ਦੀ ਗੱਲ ਕਹਿ ਕੇ ਟਾਲਾ ਵੱਟ ਲੈਂਦੇ ਹਾਂ। ਸੋਚਣ ਵਾਲੀ



ਗੱਲ ਇਹ ਹੈ ਕਿ ਸਾਡੇ ਸਾਰਿਆਂ ਦੇ ਕੋਲ 24 ਘੰਟੇ ਬਰਾਬਰ ਹੁੰਦੇ ਹਨ। ਇਹਨਾਂ 24 ਘੰਟਿਆਂ ਵਿੱਚੋਂ ਅਸੀਂ ਆਪਣੇ ਰੋਜ਼ਾਨਾ ਦੇ ਕੰਮ - ਧੰਦਿਆਂ ਤੋਂ ਇਲਾਵਾ ਬਾਕੀ ਬਚ ਰਹੇ ਰੋਜ਼ਾਨਾ ਸਮੇਂ ਨੂੰ ਕਿੰਝ , ਕਿੱਥੇ , ਕਿਵੇਂ ਤੇ ਕਿਸ ਢੰਗ ਨਾਲ ਖਰਚ ਕਰਦੇ ਹਾਂ ? ਬੱਸ ਇਹੋ ਬਹੁਤ ਵੱਡੀ ਸੋਚਣ ਵਾਲੀ ਗੱਲ ਹੈ। ਅਸੀਂ ਅਕਸਰ ਰੋਜ਼ਾਨਾ ਹੀ ਆਪਣਾ ਤਿੰਨ - ਚਾਰ ਘੰਟੇ ਦਾ ਬੇਸ਼ਕੀਮਤੀ ਸਮਾਂ ਬਿਨਾਂ ਵਜਾਹ ਮੋਬਾਇਲ - ਫੋਨਾਂ , ਟੈਲੀਵਿਜ਼ਨ ਦੇਖਣ , ਗੱਪਾਂ ਮਾਰਨ , ਸੁਸਤੀ ਤੇ ਆਲਸ ਪਾਈ ਰੱਖਣ , ਇੱਧਰ - ਉੱਧਰ ਬੈਠਣ ਆਦਿ 'ਤੇ ਰੋਜ਼ਾਨਾ ਗੁਆ ਦਿੰਦੇ ਹਾਂ। ਇਸ ਸਮੇਂ ਦੀ ਰੋਜ਼ਾਨਾ ਹੁੰਦੀ ਵਿਅਰਥਤਾ ਬਾਰੇ ਅਕਸਰ ਅਸੀਂ ਕਦੇ ਗੰਭੀਰਤਾ ਨਾਲ ਨਹੀਂ ਸੋਚਦੇ , ਪਰ ਇਹ ਇੱਕ ਬਹੁਤ ਗੰਭੀਰ ਵਿਸ਼ਾ ਹੈ। ਸਾਨੂੰ ਇਹ ਵੀ ਭਲੀ - ਭਾਂਤ ਪਤਾ ਹੈ ਕਿ ਸਮਾਂ ਕਦੇ ਵੀ ਖਰੀਦਿਆ , ਰੋਕਿਆ ਤੇ ਇੱਕ ਥਾਂ ਸਥਿਰ ਨਹੀਂ ਕੀਤਾ ਜਾ ਸਕਦਾ।ਇਸੇ ਲਈ ਸਮੇਂ ਨੂੰ ਬੇਸ਼ਕੀਮਤੀ ਅਤੇ ਅਨਮੋਲ ਕਿਹਾ ਗਿਆ ਹੈ। ਹੁਣ ਸੋਚਣ ਤੇ ਸਮਝਣ ਵਾਲੀ ਗੱਲ ਹੈ ਕਿ ਇਸ ਤਰ੍ਹਾਂ ਰੋਜ਼ਾਨਾ ਦੋ ਤੋਂ ਚਾਰ ਘੰਟੇ ਵਿਅਰਥ ਗਵਾਉਣ ਲਈ ਤਾਂ ਸਾਡੇ ਕੋਲ ਸਮਾਂ ਉਪਲੱਬਧ ਹੁੰਦਾ ਹੈ , ਪ੍ਰੰਤੂ ਆਪਣੀ ਸਿਹਤ ਦੀ ਸੰਭਾਲ ਲਈ ਚੰਗਾ ਸਾਹਿਤ ਤੇ ਚੰਗੀਆਂ ਪ੍ਰੇਰਨਾਦਾਇਕ ਪੁਸਤਕਾਂ ਪੜ੍ਹਨ ਲਈ , ਕੁਝ ਨਵਾਂ ਸਿੱਖਣ ਲਈ , ਸਮਾਜ ਦੀ ਭਲਾਈ ਕਰਨ ਹਿੱਤ, ਕੁਝ ਚੰਗਾ ਲਿਖਣ ਜਾਂ ਘਰ - ਪਰਿਵਾਰ ਵਿੱਚ ਬੈਠਣ ਲਈ ਸਾਡੇ ਕੋਲ ਸਮਾਂ ਕਿਉਂ ਨਹੀਂ ਹੁੰਦਾ ? ਫ਼ਿਰ ਇਹ ਕਹਿਣਾ ਬਣਦਾ ਹੈ ਕਿ ਸਮਾਂ ਸਾਡੇ ਸਭ ਦੇ ਕੋਲ ਬਰਾਬਰ ਹੁੰਦਾ ਹੈ , ਪ੍ਰੰਤੂ ਸਾਡੇ ਵਲੋਂ ਸਮੇਂ ਦੀ ਸੁਚੱਜੀ ਵੰਡ ਨਾ ਕਰਨ ਕਰਕੇ ਤੇ ਸਮੇਂ ਅਨੁਸਾਰ ਕੰਮਾਂ ਦੀ ਯੋਜਨਾਬੰਦੀ ਦੀ ਘਾਟ ਕਰਕੇ ਅਸੀਂ ਆਪਣੇ ਬੇਸ਼ਕੀਮਤੀ 24 ਘੰਟਿਆਂ ਵਿੱਚੋਂ ਘੱਟ ਤੋਂ ਘੱਟ ਦੋ - ਤਿੰਨ ਘੰਟੇ ਬੇਲੋੜੇ ਕੰਮਾਂ - ਕਾਰਾਂ 'ਤੇ ਅਜਾਈਂ ਹੀ ਗਵਾ ਦਿੰਦੇ ਹਾਂ। ਜੇਕਰ ਅਸੀਂ ਦੋ - ਤਿੰਨ ਘੰਟਿਆਂ ਦੇ ਰੋਜ਼ਾਨਾ ਦੇ ਬਹੁਤ ਕੀਮਤੀ ਸਮੇਂ ਨੂੰ ਵਿਅਰਥ ਗਵਾਉਣ ਤੋਂ ਸੰਭਾਲ ਲਈਏ ਤਾਂ ਅਸੀਂ ਮਹੀਨੇ ਵਿੱਚ ਲਗਭਗ 90 ਘੰਟੇ ਅਤੇ ਸਾਲ ਵਿੱਚ ਤਕਰੀਬਨ 1100 ਘੰਟੇ ਬਚਾ ਸਕਦੇ ਹਾਂ ਅਤੇ ਇਸ ਸਮੇਂ ਦੌਰਾਨ ਕੁਝ ਚੰਗਾ ਤੇ ਨਵਾਂ ਸਿੱਖ ਸਕਦੇ ਹਾਂ , ਪੜ੍ਹ ਸਕਦੇ ਹਾਂ , ਕੁੱਝ ਨਵਾਂ ਕੰਮ ਕਰ ਸਕਦੇ ਜਾਂ ਆਪਣਾ ਕੋਈ ਸ਼ੌਕ ਪੂਰਾ ਕਰ ਸਕਦੇ ਹਾਂ। ਅਸੀਂ ਆਪਣਾ ਕੁਝ ਸਮਾਂ ਆਪਣੇ ਸਮਾਜ ਅਤੇ ਦੇਸ਼ ਦੀ ਭਲਾਈ , ਵਾਤਾਵਰਨ ਤੇ ਜੀਵ-ਜੰਤੂਆਂ ਦੀ ਭਲਾਈ ਲਈ ਵੀ ਸਮਰਪਿਤ ਕਰ ਸਕਦੇ ਹਾਂ। ਇਹ ਗੱਲ ਭਾਵੇਂ ਹੈ ਛੋਟੀ ਜਿਹੀ ; ਪਰ ਹੈ ਬਹੁਤ ਗੰਭੀਰ ਅਤੇ ਸਮਝਣ ਤੇ ਅਪਣਾਉਣ ਵਾਲੀ। ਇਸ ਤੋਂ ਇਲਾਵਾ ਸਾਨੂੰ ਆਪਣੇ ਰੋਜ਼ਾਨਾ ਦੇ ਕੰਮਕਾਰਾਂ ਦੀ ਸਮੇਂ ਦੀ ਵੰਡ ਅਨੁਸਾਰ ਸੂਚੀ ਬਣਾ ਲੈਣੀ ਚਾਹੀਦੀ ਹੈ ਤਾਂ ਜੋ ਰੋਜ਼ਾਨਾ ਦੇ ਸਾਰੇ ਕੰਮਾਂ ਕਾਰਾਂ ਨੂੰ ਸਮਾਂ ਬੱਧ ਕਰਕੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ ਅਤੇ ਸਮੇਂ ਦੀ ਵਿਅਰਥਤਾ ਨੂੰ ਰੋਕਿਆ ਜਾ ਸਕੇ। ਇਹ ਗੱਲ ਭਾਵੇਂ ਦੇਖਣ ਨੂੰ ਬਹੁਤ ਛੋਟੀ ਜਿਹੀ ਲੱਗਦੀ ਹੈ , ਪਰ ਇਸ ਦੇ ਨਤੀਜੇ ਬਹੁਤ ਚੰਗੇ ਸਾਰਥਕ , ਦੂਰਗਾਮੀ , ਹੈਰਾਨੀਜਨਕ , ਪ੍ਰਭਾਵਸ਼ਾਲੀ ਅਤੇ ਜ਼ਿੰਦਗੀ ਵਿੱਚ ਬਹੁਤ ਵੱਡੀ ਤਬਦੀਲੀ ਤੇ ਕਰਾਂਤੀ ਲਿਆਉਣ ਵਾਲੇ ਹਨ। ਆਓ ! ਅੱਜ ਹੀ ਬੇਸ਼ਕੀਮਤੀ , ਅਨਮੋਲ ਤੇ ਕਦੇ ਵਾਪਸ ਨਾ ਆਉਣ ਵਾਲੇ ਅਤੇ ਕਦੇ ਵੀ ਖਰੀਦੇ ਨਾ ਜਾ ਸਕਣ ਵਾਲੇ ਸਮੇਂ ਨੂੰ ਧਿਆਨ ਨਾਲ ਅਤੇ ਸੰਕੋਚ ਨਾਲ ਖਰਚ ਕਰੀਏ ਤੇ ਇਸ ਦੀ ਰੋਜ਼ਾਨਾ ਬੱਚਤ ਕਰਕੇ ਉਸ ਬਚੇ ਹੋਏ ਸਮੇਂ ਨੂੰ ਸਾਰਥਕ ਢੰਗ ਨਾਲ ਬਤੀਤ ਕਰੀਏ ; ਕਿਉਂਕਿ ਸਮੇਂ ਦੀ ਬਹੁਤ ਧਿਆਨਪੂਰਵਕ , ਲੋੜ ਅਨੁਸਾਰ ਅਤੇ ਜਾਗਰੂਕ ਹੋ ਕੇ ਵਰਤੋਂ ਕਰਨ ਨਾਲ ਅਸੀਂ ਜੀਵਨ ਵਿੱਚ ਬਹੁਤ ਕੁਝ ਪ੍ਰਾਪਤ ਕਰ ਸਕਦੇ ਹਾਂ। ਆਓ ! ਸਮੇਂ ਦੀ ਰੋਜ਼ਾਨਾ ਹੋ ਰਹੀ ਵਿਅਰਥਤਾ ਬਾਰੇ ਅੱਜ ਤੋਂ ਅਤੇ ਹੁਣ ਤੋਂ ਹੀ ਜਾਗਰੂਕ ਹੋ ਜਾਈਏ ਤਾਂ ਜੋ ਅਸੀਂ ਵੀ ਆਪਣੇ ਜੀਵਨ ਨੂੰ ਸਫਲਤਾ ਤੇ ਹੋਰ ਉਚਾਈਆਂ ਵੱਲ ਲੈ ਜਾ ਸਕੀਏ।

**ਰਜਨੀ ਧਰਮਾਣੀ**

# ਖਿੰਡਾਵਾਂ ਦੇ ਦੌਰ 'ਚ ਸਫ਼ਲਤਾ ਦਾ ਸਫ਼ਰ



> ਸਫ਼ਰ ਦੌਰਾਨ ਸੰਜਮ ਲਾਜ਼ਮੀ ਹੈ, ਚੰਗਾ ਕੰਮ ਕਰਦੇ ਦੇਖ ਕੰਮਚੋਰ ਲੋਕ ਜਲਨ ਮਹਿਸੂਸ ਕਰਦੇ ਹਨ ਤੇ ਕੁਝ ਲੋਕ ਧਿਆਨ ਭਟਕਾਉਣ ਲਈ ਸਦਾ ਤਤਪਰ ਰਹਿੰਦੇ ਹਨ। ਉਨ੍ਹਾਂ ਦੇ ਭੜਕਾਊ ਬੋਲ ਗੁੱਸੇ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਦੇ ਸਮਰੱਥ ਹੁੰਦੇ ਹਨ। ਸਵੈ ਅਨੁਸ਼ਾਸ਼ਿਤ ਸੂਝਵਾਨ ਮਨੁੱਖ ਆਪਣੇ ਗੁੱਸੇ ਨੂੰ ਵੀ ਪੂੰਜੀ ਦੀ ਤਰਾਂ ਸਾਂਭਦੇ, ਵਿਉਂਤਦੇ ਤੇ ਖਰਚਦੇ ਹਨ। ਇਸ ਖਜ਼ਾਨੇ ਦੀ ਚਾਬੀ ਉਨ੍ਹਾਂ ਦੇ ਕੰਨਾਂ ਦੀ ਬਜਾਇ ਦਿਮਾਗ ਕੋਲ ਹੁੰਦੀ ਹੈ।ਵੈਸੇ ਵੀ ਦਿਮਾਗ 'ਚ ਅਗਰ ਕੁਝ ਭਰਨਾ ਹੀ ਹੈ ਤਾਂ ਸਕਾਰਤਮਕ ਨਜ਼ਰੀਏ ਨਾਲ ਲਬਰੇਜ਼ ਵਿਚਾਰ ਕਿਉਂ ਨਾ ਭਰੇ ਜਾਣ, ਜੋ ਦੁਨੀਆਂ ਨੂੰ ਹੋਰ ਚੰਗੇਰੀ ਬਣਾਉਣ, ਕਿਸੇ ਲਈ ਪ੍ਰੇਰਣਾ ਦਾ ਸ੍ਰੋਤ ਤੇ ਮਾਰਗ ਦਰਸ਼ਨ ਦਾ ਸਬੱਬ ਬਣਨਾਹਰ ਮੰਜ਼ਿਲ ਦਾ ਕੋਈ ਨਾਇਕ ਜ਼ਰੂਰ ਹੁੰਦਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਸਫ਼ਰ ਨੂੰ ਮੁਕੰਮਲ ਕਰਨਾ ਹੁੰਦਾ ਹੈ।

ਜ਼ਿੰਦਗੀ ਇੱਕ ਸਫ਼ਰ ਹੈ ਹਰ ਜੀਵਿਤ ਮਨੁੱਖ ਇਸਦਾ ਹਿੱਸਾ ਹੈ।ਇਸ ਦਾ ਆਗਾਜ਼ ਜਨਮ ਦੇ ਨਾਲ ਹੁੰਦਾ ਹੈ ਅਤੇ ਅੱਖਾਂ ਮੀਟਣ ਤੱਕ ਪ੍ਰਤੱਖ ਰੂਪ 'ਚ ਸੰਸਾਰ ਅੰਦਰ ਨਸ਼ਰ ਹੁੰਦਾ ਹੈ।ਸਫ਼ਰ ਅਤੇ ਟਹਿਲਣ ਵਿੱਚ ਇੰਨਾ ਕੁ ਹੀ ਫ਼ਰਕ ਹੈ, ਸਫ਼ਰ ਸਮੇ ਮਨੁੱਖ ਪੁਖ਼ਤਾ ਤਿਆਰੀ ਕਰਕੇ ਘਰੋਂ ਨਿੱਕਲਦਾ ਹੈ, ਟਹਿਲ਼ਣ ਸਮੇ ਇਹ ਸਭ ਜ਼ਰੂਰੀ ਨਹੀ ਹੁੰਦਾ।ਚਹਿਲ਼ ਕਦਮੀ ਕਦਮਾਂ ਨੂੰ ਤਾਂ ਚਾਹੇ ਤੰਦਰੁਸਤ ਬਣਾਉਣ ਦੇ ਸਮਰੱਥ ਹੁੰਦੀ ਹੀ ਹੈ, ਬਲਕਿਰਾਤ ਦਾ ਖਾਣਾ ਖਾ ਕੇ 100 ਕਦਮ ਚੱਲਣਾ ਪਾਚਨ ਤੰਤਰ ਨੂੰ ਵੀ ਸੁਧਾਰਦਾ ਹੈ ਪਰ ਵੱਖ ਵੱਖ ਜਗ੍ਹਾਵਾਂ ਦੀ ਯਾਤਰਾ ਮਨੁੱਖ ਦੇ ਗਿਆਨ ਨੂੰ ਅਸਮਾਨ ਦੀ ਉੱਚਾਈ ਦਿੰਦੀ ਹੈ, ਹੋਰਨਾਂ ਸੱਭਿਅਤਾਵਾਂ ਨੂੰ ਪਰਿਸਪਰ ਨੇੜਤਾ ਦਿੰਦੀ ਹੈ।ਦੋਵਾਂ ਹਾਲਾਤਾਂ ਵਿੱਚ ਸਰੀਰ ਅਤੇ ਮਨ ਨੂੰ ਉਸ ਦੀ ਲੋੜੀਂਦੀ ਖ਼ੁਰਾਕ ਮਿਲਦੀ ਹੈ ਜੋ ਤੰਦਰੁਸਤ ਜੀਵਨ ਦਾ ਸਬੱਬ ਹੋ ਨਿੱਬੜਦੀ ਹੈ।ਜੀਵਨ ਅਗਾਂਹਵਧੂ ਸੋਚ ਦਾ ਨਾਮ ਹੈ ਪਿੱਛਖਿੱਚੂ ਸੋਚ ਦੇ ਲੋਕ ਇਸ ਨਾਂਅ ਨਾਲ ਅਕਸਰ ਹੀ ਨਿਆਂ ਨਹੀ ਕਰ ਪਾਉਂਦੇ ਜਿਸ ਦਾ ਨਤੀਜਾ ਜੀਵਨ ਅਤੇ ਸੰਸਾਰ ਪ੍ਰਤੀ ਉਦਾਸੀਨਤਾ ਤੇ ਆਖ਼ਰ ਖ਼ੁਦਕੁਸ਼ੀ।ਸਫ਼ਰ ਦੌਰਾਨ ਮਨੁੱਖ ਨੂੰ ਮੰਜ਼ਿਲ 'ਤੇ ਪੁੱਜਣ ਦਾ ਚਾਅ ਤੇ ਭੈਅ ਹੁੰਦਾ ਹੈ ਜਿਸ ਕਰਕੇ ਉਹ ਓਪਰੇ ਰਾਹਾਂ ਦੀ ਨਵੀਨਤਾ ਨੂੰ ਨਹੀ ਮਾਣਦਾ ਹੈ ਤੇ ਮੰਜ਼ਿਲ 'ਤੇ ਪੁੱਜ ਕੇ ਇਨ੍ਹਾਂ ਰਾਹਾਂ ਨੂੰ ਯਾਦ ਕਰਕੇ ਭਾਵੁਕ ਹੁੰਦਾ ਹੈ।ਖਿੰਡਾਵਾਂ, ਭਟਕਣ ਜਦੋਂ ਸਫ਼ਰ ਦੀ ਨੀਰਸਤਾ ਦਾ ਸਬੱਬ ਬਣ ਜਾਣ ਤਾਂ ਹਸੀਨ ਵਾਦੀਆਂ ਵੀ ਉਜਾੜ ਜਾਪਦੀਆਂ ਹਨ।



ਡਾ.ਗੁਰਤੇਜ ਸਿੰਘ
:95173-96001

ਸਫ਼ਰ ਦੌਰਾਨ ਜਿਆਦਾ ਸਮਾਨ ਝੰਜਟ ਹੀ ਸਹੇੜਦਾ ਹੈ ਜਿਸ ਦੀ ਸਾਂਭ ਸੰਭਾਲ ਹਮੇਸ਼ਾਂ ਧਿਆਨ ਭਟਕਾਉਂਦੀ ਹੈ।ਇਸ ਨਾਜ਼ੁਕ ਦੌਰ 'ਚ ਹਰ ਕਿਸੇ ਤੋਂ ਮਦਦ ਦੀ ਉਮੀਦ ਨਾਂ ਰੱਖ ਕੇ ਇਕੱਲੇ ਸੋਚ ਵਿਚਾਰ ਕੇ ਸਾਹਸ ਨਾਲ ਤੁਰਨ ਦੀ ਆਦਤ ਪਾਉ, ਤੇਜ਼ ਚੱਲੋਗੇ।ਯਾਤਰਾ ਦੌਰਾਨ ਜਿਆਦਾ ਸਮਾਨ ਅਤੇ ਭੀੜ ਦੇ ਝੰਜਟ ਤੋਂ ਮੁਕਤ ਰਹੋਗੇ। ਅੰਗਰੇਜ਼ ਚੰਦ ਕੱਪੜਿਆਂ 'ਚ ਵਿਸ਼ਵ ਘੁੰਮ ਲੈਂਦੇ ਹਨ ਤੇ ਅਸੀ ਭੂਆ ਕੋਲ ਜਾਂਦੇ ਸਮੇ ਵੀ ਸਮਾਨ ਦੇ ਝੋਲ਼ੇ ਭਰ ਤੁਰਦੇ ਹਾਂ।

ਜ਼ਿੰਦਗੀ'ਚ ਅੱਗੇ ਵਧਣ ਲਈ ਕਈ ਵਾਰ ਆਸ-ਪਾਸ ਪਰ ਸਾਡੇ ਨਾਲ ਹੀ ਸਬੰਧਿਤ ਵਰਤਾਰਿਆਂ ਪ੍ਰਤੀ ਮੌਨ ਧਾਰਨਾ, ਅਣਗੌਲ਼ਿਆ ਕਰਨਾ ਲਾਜ਼ਮੀ ਹੋ ਜਾਂਦਾ ਹੈ, ਭਟਕਣ ਲੱਗਦਿਆਂ, ਧਿਆਨ ਭਟਕਦਿਆਂ ਹੀ ਰਸਤਾ ਹਾਸ਼ੀਏ 'ਚ ਤਬਦੀਲ ਹੋ ਜਾਂਦਾ ਹੈ।ਮੁੱਖ ਧਾਰਾ 'ਚ ਪਰਤਦੇ-ਪਰਤਦੇ ਬੜੀ ਦੇਰ ਹੋ ਜਾਂਦੀ ਹੈ।

ਪਿੱਛਲੱਗ ਲੋਕ ਅਜਿਹੇ ਵਰਤਾਰਿਆਂ ਦੇ ਅਕਸਰ ਸ਼ਿਕਾਰ ਹੋ ਜਾਂਦੇ ਹਨ ਤੇ ਸਫ਼ਰ ਦੀ ਰੌਚਕਤਾ ਦੇ ਖ਼ਾਤਮੇ ਦਾ ਸਬੱਬ ਹੋ ਨਿੱਬੜਦੇ ਹਨ।ਆਪਣਾ ਕਾਰਜ ਛੱਡ ਜੋ ਆਪਣੇ ਆਪ ਨੂੰ ਗਿਆਨਗੁਰੂ ਹੋਣ ਦਾ ਭਰਮ ਪਾਲ ਬੈਠਦੇ ਹਨ ਅਤੇ ਉਸ ਰਸਤੇ 'ਤੇ ਸਿਰਫ਼ ਟਹਿਲ਼ਣ ਆਏ ਲੋਕਾਂ ਨੂੰ ਆਪਣਾ ਹਮਸਫ਼ਰ ਸਮਝਣ ਦੀ ਭੁੱਲ ਕਰਦੇ ਹਨ,ਉਨ੍ਹਾਂ ਦਾ ਹਸ਼ਰ ਮਾੜਾ ਹੋਣੋ ਕੋਈ ਤਾਕਤ ਰੋਕ ਹੀ ਨਹੀ ਸਕਦੀ।

ਬਹੁਤ ਵਾਰ ਕਿਸੇ ਨੂੰ ਸਮਝਾਉਣ ਨਾਲੋਂ ਖੁਦ ਨੂੰ ਸਮਝਾਉਣ ਨਾਲ ਮੁਸ਼ਕਿਲਾਂ ਦੇ ਬਿਹਤਰ ਹੱਲ ਭਾਂਵੇ ਨਾ ਹੋਣ ਪਰ ਅੰਦਰੂਨੀ ਅਸ਼ਾਂਤੀ ਦਾ ਤੂਫਾਨ ਜ਼ਰੂਰ ਠੱਲ੍ਹ ਜਾਂਦਾ ਹੈ। ਖੁਦ ਨਾਲ ਬੈਠਣ ਦੀ ਆਦਤ ਸਵੈਤਸਦੀਕ ਦੇ ਰਾਹ ਤੋਰਦੀ ਹੈ ਤੇ ਰਾਤੀਂ ਸੌਣ ਤੋਂ ਪਹਿਲਾਂ ਬੀਤੇ ਦਿਨ ਦਾ ਕੀਤਾ ਗਿਆ ਵਿਸ਼ਲੇਸ਼ਣ ਤਜ਼ਰਬਾ ਬਣ ਕੇ ਮੁਸ਼ਕਿਲਾਂ ਦੇ ਹੱਲ 'ਚ ਸਹਾਈ ਸਿੱਧ ਹੁੰਦਾ ਹੈ। ਉਪਦੇਸ਼ਕ ਦੀ ਜਗ੍ਹਾ ਉਦਾਹਰਨ ਬਣੋ, ਸਿਰਫ ਸੋਚਣ, ਬੋਲਣ ਦੀ ਥਾਂ ਮਿੱਥੇ ਨਿਸ਼ਾਨੇ ਦਾ ਜੇਤੂ ਬਣਨ ਦੀ ਸਾਰਥਿਕ ਕੋਸ਼ਿਸ਼ ਕਰੋ। ਸੰਸਾਰ ਨੇ ਸਦਾ ਸਿਰਫ ਨਤੀਜਿਆਂ ਨੂੰ ਕਬੂਲਿਆ ਤੇ ਸਲਾਹਿਆ ਹੈ, ਸਫ਼ਰ ਦੌਰਾਨ ਆਈਆਂ ਅੜਚਣਾਂ ਤੇ ਕੋਸ਼ਿਸ਼ਾਂ ਨੂੰ ਤਾਂ ਹਰਗਿਜ਼ ਨਹੀ। ਸੀਮਤ ਸਾਧਨਾਂ ਦੇ ਬਾਵਜੂਦ ਜਿਸ ਕੋਲ ਚੁਣੌਤੀਆਂ ਨੂੰ ਸਵੀਕਾਰਨ ਦੀ ਸਮਰੱਥਾ ਹੈ, ਜੋਖ਼ਮ ਉਠਾਉਣ ਦਾ ਬਲ ਹੈ, ਨਿਰੰਤਰ ਮਿਹਨਤ ਕਰਨ ਦਾ ਨਿਸ਼ਚਾ ਹੈ। ਭਵਿੱਖ ਦੀ ਕੈਨਵਸ 'ਤੇ ਉਹ ਮਨੁੱਖ ਆਪਣੀ ਜਿੱਤ ਦੇ ਨਿਸ਼ਾਨ ਜ਼ਰੂਰ ਉਕੇਰਦਾ ਹੈ।

ਸਫ਼ਰ ਹਮੇਸ਼ਾਂ ਚੁਕੰਨੇ ਹੋ ਕੇ ਕੀਤੇ ਜਾਦੇ ਹਨ, ਕਰਨੇ ਲਾਜ਼ਮੀ ਵੀ ਹਨ ਤੇ ਅਜਿਹੇ ਸਮੇ ਚੌਕਸ ਰਹਿਣਾ ਜ਼ਰੂਰੀ ਹੁੰਦਾ ਹੈ।ਜਦ ਤੁਹਾਡੇ ਹਾਲਾਤ ਸੁਖ਼ਦ ਨਾਂ ਹੋਣ ਉੱਪਰੋਂ ਕੀਮਤੀ ਸਮਾਨ ਕੋਲ ਹੋਵੇ ਤਾਂ ਹਰ ਪਲ ਜਾਗਰੂਕ ਰਹਿਣਾ ਹੀ ਸਮਝਦਾਰ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ।ਉਹ ਹਰ ਕੰਮ,ਆਹਾਰ-ਵਿਹਾਰ,ਲੋਕ-ਲਾਜ, ਆਦਤ ਆਦਿ ਦਾ ਤਿਆਗ ਲਾਜ਼ਮੀ ਹੈ ਜੋ ਸਾਨੂੰ ਸਾਡੇ ਰਸਤੇ ਤੋਂ ਭਟਕਣ ਲਈ ਮਜਬੂਰ ਕਰਦੇ ਹਨ।ਇਹ ਕੰਮ ਸੌਖਾ ਨਹੀਂ ਹੈ ਪਰ ਨਾਮੁਮਕਿਨ ਤਾਂ ਹਰਗਿਜ਼ ਨਹੀ ਹੈ। ਭਟਕਣ ਅਤੇ ਖਿੰਡਾਵਾਂ ਤਰੱਕੀ ਦੇ ਰਾਹ 'ਚ ਅੜਿੱਕਾ ਹਨ, ਇਨ੍ਹਾਂ ਦੇ ਕਾਰਕਾਂ ਜਿਵੇਂ ਕਿ ਪੁਰਾਣੇ ਤੇ ਘਟੀਆ ਵਿਚਾਰ, ਅਸੰਤੁਲਿਤ ਆਹਾਰ ਵਿਹਾਰ, ਅਨੁਸ਼ਾਸ਼ਨਹੀਣਤਾ ਆਦਿ ਦਾ ਤਿਆਗ ਲਾਜ਼ਮੀ ਹੈ। ਇਹ ਤਿਆਗ ਸਫ਼ਲ ਲੋਕਾਂ ਦੇ ਜੀਵਨ ਦਾ ਅਹਿਮ ਅੰਗ ਹੁੰਦਾ ਹੈ। ਨਿਰੰਤਰ ਵਿਕਾਸ ਹਿਤ ਪੱਤਝੜ ਦੌਰਾਨ ਦਰੱਖਤ ਆਪਣੇ ਮਹੱਤਵਪੂਰਨ ਅੰਗ ਪੁਰਾਣੇ ਪੱਤਿਆਂ ਦਾ ਤਿਆਗ ਕਰਦੇ ਹਨ ਤੇ ਨਵੀਨਤਾ ਨਾਲ ਅਸਮਾਨ ਵੱਲ ਰੁਖ਼ ਕਰਦੇ ਹਨ।ਕਣਕ ਦੇ ਨਾਜ਼ੁਕ ਪੌਦੇ ਤੋਂ ਸਵਾਦੀ ਪਕਵਾਨ ਬਣਨ ਲਈ ਧੁੱਪਾਂ ਛਾਵਾਂ, ਹੱਢ ਚੀਰਵੀਂ ਸਰਦੀ ਤੇ ਸਰੀਰ ਜਲਾਉਣ ਸਮਰੱਥ ਗਰਮੀ ਦਾ ਸਹਿਣ ਪੈਂਦਾ ਹੈ।ਮੌਕੇ ਦਾ ਸਹੀ ਇਸਤੇਮਾਲ ਹੀ ਸਫ਼ਲਤਾ ਦਾ ਸਬੱਬ ਹੋ ਨਿੱਬੜਦਾ ਹੈ। ਜੋ ਲੋਕ ਅਸਫ਼ਲ ਹੁੰਦੇ ਹਨ, ਕਈਆਂ ਨੂੰ ਮੌਕਾ ਨਹੀ ਮਿਲਦਾ। ਅਕਸਰ ਲੋਕਾਂ ਨੇ ਮਿਲੇ ਅਵਸਰ ਦਾ ਠੋਸ ਰਣਨੀਤੀ ਨਾਲ ਫਾਇਦਾ ਹੀ ਨਹੀ ਉਠਾਇਆ ਹੁੰਦਾ।

ਉਦੇਸ਼ ਹੌਸਲੇ ਨਾਲ ਮਿੱਥੇ ਜਾਂਦੇ ਹਨ, ਉੱਥੇ ਤੱਕ ਪਹੁੰਚਣ ਲਈ ਦ੍ਰਿੜ ਇੱਛਾ ਸ਼ਕਤੀ ਆਪਣਾ ਕਾਰਜ ਕਰਦੀ ਹੈ, ਜਦਕਿ ਇੱਛਾ ਦੀ ਪੂਰਤੀ ਹਿਤ ਸਿਰਫ ਕਾਮਨਾ ਕੀਤੀ ਜਾਂਦੀ ਹੈ ਜੋ ਅਧੂਰੀਆਂ ਸੱਧਰਾ ਦਾ ਸਬੱਬ ਹੋ ਨਿੱਬੜਦੀ ਹੈ।ਸੰਘਰਸ਼ ਸਮੇ ਇਨਸਾਨ ਧਰਤੀ ਨਾਲ ਜੁੜਿਆ ਹੁੰਦਾ ਹੈ ਤੇ ਸਫ਼ਲਤਾ ਉਸਨੂੰ ਅਸਮਾਨ ਦੇ ਸਫ਼ਰ 'ਤੇ ਲੈ ਜਾਂਦੀ ਹੈ।ਸੰਘਰਸ਼ ਇਨਸਾਨ ਦੀ ਖ਼ੁਦ ਨਾਲ ਜੰਗ ਹੁੰਦੀ ਹੈ ਤੇ ਇਸ 'ਚ ਜਿੱਤ ਹਾਰ ਉਸ ਦੁਆਰਾ ਕੀਤੇ ਕਰਮ 'ਤੇ ਨਿਰਭਰ ਹੁੰਦੀ ਹੈ।ਜੋ ਲੋਕ ਰੋਜ਼ਾਨਾ ਖ਼ੁਦ ਨੂੰ ਬੀਤੇ ਕੱਲ੍ਹ ਤੋਂ ਬਿਹਤਰ ਬਣਾਉਣ ਦੀ ਕੋਸ਼ਿਸ਼ 'ਚ ਜੁਟਦੇ ਹਨ ਉਨ੍ਹਾਂ ਦੇ ਸਫ਼ਰ ਦੀ ਕਾਮਯਾਬੀ ਨਿਸ਼ਚਿਤ ਮੰਨੀ ਜਾ ਸਕਦੀ ਹੈ ਜੋ ਲੋਕ ਸਵੈਪੜਚੋਲ ਦਾ ਪੱਲਾ ਨਹੀ ਫੜਦੇ ਉਨ੍ਹਾਂ ਦਾ ਭਟਕਣਾ ਤੈਅ ਹੀ ਹੁੰਦਾ ਹੈ।ਜ਼ਿੰਦਗੀ 'ਚ ਉੱਚੇ ਮੁਕਾਮ ਹਾਸਿਲ ਕਰਨ ਲਈ ਵਾਧੂ ਜ਼ੋਰ ਲਗਾਉਣ ਦੀ ਲੋੜ ਨਹੀ ਹੁੰਦੀ, ਬਲਕਿ ਸਹੀ ਦਿਸ਼ਾ ਵਿੱਚ ਨਿਰੰਤਰ ਮਿਹਨਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹੀ ਲਗਾਤਾਰਤਾ ਧੀਮੀ ਗਤੀ ਵਾਲੇ ਕੱਛੂ ਦੇ ਮਿੱਥੀ ਮੰਜ਼ਿਲ 'ਤੇ ਪੁੱਜਣ ਦਾ ਸਬੱਬ ਹੋ ਨਿੱਬੜਦੀ ਹੈ।ਸਫ਼ਲਤਾ ਸਫ਼ਲ ਲੋਕਾਂ ਦੁਅਤਾਰਾ ਚੁੱਕੇ ਵੱਡੇ ਜੋਖ਼ਮਾਂ, ਤਿਆਗ, ਸੰਘਰਸ਼ ਅਤੇ ਲੋਕਾਂ ਦੇ ਦਿੱਤੇ ਮਿਹਣਿਆਂ ਦਾ ਸੰਖੇਪ ਰੂਪ ਹੁੰਦੀ ਹੈ।

ਸਫ਼ਰ ਦੌਰਾਨ ਸੰਜਮ ਲਾਜ਼ਮੀ ਹੈ, ਚੰਗਾ ਕੰਮ ਕਰਦੇ ਦੇਖ ਕੰਮਚੋਰ ਲੋਕ ਜਲਨ ਮਹਿਸੂਸ ਕਰਦੇ ਹਨ ਤੇ ਕੁਝ ਲੋਕ ਧਿਆਨ ਭਟਕਾਉਣ ਲਈ ਸਦਾ ਤਤਪਰ ਰਹਿੰਦੇ ਹਨ। ਉਨ੍ਹਾਂ ਦੇ ਭੜਕਾਊ ਬੋਲ ਗੁੱਸੇ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਦੇ ਸਮਰੱਥ ਹੁੰਦੇ ਹਨ। ਸਵੈ ਅਨੁਸ਼ਾਸ਼ਿਤ ਸੂਝਵਾਨ ਮਨੁੱਖ ਆਪਣੇ ਗੁੱਸੇ ਨੂੰ ਵੀ ਪੂੰਜੀ ਦੀ ਤਰਾਂ ਸਾਂਭਦੇ, ਵਿਉਂਤਦੇ ਤੇ ਖਰਚਦੇ ਹਨ। ਇਸ ਖਜ਼ਾਨੇ ਦੀ ਚਾਬੀ ਉਨ੍ਹਾਂ ਦੇ ਕੰਨਾਂ ਦੀ ਬਜਾਇ ਦਿਮਾਗ ਕੋਲ ਹੁੰਦੀ ਹੈ।ਵੈਸੇ ਵੀ ਦਿਮਾਗ 'ਚ ਅਗਰ ਕੁਝ ਭਰਨਾ ਹੀ ਹੈ ਤਾਂ ਸਕਾਰਤਮਕ ਨਜ਼ਰੀਏ ਨਾਲ ਲਬਰੇਜ਼ ਵਿਚਾਰ ਕਿਉਂ ਨਾ ਭਰੇ ਜਾਣ, ਜੋ ਦੁਨੀਆਂ ਨੂੰ ਹੋਰ ਚੰਗੇਰੀ ਬਣਾਉਣ, ਕਿਸੇ ਲਈ ਪ੍ਰੇਰਣਾ ਦਾ ਸ੍ਰੋਤ ਤੇ ਮਾਰਗ ਦਰਸ਼ਨ ਦਾ ਸਬੱਬ ਬਣਨ।ਹਰ ਮੰਜ਼ਿਲ ਦਾ ਕੋਈ ਨਾਇਕ ਜ਼ਰੂਰ ਹੁੰਦਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਸਫ਼ਰ ਨੂੰ ਮੁਕੰਮਲ ਕਰਨਾ ਹੁੰਦਾ ਹੈ। ਹਰ ਸਮਿਆਂ ਵਿੱਚ ਜਵਾਨੀ ਦਾ ਕੋਈ ਨਾ ਕੋਈ ਨਾਇਕ ਜ਼ਰੂਰ ਰਿਹਾ ਹੁੰਦਾ ਹੈ ਜਿਸ ਦਾ ਪ੍ਰਭਾਵ ਨੌਜਵਾਨੀ ਦੀ ਦਸ਼ਾ ਤੇ ਦਿਸ਼ਾ ਮਿੱਥਦਾ ਹੈ। ਜਿਸ ਜਵਾਨੀ ਦਾ ਨਾਇਕ ਸੁਘੜ, ਦੂਰਦਰਸ਼ੀ, ਤੇ ਚੁਣੌਤੀਆਂ ਸਵੀਕਾਰਨ ਵਾਲੇ ਗੁਣਾਂ ਨਾਲ ਲਬਰੇਜ਼ ਹੋਵੇ, ਉਹ ਇਤਿਹਾਸ ਦੇ ਸਫ਼ਿਆ 'ਚ ਵਰਨਣਯੋਗ ਬਣ ਉੱਭਰੀ ਹੈ। ਸੰਸਾਰ 'ਚ ਹੁਨਰ, ਮਿਹਨਤ ਤੇ ਚੰਗੇ ਵਿਵਹਾਰ ਨੇ ਆਪਣਾ ਲੋਹਾ ਸਦਾ ਮਨਵਾਇਆ ਹੈ। ਇਹ ਕਾਰਜ ਚਾਹੇ ਹੌਲ਼ੀ-ਹੌਲ਼ੀ ਵਾਪਰਦਾ ਹੈ ਪਰ ਇਸ ਦਾ ਪ੍ਰਭਾਵ ਸਥਾਈ ਹੁੰਦਾ ਹੈ

।ਭਟਕਣਾ ਮਨੁੱਖੀ ਸੁਭਾਅ ਹੈ ਜਿਸ ਤੋਂ ਸ਼ਾਇਦ ਹੀ ਕੋਈ ਇਨਸਾਨ ਬਚ ਸਕਿਆ ਹੋਵੇ, ਜ਼ਿੰਦਗੀ ਦੇ ਕਿਸੇ ਮੋੜ 'ਤੇ ਭਟਕਣ ਦਾ ਕੋਈ ਸਬੱਬ ਸਾਰਿਆਂ ਨਾਲ ਲਾਜ਼ਮੀ ਜੁੜਦਾ ਹੈ।ਖਿੰਡਾਵਾਂ ਮਨ ਦੀ ਇਕਾਗਰਤਾ ਖਿੰਡਾਉਣ ਲਈ ਅਹਿਮ ਕਾਰਕ ਹੋ ਨਿੱਬੜਦੀਆਂ ਹਨ।ਇਹ ਹਰ ਦੌਰ 'ਚ ਮੌਜੂਦ ਹੁੰਦੀਆਂ ਹਨ ਤੇ ਹਰ ਮਨੁੱਖ ਇਨ੍ਹਾਂ ਦੇ ਸੰਪਰਕ ਵਿੱਚ ਲਾਜ਼ਮੀ ਆਉਂਦਾ ਹੈ।ਉਸ ਵੇਲੇ ਜ਼ਰੂਰਤ ਇਹ ਹੁੰਦੀ ਹੈ ਕਿ ਆਪਣੇ ਨਿਸ਼ਾਨੇ, ਹਾਲਾਤਾਂ ਨੂੰ ਸਨਮੁੱਖ ਰੱਖ ਕੇ ਆਪਣੀ ਮੰਜ਼ਿਲ ਵੱਲ ਵਧਦੇ ਜਾਣ ਦੀ, ਪੜ੍ਹਾਵਾਂ ਨੂੰ ਆਖ਼ਰੀ ਮੰਜ਼ਿਲ ਸਮਝਣ ਦੀ ਗ਼ੁਸਤਾਖ਼ੀ ਨਹੀ ਕਰਨੀ ਚਾਹੀਦੀ।ਬਲਕਿ ਪੜ੍ਹਾਅ ਅਤੇ ਮੰਜ਼ਿਲ ਦੇ ਫ਼ਰਕ ਨੂੰ ਉੱਚੀ ਅਵਸਥਾ ਦੇ ਪ੍ਰਭਾਵ ਅਤੇ ਜੀਵਨ ਜਾਚ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

# ਪੰਜਾਬੀ ਬੋਲੀ ਦਾ ਪਿਛੋਕੜ, ਭਵਿੱਖ ਅਤੇ ਚੁਣੌਤੀਆਂ

ਸਫ਼ਾ 5 ਦੀ ਬਾਕੀ

ਸ਼ਬਦਾਂ ਦੀ ਵੱਡੀ ਮਾਤਰਾ ਵਿੱਚ ਆਮ ਵਰਤੋਂ ਕੀਤੀ ਜਾਂਦੀ ਸੀ।

***

ਬੋਲੀ ਵਗਦੇ ਪਾਣੀ ਵਾਂਗ ਹੁੰਦੀ ਹੈ। ਜਦੋਂ ਤੱਕ ਬੋਲੀ ਲੋੜ ਅਨੁਸਾਰ ਹੋਰ ਬੋਲੀਆਂ ਦੇ ਸ਼ਬਦਾਂ ਨੂੰ ਜਜ਼ਬ ਕਰਨ ਦੇ ਸਮਰੱਥ ਰਹਿੰਦੀ ਹੈ ਉਦੋਂ ਤੱਕ ਬੋਲੀ ਜਿਊਂਦੀ ਰਹਿੰਦੀ ਹੈ। ਜਦੋਂ ਉਹ ਖੜ੍ਹੇ ਪਾਣੀ ਵਾਂਗ ਖੜੋਤ ਵਿੱਚ ਆ ਜਾਂਦੀ ਹੈ ਤਾਂ ਉਸ ਬੋਲੀ ਦੀ ਮੌਤ ਕੁਦਰਤੀ ਬਣ ਜਾਂਦੀ ਹੈ। ਪੰਜਾਬੀ ਵਿੱਚ ਅਸੀਂ ਕੁਝ ਕੁ ਦਹਾਕੇ ਪਹਿਲਾਂ ਹੀ ਘੜਾ, ਗਾਗਰ, ਚੱਪਣ, ਕਸੋਰਾ, ਬਠਲੀ ਵਰਗੇ ਸ਼ਬਦ ਵਰਤਦੇ ਸੀ ਕਿਉਂਕਿ ਇਹ ਚੀਜ਼ਾਂ ਪੰਜਾਬੀ ਰਸੋਈ ਦਾ ਹਿੱਸਾ ਹੁੰਦੀਆਂ ਸਨ। ਇਸੇ ਤਰ੍ਹਾਂ ਛੰਨਾ, ਬਾਟੀ, ਥਾਲੀ ਆਦਿ ਸ਼ਬਦ ਵੀ ਵਰਤੇ ਜਾਂਦੇ ਸਨ। ਹੁਣ ਇਹ ਚੀਜ਼ਾਂ ਪੰਜਾਬੀ ਰਸੋਈ ਵਿੱਚੋਂ ਅਲੋਪ ਹੋ ਗਈਆਂ ਹਨ। ਇਹ ਹੁਣ ਅੱਜ ਦੇ ਬੱਚਿਆਂ ਲਈ ਕੋਈ ਮਾਅਨੇ ਨਹੀਂ ਰੱਖਦੀਆਂ ਤੇ ਨਾ ਹੀ ਉਨ੍ਹਾਂ ਨੂੰ ਇਨ੍ਹਾਂ ਬਾਰੇ ਗਿਆਨ ਹੈ। ਇਹ ਸ਼ਬਦਕੋਸ਼ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਦੀ ਥਾਂ ਗਲਾਸ, ਪਲੇਟ, ਗੈਸ, ਕੱਪ, ਮਾਈਕਰੋਵੇਵ ਆਦਿ ਸ਼ਬਦ ਪੰਜਾਬੀ ਨੇ ਜਜ਼ਬ ਕਰ ਲਏ ਹਨ। ਇਹ ਸਭ ਅੰਗਰੇਜ਼ੀ ਦੇ ਸ਼ਬਦ ਹਨ, ਪਰ ਆਮ ਲੋਕਾਂ ਨੂੰ ਇਹ ਪੰਜਾਬੀ ਦੇ ਹੀ ਲੱਗਦੇ ਹਨ। ਇਵੇਂ ਖੇਤੀ ਦੇ ਸੰਦ, ਗੱਡਾ, ਹਲ, ਪੰਜਾਲੀ ਆਦਿ ਵੀ ਅਲੋਪ ਹੋ ਗਏ ਹਨ ਜਾਂ ਹੋ ਰਹੇ ਹਨ। ਹੁਣ ਟਰੈਕਟਰ, ਟਰਾਲੀ (ਟਰੌਲੀ) ਵਰਗੇ ਸ਼ਬਦ ਵੀ ਲੋਕ ਬੋਲੀ ਦਾ ਹਿੱਸਾ ਬਣ ਗਏ ਹਨ। ਬੱਸ, ਕਾਰ, ਟਰੱਕ, ਮੋਟਰ ਸਾਈਕਲ, ਸਕੂਟਰ ਵਰਗੇ ਅਨੇਕਾਂ ਹੀ ਸ਼ਬਦ ਅੰਗਰੇਜ਼ੀ ਦੇ ਹੋਣ ਦੇ ਬਾਵਜੂਦ ਪੰਜਾਬੀ ਦੇ ਲੱਗਦੇ ਹਨ ਕਿਉਂਕਿ ਹਰ ਵਿਅਕਤੀ ਇਨ੍ਹਾਂ ਦੀ ਵਰਤੋਂ ਮਾਂ ਬੋਲੀ ਵਾਂਗ ਹੀ ਕਰਦਾ ਹੈ।

ਬਹੁਤ ਸਾਰੇ ਸ਼ਬਦਾਂ ਦਾ ਲੋਕ ਆਪਣੇ ਉਚਾਰਣ ਅਤੇ ਲਹਿਜੇ ਅਨੁਸਾਰ ਪੰਜਾਬੀਕਰਨ ਕਰ ਲੈਂਦੇ ਹਨ। ਟਰੌਲੀ ਨੂੰ ਟਰਾਲੀ, ਟਿਊਬਵੈਲ-ਟੂਬੈਲ, ਸਵਿਚ-ਸੁੱਚ, ਡਾਕਟਰ-ਡਾਕਦਾਰ, ਹੌਸਪੀਟਲ-ਹਸਪਤਾਲ ਵਰਗੇ ਅਨੇਕਾਂ ਸ਼ਬਦਾਂ ਦਾ ਲੋਕਾਂ ਨੇ ਪੰਜਾਬੀਕਰਨ ਕਰ ਲਿਆ ਹੈ। ਅੱਜਕੱਲ੍ਹ ਕੁਝ ਅਜਿਹੇ ਸ਼ਬਦ ਹਨ ਜੋ ਲੋਕਾਂ ਦੀ ਬੋਲੀ ਦਾ ਬਦਲਦੇ ਹਾਲਾਤ ਨਾਲ ਪੈਦਾ ਹੋਈਆਂ ਸਮੱਸਿਆਵਾਂ ਕਾਰਨ ਹੀ ਹਿੱਸਾ ਬਣ ਗਏ ਜਿਵੇਂ 'ਟੈਨਸ਼ਨ' ਸ਼ਬਦ ਆਮ ਵਰਤਿਆ ਜਾਂਦਾ ਹੈ। ਪ੍ਰਾਬਲਮ, ਪ੍ਰਾਪਰਟੀ ਤੇ ਕਿਸਾਨ ਅੰਦੋਲਨ ਨੇ ਕਾਰਪੋਰੇਟ ਵਰਗੇ ਸ਼ਬਦ ਲੋਕਾਂ ਦੇ ਮੂੰਹ ਚਾੜ੍ਹ ਦਿੱਤੇ ਹਨ। ਬਹੁਤ ਸਾਰੇ ਪੰਜਾਬੀ ਦੇ ਸ਼ਬਦ ਵੀ ਲੋਕਾਂ ਨੂੰ ਸਮਝ ਨਹੀਂ ਆ ਸਕਦੇ ਤੇ ਉਨ੍ਹਾਂ ਦੀ ਥਾਂ ਅੰਗਰੇਜ਼ੀ ਦੇ ਸ਼ਬਦ ਵਰਤਦੇ ਹਨ। ਡਾਕਟਰ ਸ਼ਬਦ ਹਰ ਕਿਸੇ ਨੂੰ ਸਮਝ ਆਉਂਦਾ ਹੈ। ਇਸ ਦੀ ਥਾਂ ਹਕੀਮ ਜਾਂ ਵੈਦ ਸ਼ਬਦ ਕਿਸੇ ਦੇਸੀ ਦਵਾਈਆਂ ਦੇ ਮਾਹਰ ਦਾ ਬਿੰਬ ਉਸਾਰਦਾ ਹੈ। ਚਕਿਤਸਕ ਸ਼ਬਦ ਨੂੰ ਸ਼ਾਇਦ ਪਿੰਡ ਦੇ 90 ਪ੍ਰਤੀਸ਼ਤ ਲੋਕ ਨਾ ਸਮਝਦੇ ਹੋਣ। ਇਵੇਂ ਸੋਸ਼ਲ ਮੀਡੀਆ ਸ਼ਬਦ ਲੋਕਾਂ ਨੂੰ ਸਮਝ ਆਉਂਦਾ ਹੈ ਤੇ ਇਸ ਨਾਲ ਜੁੜੀ ਸ਼ਬਦਾਵਲੀ ਵੀ। ਆਮ ਲੋਕ ਹੀ ਕਹਿੰਦੇ ਹਨ ਐਸਐਮਐਸ ਕਰ ਦੇ, ਲੋਕੇਸ਼ਨ ਭੇਜ ਦੇ। ਫੇਸ ਬੁੱਕ 'ਤੇ ਪੋਸਟ ਆਦਿ ਸ਼ਬਦਾਂ ਦਾ ਮਤਲਬ ਕਿਸੇ ਨੂੰ ਸਮਝਾਉਣ ਦੀ ਲੋੜ ਨਹੀਂ ਪੈਂਦੀ। ਇਹ ਉਨ੍ਹਾਂ ਨੂੰ ਅੰਗਰੇਜ਼ੀ ਦੇ ਸ਼ਬਦ ਹੋਣ ਦੇ ਬਾਵਜੂਦ ਪੰਜਾਬੀ ਦੇ ਹੀ ਲੱਗਦੇ ਹਨ ਤੇ ਨਾ ਹੀ ਉਹ ਸੋਚਦੇ ਹਨ ਕਿ ਇਹ ਕਿਸ ਭਾਸ਼ਾ ਦਾ ਸ਼ਬਦ ਹੈ।

ਬੋਲੀ ਨੂੰ ਲੋਕ ਬਣਾਉਂਦੇ ਹਨ ਤੇ ਸ਼ਬਦਾਂ ਦੀ ਵਰਤੋਂ ਦੀ ਚੋਣ ਵੀ ਉਹੀ ਕਰਦੇ ਹਨ। ਕੋਈ ਭਾਸ਼ਾ ਵਿਗਿਆਨੀ ਜਾਂ ਵਿਦਵਾਨਾਂ ਦੀ ਸ਼ਬਦ ਚੋਣ ਨੂੰ ਉਹ ਮਾਨਤਾ ਨਹੀਂ ਦਿੰਦੇ। ਕਈ ਲੋਕ ਕੁਝ ਕੁ ਪੰਜਾਬੀ ਦੇ ਸ਼ਬਦ ਲੱਭ ਕੇ ਉਨ੍ਹਾਂ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਪੰਜਾਬੀ ਦੇ ਸੇਵਕ ਹੋਣ ਦਾ ਭਰਮ ਪਾਲਦੇ ਹਨ, ਪਰ ਨਾਲ ਹੀ ਉਨ੍ਹਾਂ ਨੂੰ ਆਪਣੀ ਸ਼ਬਦ ਚੋਣ ਦਾ ਮਤਲਬ ਸਮਝਾਉਣ ਲਈ ਅੰਗਰੇਜ਼ੀ ਦੇ ਸ਼ਬਦਾਂ ਦੀ ਚੋਣ ਕਰਨੀ ਪੈਂਦੀ ਹੈ। ਸੋਚਣ ਵਾਲੀ ਗੱਲ ਹੈ ਕਿ ਜਿਹੜਾ ਸ਼ਬਦ ਲੋਕਾਂ ਨੂੰ ਸਮਝ ਨਾ ਆਵੇ ਕੀ ਉਹ ਉਨ੍ਹਾਂ ਦੀ ਬੋਲੀ ਦਾ ਸ਼ਬਦ ਹੈ ਜਾਂ ਜਿਹੜਾ ਆਮ ਲੋਕਾਂ ਨੂੰ ਸਮਝ ਆਵੇ ਉਹ ਉਨ੍ਹਾਂ ਦੀ ਬੋਲੀ ਦਾ ਸ਼ਬਦ ਹੈ। ਅਜਿਹੇ ਸ਼ਬਦ ਥੋਪਣ ਨਾਲ ਬੋਲੀ ਨੂੰ ਕੋਈ ਫਾਇਦਾ ਨਹੀਂ ਹੁੰਦਾ। ਸੰਭਵ ਹੈ ਇਹ ਕਿਸੇ ਹੱਦ ਤੱਕ ਭੁਲੇਖਾ ਭਾਂਵੇ ਪਾ ਦੇਵੇ।

ਵੈਸੇ ਵੀ ਪੰਜਾਬੀ ਬੋਲੀ ਨੇ ਦਰਜਨ ਤੋਂ ਵੱਧ ਭਾਸ਼ਾਵਾਂ ਦੇ ਸ਼ਬਦਾਂ ਨੂੰ ਜਜ਼ਬ ਕੀਤਾ ਹੈ ਜੋ ਹੁਣ ਸਾਨੂੰ ਪੰਜਾਬੀ ਦੇ ਸ਼ਬਦ ਹੀ ਲੱਗਦੇ ਹਨ। ਜੇ ਉਨ੍ਹਾਂ ਸ਼ਬਦਾਂ ਨੂੰ ਪੰਜਾਬੀ ਵਿੱਚੋਂ ਮਨਫ਼ੀ ਕਰ ਦਿੱਤਾ ਜਾਵੇ ਤਾਂ ਸ਼ਾਇਦ ਪੰਜਾਬੀ ਦਾ ਕੋਈ ਵਾਕ ਵੀ ਪੂਰਾ ਨਾ ਹੋ ਸਕੇ। ਵੈਸੇ ਵੀ ਖਾਲਸ ਪੰਜਾਬੀ ਕਿਹੜੀ ਹੈ? ਇਹ ਕਿਸੇ ਖਾਸ ਸਮੇਂ 'ਤੇ ਹੀ ਨਿਰਭਰ ਕਰਦਾ ਹੈ। ਉਸ ਸਮੇਂ ਬੋਲੀ ਜਾਣ ਵਾਲੀ ਭਾਸ਼ਾ ਹੀ ਖਾਲਸ ਹੁੰਦੀ ਹੈ ਚਾਹੇ ਉਸ ਵਿੱਚ ਕਿੰਨੇ ਵੀ ਸ਼ਬਦ ਹੋਰ ਭਾਸ਼ਾਵਾਂ ਦੇ ਹੋਣ ਕਿਉਂਕਿ ਉਹ ਸ਼ਬਦ ਲੋਕਾਂ ਨੇ ਅਪਣਾ ਲਏ ਹੁੰਦੇ ਹਨ। ਵੈਸੇ ਖਾਲਸ ਸ਼ਬਦ ਵੀ ਪੰਜਾਬੀ ਦਾ ਨਹੀਂ ਹੈ।

***

ਕਿਸੇ ਵੀ ਬੋਲੀ ਨੂੰ ਜਿਉਂਦੇ ਰਹਿਣ ਲਈ ਉਸ ਦੀ ਲਿੱਪੀ ਦਾ ਹੋਣਾ ਜ਼ਰੂਰੀ ਹੈ। ਦੂਸਰਾ ਉਸ ਨੂੰ ਬੋਲਣ, ਸਮਝਣ ਤੇ ਪੜ੍ਹਨ ਲਿਖਣ ਵਾਲੇ ਹੋਣ। ਪੜ੍ਹਿਆ ਲਿਖਿਆ ਤਾਂ ਹੀ ਜਾ ਸਕਦਾ ਹੈ ਜੇ ਲਿੱਪੀ ਉਪਲੱਬਧ ਹੋਵੇ। ਪੰਜਾਬੀ ਦੀ ਲਿੱਪੀ ਗੁਰਮਖੀ ਹੈ ਤੇ ਇਸ ਵਿੱਚ ਸੈਂਕੜੇ ਸਾਲਾਂ ਤੋਂ ਸਾਹਿਤ ਸਿਰਜਣਾ ਹੋ ਰਹੀ ਹੈ। ਵੈਸੇ ਪੰਜਾਬੀ ਦਾ ਸਾਹਿਤ ਸ਼ਾਹਮੁਖੀ ਵਿੱਚ ਵੀ ਸਿਰਜਿਆ ਜਾਂਦਾ ਹੈ। ਕੁਝ ਲੋਕ ਸਮਝਦੇ ਹਨ ਕਿ ਗੁਰਮਖੀ ਨੂੰ ਗੁਰੂਆਂ ਨੇ ਹੋਂਦ ਵਿੱਚ ਲਿਆਂਦਾ। ਅਸਲ ਵਿੱਚ ਗੁਰਮਖੀ ਵਿੱਚ ਗੁਰੂ ਨਾਨਕ ਦੇਵ ਤੋਂ ਪਹਿਲਾਂ ਵੀ ਲਿਖਿਆ ਜਾਂਦਾ ਸੀ। ਬਾਬਾ ਕਬੀਰ ਗੁਰੂ ਨਾਨਕ ਦੇਵ ਤੋਂ ਤਕਰੀਬਨ 70 ਸਾਲ ਪਹਿਲਾਂ ਗੁਰਮਖੀ ਵਿੱਚ ਲਿਖ ਚੁੱਕੇ ਸਨ। ਭਾਵੇਂ ਉਦੋਂ ਗੁਰਮਖੀ ਵਿੱਚ ਕੁਝ ਲਗਾਂ ਮਾਤਰਾ ਦੀ ਅਣਹੋਂਦ ਸੀ। ਲੰਡਿਆਂ ਵਿੱਚ ਵੀ ਪੰਜਾਬੀ ਲਿਖੀ ਜਾਂਦੀ ਸੀ ਯਾਨੀ ਕਿਸੇ ਵੀ ਲਗਾਂ ਮਾਤਰਾ ਦੀ ਵਰਤੋਂ ਨਹੀਂ ਸੀ ਹੁੰਦੀ ਤੇ ਪੜ੍ਹਨ ਵਾਲੇ ਨੂੰ ਸ਼ਬਦਾਂ ਦੇ ਮਤਲਬ ਸਮਝਣ ਵਿੱਚ ਔਖ ਹੁੰਦੀ ਸੀ। ਗੁਰੂ ਨਾਨਕ ਦੇਵ ਨੇ ਆਪਣੀ ਸਾਰੀ ਰਚਨਾ ਦੂਸਰੇ ਗੁਰੂ ਜੀ ਨੂੰ ਸੌਂਪ ਦਿੱਤੀ ਸੀ ਤੇ ਇਹ ਸਿਲਸਲਾ ਅੱਗੋਂ ਵੀ ਗੁਰ ਗੱਦੀ ਦੀ ਤਬਦੀਲੀ ਸਮੇਂ ਚੱਲਦਾ ਰਿਹਾ। ਦੂਸਰੇ ਗੁਰੂ ਜੀ ਨੇ ਭਾਸ਼ਾ ਮਾਹਰਾਂ ਦੀ ਮਦਦ ਨਾਲ ਲਿੱਪੀ ਵਿੱਚ ਕੁਝ ਹੋਰ ਸੁਧਾਰ ਲਿਆਂਦਾ ਜਿਵੇਂ ਟਿੱਪੀ, ਅੱਧਕ ਤੇ ਦੁਲਾਵਾਂ ਆਦਿ ਦੀ ਵਰਤੋਂ ਸ਼ੁਰੂ ਕਰਵਾਈ ਜਿਸ ਨਾਲ ਬੋਲੀ ਦੇ ਲਿਖਣ ਅਤੇ ਬੋਲਣ ਵਿੱਚ ਹੋਰ ਵੀ ਨਿਖਾਰ ਤੇ ਸੁਧਾਰ ਆਇਆ।

***

ਪੰਜਾਬੀ ਬੋਲੀ ਦੇ ਭਵਿੱਖ ਬਾਰੇ ਕੁਝ ਲੋਕਾਂ ਨੂੰ ਬਹੁਤ ਖਦਸ਼ੇ ਹਨ, ਪਰ ਕੁਝ ਲੋਕ ਕਹਿ ਰਹੇ ਹਨ ਕਿ ਪੰਜਾਬੀ ਬੋਲੀ ਅੰਤਰਰਾਸ਼ਟਰੀ ਭਾਸ਼ਾ ਬਣ ਗਈ ਹੈ ਕਿਉਂਕਿ ਇਹ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿੱਚ ਬੋਲੀ ਜਾ ਰਹੀ ਹੈ। ਕੁਝ ਲੋਕ ਪੰਜਾਬੀ ਦੇ ਭਵਿੱਖ ਸਬੰਧੀ ਬਹੁਤ ਫਿਕਰਮੰਦ ਹਨ ਤੇ ਸਮਝਦੇ ਹਨ ਕਿ ਆਉਣ ਵਾਲੇ ਸਾਲਾਂ ਵਿੱਚ ਪੰਜਾਬੀ ਦੇ ਖਤਮ ਹੋਣ ਦੇ ਮੌਕੇ ਬਣ ਰਹੇ ਹਨ। ਮੇਰੇ ਖਿਆਲ ਵਿੱਚ ਦੋਵੇਂ ਵਿਚਾਰ ਹੀ ਸਿਖਰਲੇ ਝੁਕਾਅ ਵਾਲੇ ਹਨ। ਇਸ ਬਾਰੇ ਆਪਾਂ ਥੋੜ੍ਹੀ ਜਿਹੀ ਵਿਚਾਰ ਕਰਾਂਗੇ। ਜਦ ਬੋਲੀ ਵਰਗੇ ਮਹੱਤਵਪੂਰਨ ਵਿਸ਼ੇ 'ਤੇ ਗੱਲ ਕਰਨੀ ਹੋਵੇ ਤਾਂ ਸ਼ਰਧਾ ਭਾਵਨਾ ਅਤੇ ਭਾਵੁਕਤਾ ਨੂੰ ਮੁੱਖ ਰੱਖਣ ਦੀ ਥਾਂ ਤੱਥਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੁੰਦਾ ਹੈ। ਕੁਝ ਵਿਦੇਸ਼ਾਂ ਵਿੱਚ ਵਸਦੇ ਲੋਕ ਪੰਜਾਬੀ ਨੂੰ ਵਿਦੇਸ਼ਾਂ ਵਿੱਚ ਜੰਮੀ ਪੀੜ੍ਹੀ ਨੂੰ ਉਨ੍ਹਾਂ ਦੀ ਪਹਿਲੀ ਭਾਸ਼ਾ ਬਣਾਉਣ ਨੂੰ ਧਿਆਨ ਵਿੱਚ ਰੱਖ ਕੇ ਅਸਪੱਸ਼ਟ ਜਿਹੀ ਗੱਲਬਾਤ ਵਿੱਚ ਮਾਂ ਬੋਲੀ ਦਾ ਜ਼ਿਕਰ ਕਰਦੇ ਹਨ। ਮੇਰੇ ਖਿਆਲ ਵਿੱਚ ਇਸ ਬਾਰੇ ਵੀ ਥੋੜ੍ਹਾ ਵਿਚਾਰ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਮਾਂ-ਬੋਲੀ ਦੀ ਪਰਿਭਾਸ਼ਾ ਬਾਰੇ ਸਪੱਸ਼ਟ ਹੋਣ ਦੀ ਲੋੜ ਹੈ। ਮਾਂ ਬੋਲੀ ਯਾਨੀ ਜਿਹੜੀ ਬੋਲੀ ਬੱਚੇ ਦੀ ਮਾਂ ਬੋਲਦੀ ਹੈ। ਕੁਝ ਸਾਲ ਪਹਿਲਾਂ ਮਾਂ-ਬੋਲੀ ਦੀ ਵਿਆਖਿਆ ਜਾਂ ਇਸ ਦੇ ਅਰਥ ਨੂੰ ਸਪੱਸ਼ਟ ਕਰਨ ਦੀ ਲੋੜ ਨਹੀਂ ਸੀ ਕਿਉਂਕਿ ਮਾਂ ਅਤੇ ਮਾਤ-ਭੂਮੀ ਦੀ ਬੋਲੀ ਇੱਕ ਹੀ ਹੁੰਦੀ ਸੀ। ਪਰਵਾਸ ਦੇ ਵਧ ਜਾਣ ਨਾਲ ਕੁਝ ਸਮੱਸਿਆਵਾਂ ਆਈਆਂ। ਜਿਵੇਂ ਇੱਕ ਲੜਕੀ ਪੰਜਾਬ ਵਿੱਚ ਜੰਮੀ ਪਲੀ ਤੇ ਪੜ੍ਹੀ ਲਿਖੀ ਹੈ। ਉਸ ਦੀ ਮਾਤ ਭੂਮੀ ਅਤੇ ਮਾਂ ਦੀ ਬੋਲੀ ਪੰਜਾਬੀ ਹੀ ਹੈ। ਉਸ ਦਾ ਵਿਆਹ ਇੰਗਲੈਂਡ ਵਿੱਚ ਹੋ ਗਿਆ ਤਾਂ ਉਸ ਦੇ ਬੱਚੇ ਇੰਗਲੈਂਡ ਵਿੱਚ ਜੰਮੇ। ਉਨ੍ਹਾਂ ਦੀ ਮਾਂ ਦੀ ਬੋਲੀ ਪੰਜਾਬੀ ਹੈ, ਪਰ ਮਾਤ-ਭੂਮੀ ਦੀ ਬੋਲੀ ਅੰਗਰੇਜ਼ੀ। ਉਨ੍ਹਾਂ ਨੇ ਟੀਵੀ 'ਤੇ ਕਾਰਟੂਨ, ਸਕੂਲ ਵਿੱਚ, ਦੋਸਤਾਂ ਮਿੱਤਰਾਂ ਨਾਲ ਆਪਣੀ ਮਾਤ ਭੂਮੀ ਦੀ ਬੋਲੀ ਵਿੱਚ ਗੱਲ ਕਰਨੀ ਹੈ। ਪੜ੍ਹਾਈ ਵੀ ਮਾਤ-ਭੂਮੀ ਦੀ ਬੋਲੀ ਵਿੱਚ ਹੀ ਹੋਵੇਗੀ। ਅਸਲ ਵਿੱਚ ਮਾਂ-ਬੋਲੀ ਮਾਤ-ਭੂਮੀ ਦੀ ਬੋਲੀ ਹੀ ਹੁੰਦੀ ਹੈ।

ਮੰਨ ਲਉ ਇੱਕ ਪੰਜਾਬੀ ਮੁੰਡਾ ਬੰਗਾਲ ਵਿੱਚ ਟੈਕਸੀ ਚਲਾਉਣ ਦਾ ਕੰਮ ਕਰਦਿਆਂ ਬੰਗਾਲ ਦੀ ਕੁੜੀ ਨਾਲ ਵਿਆਹ ਕਰ ਲੈਂਦਾ ਹੈ। ਕੁਝ ਦੇਰ ਬਾਅਦ ਉਹ ਪੰਜਾਬ ਆ ਕੇ ਰਹਿਣ ਲੱਗਦੇ ਹਨ। ਉਨ੍ਹਾਂ ਦੇ ਬੱਚੇ ਹੋ ਜਾਂਦੇ ਹਨ ਤਾਂ ਬੱਚੇ ਆਪਣੀ ਮਾਂ ਦੀ ਭਾਸ਼ਾ ਬੰਗਾਲੀ ਨਹੀਂ ਸਗੋਂ ਆਪਣੇ ਆਲੇ ਦੁਆਲੇ ਦੀ ਭਾਸ਼ਾ ਪੰਜਾਬੀ ਬੋਲਣਗੇ। ਪੰਜਾਬ ਵਿੱਚ ਆਏ ਬਿਹਾਰੀ, ਯੂਪੀ ਜਾਂ ਰਾਜਸਥਾਨੀ ਕਾਮਿਆਂ ਦੇ ਬੱਚੇ ਠੇਠ ਪੰਜਾਬੀ ਬੋਲਦੇ ਹਨ ਤੇ ਪੰਜਾਬ ਨੂੰ ਹੀ ਆਪਣੀ ਮਾਤ-ਭੂਮੀ ਮੰਨਦੇ ਹਨ। ਜਿਵੇਂ ਸਾਡੇ ਬੱਚੇ ਵੀ ਇੰਗਲੈਂਡ ਨੂੰ ਆਪਣਾ ਦੇਸ਼ ਸਮਝਦੇ ਹਨ।

ਬਹੁਤੇ ਮਾਂ-ਬਾਪ ਆਪਣੀ ਬੋਲੀ ਬੱਚਿਆਂ ਨੂੰ ਸਿਖਾਉਣ ਦਾ ਯਤਨ ਕਰਦੇ ਹਨ ਤੇ ਕਿਸੇ ਹੱਦ ਤੱਕ ਸਫਲ ਵੀ ਹੁੰਦੇ ਹਨ। ਕੁਝ ਬਹੁਤ ਸਫਲ ਵੀ ਹੋ ਜਾਂਦੇ ਹਨ, ਪਰ ਬਹੁਤ ਥੋੜ੍ਹੇ ਅਜਿਹੇ ਹੁੰਦੇ ਹਨ। ਉਸ ਦੇ ਆਪਣੇ ਕਾਰਨ ਹਨ। ਬਹੁਤ ਹਾਲਤਾਂ ਵਿੱਚ ਬੱਚੇ ਬੋਲਣ ਤੇ ਸਮਝਣ ਲੱਗ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਪਰਿਵਾਰ ਪੰਜਾਬੀ ਬੋਲਦਾ ਹੈ, ਪਰ ਪੜ੍ਹ ਨਹੀਂ ਸਕਦੇ ਜਾਂ ਬਹੁਤ ਘੱਟ ਪੜ੍ਹ ਸਕਦੇ ਹਨ। ਇਹ ਕੁਦਰਤੀ ਵਰਤਾਰਾ ਹੈ। ਬੋਲਣ ਤੇ ਸਮਝਣ ਨਾਲੋਂ ਪੜ੍ਹਨ ਅਤੇ ਲਿਖਣ ਲਈ ਵੱਖਰੀ ਮਿਹਨਤ ਕਰਨੀ ਪੈਂਦੀ ਹੈ ਜਿਸ ਦੀ ਉਹ ਲੋੜ ਨਹੀਂ ਸਮਝਦੇ। ਦੂਸਰੀ ਗੱਲ ਪੰਜਾਬੀ ਸਿਖਾਉਣ ਦੇ ਯਤਨ ਵੀ ਪੁਰਾਣੇ ਢੰਗ ਤਰੀਕਿਆਂ ਨਾਲ ਹੀ ਹੁੰਦੇ ਹਨ। ਸਭ ਤੋਂ ਪਹਿਲਾਂ ਇਹ ਸਮਝਣ ਅਤੇ ਮੰਨਣ ਦੀ ਲੋੜ ਹੈ ਕਿ ਸਾਡੇ ਬੱਚਿਆਂ ਲਈ ਪੰਜਾਬੀ ਵਿਦੇਸ਼ੀ ਭਾਸ਼ਾ ਹੈ ਤੇ ਉਨ੍ਹਾਂ ਨੂੰ ਸਿਖਾਉਣ ਲਈ ਉਹੋ ਜਿਹੇ ਹੀ ਢੰਗ ਤਰੀਕੇ ਵਰਤਣ ਦੀ ਲੋੜ ਹੈ। ਗੁਰਦੁਆਰਿਆਂ ਵਿੱਚ ਪੰਜਾਬੀ ਸਿਖਾਈ ਜਾਂਦੀ ਹੈ, ਪਰ ਬਹੁਤ ਵਾਰ ਬੱਚਿਆਂ ਨੂੰ ਧਾਰਮਿਕ ਸਿੱਖਿਆ ਜਾਂ ਗੁਰੂ ਸਾਹਿਬਾਨ ਜਾਂ ਸਾਹਿਬਜ਼ਾਦਿਆਂ ਬਾਰੇ ਸਿੱਖਿਆ ਤੋਂ ਹੀ ਸ਼ੁਰੂਆਤ ਕੀਤੀ ਜਾਂਦੀ ਹੈ। ਉਸ ਹੱਦ ਤੱਕ ਉਨ੍ਹਾਂ ਦੀ ਸਮਝ ਬਣਾਉਣ ਲਈ ਉਸ ਤੋਂ ਪਹਿਲਾਂ ਹੋਰ ਵੀ ਬਹੁਤ ਕੁਝ ਸਿਖਾਉਣ ਦੀ ਲੋੜ ਹੁੰਦੀ ਹੈ ਤਾਂ ਜੋ ਉਨ੍ਹਾਂ ਦੀ ਪੰਜਾਬੀ ਬੋਲੀ ਦੀ ਨੀਂਹ ਮਜ਼ਬੂਤ ਹੋਵੇ। ਮੈਂ ਇਸ ਖੇਤਰ ਵਿੱਚ ਅਣਜਾਣ ਹਾਂ, ਪਰ ਮੇਰੇ ਖਿਆਲ ਵਿੱਚ ਸਿੱਖਣ ਸਿਖਾਉਣ ਦੇ ਢੰਗ ਤਰੀਕਿਆਂ ਨੂੰ ਵਿਚਾਰਨ ਦੀ ਲੋੜ ਹੈ। ਲਕੀਰ ਦੇ ਫਕੀਰ ਬਣ ਕੇ ਪੰਜਾਬੀ ਦਾ ਵਿਕਾਸ ਨਹੀਂ ਹੋ ਸਕਦਾ।

ਪੰਜਾਬੀ ਸਬੰਧੀ ਜੋ ਵੀ ਖਦਸ਼ੇ ਹਨ ਉਨ੍ਹਾਂ ਦੇ ਕਾਰਨ ਵਿਦੇਸ਼ਾਂ ਵਿੱਚ ਵੱਖਰੇ ਹਨ ਤੇ ਪੰਜਾਬ ਵਿੱਚ ਵੱਖਰੇ। ਉਨ੍ਹਾਂ ਦੇ ਹੱਲ ਵੀ ਵੱਖਰੇ ਹਨ। ਕੁਝ ਲੋਕ ਇੱਥੇ ਆਮ ਹੀ ਕਹਿੰਦੇ ਹਨ 'ਮਾਂ ਬੋਲੀ ਨੂੰ ਭੁੱਲ ਜਾਉਗੇ ਤਾਂ ਕੱਖਾਂ ਵਾਂਗੂੰ ਰੁਲ ਜਾਉਗੇ।' ਪਹਿਲੀ ਗੱਲ ਤਾਂ ਜਿਸ ਬੋਲੀ ਨੂੰ ਕੋਈ ਭੁੱਲ ਜਾਵੇ ਉਹ ਮਾਂ ਬੋਲੀ ਨਹੀਂ ਹੋ ਸਕਦੀ। ਦੂਜੀ ਗੱਲ ਬਚਪਨ ਵਿੱਚ ਸਿੱਖੀ ਮਾਂ ਬੋਲੀ ਦੇ ਕੁਝ ਸ਼ਬਦ ਤਾਂ ਬੰਦਾ ਭੁੱਲ ਸਕਦਾ ਹੈ, ਪਰ ਮਾਂ ਬੋਲੀ ਨਹੀਂ। ਤੀਜੀ ਗੱਲ ਜਦ ਇੰਗਲੈਂਡ ਵਿੱਚ ਇਹ ਗੱਲ ਕਹਿੰਦੇ ਹਾਂ ਤਾਂ ਕਿਸ ਨੂੰ ਸੁਣਾਉਂਦੇ ਹੋ। ਬੱਚਿਆਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਹੈ ਉਨ੍ਹਾਂ 'ਤੇ ਇਹ ਗੱਲ ਢੁਕਦੀ ਨਹੀਂ। ਪੰਜਾਬ ਤੋਂ ਪੜ੍ਹ ਲਿਖ ਕੇ ਆਏ ਲੋਕ ਕਿਸੇ ਵੀ ਹਾਲਤ ਵਿੱਚ ਪੰਜਾਬੀ ਨੂੰ ਭੁੱਲ ਨਹੀਂ ਸਕਦੇ। ਸੋ ਅਜਿਹੀਆਂ ਗੱਲਾਂ ਨਾਲ ਬੋਲੀ ਦਾ ਵਿਕਾਸ ਸੰਭਵ ਨਹੀਂ ਹੈ ਤੇ ਨਾ ਹੀ ਸਟੇਜੀ ਜਿਹੇ ਗੀਤ ਸੰਗੀਤ ਦੇ ਪ੍ਰੋਗਰਮਾਂ ਨਾਲ ਮਾਂ ਬੋਲੀ ਉਮਰ ਦਰਾਜ ਹੋ ਸਕਦੀ ਹੈ।

***

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿੱਚ ਪੰਜਾਬੀ ਬੋਲੀ ਤਾਂ ਜਾਂਦੀ ਸੀ, ਪਰ ਦਫ਼ਤਰਾਂ ਵਿੱਚ ਉਰਦੂ ਤੇ ਅੰਗਰੇਜ਼ੀ ਵਰਤੀ ਜਾਂਦੀ ਸੀ। ਵੰਡ ਤੋਂ ਬਾਅਦ ਪੰਜਾਬ ਵਿੱਚ ਸਕੂਲ ਖੋਲ੍ਹਣ ਵੱਲ ਖਾਸ ਧਿਆਨ ਦਿੱਤਾ ਗਿਆ। ਪੰਜ ਸਾਲ ਦੇ ਬੱਚੇ ਨੂੰ ਸਕੂਲ ਵਿੱਚ ਦਾਖਲ ਹੋਣਾ ਜ਼ਰੂਰੀ ਹੋ ਗਿਆ। ਪੰਜਾਬੀ ਪਹਿਲੀ ਬੋਲੀ ਵਜੋਂ ਲਾਗੂ ਹੋਣ ਲੱਗੀ। ਹਿੰਦੀ ਦੂਜੀ ਭਾਸ਼ਾ ਤੇ ਅੰਗਰੇਜ਼ੀ ਤੀਜੀ ਭਾਸ਼ਾ ਵਜੋਂ ਪੜ੍ਹਾਈ ਜਾਣ ਲੱਗੀ। ਕੁਝ ਸਾਲਾਂ ਬਾਅਦ ਪੰਜਾਬੀ ਸੂਬਾ ਬਣ ਗਿਆ ਤਾਂ ਪੰਜਾਬੀ ਨੂੰ ਦਫ਼ਤਰਾਂ ਵਿੱਚ ਲਾਗੂ ਕਰਨ ਦੀ ਮੰਗ ਉੱਠੀ। ਹੌਲੀ ਹੌਲੀ ਪੰਜਾਬੀ ਦਫ਼ਤਰਾਂ ਵਿੱਚ ਵਰਤੀ ਜਾਣ ਲੱਗੀ ਭਾਵੇਂ ਸੌ ਪ੍ਰਤੀਸ਼ਤ ਨਹੀਂ। ਮਾਲ ਵਿਭਾਗ ਦਾ ਸਾਰਾ ਰਿਕਾਰਡ ਜੋ ਫ਼ਾਰਸੀ ਵਿੱਚ ਸੀ ਹੁਣ ਆਨਲਾਈਨ ਪੰਜਾਬੀ ਵਿੱਚ ਉਪਲੱਬਧ ਹੈ। ਇਹ ਗੱਲ ਵੱਖਰੀ ਹੈ ਅਜੇ ਵੀ ਫ਼ਾਰਸੀ ਦੇ ਸ਼ਬਦ ਪ੍ਰਚੱਲਿਤ ਹਨ ਜਿਵੇਂ ਮੁਸ਼ਤਰਕਾ ਖਾਤਾ, ਮੁਤਬੰਨਾ, ਰਕਬਾ, ਤਬਾਦਲਾ ਆਦਿ। ਪਿਛਲੇ ਛੇ ਕੁ ਦਹਾਕੇ ਪੰਜਾਬੀ ਦਾ ਸੁਨਹਿਰੀ ਕਾਲ ਗਿਣਿਆ ਜਾਣਾ ਚਾਹੀਦਾ ਹੈ। ਇਸ ਕਾਲ ਵਿੱਚ ਪੰਜਾਬੀ ਵਿੱਚ ਗਿਆਨੀ, ਬੁੱਧੀਮਾਨੀ, ਮਾਸਟਰਜ਼ ਤੇ ਪੀਐੱਚ ਡੀ ਕਰਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ ਤੇ ਅੱਜ ਵੀ ਬਹੁਤ ਵਿਦਿਆਰਥੀ ਪੰਜਾਬੀ ਵਿੱਚ ਡਿਗਰੀਆਂ ਲੈ ਰਹੇ ਹਨ। ਪੰਜਾਬੀ ਯੂਨੀਵਰਸਟੀ ਪਟਿਆਲਾ ਦੀ ਸਥਾਪਨਾ ਵੀ ਆਪਣੇ ਆਪ ਵਿੱਚ ਵਿਲੱਖਣ ਕਾਰਜ ਹੈ। ਜਿੱਥੇ ਉਰਦੂ ਤੇ ਫ਼ਾਰਸੀ ਪੰਜਾਬ ਵਿੱਚੋਂ ਤਕਰੀਬਨ ਅਲੋਪ ਹੋ ਗਈ ਹੈ, ਉੱਥੇ ਪੰਜਾਬੀ ਦਾ ਬੋਲ ਬਾਲਾ ਬਹੁਤ ਵਧਿਆ ਹੈ।

ਇਨ੍ਹਾਂ ਸਾਲਾਂ ਵਿੱਚ ਹੀ ਪੰਜਾਬੀ ਦਾ ਬੇਸ਼ੁਮਾਰ ਸਾਹਿਤ ਹੋਂਦ ਵਿੱਚ ਆਇਆ। ਪੰਜਾਬੀ ਦੀ ਪੜ੍ਹਾਈ ਨਾਲ ਅਨੇਕਾਂ ਲੇਖਕ ਪੈਦਾ ਹੋਏ ਤੇ ਅਨੇਕਾਂ ਹੀ ਪਬਲਿਸ਼ਰ ਤੇ ਕਿਤਾਬਾਂ ਦੀਆਂ ਦੁਕਾਨਾਂ ਖੁੱਲ੍ਹੀਆਂ। ਭਾਵੇਂ ਇਸ ਸਭ ਦਾ ਨੁਕਸਾਨ ਵੀ ਹੋਇਆ। ਪਬਲਿਸ਼ਰਾਂ ਨੇ ਪੈਸੇ ਕਮਾਉਣ ਲਈ ਸਾਹਿਤ ਦੇ ਮਿਆਰ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ। ਪੰਜਾਬੀ ਵਿੱਚ ਹੁਣ ਨਵਾਂ ਤੇ ਪ੍ਰਭਾਵਸ਼ਾਲੀ ਸਾਹਿਤ ਵੀ ਛਪ ਰਿਹਾ ਹੈ। ਇੱਥੇ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ 'ਸਾਹਿਤਕ ਪ੍ਰਦੂਸ਼ਣ' ਸਿਰਫ਼ ਪੰਜਾਬੀ ਵਿੱਚ ਹੀ ਨਹੀਂ ਅੰਗਰੇਜ਼ੀ, ਹਿੰਦੀ, ਉਰਦੂ ਤੇ ਹੋਰ ਭਾਸ਼ਾਵਾਂ ਵਿੱਚ ਵੀ ਵਧਿਆ ਹੈ।

ਦੇਸ਼ ਦੀ ਵੰਡ ਸਮੇਂ ਪੰਜਾਬ ਦੀ ਵਸੋਂ ਤਕਰੀਬਨ 33 ਮਿਲੀਅਨ ਜਾਣੀ 3 ਕਰੋੜ ਤੀਹ ਲੱਖ ਸੀ। 2011 ਦੀ ਜਨਗਣਨਾ ਅਨੁਸਾਰ ਭਾਰਤੀ ਪੰਜਾਬ ਦੀ ਵਸੋਂ ਤਕਰੀਬਨ 30 ਮਿਲੀਅਨ ਸੀ। 2021 ਦੀ ਮਰਦਮ ਸ਼ੁਮਾਰੀ ਸਰਕਾਰ ਨੇ ਕਰਵਾਈ ਨਹੀਂ ਹੈ। ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦੀ ਆਬਾਦੀ ਵਿੱਚ ਕਿੰਨਾ ਕੁ ਵਾਧਾ ਹੋਇਆ, ਇਹ ਪਤਾ ਨਹੀਂ। ਪਰ ਪਕਿਸਤਾਨ ਦੀ 220 ਮਿਲੀਅਨ ਆਬਾਦੀ ਵਿੱਚੋਂ ਪੰਜਾਬ ਸਭ ਤੋਂ ਵੱਡਾ ਸੂਬਾ ਹੈ ਤੇ 48% ਵਸੋਂ ਨਾਲ ਤਕਰੀਬਨ 90 ਮਿਲੀਅਨ ਲੋਕ ਪੰਜਾਬੀ ਬੋਲਦੇ ਹਨ। ਸਾਰੀ ਦੁਨੀਆ ਵਿੱਚ 152 ਮਿਲੀਅਨ ਲੋਕ ਪੰਜਾਬੀ ਬੋਲਦੇ ਹਨ ਤੇ ਪੰਜਾਬੀ ਦੁਨੀਆ ਦੀ ਨੌਵੀਂ ਵੱਡੀ ਭਾਸ਼ਾ ਹੈ। ਪਿਛਲੀ ਪੌਣੀ ਸਦੀ ਵਿੱਚ ਏਨਾ ਵੱਡਾ ਵਾਧਾ ਪੰਜਾਬੀ ਬੋਲਣ ਵਾਲਿਆਂ ਦਾ ਹੋਇਆ ਹੈ ਤੇ ਜਿਹੜੇ ਲੋਕ ਸਮਝਦੇ ਹਨ ਕਿ ਪੰਜਾਬੀ ਖਤਮ ਹੋਣ ਕੰਢੇ ਹੈ ਪਤਾ ਨਹੀਂ ਕਿਸ ਆਧਾਰ 'ਤੇ ਕਹਿੰਦੇ ਹਨ। ਹਾਂ ਆਪਣੀ ਬੋਲੀ ਪ੍ਰਤੀ ਅਵੇਸਲੇ ਨਹੀਂ ਹੋਣਾ ਚਾਹੀਦਾ।ਪੰਜਾਬ ਵਿੱਚ ਬਹੁਤ ਸਾਰੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਖੁੱਲ੍ਹ ਗਏ ਹਨ। ਜਿਵੇਂ ਜਿਵੇਂ ਦੁਨੀਆ ਮੀਡੀਆ ਅਤੇ ਨਵੀਂ ਤਕਨੀਕ ਦੇ ਵਿਕਸਤ ਹੋਣ ਨਾਲ ਨੇੜੇ ਆ ਗਈ ਹੈ ਉਵੇਂ ਹੀ ਨਵੀਂ ਪੀੜ੍ਹੀ ਦੇ ਸੁਪਨੇ ਬਦਲ ਗਏ ਹਨ। ਖੇਤੀਬਾੜੀ ਵਿੱਚ ਵੱਡੀ ਪੱਧਰ 'ਤੇ ਮਸ਼ੀਨਰੀ ਦੀ ਵਰਤੋਂ ਨੇ ਹੱਥੀਂ ਕੰਮ ਕਰਨ ਦੀ ਲੋੜ ਨੂੰ ਬਹੁਤ ਸੀਮਤ ਕਰ ਦਿੱਤਾ ਹੈ। ਪਹਿਲਾਂ ਨੌਜਵਾਨ ਪੜ੍ਹਾਈ ਤੋਂ ਬਾਅਦ ਘਰੇਲੂ ਕੰਮ ਵਿੱਚ ਰੁੱਝੇ ਰਹਿੰਦੇ ਸਨ ਤੇ ਕਰਨ ਵਾਲਾ ਹੁੰਦਾ ਵੀ ਬਹੁਤ ਕੁਝ ਸੀ। ਹੁਣ ਅਜਿਹੀ ਗੱਲ ਨਹੀਂ ਹੈ। ਬੋਲੀ ਅਤੇ ਰੋਜ਼ੀ ਰੋਟੀ ਦਾ ਰਿਸ਼ਤਾ ਅਟੁੱਟ ਹੈ। ਰੋਜ਼ੀ ਰੋਟੀ ਲਈ ਨੌਜਵਾਨਾਂ ਦਾ ਝੁਕਾਅ ਹੁਣ ਵਿਦੇਸ਼ ਵੱਲ ਹੋਇਆ ਹੈ। ਵਿਦੇਸ਼ ਜਾਣ ਲਈ ਅੰਗਰੇਜ਼ੀ ਜ਼ਰੂਰੀ ਹੈ ਤੇ ਇਸ ਲਈ ਪੰਜਾਬ ਵਿੱਚ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦਾ ਬੋਲਬਾਲਾ ਹੈ ਜਿਨ੍ਹਾਂ ਨੇ ਸਰਕਾਰੀ ਸਕੂਲਾਂ ਅਤੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਪੰਜਾਬੀ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਕੈਨੇਡਾ, ਆਸਟਰੇਲੀਆ ਤੇ ਹੋਰ ਵਿਕਸਤ ਦੇਸ਼ਾਂ ਵਿੱਚ ਲੋੜ ਗੋਚਰੀ ਲੇਬਰ ਨਹੀਂ ਹੈ ਤੇ ਲੇਬਰ ਬਿਨਾਂ ਕਿਸੇ ਵੀ ਦੇਸ਼ ਦੀ ਆਰਥਿਕਤਾ ਨੂੰ ਵਿਕਸਤ ਕਰਨਾ ਸੰਭਵ ਨਹੀਂ ਹੈ। ਉਹ ਉਨ੍ਹਾਂ ਨੌਜਵਾਨਾਂ ਨੂੰ ਜਿਹੜੇ ਬੋਲੀ ਸਮਝ ਅਤੇ ਬੋਲ ਸਕਦੇ ਹਨ, ਨੂੰ ਵੀਜ਼ੇ ਦੇ ਰਹੇ ਹਨ। ਕੁਝ ਪੜ੍ਹਨ ਲਈ ਆਉਂਦੇ ਹਨ, ਇਨ੍ਹਾਂ ਦੇਸ਼ਾਂ ਦਾ ਇਹ ਵੀ ਕਮਾਈ ਦਾ ਇੱਕ ਸਾਧਨ ਹੈ। ਵਿਦੇਸ਼ੀ ਵਿਦਿਆਰਥੀਆਂ ਨੂੰ ਯੂਨੀਵਰਸਟੀਆਂ ਵਿੱਚ ਪੂਰੀ ਫੀਸ ਦੇਣੀ ਪੈਂਦੀ ਹੈ ਜੋ ਕਾਫ਼ੀ ਵੱਡੀ ਰਕਮ ਹੁੰਦੀ ਹੈ। ਗੱਲ ਕੀ ਪੰਜਾਬ ਦੀ ਉਪਜਾਊ ਜਵਾਨੀ ਵਿਦੇਸ਼ਾਂ ਨੂੰ ਦੌੜ ਰਹੀ ਹੈ ਜਿਸ ਨਾਲ ਪੰਜਾਬ ਦਾ ਆਰਥਿਕ ਨੁਕਸਾਨ ਵੀ ਹੋ ਰਿਹਾ ਤੇ ਪੰਜਾਬੀ ਬੋਲੀ ਦਾ ਵੀ। ਆਉਣ ਵਾਲੇ ਸਮੇਂ ਵਿੱਚ ਪੰਜਾਬ ਦਾ ਹਾਲ ਵੀ ਚੀਨ ਵਰਗਾ ਹੋ ਜਾਣ ਦਾ ਡਰ ਹੈ ਜਿੱਥੇ ਬੁਢਾਪਾ ਤਾਂ ਬਥੇਰਾ ਹੈ, ਪਰ ਜਵਾਨ ਚਿਹਰਾ ਕੋਈ ਕੋਈ ਦਿਸਦਾ ਹੈ। ਕੇਰਲਾ ਦੇ ਕੁਝ ਪਿੰਡਾਂ ਵਿੱਚ ਹਾਲਤ ਅਜਿਹੀ ਹੈ ਕਿ ਅਧਿਆਪਕ ਹਨ, ਪਰ ਬੱਚੇ ਨਹੀਂ ਹਨ। ਪਿੰਡਾਂ ਵਿੱਚ ਹੀ ਬੱਚੇ ਬਹੁਤੇ ਨਹੀਂ ਹਨ। ਹੋਣ ਵੀ ਕਿਵੇਂ ਨੌਜਵਾਨ ਪਿੰਡਾਂ ਨੂੰ ਤਿਲਾਂਜਲੀ ਦੇ ਕੇ ਬਾਹਰ ਚਲੇ ਗਏ ਹਨ।

ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਵਿੱਚ ਕੰਮ ਨਹੀਂ ਹੈ? ਜਵਾਬ ਹੈ ਕੰਮ ਹੈ, ਪਰ ਜਿਹੋ ਜਿਹਾ ਕੰਮ ਕਰਨ ਲਈ ਪੰਜਾਬ ਦਾ ਨੌਜਵਾਨ ਬਿੰਬ ਬਣਾਈ ਬੈਠਾ ਹੈ ਉਹੋ ਜਿਹੇ ਕੰਮ ਨਹੀਂ ਹਨ। ਪੰਜਾਬ ਦੇ ਤਕਰੀਬਨ ਹਰ ਪਿੰਡ ਵਿੱਚ ਸੈਂਕੜੇ ਪਰਿਵਾਰ ਰਾਜਸਥਾਨ, ਬਿਹਾਰ ਤੇ ਯੂਪੀ ਆਦਿ ਤੋਂ ਆ ਕੇ ਆਪਣੀ ਰੋਜ਼ੀ ਰੋਟੀ ਦਾ ਪ੍ਰਬੰਧ ਕਰੀਂ ਬੈਠੇ ਹਨ। ਉਹ ਪਿੰਡਾਂ ਵਿੱਚ ਛੋਟੀਆਂ ਦੁਕਾਨਾਂ, ਰੇਹੜੀਆਂ, ਵਰਗੇ ਛੋਟੇ ਬਿਜ਼ਨਸ ਦੇ ਨਾਲ ਨਾਲ ਬਿਜਲੀ, ਪਲੰਬਿੰਗ, ਰਾਜਗਿਰੀ, ਤਰਖਾਣ, ਲੁਹਾਰ ਗੱਲ ਕੀ ਹਰ ਕਿਸਮ ਦੇ ਕੰਮ ਸਿੱਖ ਕੇ ਚੰਗੀ ਤਰੱਕੀ ਕਰ ਰਹੇ ਹਨ। ਇਹ ਕੰਮ ਪੰਜਾਬ ਦੀ ਕਿਸਾਨੀ ਨਾਲ ਸਬੰਧਤ ਨੌਜਵਾਨ ਨਹੀਂ ਕਰਨਗੇ, ਪਰ ਜਦੋਂ ਉਹ ਦਿੱਲੀ ਪਾਰ ਕਰ ਲੈਣਗੇ ਤਾਂ ਇਹੋ ਜਿਹੇ ਕੰਮ ਖੁਸ਼ੀ ਖੁਸ਼ੀ ਕਰ ਲੈਣਗੇ। ਅਸੀਂ ਖੁਦ ਵੀ ਤਾਂ ਕੀਤੇ ਹਨ ਅਤੇ ਹੁਣ ਵੀ ਪੰਜਾਬ ਤੋਂ ਆਏ ਮੁੰਡੇ ਬਿਲਡਰਾਂ ਨਾਲ ਕੰਮ ਕਰਦੇ ਵੇਖੇ ਜਾ ਸਕਦੇ ਹਨ।

ਪੰਜਾਬ ਦੇ ਕਿਸਾਨ ਮਾਪਿਆਂ ਦੀ ਸੋਚ ਵੀ ਬਦਲ ਗਈ ਹੈ। ਉਹ ਵੀ ਕਹਿ ਦਿੰਦੇ ਹਨ ਕਿੱਲਾ ਜ਼ਮੀਨ ਦਾ ਵੇਚ ਕੇ ਮੁੰਡੇ ਨੂੰ ਬਾਹਰ ਭੇਜਣਾ ਹੈ ਤੇ ਭੇਜ ਰਹੇ ਹਨ। ਜੇ ਉਹ ਨਹੀਂ ਭੇਜਦੇ ਤਾਂ ਨੌਜਵਾਨ ਨਸ਼ਿਆਂ ਅਤੇ ਗੈਂਗਾਂ ਵੱਲ ਖਿੱਚੇ ਜਾਂਦੇ ਹਨ ਤੇ ਅਪਰਾਧੀ ਬਿਰਤੀ ਨੂੰ ਸਮਰਪਤ ਹੋ ਜਾਂਦੇ ਹਨ। ਵਿਹਲਾ ਮਨ ਸ਼ੈਤਾਨ ਦਾ ਘਰ ਵਾਲੀ ਗੱਲ ਹੈ। ਵਿਹਲੇ ਨੌਜਵਾਨ ਹੋਰ ਕਰਨਗੇ ਵੀ ਕੀ?ਮੁੱਖ ਸਵਾਲ ਹੈ ਪੰਜਾਬੀ ਦਾ ਭਵਿੱਖ ਕਿਹੋ ਜਿਹਾ ਹੈ? ਮੇਰੇ ਖਿਆਲ ਵਿੱਚ ਪੰਜਾਬੀ ਨੂੰ ਬੋਲਣ ਪੜ੍ਹਨ ਅਤੇ ਸਿੱਖਣ ਵਾਲੇ ਲੋਕਾਂ ਵਿੱਚ ਵੱਡੀ ਕਮੀ ਨਹੀਂ ਆਵੇਗੀ। ਪਰਵਾਸੀ ਮਜ਼ਦੂਰ ਅਤੇ ਦਲਿਤ ਬੱਚੇ ਪੰਜਾਬੀ ਨੂੰ ਅਪਣਾ ਰਹੇ ਹਨ ਤੇ ਅਪਣਾਉਂਦੇ ਰਹਿਣਗੇ। ਇਹ ਬੱਚੇ ਲੋਕਲ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਵਿੱਚੋਂ ਹੀ ਅਧਿਆਪਕ, ਕਲਰਕ ਅਤੇ ਲੇਖਕ ਵੀ ਪੈਦਾ ਹੋ ਰਹੇ ਹਨ। ਉਹ ਹੁਣ ਬਿਹਾਰ ਜਾਂ ਯੂਪੀ ਜਾਣ ਬਾਰੇ ਨਹੀਂ ਸੋਚਦੇ ਸਗੋਂ ਉੱਥੋਂ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਪੰਜਾਬ ਵਿੱਚ ਸੱਦ ਕੇ ਕੰਮਾਂ 'ਤੇ ਲਗਾ ਰਹੇ ਹਨ। ਉਨ੍ਹਾਂ ਦੀ ਮਾਤ ਭੂਮੀ ਪੰਜਾਬ ਹੈ ਤੇ ਮਾਂ ਬੋਲੀ ਪੰਜਾਬੀ।

ਇੱਕ ਪਾਸੇ ਹੋਰ ਵੀ ਧਿਆਨ ਦੇਣ ਦੀ ਲੋੜ ਹੈ। ਪੰਜਾਬ ਵਿੱਚ ਹੁਣ ਖੇਤੀ ਖੇਤਰ ਦੀ ਥਾਂ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਦੀ ਲੋੜ ਹੈ ਜਿਸ ਨਾਲ ਨਵੀਆਂ ਨੌਕਰੀਆਂ ਵੀ ਪੈਦਾ ਹੋਣ ਤੇ ਪੰਜਾਬ ਦੀ ਆਰਥਿਕਤਾ ਵੀ ਅਮੀਰ ਹੋਵੇ। ਪਰ ਇੰਡਸਟਰੀ ਲਈ ਜ਼ਮੀਨ ਚਾਹੀਦੀ ਹੈ ਤੇ ਜਿੱਥੇ ਇੰਡਸਟਰੀ ਲੱਗਣ ਦੀ ਗੱਲ ਚੱਲਦੀ ਹੈ ਤਾਂ ਜ਼ਮੀਨ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਵਿਰੋਧ ਕਰਨ ਲੱਗਦੀਆਂ ਹਨ। ਇਹ ਸਹੀ ਨਹੀਂ ਲੱਗਦਾ। ਕਿਸਾਨ ਜਥੇਬੰਦੀਆਂ ਨੂੰ ਆਪਣੀ ਪਹੁੰਚ ਬਾਰੇ ਫਿਰ ਤੋਂ ਸੋਚਣਾ ਚਾਹੀਦਾ ਹੈ। ਹੁਣੇ ਹੀ ਜ਼ੀਰੇ ਵਿੱਚ ਸ਼ਰਾਬ ਦੀ ਫੈਕਟਰੀ ਦਾ ਮੁੱਦਾ ਸੀ। ਜਿਸ ਤਰ੍ਹਾਂ ਫੈਕਟਰੀ ਦੇ ਮਾਲਕਾਂ ਨੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਉਨ੍ਹਾਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਜਿਹੜੇ ਸਰਕਾਰੀ ਅਫ਼ਸਰਾਂ ਨੇ ਉਨ੍ਹਾਂ ਦੀ ਮਦਦ ਕੀਤੀ, ਉਨ੍ਹਾਂ ਨੂੰ ਉਸ ਤੋਂ ਵੀ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਪਰ ਫੈਕਟਰੀ ਨੂੰ ਬੰਦ ਕਰਨ ਨਾਲ ਚਾਰ ਸੌ ਦੇ ਕਰੀਬ ਨੌਕਰੀਆਂ ਵੀ ਗਈਆਂ ਤੇ ਪੰਜਾਬ ਦੀ ਆਰਥਿਕਤਾ ਨੂੰ ਨੁਕਸਾਨ ਵੀ ਹੋਇਆ। ਮੇਰੇ ਖਿਆਲ ਵਿੱਚ ਜੇ ਨੌਜਵਾਨਾਂ ਦੇ ਭਵਿੱਖ ਅਤੇ ਨਾਲੋ ਨਾਲ ਪੰਜਾਬ ਅਤੇ ਪੰਜਾਬੀ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਹੈ ਤਾਂ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਜੇ ਨਵੀਆਂ ਨੌਕਰੀਆਂ ਨਹੀਂ ਤਾਂ ਪੰਜਾਬ ਵਿੱਚੋਂ ਜਵਾਨੀ ਬਾਹਰ ਜਾਣ ਲਈ ਮਜਬੂਰ ਹੁੰਦੀ ਹੀ ਰਹੇਗੀ ਤੇ ਬਾਹਰ ਜਾਣ ਲਈ ਪੰਜਾਬੀ ਦੀ ਥਾਂ ਅੰਗਰੇਜ਼ੀ ਨੂੰ ਪਹਿਲ ਮਿਲਦੀ ਰਹੇਗੀ।

ਕੁਝ ਕੁ ਗੱਲਾਂ ਵੱਲ ਧਿਆਨ ਦੇਣ ਨਾਲ ਸ਼ਾਇਦ ਪੰਜਾਬ ਦੀ ਜਵਾਨੀ ਅਤੇ ਪੰਜਾਬੀ ਨੂੰ ਫਾਇਦਾ ਹੋ ਸਕਦਾ ਹੈ। ਸਭ ਤੋਂ ਪਹਿਲੀ ਗੱਲ ਤਾਂ ਵਿਦਿਆ ਯਾਨੀ ਸਰਕਾਰੀ ਸਕੂਲਾਂ ਵਿੱਚ ਨਿਵੇਸ਼ ਕਰਨ ਦੀ ਲੋੜ ਹੈ। ਸਰਕਾਰ ਜਿਸ ਤਰ੍ਹਾਂ ਸਕੂਲਾਂ ਨੂੰ ਚਲਾ ਰਹੀ ਹੈ ਉਸ ਤੋਂ ਸਕੂਲਾਂ ਦਾ ਭਵਿੱਖ ਖਤਰੇ ਵਿੱਚ ਲੱਗਦਾ ਹੈ। ਬੱਚਿਆਂ ਨੂੰ ਮੌਜੂਦਾ ਪੜ੍ਹਾਈ ਦੇ ਨਾਲ ਕੁਝ ਹੁਨਰ ਸਿਖਾਉਣ ਦੀ ਲੋੜ ਹੈ। ਬਦਲੇ ਹਾਲਤਾਂ ਵਿੱਚ ਅਮਲੀ ਵਿਦਿਆ ਬਹੁਤ ਜ਼ਰੂਰੀ ਹੈ। ਮਕੈਨਿਕ, ਬਿਜਲੀ, ਪਲੰਬਿੰਗ, ਰਾਜਗਿਰੀ, ਵਪਾਰ ਆਦਿ ਦੀ ਅਮਲੀ ਸਿੱਖਿਆ ਬੱਚਿਆਂ ਨੂੰ ਸਕੂਲਾਂ ਵਿੱਚ ਹੀ ਦਿੱਤੀ ਜਾਵੇ ਤੇ ਅੱਗੇ ਉਹ ਆਪਣੇ ਭਵਿੱਖ ਬਾਰੇ ਖੁਦ ਨਿਰਣਾ ਕਰਨ।

ਸਕੂਲਾਂ ਵਿੱਚ ਜਿਹੜੇ ਪੰਜ ਸੱਤ ਹਜ਼ਾਰ ਦੀਆਂ ਤਨਖਾਹਾਂ 'ਤੇ ਅਧਿਆਪਕ ਭਰਤੀ ਕੀਤੇ ਜਾਂਦੇ ਹਨ ਉਹ ਬੰਦ ਕੀਤੇ ਜਾਣ। ਇਸ ਨਾਲ ਹੀਣੇਪਣ ਦਾ ਅਹਿਸਾਸ ਹੁੰਦਾ ਹੈ। ਪੱਕੀਆਂ ਨੌਕਰੀਆਂ ਪੂਰੀ ਤਨਖਾਹ 'ਤੇ ਦਿੱਤੀਆਂ ਜਾਣ। ਜੇ ਅਧਿਆਪਕਾਂ ਵਿੱਚ ਸਵੈ-ਵਿਸ਼ਵਾਸ, ਸਵੈ-ਸਤਿਕਾਰ ਹੀ ਪੈਦਾ ਨਹੀਂ ਹੋਵੇਗਾ ਤਾਂ ਬੱਚਿਆਂ 'ਤੇ ਵੀ ਇਸ ਦਾ ਨਾਂਹ ਵਾਚਕ ਅਸਰ ਪੈਣਾ ਕੁਦਰਤੀ ਹੈ। ਸਕੂਲਾਂ ਵਿੱਚ ਲੋੜ ਅਨੁਸਾਰ ਉਪਕਰਨ ਦਿੱਤੇ ਜਾਣ ਜਿਵੇਂ ਕੰਪਿਊਟਰ ਆਦਿ। ਜੇ ਸੱਚਮੁੱਚ ਹੀ ਸਰਕਾਰ ਵੀ ਪੰਜਾਬੀ ਬੋਲੀ ਪ੍ਰਤੀ ਸੁਹਿਰਦ ਹੋਵੇ ਤਾਂ ਉਸ ਨੂੰ ਰੂਸ ਅਤੇ ਯੂਕਰੇਨ ਤੋਂ ਸਿੱਖਣਾ ਚਾਹੀਦਾ ਹੈ ਜਿੱਥੇ ਭਾਰਤ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਸਾਇੰਸ ਅਤੇ ਮੈਡੀਕਲ ਦੀ ਸਿੱਖਿਆ ਲਈ ਜਾਂਦੇ ਹਨ। ਉੱਥੇ ਜਾ ਕੇ ਪਹਿਲਾਂ ਸਥਾਨਕ ਬੋਲੀ ਸਿੱਖਦੇ ਹਨ ਜਿਸ ਦਾ ਪੰਜਾਬ ਜਾਂ ਭਾਰਤੀ ਬੋਲੀਆਂ ਨਾਲ ਨਾਂਹ ਵਰਗਾ ਵਾਹ ਹੈ। ਅੰਗਰੇਜ਼ੀ ਤਾਂ ਸਾਡੇ ਸੰਵਿਧਾਨ ਵਿੱਚ ਵੀ ਮਾਨਤਾ ਪ੍ਰਾਪਤ ਬੋਲੀ ਹੈ। ਉਹ ਵਿਦਿਆਰਥੀ ਸਾਲ ਭਰ ਬੋਲੀ ਸਿੱਖਣ ਬਾਅਦ ਆਪਣੀ ਡਿਗਰੀ ਪੂਰੀ ਕਰਦੇ ਹਨ। ਜੇ ਪੰਜਾਬ ਦੀ ਸਰਕਾਰ ਚਾਹੇ ਤਾਂ ਪੰਜਾਬ ਵਿੱਚ ਵੀ ਉੱਚ ਵਿਦਿਆ ਨੂੰ ਵਪਾਰਕ ਪੱਖ ਤੋਂ ਵੀ ਵਿਕਸਤ ਕੀਤਾ ਜਾ ਸਕਦਾ ਹੈ ਜਿਸ ਨਾਲ ਪੰਜਾਬੀ ਬੋਲੀ ਨੂੰ ਵੀ ਵੱਡਾ ਫਾਇਦਾ ਹੋਵੇਗਾ। ਪਰ ਉਸ ਤੋਂ ਪਹਿਲਾਂ ਬਹੁਤ ਲਗਨ ਤੇ ਮਿਹਨਤ ਨਾਲ ਸਾਇੰਸ ਤੇ ਮੈਡੀਕਲ ਦੀ ਪੰਜਾਬੀ ਸ਼ਬਦਾਵਲੀ ਵਿਕਸਤ ਕਰਨੀ ਪਵੇਗੀ।

ਪੰਜਾਬ ਵਿੱਚ ਇੰਡਸਟਰੀ ਲਗਾਉਣ ਵੱਲ ਧਿਆਨ ਦਿੱਤਾ ਜਾਵੇ। ਲੋਕਾਂ ਤੋਂ ਜ਼ਮੀਨ ਖਰੀਦਣ (ਜੇ ਉਹ ਵੇਚਣਾ ਨਾ ਚਾਹੁਣ ਤਾਂ) ਦੀ ਥਾਂ ਪਟੇ 'ਤੇ ਲਈ ਜਾਵੇ ਤੇ ਉਨ੍ਹਾਂ ਨੂੰ ਜਿੰਨੀ ਕੁ ਆਮਦਨ ਫ਼ਸਲ ਨਾਲ ਹੁੰਦੀ ਹੈ ਉਸ ਅਨੁਸਾਰ ਠੇਕਾ ਦਿੱਤਾ ਜਾਵੇ ਜਿਸ ਵਿੱਚ ਮਹਿੰਗਾਈ ਦੇ ਵਾਧੇ ਅਨੁਸਾਰ ਹੀ ਸਾਲਾਨਾ ਵਾਧਾ ਹੋਵੇ। ਇੰਡਸਟਰੀ ਲਈ ਵਾਤਾਵਰਨ ਦੀ ਭਲਾਈ ਅਤੇ ਸੰਭਾਲ ਲਈ ਸਖ਼ਤ ਕਾਨੂੰਨ ਲਾਗੂ ਹੋਣ ਤੇ ਪ੍ਰਦੂਸ਼ਣ ਟੈਕਸ ਲਗਾਇਆ ਜਾਵੇ ਤਾਂ ਜੋ ਮਾਲਕ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵੱਲ ਧਿਆਨ ਦੇਣ। ਅਜਿਹੇ ਹੋਰ ਵੀ ਕਦਮ ਉਠਾਏ ਜਾ ਸਕਦੇ ਹਨ, ਪਰ ਲੋਕਾਂ ਨੂੰ ਸਰਕਾਰ 'ਤੇ ਜ਼ੋਰ ਪਾਉਣਾ ਪਵੇਗਾ। ਪੰਜਾਬ ਅਤੇ ਪੰਜਾਬੀ ਦੀ ਭਲਾਈ ਚਾਹੁਣ ਵਾਲਿਆਂ ਨੂੰ ਪਿੰਡ ਪੱਧਰ ਤੋਂ ਅਜਿਹੀਆਂ ਮੰਗਾਂ ਉਠਾਉਣੀਆਂ ਪੈਣਗੀਆਂ ਕਿਉਂਕਿ ਸਾਡੀਆਂ ਸਰਕਾਰਾਂ ਉੱਚੀ ਆਵਾਜ਼ ਸੁਣਨ ਦੀਆਂ ਹੀ ਆਦੀ ਹੋ ਚੁੱਕੀਆਂ ਹਨ।

## ਆਪਣੀ ਧਰਤੀ ਆਪਣਾ ਅੰਬਰ



ਪ੍ਰੋ ਡਾ ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਤੋਂ ਚੜ੍ਹਦੀਕਲਾ ਐਤਵਾਰ ਸਪਤਾਹਿਕ ਇਹ ਇਕ ਨਵਾਂ ਕਾਲਮ ।

ਆਪਣੀ ਧਰਤੀ
ਆਪਣਾ ਅੰਬਰ

ਮਨੁੱਖੀ ਜਿੰਦਗੀ ਤੇ ਅੱਜ਼ ਦੁਨੀਆ ਵਿੱਚ ਵਾਪਰਦੀਆਂ ਘਟਨਾਵਾਂ ਤੇ ਅਧਾਰਤ ਜਿਸ ਵਿੱਚ ਜਿੰਦਗੀ ਦੇ ਸਾਰੇ ਰੰਗ ਤੈਅ ਕੀਤੇ ਜਾਣਗੇ ਅਤੇ ਇੱਕ ਵਿਸ਼ਾਲ ਦ੍ਰਿਸ਼ਟੀ ਸਾਹਿਤ ,ਕਲਾ ,ਵਿਗਿਆਨ ਤੇ ਨਵੀਂ ਜ਼ਿੰਦਗੀ ਵੱਲ ਜੀਣ ਦਾ ਤਰੀਕਾ ਇਹ ਲਲਿਤ ਨਿਬੰਧ ਦੀ ਸ਼ੈਲੀ ਵਿੱਚ ਲਿਖਿਆ ਹੋਇਆ ਕਾਲਮ ਹੋਵੇਗਾ।

ਜਿਸ ਨੂੰ ਪੰਜਾਬੀ ਤੇ ਹਿੰਦੀ ਦੇ ਸੁਪ੍ਰਸਿੱਧ ਲੇਖਕ ,ਮੀਡੀਆ ਬ੍ਰਾਡਕਾਸਟਰ ਅਤੇ ਚਿੰਤਕ ਚੜ੍ਹਦੀਕਲਾ ਲਈ ਹਰ ਐਤਵਾਰ ਵੱਖਰੇ ਅੰਦਾਜ਼ ਵਿੱਚ ਤੇ ਦੁਨੀਆ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਲੈ ਕੇ ਪ੍ਰਸਤੁਤ ਕਰਨਗੇ ।

ਪੇਸ਼ ਹੈ ਉਸਦੀ ਅੱਜ ਪਹਿਲੀ ਲੜੀ ਦਾ ਪਹਿਲਾ ਲੇਖ ।
ਉਮੀਦ ਹੈ ਇਹ ਪਾਠਕਾਂ ਨੂੰ ਪਸੰਦ ਆਏਗਾ।

**ਸੰਪਾਦਕ**

# ਨਵੇਂ ਮਨੁੱਖ ਦੀ ਤਲਾਸ਼ : ਮਨ ਦੀ ਅੰਤਰ-ਦ੍ਰਿਸ਼ਟੀ ਤੇ ਜ਼ਿੰਦਗੀ ਦੀ ਤਲਾਸ਼

ਜ਼ਿੰਦਗੀ ਦੀ ਤਲਾਸ਼ ਵਿੱਚ ਆਦਮੀ ਜਿਸ ਅਨੰਤ ਯਾਤਰਾ ਤੇ ਇਸ ਧਰਤੀ ਤੇ ਪੈਰ ਰੱਖਦਿਆਂ ਪੂਰੀ ਧਰਤੀ ਨੂੰ ਨਾਪਣ ਦਾ ਆਹਿਦ ਕਰਦਾ ਹੈ ਤੇ ਸੂਰਜਾਂ ਨੂੰ ਆਪਣੇ ਹੱਥਾਂ 'ਚ ਪਕੜਨ ਦਾ ਯਤਨ ਕਰਦਾ ਹੈ ।

ਉਹ ਜਿਸ ਰੋਸ਼ਨੀ ਦੇ ਪਿੱਛੇ ਤੇ ਇੰਦਰਧਨੁਸ਼ੀ ਆਕਾਸ਼ ਦੀਆਂ ਰੰਗ ਬਿਰੰਗੀਆਂ ਕਿਰਚਾਂ ਦੇ ਨਾਲ ਸਮੋਹਨ ਵਿੱਚ ਬੱਝਿਆ ਹੋਇਆ ਅੱਜ ਦਾ ਆਦਮੀ ਜਿਸ ਤਰ੍ਹਾਂ ਕਦਮ ਦਰ ਕਦਮ ਆਸ਼ਾ ਨਿਰਾਸ਼ਾ , ਸਫਲਤਾ ਅਸਫਲਤਾ ਦੇ ਨਵੇਂ ਮਰਹੱਲਿਆਂ ਨੂੰ ਲੰਘਦਾ ਹੋਇਆ ਜਿੰਦਗੀ ਦੇ ਸਾਹਵਾਂ ਦੀ ਡੋਰ ਨੂੰ ਤੋਰ ਰਿਹਾ ਹੈ ਇਹ ਅਦਭੁਤ ਹੈ । ਇਹੀ ਆਦਮੀ ਦੀ ਜਿੰਦਗੀ ਦੀ ਜੀਣ ਦੀ ਗਤੀ ਦਾ ਕ੍ਰਿਸ਼ਮਾ ਹੈ ।

ਇਸ ਦੇ ਵਿੱਚ ਹੀ ਆਦਮੀ ਦੇ ਜੀਣ ਦੀ ਤਲਾਸ਼ ਹੈ, ਜੋ ਮਨ ਦੀਆਂ ਅੰਤਰ ਦ੍ਰਿਸ਼ਟੀਆਂ ਚੋਂ ਤੁਹਾਨੂੰ ਦੇਣ ਵਾਸਤੇ ਹਰ ਦਿਨ ਹਰ ਨਵੇਂ ਲੰਮਹੇ ਦੇ ਨਾਲ ਤਾਜ਼ਾ ਰੱਖਦੀ ਹੈ । ਇਹ ਅਸਲ ਵਿੱਚ ਬ੍ਰਹਿਮੰਡ ਤੇ ਪ੍ਰਕਿਰਤੀ ਦਾ ਉਹ ਰਸਤਾ ਹੈ ਜੋ ਤੁਹਾਡੇ ਅੰਦਰ ਦੀਆਂ ਪਰਤਾਂ ਨੂੰ ਤੁਹਾਨੂੰ ਆਤਮਸਾਤ ਕਰਕੇ ਇਹ ਦੱਸਦਾ ਹੈ ਕਿ ਜਿਉਣਾ ਹੀ ਜ਼ਿੰਦਗੀ ਹੈ ਬਾਕੀ ਸ਼ਾਇਦ ਕੁਝ ਵੀ ਨਹੀਂ ਹੈ।

ਮਨੁੱਖੀ ਮਨ, ਜੋ ਸਦੀਆਂ ਤੋਂ ਆਪਣੀ ਅੰਦਰੂਨੀ ਯਾਤਰਾ 'ਤੇ ਨਿਰੰਤਰ ਭਟਕਦਾ ਰਿਹਾ ਹੈ, ਅੱਜ ਵੀ ਇੱਕ ਨਵੇਂ ਸੁਰ ਦੀ ਖੋਜ ਵਿੱਚ ਹੈ। ਇਹ ਖੋਜ਼ ਸਿਰਫ਼ ਬਾਹਰੀ ਸੰਸਾਰ ਦੀ ਤਰੱਕੀ ਜਾਂ ਵਿਗਿਆਨਕ ਖੋਜਾਂ ਤੱਕ ਸੀਮਤ ਨਹੀਂ, ਸਗੋਂ ਮਨ ਦੀ ਅੰਤਰ-ਦ੍ਰਿਸ਼ਟੀ, ਜੀਣ ਦੇ ਦਰਸ਼ਨ ਅਤੇ ਅੰਦਰੂਨੀ ਸ਼ਾਂਤੀ ਦੀ ਤਲਾਸ਼ ਹੈ। ਸਾਡੇ ਉਪਨਿਸ਼ਦਾਂ, ਗੁਰੂਆਂ, ਪੀਰਾਂ ਅਤੇ ਗੁਰਬਾਣੀ ਦੀ ਪੜ੍ਹਤ ਸਦੀਆਂ ਤੋਂ ਮਨੁੱਖ ਨੂੰ ਇਸ ਯਾਤਰਾ ਵਿੱਚ ਮਾਰਗਦਰਸ਼ਨ ਦਿੰਦੀ ਆ ਰਹੀ ਹੈ।

ਅਸਲ ਵਿੱਚ ਇਹ ਆਧਿਆਤਮਿਕ ਪ੍ਰਕਾਸ਼ ਨਾ ਸਿਰਫ਼ ਮਨੁੱਖ ਦੇ ਅੰਦਰ ਇੱਕ ਨਵੇਂ ਜੀਵ ਦੀ ਸਿਰਜਣਾ ਕਰਦਾ ਹੈ, ਸਗੋਂ ਅਮਨ, ਸ਼ਾਂਤੀ ਅਤੇ ਜੀਵਨ ਦੇ ਅਸਲੀ ਮਕਸਦ ਦਾ ਰਾਹ ਵੀ ਦਿਖਾਉਂਦਾ ਹੈ। ਅੱਜ ਅਸੀਂ ਇਸ ਬਦਲਦੀ ਹੋਈ ਅੰਤਰ-ਦ੍ਰਿਸ਼ਟੀ ਅਤੇ ਨਵੇਂ ਮਨੁੱਖ ਦੀ ਸਿਰਜਣਾ ਦੀ ਗੱਲ ਮਨ ਦੀ ਅੰਤਰ-ਦ੍ਰਿਸ਼ਟੀ ਦੀ ਇੱਕ ਨਵੀਂ ਚੇਤਨਾ ਅਤੇ ਸੰਵੇਦਨਾ ਹੈ।

ਮਨੁੱਖੀ ਮਨ ਇੱਕ ਅਜਿਹਾ ਸਮੁੰਦਰ ਹੈ, ਜਿਸ ਦੀਆਂ ਲਹਿਰਾਂ ਕਦੇ ਸ਼ਾਂਤ ਅਤੇ ਕਦੇ ਤੂਫਾਨੀ ਹੁੰਦੀਆਂ ਹਨ। ਇਹ ਮਨ ਹੀ ਹੈ, ਜੋ ਸੰਸਾਰ ਦੀਆਂ ਭੌਤਿਕ ਚੀਜ਼ਾਂ ਦੇ ਪਿੱਛੇ ਭੱਜਦਾ ਹੈ, ਪਰ ਜਦੋਂ ਇਹ ਅੰਦਰ ਵੱਲ ਮੁੜਦਾ ਹੈ, ਤਾਂ ਇਸ ਨੂੰ ਅਪਾਰ ਸ਼ਕਤੀ ਅਤੇ ਸ਼ਾਂਤੀ ਦਾ ਅਹਿਸਾਸ ਹੁੰਦਾ ਹੈ। ਉਪਨਿਸ਼ਦਾਂ ਨੇ ਸਦੀਆਂ ਪਹਿਲਾਂ ਇਸ ਸੱਚ ਨੂੰ ਪ੍ਰਗਟ ਕੀਤਾ ਸੀ: "ਆਤਮਾਨੰ ਵਿਦਧਿ" (ਆਪਣੇ ਆਤਮੇ ਨੂੰ ਜਾਣੋ)। ਇਹ ਸੁਨੇਹਾ ਮਨੁੱਖ ਨੂੰ ਬਾਹਰੀ ਸੰਸਾਰ ਦੀ ਮਾਇਆ ਤੋਂ ਹਟਾ ਕੇ ਅੰਦਰੂਨੀ ਸੱਚਾਈ ਵੱਲ ਲੈ ਜਾਂਦਾ ਹੈ। ਮਨ ਦੀ ਅੰਤਰ-ਦ੍ਰਿਸ਼ਟੀ, ਜੋ ਸਮਝ, ਸੰਵੇਦਨਸ਼ੀਲਤਾ ਅਤੇ ਸਵੈ-ਚਿੰਤਨ ਨਾਲ ਜੁੜੀ ਹੈ, ਨਵੇਂ ਮਨੁੱਖ ਦੀ ਸਿਰਜਣਾ ਦਾ ਮੂਲ ਅਧਾਰ ਹੈ।

ਇਹ ਅੰਤਰ-ਦ੍ਰਿਸ਼ਟੀ ਮਨੁੱਖ ਨੂੰ ਆਪਣੇ ਜੀਣ ਦੇ ਦਰਸ਼ਨ ਵੱਲ ਲੈ ਜਾਂਦੀ ਹੈ। ਜੀਣ ਦਾ ਦਰਸ਼ਨ ਸਿਰਫ਼ ਸਰੀਰਕ ਜਾਂ ਜੈਵਿਕ ਨਹੀਂ, ਸਗੋਂ ਆਧਿਆਤਮਿਕ ਅਤੇ ਸੰਵੇਦਨਸ਼ੀਲ ਸਤਹਿਰਤਾ ਦਾ ਪ੍ਰਤੀਕ ਹੈ। ਜੀਣ ਵਿੱਚ ਸਮੋਈ ਊਰਜਾ, ਜੋ ਸਮੇਂ ਦੇ ਨਾਲ ਵਿਕਸਤ ਹੁੰਦੀ ਹੈ, ਮਨੁੱਖ ਨੂੰ ਆਪਣੇ ਅਸਲ ਸੁਭਾਅ ਨਾਲ ਜੋੜਦੀ ਹੈ। ਇਹ ਸੁਭਾਅ ਅਹੰਕਾਰ, ਲੋਭ ਅਤੇ ਮਾਇਆ ਤੋਂ ਮੁਕਤ ਹੈ। ਇਸ ਨੂੰ ਸਮਝਣ ਲਈ ਉਪਨਿਸ਼ਦਾਂ ਦੀ ਪੜ੍ਹਤ ਸਾਨੂੰ "ਤੱਤੁਮਸਿ" (ਤੂੰ ਉਹੀ ਹੈਂ) ਦਾ ਸੁਨੇਹਾ ਦਿੰਦੀ ਹੈ, ਜੋ ਮਨੁੱਖ ਨੂੰ ਸਾਰੇ ਸੰਸਾਰ ਨਾਲ ਇੱਕਮਿੱਕਤਾ ਦਾ ਅਹਿਸਾਸ ਕਰਵਾਉਂਦੀ ਹੈ।



ਸਾਡੇ ਗੁਰੂਆਂ ਅਤੇ ਪੀਰਾਂ ਦੀ ਪ੍ਰੇਰਨਾ ਨੇ ਸਦੀਆਂ ਤੋਂ ਮਨੁੱਖ ਨੂੰ ਜੀਵਨ ਦਾ ਅਸਲ ਮਕਸਦ ਸਮਝਾਇਆ ਹੈ। ਸਿੱਖ ਗੁਰੂਆਂ ਦੀ ਬਾਣੀ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਮਨੁੱਖ ਨੂੰ ਸੱਚ, ਸੇਵਾ ਅਤੇ ਸਿਮਰਨ ਦਾ ਰਾਹ ਦਿਖਾਉਂਦੀ ਹੈ। ਗੁਰਬਾਣੀ ਦਾ ਸੁਨੇਹਾ ਸਪੱਸ਼ਟ ਹੈ:

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।"

(ਹੇ ਮਨ! ਤੂੰ ਪਰਮਾਤਮਾ ਦੀ ਜੋਤਿ ਦਾ ਸਰੂਪ ਹੈਂ, ਆਪਣੇ ਅਸਲ ਮੂਲ ਨੂੰ ਪਛਾਣ।)

ਇਹ ਸੁਨੇਹਾ ਮਨੁੱਖ ਨੂੰ ਆਪਣੇ ਅੰਦਰ ਛੁਪੀ ਇਲਾਹੀ ਸ਼ਕਤੀ ਨਾਲ ਜੋੜਦਾ ਹੈ। ਗੁਰਬਾਣੀ ਸਾਨੂੰ ਸਿਖਾਉਂਦੀ ਹੈ ਕਿ ਨਵਾਂ ਮਨੁੱਖ ਉਹ ਹੈ, ਜੋ ਅਹੰਕਾਰ ਨੂੰ ਤਿਆਗ ਕੇ ਸੇਵਾ, ਸਮਰਪਣ ਅਤੇ ਸਦਭਾਵਨਾ ਦੇ ਮਾਰਗ 'ਤੇ ਚੱਲੇ। ਸੂਫੀ ਪੀਰਾਂ ਦੀਆਂ ਸਿੱਖਿਆਵਾਂ, ਜਿਵੇਂ ਕਿ ਬੁੱਲੇ ਸ਼ਾਹ ਅਤੇ ਵਾਰਿਸ ਸ਼ਾਹ ਦੀਆਂ ਰਚਨਾਵਾਂ, ਵੀ ਮਨੁੱਖ ਨੂੰ ਪ੍ਰੇਮ, ਸਮਰਪਣ ਅਤੇ ਸਧਾਰਨ ਜੀਵਨ ਦੀ ਸਿੱਖਿਆ ਦਿੰਦੀਆਂ ਹਨ। ਬੁੱਲੇ ਸ਼ਾਹ ਦੀਆਂ ਇਹ ਪੰਕਤੀਆਂ ਮਨੁੱਖੀ ਮਨ ਦੀ ਖੋਜ ਨੂੰ ਸਪਸ਼ਟ ਕਰਦੀਆਂ ਹਨ ਜਿਵੇਂ -

"ਬੁੱਲਿਆ, ਰੱਬ ਦਾ ਕੀ ਪਹੁਣਾ, ਏਥੇ ਓਥੇ ਦੋਵੇਂ ਥਾਈਂ।"

(ਹੇ ਬੁੱਲੇ! ਰੱਬ ਨੂੰ ਲੱਭਣ ਦੀ ਕੀ ਲੋੜ, ਉਹ ਇੱਥੇ ਵੀ ਹੈ ਅਤੇ ਉੱਥੇ ਵੀ।)

ਇਹ ਸਿੱਖਿਆਵਾਂ ਮਨੁੱਖ ਨੂੰ ਬਾਹਰੀ ਧਾਰਮਿਕ ਰਸਮਾਂ ਤੋਂ ਹਟਾ ਕੇ ਅੰਦਰੂਨੀ ਸ਼ੁੱਧਤਾ ਅਤੇ ਸੱਚਾਈ ਵੱਲ ਲੈ ਜਾਂਦੀਆਂ ਹਨ।

ਇਹ ਨਵੇਂ ਮਨੁੱਖ ਦੀ ਸਿਰਜਣਾਤਮਕ ਸਰੋਤ ਹੈ। ਨਵਾਂ ਮਨੁੱਖ ਉਹ ਨਹੀਂ, ਜੋ ਸਿਰਫ਼ ਭੌਤਿਕ ਸੁਖ-ਸਹੂਲਤਾਂ ਦੇ ਪਿੱਛੇ ਭੱਜਦਾ ਹੈ, ਸਗੋਂ ਉਹ ਜੋ ਆਪਣੇ ਅੰਦਰੂਨੀ ਸੁਰ ਨੂੰ ਸੁਣਦਾ ਹੈ ਅਤੇ ਸੰਸਾਰ ਨਾਲ ਸਦਭਾਵਨਾ ਦੇ ਸਬੰਧ ਸਥਾਪਤ ਕਰਦਾ ਹੈ। ਇਹ ਨਵਾਂ ਮਨੁੱਖ ਅਮਨ ਅਤੇ ਸ਼ਾਂਤੀ ਦਾ ਪ੍ਰਤੀਕ ਹੈ। ਉਸ ਦੀ ਸਿਰਜਣਾ ਲਈ ਲੋੜ ਹੈ ਚਿੰਤਨ, ਸਵੈ-ਮੁਲਾਂਕਣ ਅਤੇ ਸਮਾਜਿਕ ਜ਼ਿੰਮੇਵਾਰੀ ਦੀ। ਉਪਨਿਸ਼ਦਾਂ ਦੀ ਸਿੱਖਿਆ ਸਾਨੂੰ ਦੱਸਦੀ ਹੈ ਕਿ ਸਾਰਾ ਸੰਸਾਰ ਇੱਕ ਬ੍ਰਹਿਮੰਡੀ ਸੁਰ ਵਿੱਚ ਬੱਝਿਆ ਹੋਇਆ ਹੈ, ਅਤੇ ਗੁਰਬਾਣੀ ਸਾਨੂੰ ਸਿਖਾਉਂਦੀ ਹੈ ਕਿ:

"ਸਭੁ ਗੋਬਿੰਦੁ ਹੈ, ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ ਨਹੀਂ ਕੋਈ।"

(ਸਭ ਕੁਝ ਪਰਮਾਤਮਾ ਹੈ, ਪਰਮਾਤਮਾ ਤੋਂ ਬਿਨਾਂ ਕੁਝ ਵੀ ਨਹੀਂ।)

ਇਹ ਸੁਨੇਹਾ ਨਵੇਂ ਮਨੁੱਖ ਨੂੰ ਸਮਾਜ ਵਿੱਚ ਵੰਡੀਆਂ, ਨਫ਼ਰਤ ਅਤੇ ਹਿੰਸਾ ਨੂੰ ਖਤਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਨਵਾਂ ਮਨੁੱਖ ਅਮਨ ਦਾ ਦੂਤ ਹੈ, ਜੋ ਸਾਰੇ ਜੀਵਾਂ ਨਾਲ ਪ੍ਰੇਮ ਅਤੇ ਸਹਿਯੋਗ ਦੀ ਭਾਵਨਾ ਨਾਲ ਜੁੜਦਾ ਹੈ।

ਸਾਡੇ ਜੀਵਨ ਦਾ ਰਸਤਾ: ਅਮਨ ਅਤੇ ਸ਼ਾਂਤੀ ਹੈ ਅਤੇ ਜੀਵਨ ਦਾ ਅਸਲ ਰਸਤਾ ਅਮਨ ਅਤੇ ਸ਼ਾਂਤੀ ਵਿੱਚ ਹੀ ਨਿਹਿਤ ਹੈ। ਇਹ ਸ਼ਾਂਤੀ ਸਿਰਫ਼ ਬਾਹਰੀ ਸੁਖ-ਸਹੂਲਤਾਂ ਨਾਲ ਨਹੀਂ ਮਿਲਦੀ, ਸਗੋਂ ਅੰਦਰੂਨੀ ਸੁਰ ਨਾਲ ਜੁੜਨ ਨਾਲ ਪ੍ਰਾਪਤ ਹੁੰਦੀ ਹੈ। ਗੁਰਬਾਣੀ ਸਾਨੂੰ ਸਿਖਾਉਂਦੀ ਹੈ:

"ਸੁਖੁ ਹੋਵੈ ਸੇਵ ਕਮਾਣੀਆ।"

(ਸੁਖ ਸੇਵਾ ਕਰਨ ਨਾਲ ਮਿਲਦਾ ਹੈ।)

ਸੇਵਾ, ਸਿਮਰਨ ਅਤੇ ਸੱਚ ਦਾ ਮਾਰਗ ਹੀ ਮਨੁੱਖ ਨੂੰ ਸ਼ਾਂਤੀ ਅਤੇ ਅਮਨ ਵੱਲ ਲੈ ਜਾਂਦਾ ਹੈ। ਨਵਾਂ ਮਨੁੱਖ ਉਹ ਹੈ, ਜੋ ਨਾ ਸਿਰਫ਼ ਆਪਣੇ ਲਈ, ਸਗੋਂ ਸਮੁੱਚੇ ਸਮਾਜ ਅਤੇ ਸੰਸਾਰ ਦੀ ਭਲਾਈ ਲਈ ਕੰਮ ਕਰਦਾ ਹੈ। ਉਹ ਵਿਗਿਆਨ ਅਤੇ ਆਧਿਆਤਮਿਕਤਾ ਦਾ ਸੁਮੇਲ ਹੈ, ਜੋ ਤਕਨੀਕੀ ਤਰੱਕੀ ਨੂੰ ਅਪਣਾਉਂਦਾ ਹੈ, ਪਰ ਆਪਣੀ ਅੰਤਰ-ਆਤਮਾ ਦੀ ਅਵਾਜ਼ ਨੂੰ ਵੀ ਸੁਣਦਾ ਹੈ।

ਨਵੀਂ ਦੁਨੀਆਂ ਵਿੱਚ ਨਵੇਂ ਮਨੁੱਖ ਦੀ ਸਿਰਜਣਾ ਇੱਕ ਨਿਰੰਤਰ ਯਾਤਰਾ ਹੈ, ਜੋ ਮਨ ਦੀ ਅੰਤਰ-ਦ੍ਰਿਸ਼ਟੀ, ਜੀਣ ਦੇ ਦਰਸ਼ਨ ਅਤੇ ਆਧਿਆਤਮਿਕ ਪ੍ਰਕਾਸ਼ ਨਾਲ ਸੰਭਵ ਹੈ। ਉਪਨਿਸ਼ਦਾਂ, ਗੁਰੂਆਂ, ਪੀਰਾਂ ਅਤੇ ਗੁਰਬਾਣੀ ਦੀ ਪੜ੍ਹਤ ਸਾਨੂੰ ਇਸ ਯਾਤਰਾ ਵਿੱਚ ਮਾਰਗਦਰਸ਼ਨ ਦਿੰਦੀ ਹੈ। ਨਵਾਂ ਮਨੁੱਖ ਅਮਨ, ਸ਼ਾਂਤੀ ਅਤੇ ਪ੍ਰੇਮ ਦਾ ਪ੍ਰਤੀਕ ਹੈ, ਜੋ ਸੰਸਾਰ ਨੂੰ ਨਫ਼ਰਤ ਅਤੇ ਵੰਡੀਆਂ ਤੋਂ ਮੁਕਤ ਕਰਕੇ ਇੱਕ ਸੁੰਦਰ ਭਵਿੱਖ ਦੀ ਸਿਰਜਣਾ ਕਰਦਾ ਹੈ। ਇਹ ਨਵਾਂ ਮਨੁੱਖ ਸਾਡੇ ਅੰਦਰ ਹੀ ਵਸਦਾ ਹੈ, ਬਸ ਲੋੜ ਹੈ ਉਸ ਨੂੰ ਜਗਾਉਣ ਦੀ, ਉਸ ਨੂੰ ਪਛਾਣਨ ਦੀ, ਅਤੇ ਜੀਵਨ ਦੇ ਸੱਚੇ ਮਾਰਗ 'ਤੇ ਚੱਲਣ ਦੀ ਹੈ।

"ਜੋਤਿ ਸਰੂਪ ਸਤਿਗੁਰੁ ਸੁਣੀਐ, ਸਭੁ ਤਿਮਰੁ ਅੰਤਰਿ ਜਾਇ।"

(ਸਤਿਗੁਰੂ ਦੀ ਸਿੱਖਿਆ ਨਾਲ ਜੋਤਿ ਸਰੂਪ ਨੂੰ ਸੁਣੋ, ਸਾਰਾ ਅਗਿਆਨ ਦੂਰ ਹੋ ਜਾਵੇ।)

ਇਹ ਸੁਨੇਹਾ ਹੁਣ ਸਾਨੂੰ ਨਵੇਂ ਮਨੁੱਖ ਦੀ ਸਿਰਜਣਾ ਅਤੇ ਜੀਵਨ ਦੇ ਅਸਲ ਮਕਸਦ ਵੱਲ ਲੈ ਜਾਂਦਾ ਹੈ ਤੇ ਆਓ ਫਿਰ ਜ਼ਿੰਦਗੀ ਵਿੱਚ ਕਦੇ ਵੀ ਹਾਰ ਦਾ ਅਫਸੋਸ ਨਾ ਕਰੀਏ।

ਇਹ ਜਿੰਦਗੀ ਜਿੰਦਾ ਰਹਿਣ ਤੇ ਚਲਦੇ ਰਹਿਣ ਦੀ ਨਿਰੰਤਰ ਯਾਤਰਾ ਹੈ। ਆਓ, ਫਿਰ ਚਲੀਏ - ਨਵੇਂ ਆਕਾਸ਼ ਵੱਲ ਦੇਖੀਏ ,ਨਵੇਂ ਸੂਰਜ ਵੱਲ ਦੇਖੀਏ ਇਸ ਲਈ ਤਾਂ ਕਹਿੰਦੇ ਨੇ ਜਿੰਦਗੀ ਜਿੰਦਾਬਾਦ।।

9478730156

# ਲੋਕ ਸਿਆਣਪ ਤੇ ਅਨੁਭਵ ਦਾ ਨਿਚੋੜ ਅਖਾਣ




ਪੰਜਾਬੀ ਲੋਕ-ਸਾਹਿਤ ਜਾਂ ਲੋਕ-ਧਾਰਾ ਦੀਆਂ ਵੰਨਗੀਆਂ ਦੇ ਆਪਣੇ ਵੱਖਰੇ ਪ੍ਰਗਟਾਉ ਤੇ ਰੂਪ ਸਦਕਾ ਅਖਾਣ ਇਕ ਸੁਤੰਤਰ ਵਿਧਾ ਹੈ ਜੋ ਲੋਕਾਂ ਦੀ ਸਿਆਣਪ ਤੇ ਅਨੁਭਵ ਦਾ ਨਿਚੋੜ ਹੁੰਦੀਆਂ ਹਨ। ਲੋਕ ਜੀਵਨ ਦੇ ਲੰਬੇ ਤਜਰਬਿਆਂ ਅਤੇ ਅਨੁਭਵਾਂ ਨੂੰ ਲੋਕ ਬੋਲੀ ਦੁਆਰਾ ਬਹੁਤ ਹੀ ਸੰਖੇਪ ਪ੍ਰੰਤੂ ਢੁਕਵੀਂ ਸ਼ੈਲੀ ਰਾਹੀਂ ਵਾਕਾਂ, ਤੁਕਾਂ ਰਾਹੀਂ ਅਖਾਣ ਨੂੰ ਪ੍ਰਗਟਾਇਆ ਗਿਆ ਹੁੰਦਾ ਹੈ। ਪੰਜਾਬ 'ਚ ਇਸ ਲਈ ਅਖੌਤ, ਕਹਾਵਤ ਸ਼ਬਦ ਵਰਤੇ ਜਾਂਦੇ ਹਨ। ਲੋਕ ਜੀਵਨ ਨਾਲ ਹੰਢ ਕੇ ਪ੍ਰਵਾਨ ਹੋਏ ਅਖਾਣ ਸਾਡੇ ਜੀਵਨ ਦੀ ਕਈ ਪੱਖਾਂ ਤੋਂ ਅਗਵਾਈ ਕਰਦੇ ਹਨ। ਇਨ੍ਹਾਂ ਦੀ ਸੱਭਿਆਚਾਰਕ, ਸਾਹਿਤਕ ਤੇ ਭਾਸ਼ਾਈ ਮਹੱਤਤਾ ਇਸ ਦੀ ਜੀਵਨ 'ਚ ਨਿਤਾਪ੍ਰਤੀ ਵਰਤੋਂ ਤੇ ਅਮੁੱਲ ਭੰਡਾਰ 'ਚੋਂ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਰਾਬਰਟ ਕਾਫਮੈਨ ਅਖਾਣਾਂ ਨੂੰ ਹੀ ਸਾਹਿਤ ਦਾ ਮੁੱਢ ਦੱਸਦਾ ਹੈ, ਉਸ ਦੇ ਖਿਆਲ ਅਨੁਸਾਰ ਦੁਨੀਆ ਦੀ ਪਹਿਲੀ ਕਵਿਤਾ ਅਖਾਣ ਸਨ। ਜਦੋਂ ਅਜੇ ਲਿਖਣ-ਪੜ੍ਹਨ ਦਾ ਰਿਵਾਜ ਚਾਲੂ ਨਹੀਂ ਸੀ ਹੋਇਆ ਤਾਂ ਲੋਕ ਬਹੁਤ ਕੁਝ ਜ਼ੁਬਾਨੀ ਯਾਦ ਰੱਖਦੇ ਸਨ। ਸੈਂਕੜੇ ਸਾਲਾਂ ਦੇ ਅਨੁਭਵ ਮਗਰੋਂ ਲੋਕਾਂ ਨੂੰ ਆਪਣੇ ਕਾਰ-ਵਿਹਾਰ, ਨਿਤਾਪ੍ਰਤੀ ਦੇ ਜੀਵਨ ਜਾਂ ਪ੍ਰਕਿਰਤੀ ਬਾਰੇ ਕੋਈ ਢੁੱਕਵੀਂ ਸਚਾਈ ਭਾਸਦੀ ਤਾਂ ਉਹ ਅਖਾਣ ਬਣ ਕੇ ਪ੍ਰਚੱਲਤ ਹੋ ਜਾਂਦੀ। ਲੋਕੀਂ ਉਸ ਨੂੰ ਤੁਕ-ਬੰਦੀ 'ਚ ਵੀ ਗੁੰਦ ਲੈਂਦੇ ਸਨ। ਪੰਜਾਬ ਦੇ ਅਖਾਣਾਂ 'ਚੋਂ ਖੇਤੀਬਾੜੀ, ਮੀਂਹ, ਸੂਰਜ, ਜਾਤੀਆਂ ਦੇ ਗੁਣ-ਔਗੁਣ, ਆਦਤਾਂ ਤੇ ਸੁਭਾਅ, ਰਿਸ਼ਤਿਆਂ ਪ੍ਰਤੀ ਸੂਝ, ਵਿਵਹਾਰਾਂ ਤੇ ਕੰਮਾਂ ਪ੍ਰਤੀ ਨਿਚੋੜ ਉਜਾਗਰ ਹੁੰਦਾ ਹੈ। ਪੰਜਾਬ ਖੇਤੀ ਪ੍ਰਧਾਨ ਰਾਜ ਰਿਹਾ ਹੈ। ਪੰਜਾਬੀਆਂ ਦੀ ਖੇਤਾਂ 'ਚ ਕੀਤੀ ਕਿਰਤ ਨੂੰ ਦੂਜੇ ਧੰਦਿਆਂ ਨਾਲੋਂ ਉੱਤਮ ਸਮਝਿਆ ਜਾਂਦਾ ਸੀ ਕਿਉਂਕਿ ਕਿਸਾਨ ਸਭ ਦੀਆਂ ਗਰਜਾਂ ਪੂਰੀਆਂ ਕਰਦਾ ਸੀ ਤੇ ਕਿਰਤੀ ਵਰਗ ਵੀ ਖੇਤੀ ਨਾਲ ਹੀ ਜੁੜੇ ਹੁੰਦੇ ਸਨ-

> ਲੋਕ ਜੀਵਨ ਦੇ ਲੰਬੇ ਤਜਰਬਿਆਂ ਅਤੇ ਅਨੁਭਵਾਂ ਨੂੰ ਲੋਕ ਬੋਲੀ ਦੁਆਰਾ ਬਹੁਤ ਹੀ ਸੰਖੇਪ ਪ੍ਰੰਤੂ ਢੁਕਵੀਂ ਸ਼ੈਲੀ ਰਾਹੀਂ ਵਾਕਾਂ, ਤੁਕਾਂ ਰਾਹੀਂ ਅਖਾਣ ਨੂੰ ਪ੍ਰਗਟਾਇਆ ਗਿਆ ਹੁੰਦਾ ਹੈ। ਪੰਜਾਬ 'ਚ ਇਸ ਲਈ ਅਖੌਤ, ਕਹਾਵਤ ਸ਼ਬਦ ਵਰਤੇ ਜਾਂਦੇ ਹਨ। ਲੋਕ ਜੀਵਨ ਨਾਲ ਹੰਢ ਕੇ ਪ੍ਰਵਾਨ ਹੋਏ ਅਖਾਣ ਸਾਡੇ ਜੀਵਨ ਦੀ ਕਈ ਪੱਖਾਂ ਤੋਂ ਅਗਵਾਈ ਕਰਦੇ ਹਨ। ਇਨ੍ਹਾਂ ਦੀ ਸੱਭਿਆਚਾਰਕ, ਸਾਹਿਤਕ ਤੇ ਭਾਸ਼ਾਈ ਮਹੱਤਤਾ ਇਸ ਦੀ ਜੀਵਨ 'ਚ ਨਿਤਾਪ੍ਰਤੀ ਵਰਤੋਂ ਤੇ ਅਮੁੱਲ ਭੰਡਾਰ 'ਚੋਂ ਸਹਿਜੇ ਹੀ ਪਛਾਣੀ ਜਾ ਸਕਦੀ ਹੈ।

'ਉੱਤਮ ਖੇਤੀ, ਮੱਧਮ ਵਪਾਰ ਨਖਿੱਧ ਚਾਕਰੀ ਭੀਖ ਗਵਾਰ।' ਬਹੁਤ ਸਾਰੇ ਅਖਾਣਾਂ 'ਚ ਜੱਟ ਦੀ ਮੰਦਹਾਲੀ, ਗ਼ਰੀਬੀ ਸਖ਼ਤ ਮਿਹਨਤ ਤੇ ਇਸ ਤੋਂ ਉਤਪੰਨ ਹੋਣ ਵਾਲੀਆਂ ਹੋਰ ਮੁਸ਼ਕਲਾਂ ਦਾ ਵੀ ਭਰਪੂਰ ਵਰਨਣ ਹੋਇਆ ਹੈ। ਜਿਵੇਂ

'ਹਲ ਵਾਹ ਪੱਠਿਆਂ ਨੂੰ ਜਾਣਾ, ਜੱਟਾ ਤੇਰੀ ਜੂਨ ਬੁਰੀ।'

'ਕਲਰ ਖੇਤ, ਹਲ ਉਖੜੂ ਢੱਗੇ ਬਹਿ ਬਹਿ ਜਾਣ।

ਨਾਰ ਕੁਲਹਿਣੀ, ਕੌੜ ਗਾਂ, ਸਭ ਸ਼ੇਖੀਆਂ ਭੁੱਲ ਜਾਣ।'

ਪੰਜਾਬੀ ਸੱਭਿਆਚਾਰ 'ਚ ਮੰਗਣਾ ਮਰ ਜਾਣ ਦੇ ਬਰਾਬਰ ਸਮਝਿਆ ਜਾਂਦਾ ਹੈ। 'ਮੰਗਣ ਗਿਆ ਸੋ ਮਰ ਗਿਆ ਮੰਗਣ ਮੂਲ ਨਾ ਜਾ।'

ਪੰਜਾਬੀ ਸੱਭਿਆਚਾਰ 'ਚ ਕਿਰਤ ਦੀ ਹੀ ਵਡਿਆਈ ਹੋਈ ਹੈ ਤੇ ਕਿਰਤੀ ਦਾ ਲੋਕ ਮਨ 'ਚ ਸਤਿਕਾਰ ਤੇ ਸਨਮਾਨ ਹੈ ਜਿਵੇਂ :

'ਕਰ ਕਾਰ ਨਾ ਆਵੇ ਹਾਰ।'

'ਕਰ ਮਜੂਰੀ ਖਾਹ ਚੂਰੀ।'

ਅਖਾਣਾਂ ਦੇ ਸ਼ਬਦਾਂ 'ਚ ਸਦੀਵੀ ਸੱਚ ਹੁੰਦਾ ਹੈ ਜਿਹੜਾ ਕਿਸੇ ਤਰ੍ਹਾਂ ਵੀ ਝੁਠਲਾਇਆ ਨਹੀਂ ਜਾ ਸਕਦਾ ਜਿਵੇਂ -'ਗੱਲ ਕਹਿੰਦੀ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਸ਼ਹਿਰੋਂ ਕੱਢਦੀ ਹਾਂ।'

'ਗੌਂ ਭੁਨਾਵੇਂ ਜੌਂ, ਭਾਵੇਂ ਗਿੱਲੇ ਹੀ ਹੋਣ।' ਘਰ ਉਹਲੇ ਪ੍ਰਦੇਸ ਵਰਗੀ ਗੱਲ ਸਹਿਜੇ ਹੀ ਅਖਾਣ ਦਾ ਰੂਪ ਧਾਰਨ ਕਰ ਲੈਂਦੀ ਹੈ। ਜੀਵਨ ਦੇ ਹਰ ਕੌੜੇ ਮਿੱਠੇ ਅਨੁਭਵ ਘੋਖ ਪੜਤਾਲ ਤੋਂ ਬਾਅਦ ਅਖਾਣਾਂ ਦਾ ਰੂਪ ਧਾਰਨ ਕਰ ਗਏ। ਜਿਵੇਂ :

'ਜਿਸ ਪਿੰਡ ਨਹੀਂ ਜਾਣਾ ਉਸ ਦਾ ਰਾਹ ਕਾਹਨੂੰ ਪੁੱਛਣਾ।'

'ਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼।'

ਕਈ ਵਾਰ ਕੋਈ ਮਨੁੱਖ, ਕਿਸੇ ਹੋਰ ਮਨੁੱਖ ਦਾ ਵਿਵਹਾਰ, ਉਸ ਦੇ ਮਨ ਵਿਚਲੀਆਂ ਭਾਵਨਾਵਾਂ ਜਾਂ ਉਸ ਦੀਆਂ ਹਰਕਤਾਂ ਨੂੰ ਦੇਖਦਾ, ਪਰਖਦਾ ਹੈ। ਉਸ ਬਾਰੇ ਜੋ ਸਿੱਟਾ ਕੱਢ ਕੇ ਲਿਖਦਾ ਜਾਂ ਬੋਲਦਾ ਹੈ ਤਾਂ ਜਦੋਂ ਉਹਨਾਂ ਬੋਲਾਂ ਨੂੰ ਲੋਕਾਂ ਦੁਆਰਾ ਅਪਣਾ ਕੇ ਬਾਰ ਬਾਰ ਬੋਲਿਆ ਜਾਂਦਾ ਹੈ ਤਾਂ ਉਹ ਬੋਲ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਕੇ ਅਖਾਣ ਦਾ ਰੂਪ ਧਾਰਨ ਕਰ ਲੈਂਦੇ ਹਨ। ਅਖਾਣਾਂ ਵਿਚੋਂ ਲੋਕ ਸਿਆਣਪ ਦੀ ਝਲਕ ਦਿਖਾਈ ਦਿੰਦੀ ਹੈ।

'ਹੱਥ ਨਾ ਅੱਪੜੇ, ਥੂਹ ਕੌੜੀ।'

'ਉਠ ਨਾ ਸਕੇ ਫਿੱਟੇ ਮੂੰਹ ਗੋਡਿਆਂ ਦਾ'

ਕਾਰ ਜਾਂ ਕਿੱਤਾ ਮਨੁੱਖ ਦੇ ਜੀਵਨ ਦਾ ਮੁੱਖ ਹਿੱਸਾ ਹੈ ਕਿੱਤਾ ਦੀ ਸਫ਼ਲਤਾ ਹੀ ਆਰਥਿਕ ਮੁਕਤੀ ਦਾ ਪਿੜ ਬੰਨ੍ਹਦੀ। ਸਦੀਆਂ ਤੋਂ ਕਿੱਤੇ ਵਿਚ ਰੁੱਝਿਆ ਮਨੁੱਖ ਸਦਾਚਾਰ ਦੀ ਮੰਗ ਕਰਦਾ ਆਇਆ ਹੈ। ਔਰਤ ਦੇ ਸਤਿਕਾਰ ਤੋਂ ਬਿਨਾਂ ਕੋਈ ਸਮਾਜ ਤਰੱਕੀ ਨਹੀਂ ਕਰ ਸਕਦਾ :

'ਆਓ ਜਾਨੀ ਕੰਮ ਕਰੀਏ, ਨਾ ਕੰਮਾਂ ਬਾਝ ਮਜੂਰੀਆਂ।
ਖੰਡ ਬਾਝ ਨਾ ਸ਼ਰਬਤ ਮਿੱਠੇ, ਘਿਉ ਬਾਝ ਨਾ ਚੂਰੀਆਂ।
ਭਾਈਆਂ ਬਾਝ ਨਾ ਬਾਹਾਂ ਤੇ ਨਾ, ਰਿਜਕ ਬਾਝ ਮਗਰੂਰੀਆ।'

ਅਖਾਣ ਸ਼ਬਦਾਂ ਦਾ ਇਕ ਵਾਕ ਲਿਖ ਦੇਣ ਨਾਲ ਹੋਂਦ 'ਚ ਨਹੀਂ ਆਉਂਦੀ। ਇਸ 'ਚ ਮਨੁੱਖ ਦੇ ਨਾਲ ਹਜ਼ਾਰਾਂ ਵਰ੍ਹਿਆਂ ਦਾ ਅਨੁਭਵ ਉਸ ਦੇ ਅੰਗ-ਸੰਗ ਤੁਰ ਰਿਹਾ ਹੁੰਦਾ ਹੈ। ਇਹ ਮਨੁੱਖੀ ਦਿਲਾਂ 'ਚ ਵੱਸਦਾ ਅਤੇ ਜੀਵਨ ਦੀਆਂ ਹਕੀਕਤਾਂ ਰੂਪਮਾਨ ਕਰਦਾ ਹੈ :

'ਦੰਦਾਂ ਤੋਂ ਗਿਆ ਚਿੱਥਣੋਂ, ਗੋਡਿਆਂ ਤੋਂ ਗਿਆ ਉਠਣੋਂ'
ਅੱਖੀਆਂ ਤੋਂ ਗਿਆ ਦਿਸਣੋਂ, ਕੀ ਜੱਲਣਾ ਤੇਰਾ ਰੁੱਸਣੋਂ।'

ਅਨੇਕਾਂ ਅਖਾਣ ਤਜਰਬੇ ਤੋਂ ਨਿਕਲਣ ਵਾਲੇ ਸਿੱਟਿਆਂ 'ਤੇ ਆਧਾਰਿਤ ਵੀ ਵੇਖੇ ਜਾ ਸਕਦੇ ਹਨ। ਜਿਵੇਂ

'ਸਰਫ਼ਾ ਕਰ ਕੇ ਸੁੱਤੀ, ਆਟਾ ਖਾ ਗਈ ਕੁੱਤੀ।'

'ਸਖੀ ਨਾਲੋਂ ਸੂਮ ਭਲਾ,ਜਿਹੜਾ ਤੁਰਤ ਦੇਵੇ ਜਵਾਬ।'

ਦੁੱਖ ਸੁੱਖ ਦੀ ਟੱਕਰ ਨਾਲ ਵੀ ਅਖਾਣ ਦਾ ਜਨਮ ਹੁੰਦਾ ਹੈ। ਜਿਵੇਂ

'ਦਹੀਂ ਭੁਲਾਵੇਂ ਕਪਾਹ ਦੀ ਫੁੱਟੀ ਨਹੀਂ ਖਾਈਦੀ।'

'ਦੰਦਾਂ ਦਾ ਪੀਠਾ ਮੰਦਾ, ਚੱਕੀ ਦਾ ਪੀਠਾ ਚੰਗਾ।'

ਕਈ ਵਾਰ ਅਖਾਣਾਂ ਵਿਚਲੀ ਸੂਝ-ਬੂਝ ਚੜ੍ਹਦੀ ਕਲਾ ਵੱਲ ਲੈ ਜਾਣ ਲਈ ਹੰਭਲਾ ਮਾਰਦੀ ਹੈ। ਜਿਵੇਂ-

'ਜਿਹਾ ਮੂੰਹ ਤੇਹੀ ਚਪੇੜ।'

'ਢੱਗਿਆ ਤੈਨੂੰ ਚੋਰ ਲੈ ਜਾਣ ਯਾਰਾਂ ਪੱਠੇ ਹੀ ਖਾਣੇ ਨੇ।'

ਕੁਝ ਅਖਾਣ ਜੋ ਅੱਜ ਸਾਡੀ ਬੋਲ-ਚਾਲ ਦਾ ਹਿੱਸਾ ਹਨ, ਉਹ ਆਰੀਆ ਜਾਤੀ ਦੇ ਮੁੱਢਲੇ ਅਨੁਭਵ ਸਨ, ਜਿਵੇਂ-

'ਅੱਗ ਬਿਨ੍ਹਾਂ ਧੂੰਆਂ ਨਹੀਂ ਨਿਕਲਦਾ।'

'ਨਦੀ ਨਾਂਵ ਸੰਜੋਗੀ ਮੇਲੇ।'

ਕਿਸੇ ਵੀ ਭਾਸ਼ਾ ਨੂੰ ਬੋਲੇ ਜਾਣ ਵਾਲੇ ਮੁਹਾਵਰੇ ਤੇ ਅਖਾਣ ਅਮੀਰੀ ਬਖ਼ਸ਼ਦੇ ਹਨ। ਇਨ੍ਹਾਂ ਨਾਲ ਮਨੁੱਖ ਦੀ ਸਾਂਝ ਸਦੀਵੀ ਹੈ। ਜੇ ਪਿਆਰ ਤੇ ਮਿਠਾਸ ਦਾ ਸੰਗਮ ਵੇਖਣਾ ਹੋਵੇ ਤਾਂ ਪੰਜਾਬ ਦੇ ਇਹ ਅਖਾਣ ਮੂਹਰੇ ਰੱਖਣੇ ਪੈਣਗੇ।

# ਅੱਜ ਆਖਾਂ ਵਾਰਿਸ ਸ਼ਾਹ.....






ਅੱਜ ਮੈਂ ਜਦੋਂ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਪੜ੍ਹ ਰਿਹਾ ਸੀ। ਅੱਜ ਵੀ ਪੰਜਾਬ ਦਾ ਦੁਖਾਂਤ ਉਨਾਂ ਦੀ ਕਵਿਤਾ ਵਰਗਾ ਹੀ ਲੱਗ ਰਿਹਾ ਸੀ।

ਆਪਣੇ ਸੀਐਮ ਸਾਹਿਬ ਕਹਿ ਰਹੇ ਸਨ। ਜੱਟ ਤਾਂ ਪਾਣੀ ਦੀ ਬਾਰੀ ਦੇ ਇਕ ਮਿੰਟ ਪਿੱਛੇ ਬੰਦਾ ਵੱਢ ਦਿੰਦੇ ਹਨ। ਇਹ ਗੱਲ ਸੱਚ ਹੈ ਪੰਜਾਬ ਇੱਕ ਖੇਤੀਬਾੜੀ ਸੂਬਾ ਹੈ। ਖੇਤੀਬਾੜੀ ਲਈ ਪਾਣੀ ਜਿੰਦਜਾਨ ਹੁੰਦਾ ਹੈ।

ਜਦੋਂ ਹਰਿਆਣਾ ਵਾਧੂ ਪਾਣੀ ਮੰਗ ਰਿਹਾ ਸੀ ਤਾਂ ਮਾਨ ਸਾਹਿਬ ਕਹਿੰਦੇ ਵਾਧੂ ਪਾਣੀ ਦਾ ਅਸੀ ਤੁਪਕਾ ਵੀ ਨਹੀ ਦੇਣਾ। ਉਨਾਂ ਨੇ ਬੀ ਬੀਐਮਬੀ ਤੇ ਪੰਜਾਬ ਪੁਲਿਸ ਤਨਾਤ ਕਰਕੇ ਉੱਥੇ ਜਿੰਦਾ ਜੜ੍ਹ ਦਿੱਤਾ। ਸਿੱਖਿਆ ਮੰਤਰੀ ਦੀ ਡਿਊਟੀ ਲਗਾ ਦਿੱਤੀ ਭਾਈ ਦੇਖੀ ਕਿਤੇ ਕੋਈ ਪਾਣੀ ਲੈ ਨਾ ਜਾਵੇ। ਪੰਜਾਬ ਦਾ ਛੋਟਾ ਭਾਈ ਬਹੁਤ ਔਖਾ ਕੌੜਾ ਘੁੱਟ ਭਰ ਕੇ ਚੁੱਪ ਕਰ ਗਿਆ।ਅਗਲਿਆਂ ਨੇ ਕੁਝ ਸਮੇਂ ਬਾਅਦ ਹੀ ਸੀ ਆਈ ਐਸ ਐਫ ਦੀ ਤਨਾਤੀ ਕਰ ਦਿੱਤੀ। ਬੀਬੀ ਐਮ ਬੀ ਜਿਹੜਾ ਹੱਕ ਪੰਜਾਬ ਦਾ ਸੀ ਉਹ ਬਿਲਕੁਲ ਹੀ ਖਤਮ ਕਰ ਦਿੱਤਾ ਆਪਣੇ ਸੀਐਮ ਸਾਹਿਬ ਬੜਕਾ ਮਾਰ ਰਹੇ ਹਨ ਮੈਂ ਪਾਣੀ ਦਾ ਤੁਪਕਾ ਵੀ ਵੱਧ ਨਹੀਂ ਜਾਣ ਦਿੱਤਾ ਆਪ ਉੱਥੇ ਰੈਲੀ ਕਰ ਰਹੇ ਹਨ। ਗੁਰਦਾਸ ਮਾਨ ਜੀ ਦੇ ਗਾਣੇ ਵਾਹੋਣਗੇ'''' ਤੈਨੂੰ ਫੇਲ ਆਖਾਂ ਕ ਪਾਸ "। ਇਹ ਸਮਝ ਨਹੀਂ ਆਈ।

ਪੁਰਾਣੇ ਸਮੇਂ ਵਿੱਚ ਇੱਕ ਕਹਾਣੀ ਹੁੰਦੀ ਸੀ। ਪੁੱਤ ਆਪਣੀ ਮਾਂ ਕੋਲ ਬੈਠਾ ਰੋਟੀ ਖਾ ਰਿਹਾ ਸੀ। ਮਾਂ ਰੋਟੀ ਬਣਾ ਰਹੀ ਸੀ।ਕੁਝ ਦੂਰੀ ਤੇ ਭਾਂਡੇ ਪਏ ਸਨ। ਬਾਹਰੋਂ ਕੁੱਤਾ ਆਇਆ ਉਹ ਭਾਂਡਿਆਂ ਵਿੱਚ ਮੂੰਹ ਪਾਈ ਜਾਵੇ। ਮੁੰਡੇ ਨੇ ਕੁੱਤੇ ਨੂੰ ਬਹੁਤ ਝਿੜਕਿਆ ਪਰ ਉਹ ਨਾ ਹਟਿਆ। ਉਸ ਨੇ ਕੋਲ ਪਿਆ ਕਾਂਸ਼ੀ ਦਾ ਛੰਨਾ ਚੁੱਕ ਕੇ ਕੁੱਤੇ ਦੇ ਵਗਾ ਮਾਰਿਆ। ਛੰਨਾ ਟੁੱਟ ਗਿਆ ਉਹ ਕੁੱਤੇ ਦੇ ਵੱਜਿਆ ਵੀ ਨਹੀਂ। ਕੁੱਤਾ ਟਾਊ ਟਾਊ ਕਰਦਾ ਬਾਹਰ ਨੂੰ ਭੱਜ ਗਿਆ। ਮਾਂ ਕਹਿਣ ਲੱਗੀ ਕਮਲਿਆ ਇਹ ਤੂੰ ਕੀ ਕੀਤਾ ਛੰਨਾ ਤੋੜ ਦਿੱਤਾ। ਮੁੰਡਾ ਕਹਿਣ ਲੱਗਿਆ ਮਾਂ ਤੈਨੂੰ ਛਨੇ ਦੀ ਪਈ ਆ ਕੁੱਤੇ ਦੀਆਂ ਪਤੀੜਾਂ ਪੈਂਦੀਆਂ ਦੇਖ।

ਅਸੀਂ ਖੱਟਿਆ ਕੁਝ ਵੀ ਨਹੀਂ ਜਿਹੜਾ ਮਾੜਾ ਮੋਟਾ ਹੱਕ ਸੀ ਉਹ ਵੀ ਗਵਾ ਲਿਆ। ਪੰਜਾਬ ਤੋਂ ਸਾਰੇ ਹੱਕ ਹੌਲੀ ਹੌਲੀ ਖੋਹੇ ਜਾ ਰਹੇ ਹਨ।

ਅੱਜ ਜਦੋਂ ਵਾਧੂ ਪਾਣੀ ਸਤਲੁਜ ਤੇ ਬਿਆਸ ਵਿੱਚ ਛੱਡਿਆ ਗਿਆ।ਪੰਜਾਬ ਵਿੱਚ ਖਤਰੇ ਦਾ ਘੁੱਗੂ ਵੱਜ ਗਿਆ। ਖਤਰੇ ਦੇ ਘੁੱਗੂ ਵੱਜਣ ਨਾਲ ਪੰਜਾਬੀਆਂ ਦੇ ਸਾਹ ਸੂਤੇ ਜਾਂਦੇ ਹਨ।ਉਹ ਵੀ ਸੋਚਦੇ ਹੋਣਗੇ" ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ"।

. ਪੰਜਾਬ ਦੇ ਛੋਟੇ ਭਰਾ ਨੂੰ ਪਾਣੀ ਝੋਨੇ ਦੇ ਸੀਜ਼ਨ ਤੇ ਪੀਣ ਲਈ ਹੀ ਚਾਹੀਦਾ ਹੈ ਹੁਣ ਕਿਉਂ ਨਹੀਂ ਹੱਕ ਦਿਖਾਉਂਦਾ ਡੁੱਬ ਮਰਨ ਲਈ ਇਕੱਲਾ ਪੰਜਾਬ।

ਲਓ ਜੀ ਸਾਡੇ ਮਾਨ ਸਾਹਿਬ ਨੇ ਲੈਂਡ ਪੂਲਿੰਗਦੀ ਨੀਤੀ ਲਾਗੂ ਕਰ ਦਿੱਤੀ। ਸੁਖਬੀਰ ਬਾਦਲ ਸਾਹਿਬ ਨੇ ਗਮਾਂਡਾਂ ਦੇ ਦਫਤਰ ਦੇ ਬਾਹਰ ਮੋਹਾਲੀ ਵਿੱਚ ਧਰਨਾ ਲਾ ਦਿੱਤਾ। ਅਸੀਂ ਇਹ ਲੈਂਡ ਪੂਲਿੰਗ ਨੀਤੀ ਲਾਗੂ ਨਹੀਂ ਹੋਣ ਦੇਣੀ ਉਹ ਭੁੱਲ ਗਏ ਕਿਸੇ ਸਮੇਂ ਉਹ ਗੁਮਾਡਾ ਦੇ ਦਫਤਰ ਦੇ ਅੰਦਰ ਬੈਠ ਕੇ ਇਹ ਕੰਮ ਕਰਦੇ ਸਨ ਕੰਮ ਤਾਂ ਤੁਸੀਂ ਹੀ ਸ਼ੁਰੂ ਕੀਤਾ ਹੈ। ਉਹ ਤਾਂ ਵਿਚਾਰੇ ਸੋਚਦੇ ਹੋਣਗੇ ਜਨਤਾ ਭੁੱਲ ਗਈ ਹੋਵੇਗੀ ਕਦੇ ਉਹ ਖੇਤੀ ਕਾਨੂੰਨਾਂ ਨੂੰ ਚੰਗੇ ਕਹਿੰਦੇ ਸਨ ਫਿਰ ਉਹਨਾਂ ਦਾ ਵਿਰੋਧ ਕਰਨ ਲੱਗ ਪਏ। ਲੁਧਿਆਣੇ ਜਿਲ੍ਹੇ ਵਿੱਚ 45,861 ਏਕੜ ਜਮੀਨ ਐਕੁਆਇਰ ਕਰਨੀ ਹੈ। ਕਾਨੂੰਨ ਮੁਤਾਬਕ ਜੇ ਸਰਕਾਰ ਨੂੰ ਜਮੀਨ ਦੀ ਲੋੜ ਹੈ ਤਾਂ ਉਹ ਪਹਿਲਾ ਮਾਰੂ ਜਮੀਨ ਐਕੁਆਇਰ ਕਰੇਗੀ। ਫਿਰ ਇੱਕ ਫਸਲ ਵਾਲੀ ਜਮੀਨ ਨੂੰ। ਲੁਧਿਆਣਾ ਜ਼ਿਲ੍ਹਾ ਪੰਜਾਬ ਦਾ ਸਭ ਤੋਂ ਉਪਜਾਊ ਜਿਲਾ ਹੈ।ਉਪਜਾਊ ਜਮੀਨ,'' ਝੋਟੇ ਦੇ ਸਿਰ ਵਰਗੀ,,।

ਉਹ ਜਮੀਨ ਐਕੁਆਇਰ ਕਰਨ ਜਾ ਰਹੇ ਹੋ। ਤੁਸੀਂ ਇਹਨਾਂ ਪਿੰਡਾਂ ਨੂੰ ਉਜਾੜੋਗੇ ਤਾਂ ਇਹ ਲੋਕ ਕਿੱਥੇ ਜਾਣਗੇ। ਸਾਨੂੰ ਤਾਂ ਦੂਜੇ ਰਾਜਾਂ ਵਾਲੇ ਵੜਨ ਵੀ ਨਹੀਂ ਦਿੰਦੇ ਹਿਮਾਚਲ ਰਾਜਸਥਾਨ ਜੰਮੂ ਕੁਝ ਹੋਰ ਰਾਜਾਂ ਵਿਚ ਅਸੀਂ ਜਮੀਨ ਖਰੀਦ ਵੀ ਨਹੀਂ ਸਕਦੇ। ਭਾਰਤ ਵਿੱਚ ਪੰਜਾਬੀਆਂ ਲਈ ਕਾਨੂੰਨ ਵੱਖਰੇ ਹੀ ਬਣਾਏ ਜਾਂਦੇ ਹਨ।" ਸਾਨੂੰ ਤਾਂ ਮਾਰਨ ਵਾਲਾ ਕੋਈ ਜੰਮਿਆ ਹੀ ਨਹੀਂ ਸਾਨੂੰ ਤਾਂ ਆਪਣੇ ਹੀ ਮਾਰੀ ਜਾਂਦੇ ਹਨ''।

ਗੰਨਾ ਮਿੱਲ ਫਰੀਦਕੋਟ, ਬੁਢਲਾਡਾ ਤੇ ਜਗਰਾਉਂ ਸਾਲ 1988 ਵਿੱਚ ਕਿਸਾਨਾਂ ਤੋਂ ਐਕੁਆਇਰ ਕੀਤੀਆਂ ਜਮੀਨਾਂ ਤੇ ਕੁਝ ਨਹੀ ਕੀਤਾ ਗਿਆ ਹੁਣ ਇਹਨਾਂ ਜਮੀਨਾਂ ਦਾ ਇੰਤਕਾਲ ਨਵੇਂ ਅਦਾਰਿਆਂ ਦੇ ਨਾਮ ਹੋ ਰਿਹਾ ਹੈ।

ਇਨਾ ਜਮੀਨਾਂ ਦੀ ਮਾਲਕੀ ਪ੍ਰਾਈਵੇਟ ਧਨੰਤਰਾਂ ਦੇ ਨਾਮ ਬੋਲਦੀ ਹੈ। ਇਸ ਵਿੱਚੋਂ ਤਾਂ ਜਿਆਦਾ ਹਿੱਸਾ ਪੁੱਡਾ ਨੂੰ ਦੇ ਦਿੱਤਾ ਗਿਆ ਹੈ।

ਪੰਜਾਬ ਵਿੱਚ ਜਿਹੜੀਆਂ ਕਲੋਨੀਆਂ ਪਹਿਲਾਂ ਕੱਟੀਆਂ ਸਨ ਕੀ ਉਹ ਸਾਰੀਆਂ ਆਬਾਦ ਹੋ ਗਈਆਂ ਹਨ। ਪੰਜਾਬ ਦੀ ਵਸੋ ਤਾਂ ਘੱਟ ਰਹੀ ਹੈ ਫਿਰ ਤੁਸੀਂ ਕਿਹੜੇ ਲੋਕ ਇੱਥੇ ਵਸਾਉਣੇ ਹਨ।


ਜੇ ਜਮੀਨਾਂ ਤੇ ਘਰ ਹੀ ਬਣਾਉਣੇ ਹਨ ਤਾਂ ਲੋਕ ਖੇਤੀ ਕਿੱਥੇ ਕਰਨਗੇ,ਪੰਜਾਬੀਆਂ ਦਾ ਪਹਿਲਾ ਕਿੱਤਾ ਹੀ ਖੇਤੀਬਾੜੀਹੈ।

ਇਸ ਕੰਮ ਲਈ ਕੱਲੀ ਆਪ ਸਰਕਾਰ ਹੀ ਜਿੰਮੇਵਾਰ ਨਹੀਂ ਹੈ।ਨੀਲੇ ਚਿੱਟੇ ਸਭ ਜੁੰਮੇਵਾਰ। ਪੰਜਾਬ ਨੂੰ ਤਾਂ ਸਭ ਨੇ ਰਗੜਾ ਹੀ ਲਾਇਆ ਹੈ।ਮੈਨੂੰ ਤਾਂ ਪੰਜਾਬ ਵਿੱਚ ਉਹ ਕੋਈ ਲੀਡਰ ਨਹੀਂ ਦਿਸ ਰਿਹਾ ਜਿਸ ਦੇ ਦਿਲ ਵਿੱਚ ਪੰਜਾਬ ਲਈ ਪਿਆਰ ਹਮਦਰਦੀ ਹੋਵੇ ਉਝ ਕਹਿੰਦੇ ਹਨ "ਰਾਜ ਨਹੀਂ ਸੇਵਾ'' ਸੇਵਾ ਕਰਕੇ ਆਪਣੇ ਹੀ ਘਰ ਭਰ ਲਏ ਹਨ।

ਅੱਜ ਅੱਖਾਂ ਵਾਰਿਸ ਸਾਹ ਨੂੰ
ਕਿਤੋਂ ਕਬਰਾਂ ਵਿੱਚੋਂ ਬੋਲ
ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ
ਵਰਕਾ ਫੋਲ

ਮ: 98552-40004

# ਝੂਮਦੇ ਗਮਲਿਆਂ ਵਾਲੀ ਬਾਲਕੋਨੀ ਹਰੇਕ ਦਾ ਮਨ ਮੋਹ ਲਵੇਗੀ



**ਅਨੂ ਆਰ**

ਭਲਾ ਕਿਹੜੀ ਸੁਆਣੀ ਅਜਿਹੀ ਹੋਵੇਗੀ, ਜਿਸ ਦਾ ਇਹ ਸੁਪਨਾ ਨਾ ਹੋਵੇ ਕਿ ਉਸ ਕੋਲ ਇਕ ਹਰਿਆ-ਭਰਿਆ 'ਕਿਚਨ ਗਾਰਡਨ' ਹੋਵੇ। ਪਰ ਅੱਜ ਦੇ ਮਹਾਂਨਗਰੀ ਜੀਵਨ ਵਿਚ ਭਲਾ ਸਭ ਨੂੰ ਇਹ ਸਹੂਲਤ ਕਿਵੇਂ ਹਾਸਲ ਹੋ ਸਕਦੀ ਹੈ।

ਪਰ ਜਿਥੇ ਚਾਹ ਉਥੇ ਰਾਹ। ਜੇਕਰ ਵਾਕਈ ਤੁਹਾਨੂੰ ਬੂਟਿਆਂ ਨਾਲ ਪਿਆਰ ਹੈ, ਤੁਹਾਨੂੰ ਹਰਿਆਲੀ ਆਕਰਸ਼ਿਤ ਕਰਦੀ ਹੈ, ਖਿੜੇ ਹੋਏ ਫੁੱਲ, ਮਹਿਕਦੀਆਂ ਹੋਈਆਂ ਪੱਤੀਆਂ ਅਤੇ ਚਿੜੀਆਂ ਦੀ ਚਹਿ-ਚਹਾਟ ਦੀ ਆਵਾਜ਼ ਤੁਹਾਨੂੰ ਚੰਗੀ ਲਗਦੀ ਹੈ ਤਾਂ ਤੁਸੀਂ ਆਪਣੀ ਛੋਟੀ ਜਿਹੀ ਬਾਲਕੋਨੀ ਵਿਚ ਵੀ ਇਕ ਛੋਟਾ ਜਿਹਾ ਬਗ਼ੀਚਾ ਬਣਾ ਸਕਦੇ ਹੋ। ਜ਼ਮੀਨ ਵਿਚ ਨਹੀਂ ਝੂਮਦੇ ਹੋਏ ਗਮਲਿਆਂ ਦੀ ਬਾਲਕੋਨੀ 'ਚ ਅੱਜਕਲ੍ਹ ਇਹ ਰਿਵਾਜ ਵੀ ਹੈ। ਇਹ ਬਹੁਤ ਸਮਾਰਟ ਅਤੇ ਆਕਰਸ਼ਕ ਵੀ ਲਗਦਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਰਿਆਂ ਨੂੰ ਪਸੰਦ ਆਉਂਦਾ ਹੈ। ਤਾਂ ਆਓ ਜਾਣੀਏ ਕਿ ਤੁਸੀਂ ਇਸ ਛੋਟੀ ਜਿਹੀ ਬਾਲਕੋਨੀ ਵਿਚ ਕੀ ਤਕਰੀਬ ਅਪਣਾ ਕੇ ਉਸ ਨੂੰ ਹਰਿਆ ਭਰਿਆ ਅਤੇ ਸਭ ਦਾ ਮਨ ਮੋਹਣ ਵਾਲਾ ਬਣਾ ਸਕਦੇ ਹੋ।

...ਤੇ ਜਿਵੇਂ ਕਿ ਮੈਂ ਕਿਹਾ, ਤੁਸੀਂ ਆਪਣੀ ਛੋਟੀ ਜਿਹੀ ਬਾਲਕੋਨੀ ਦੇ ਅਪਰ ਸਪੇਸ ਉੱਪਰ ਵਾਲੀ ਥਾਂ ਨੂੰ ਥੋੜ੍ਹੀ ਰਚਨਾਤਮਕਤਾ ਨਾਲ ਬਹੁਤ ਸੁੰਦਰਤਾਪੂਰਨ ਵਰਤੋਂ ਕਰ ਸਕਦੇ ਹੋ। ਕਿਸੇ ਲੋਹੇ ਦੇ ਫਰਨੀਚਰ ਵਾਲੇ ਨੂੰ ਬੁਲਾਓ ਆਪਣੀ ਬਾਲਕੋਨੀ ਦਿਖਾਓ ਅਤੇ ਉਸ ਨੂੰ ਕਹੋ ਕਿ ਕਰੀਬ 8 ਫੁੱਟ ਉੱਪਰ ਤੋਂ ਹੇਠਾਂ ਵੱਲ ਨੂੰ ਲੋਹੇ ਦਾ ਢਾਂਚਾ ਬਣਾ ਦੇਵੇ, ਜਿਸ ਵਿਚ ਛੋਟੇ-ਛੋਟੇ ਗਮਲਿਆਂ ਵਾਲੇ ਬੂਟੇ ਲਗਾਏ ਜਾ ਸਕਣ। ਯਕੀਨ ਮੰਨੋ 8×10 ਜਾਂ 10×10 ਦੇ ਕਮਰੇ ਦੀ ਬਾਲਕੋਨੀ ਵਿਚ ਵੀ ਝੂਲਦੇ ਗਮਲਿਆਂ ਜ਼ਰੀਏ ਇਕ ਸੁੰਦਰ ਦ੍ਰਿਸ਼ ਪੈਦਾ ਕੀਤਾ ਜਾ ਸਕਦਾ ਹੈ। ਤੁਹਾਡੀ ਬਾਲਕੋਨੀ ਦਾ ਫਰਸ਼ ਖਾਲੀ ਰਹੇਗਾ ਅਤੇ ਤੁਹਾਡੇ ਸਿਰ ਤੋਂ ਦੋ ਇੰਚ ਉੱਪਰ ਚਾਰੇ ਪਾਸੇ ਫੁੱਲ ਅਤੇ ਹਰਿਆਲੀ ਲਟਕੇਗੀ। ਬਾਲਕੋਨੀ ਵਿਚ ਇਕ ਹੈਂਗਰ ਢਾਂਚਾ ਬਣਾ ਦੇਣ 'ਤੇ 20 ਤੋਂ 25 ਛੋਟੇ-ਛੋਟੇ ਗਮਲੇ ਇਸ ਵਿਚ ਆਰਾਮ ਨਾਲ ਲਟਕਾਏ ਜਾ ਸਕਦੇ ਹਨ। ਇਨ੍ਹਾਂ ਵਿਚ ਕਈ ਤਰ੍ਹਾਂ ਦੇ ਫੁੱਲਾਂ ਅਤੇ ਖੁਸ਼ਬੂਆਂ ਵਾਲੇ ਬੂਟੇ ਬਹੁਤ ਚੰਗੇ ਤਰੀਕੇ ਨਾਲ ਲਗਾਏ ਜਾ ਸਕਦੇ ਹਨ।

ਇਕ ਗ਼ਲਤੀ ਜੋ ਆਮ ਤੌਰ 'ਤੇ ਹੁੰਦੀ ਹੈ, ਉਹ ਇਹ ਕਿ ਲੋਕ ਇਹ ਨਹੀਂ ਜਾਣਦੇ ਕਿ ਬੂਟੇ ਦੇ ਵਿਕਾਸ ਲਈ ਵੱਖ-ਵੱਖ ਪੱਧਰ ਦੀ ਮਿੱਟੀ ਅਤੇ ਜ਼ਮੀਨ ਦੀ ਲੋੜ ਹੁੰਦੀ ਹੈ। ਜੇਕਰ ਬਾਲਕੋਨੀ ਵਿਚ ਤੁਸੀਂ ਆਪਣੀ ਬਗ਼ੀਚੀ ਬਣਾ ਰਹੇ ਹੋ ਤਾਂ ਛੋਟੇ-ਛੋਟੇ ਗਮਲੇ ਰੱਖੋ ਅਤੇ ਉਨ੍ਹਾਂ ਗਮਲਿਆਂ ਅਨੁਸਾਰ ਹੀ ਉਨ੍ਹਾਂ ਵਿਚ ਬੂਟੇ ਲਗਾਓ। ਜੇਕਰ ਇਸ ਗੱਲ ਨੂੰ ਧਿਆਨ ਵਿਚ ਰੱਖੇ ਬਿਨਾਂ ਤੁਸੀਂ ਕੋਈ ਇਸ ਤਰ੍ਹਾਂ ਦਾ ਬੂਟਾ ਲਗਾ ਦਿੱਤਾ, ਜਿਸ ਨੂੰ ਜ਼ਿਆਦਾ ਪਾਣੀ ਅਤੇ ਜ਼ਿਆਦਾ ਮਿੱਟੀ ਦੀ ਜ਼ਰੂਰਤ ਹੋਵੇਗੀ ਤਾਂ ਉਹ ਬੂਟਾ ਸੁੱਕ ਜਾਵੇਗਾ ਅਤੇ ਬਾਲਕੋਨੀ ਵਿਚ ਵੀ ਚੰਗਾ ਨਹੀਂ ਲੱਗੇਗਾ। ਸਹੀ ਗਮਲਿਆਂ ਨਾਲ ਉਨ੍ਹਾਂ ਅਨੁਸਾਰ ਛੋਟੇ ਅਤੇ ਵੇਲ ਜਾਤੀ ਦੇ ਬੂਟੇ ਚੁਣੋ ਜਿਨ੍ਹਾਂ ਨੂੰ ਕਿ ਉਨ੍ਹਾਂ ਗਮਲਿਆਂ ਵਿਚ ਲਗਾ ਕੇ ਹੇਠਾਂ ਵੱਲ ਲਟਕਾਇਆ ਜਾ ਸਕੇ। ਜੇਕਰ ਝੂਮਦੇ ਗਮਲਿਆਂ ਵਾਲੀ ਬਾਲਕੋਨੀ ਬਣਾਉਣਾ ਚਾਹੁੰਦੇ ਹੋ ਤਾਂ ਇਸ ਲਈ ਵੀ ਜ਼ਰੂਰੀ ਹੈ ਕਿ ਜੇਕਰ ਧੋਖੇ ਨਾਲ ਬਾਲਕੋਨੀ ਨਾਲ ਕੋਈ ਗਮਲਾ ਹੇਠਾਂ ਡਿੱਗ ਜਾਵੇ ਤਾਂ ਉਸ ਨਾਲ ਕਿਸੇ ਨੂੰ ਜ਼ਿਆਦਾ ਸਰੀਰਕ ਸੱਟ ਨਾ ਪਹੁੰਚੇ, ਨਾ ਹੀ ਕਿਸੇ ਕਾਰ ਦਾ ਸ਼ੀਸ਼ਾ ਟੁੱਟੇ।

ਲਟਕਦੇ ਗਮਲਿਆਂ ਵਾਲੀ ਬਾਲਕੋਨੀ ਦਾ ਜਦੋਂ ਮਨ ਬਣਾਓ ਤਾਂ ਗਮਲਿਆਂ ਵਿਚ ਪਾਣੀ ਪਾਉਂਦੇ ਸਮੇਂ ਇਹ ਵੀ ਧਿਆਨ ਰੱਖੋ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਪਾਣੀ ਨਾਲ ਨਾ ਭਰੋ ਕਿ ਉਹ ਟਪਕਦੇ ਰਹਿਣ ਅਤੇ ਬਾਲਕੋਨੀ ਨੂੰ ਗੰਦੇ ਕਰਦੇ ਰਹਿਣ।

ਪਾਣੀ ਰੋਜ਼ ਪਾਓ ਪਰ ਥੋੜ੍ਹਾ-ਥੋੜ੍ਹਾ ਪਾਓ ਜਿਸ ਨਾਲ ਕਿ ਉਹ ਜ਼ਮੀਨ 'ਤੇ ਨਾ ਟਪਕੇ। ਕਿਉਂਕਿ ਜ਼ਮੀਨ ਘੱਟ ਹੈ ਤਾਂ ਕੁਝ ਨਾ ਕੁਝ ਤਾਂ ਵਾਧੂ ਰੂਪ ਵਿਚ ਮਿਹਨਤ ਕਰਨੀ ਹੀ ਪਵੇਗੀ। ਜਦੋਂ ਬਾਲਕੋਨੀ ਵਿਚ ਛੋਟੇ ਗਮਲਿਆਂ ਵਿਚ ਬੂਟੇ ਲਗਾਓ ਤਾਂ ਧਿਆਨ ਨਾਲ ਇਸ ਤਰ੍ਹਾਂ ਦੇ ਬੂਟੇ ਚੁਣੋ ਜੋ ਸਿਹਤਮੰਦ ਰਹਿਣ ਅਤੇ ਜ਼ਿਆਦਾ ਹਰੇ ਭਰੇ ਦਿਸਣ। ਇਨ੍ਹਾਂ ਦੇ ਸਿਹਤਮੰਦ ਰਹਿਣ ਵਿਚ ਵੱਡੀ ਭੂਮਿਕਾ ਕੀਟਨਾਸ਼ਕਾਂ ਦੀ ਵੀ ਹੁੰਦੀ ਹੈ। ਇਸ ਲਈ ਝੂਮਦੇ ਗਮਲਿਆਂ ਦੇ ਬੂਟਿਆਂ ਵਿਚ ਖਾਦ ਅਤੇ ਕੀਟਨਾਸ਼ਕਾਂ ਦਾ ਵੀ ਧਿਆਨ ਰੱਖੋ। ਜੇਕਰ ਸਹੀ ਸਮੇਂ 'ਤੇ ਖਾਦ ਅਤੇ ਕੀਟਨਾਸ਼ਕ ਬੂਟੇ ਨੂੰ ਮਿਲਣਗੇ ਤਾਂ ਛੋਟਾ ਜਿਹਾ ਬੂਟਾ ਵੀ ਬਹੁਤ ਹਰਿਆ-ਭਰਿਆ ਤੇ ਸਿਹਤਮੰਦ ਦਿਸੇਗਾ। ਜ਼ਾਹਿਰ ਹੈ ਤੁਹਾਡੀ ਬਾਲਕੋਨੀ ਦੀ ਖ਼ੂਬਸੂਰਤੀ ਵੱਖਰੀ ਹੀ ਹੋਵੇਗੀ।



# ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In The Court of Ms. Mamta Kakkar Additional Civil Judge (Senior Division), Fatehgarh Sahib**
CNR No. PBFG02-000724-2023
Next Date : 28-08-2025
CS/555/2023
Surjit Singh Sidhu
Versus
Gurcharan Singh
Notice to : Def 4. Gurbachan Kaur W/o Ajit Singh Son of Mangal Singh Resident of Village Pawala, Tehsil Bassi Pathana, District Fatehgarh Sahib. Def 6. Kulwinder Kaur D/o Shisa Singh Resident of Village Pawala, Tehsil Bassi Pathana, District Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 28-08-2025 at 10:00 A.M.
For details logon to https://highcourtchd.gov.in/?trs=district notice&district=fatehgarh Sahib
Dated, this day of 08-08-2025
**Sd/- Additional Civil Judge (Senior Division), Fatehgarh Sahib**

(U/o 5 Rule 20 CPC)
**In the Court of Ms. Mandeep Kaur Civil Judge (Junior Division), Dasuya**
CNR No. PBHOA0-000821-2023
Next Date : 25-08-2025
Sher Singh
Versus
Mamta
Notice to: Mamta W/o Vijay Kumar S/o Avinash Sharma R/o Village Jaja Tehsil Dasuya Distt. Hoshiarpur at present R/o Patti Harbanspur VPO Beas Pind Tehsil and distt. Jalandhar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25-08-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 01-08-2025
**Sd/- Civil Judge (Junior Division), Dasuya**

(U/o 5 Rule 20 CPC)
(Succession Case)
**In the Court of Ms. Neha Goel Civil Judge (Senior Division), Ferozepur**
CNR No. PBFZ02-001364-2025
Next Date : 28-08-2025
Narinder Kumar
Versus
General Public
Application under section 372 of Indian Succession Act, 1925.
Notice to: Respondent No.1 General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 28-08-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-08-2025
**Sd/- Civil Judge (Senior Division), Ferozepur**

(U/o 5 Rule 20 CPC)
**In the Court of Ms. Ekta Sahota Additional Civil Judge Senior Division-1, Patiala**
CNR No. PBPT02-000536-2022
Next Date : 02.09.2025
Bir Varinder Singh Dhillon
Versus
Vijay Kumar
Notice to: Vijay Kumar S/o Baldev Raj r/o Guru Nanak Nagar, Patiala.
In above titled title case the defendant(s)/respondent(s) could not be served. It is ordered that defendant(s)/respondent(s) should appear in person or through counsel on 02-09-2025 at 10:00 A.M.
For details logon to https://highcourtchd.gov.in/?mod=district_notice&district=Patiala
Dated this day of 04-08-2025
**Sd/- Additional Civil Judge Senior Division-1, Patiala**

(U/o 5 Rule 20 CPC)
**In the Court of Ms. Ranjeet Kaur Additional Principal Judge, Family Court, Hoshiarpur**
CNR No. PBHO01-005381-2025
Next Date : 28.08.2025
CS/13/2025
Harpreet Kaur aged 36 years Wife of Manjit Singh resident of House No. 511, Niara Road, Near Dhami Shuttering Store, Piplanwala, Tehsil and District Hoshiarpur-146022 and Anr.
.....Petitioners
Versus
General Public and others.
.....Respondents
Notice to:General Public:- Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 28-08-2025 at 10:00 A.M.
For details logon to https://highcourtchd.gov.in/?trs=district notice&district=Hoshiarpur
Dated, this day of 22-07-2025
**Sd/- Additional Principal Judge, Family Court, Hoshiarpur**

(U/o 5 Rule 20 CPC)
**In the Court of Sh. Manpreet Sohi Civil Judge (Junior Division), Dasuya**
CNR No. PBHOA0-000872-2024
Next Date : 27-08-2025
Ravinder Kaur Bajwa D/o Desa Singh @ Shivdev Singh W/o Harmail Singh R/o Village Chhokaran, Shaheed Bhagat Singh Nagar.
.....Plaintiff
Versus
Desa Singh @ Shivdev Singh Bajwa S/o Buta Singh S/o Hira Singh R/o Village Manpur Tehsil Tanda Distt. Hoshiarpur and others
.....Defendants.
Suit for declaration
Notice to: 3. Balwinder Kaur W/o Nishan Singh S/o Desa Singh 4. Kulwinder Kaur W/o Amrik Singh S/o Desa Singh 5. Amarjit Kaur W/o Kulwinder Singh S/o Desa Singh 6. Harjit Kaur W/o Manjit Singh D/o Desa Singh 7. Jaswinder Kaur W/o Gurwinder Singh D/o Desa Singh 8. Bhupinder Kaur W/o Gurwinder Singh S/o Desa Singh All R/o Village Manpur Tehsil Tanda Distt. Hoshiarpur.
In above titled case the defendant(s)/respondent(s) could not be served. It is ordered that defendant (s) / respondent(s) should appear in person or through counsel on 27-08-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 01-08-2025
**Sd/- Civil Judge (Junior Division), Dasuya**

(U/o 5 Rule 20 CPC)
**In The Court of Mrs. Neetika Verma Additional District and Sessions Judge, Mohali**
CNR No. PBSA01-001373-2024
Next Date : 01-09-2025
Nimu Uraon and ors.
Versus
Bakshish Singh and Ors.
Claim Petition
Notice to : 1) Bakshish Singh Father:-SukhJinder Singh R/o H.no. 184, Near Swaraj Nagar, Tehsil Kharar, Distt Sas Nagar Owner Of Car No PB 65 Ak 6862 3) Gurpreet Singh S/O Sikander Singh R/O Vilalge Badali Naya Shehar Tehsil Kharar SAS Nagar Mohali Driver Of Car No PB 65 Ak 6862.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01-09-2025 at 10:00 A.M.
For details logon to https://highcourtchd.gov.in/?mod=district notice&district=mohali
Dated, this day of 06-08-2025
**Sd/- Additional District and Sessions Judge, Mohali**

(U/o 5 Rule 20 CPC)
**In the Court of Sh. Rajinder Singh Teji Additional Civil Judge Senior Division-1, Ferozepur**
CNR No. PBFZ02-002329-2022
Next Date : 29-08-2025
CS/1529/2022
Union Bank of India
Versus
Harjeet Singh
Notice to: 1. Harjeet Singh Father::-Sohan Singh 2. Sita Bai W/O Harjeet Singh S/O Sohan Singh R/O H.No.2, Ward No.9, Red Rose Avenue, Icche Wala Road, Near Radha Swami Dera, Ferozepur City, Teh And Dist Ferozepur., Punjab 3. Jaswinder Singh S/O Darshan Singh R/O House No. 231, Street No. 1, Basant Vihar, Tehsil And Distt. Ferozepur. 4. Gurdeep Singh S/O Harjeet Singh, Ward No. 10, Street No. 2, Red Rose Avenue, Ferozepur City.
In above titled case the defendant(s)/respondent(s) could not be served. It is ordered that defendant (s) / respondent(s) should appear in person or through counsel on 29-08-2025 at 10:00 A.M.
Dated this day of 04-08-2025
**Sd/- Additional Civil Judge Senior Division-1, Ferozepur**

(U/o 5 Rule 20 CPC)
**In the Court of Sh. Harwinder Singh Civil Judge (Junior Division)-16,Patiala**
CNR No. PBPT02-000608-2023
Next Date:-01-09-2025
Punit Singh Banga
Versus
Ajay Thapar
Notice to: Ajay Thapar S/O Prem Nath Thapar C/O Thapar Travels, Near Gurudwara Dukhniwaran Sahib, Patiala IInd Address-R/O Flat No. 203, Block B, Patiala Heights Flats, Rajpura Sirhind Bye Pass Road, Patiala IIIrd Address-H No. 679, St. No.12, Ghuman Nagar, Sirhind Road, Patiala 4th Address- R/O Flat No. 3B, Sunshine Enclave, Zirakpur Mobile No 98141-19990, 62840-12215
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01-09-2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 05-08-2025
**Sd/- Civil Judge Junior Division-16,Patiala**

(U/o 5 Rule 20 CPC)
**In the Court of Divyani Luthra Civil Judge (Junior Division), Dasuya**
CNR No.:- PBHOA0-000600-2024
Next Date:-28-08-2025
CS/396/2024
Shekhar Sondhi
Versus
Amardeep Sharma
Notice to: 3-Santosh Kumari W/O Amrik Singh Son of Joginder Singh, Village Urmar, Tehsil Dasuya, District Hoshiarpur 4. Daljeet Kaur W/O Manjit Singh S/O Joginder Singh R/o Vill Urmar, Teh Tanda Distt.Hsp 5. Randhir Singh S/O Gopal Singh S/o Babu Ram R/o Vill Urmar, Teh Tanda Distt.Hsp 6. Raghbir Singh S/O Gopal Singh S/o Babu Ram, S/o Vill Urmar, Teh.Tanda Distt.Hsp 7-Parminder Singh S/O Rattan Singh S/O Dharam Singh R/o Near Cinema, Urmar, Teh. tanda, Distt.Hsp 8-Hardev Singh S/O Rattan Singh S/O Dharam Singh R/o Near Cinema Chownk, Urmar Teh.Tanda Distt.Hsp 9. Amrik Singh S/O Mohinder Singh S/O Gurbachan Singh R/O Vill Urmar,Teh Tanda, Distt.Hsp 10- Phula Marwaha W/O Darshan Marwaha S/O Lekh Raj R/O Vill Urmar, Teh. tanda, Distt.Hsp 11- Satpal Singh S/O Gurmukh Singh S/O Diwan Singh R/O Vill Urmar, Teh. tanda, Distt.Hsp 12-Kuljit Singh S/O Bikramjit Singh S/O Balwant Singh R/O Vill Urmar, Teh. tanda Distt.Hsp 13- Gurbachan Kaur W/O Jagtar Singh S/O Waryam Singh 15-Gurmit Kaur W/O Avtar Singh S/O Hari Singh R/o Vill.Urmar Teh Tanda Distt.Hsp
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 28-08-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 25-07-2025
**Sd/- Civil Judge (Junior Division), Dasuya**

(U/o 5 Rule 20 CPC)
**In the Court of Hon'ble Divyani Luthra Civil Judge (Junior Division), Dasuya**
CNR No.:-PBHOA0-000602-2024
Next Date:-28-08-2025
CS/394/2024
Shekhar Sondhi
Versus
Amandeep Sharma
Notice to: 3-Randhir Singh/4 Raghvir Singh Father: Gopal Singh Son Of Babu Ram Village Urmar, Tehsil Tanda, Distt Hoshiarpur 5-Parminder Singh/6-Hardev Singh S/O Rattan Singh S/O Dharam Singh R/O Near Cinema Chownk, Urmar Tanda Teh.Tanda Distt.Hsp 7-Amrik Singh S/O Mohinder Singh S/O Gurbachan Singh R/O Urmar Tanda, Teh.Tanda, Distt.Hsp 8-Phula Marwaha W/O Darshan Marwaha S/O Lekh Raj R/O Urmar Tanda Teh.Tanda, Distt.Hsp 9-Satpal Singh S/O Gurmukh Singh S/O Diwan Singh R/O Urmar Tanda, Teh Tanda Distt.Hsp 10- Kuljit Singh S/O Bikramjit Singh S/O Balwant Singh R/O Urmar Tanda Teh.Tanda, Distt.Hsp 11-Gurbachan Kaur W/O Jagtar Singh S/O Waryam Singh R/O Urmar Tanda, Teh. Tanda, Distt.Hsp
In above titled case the defendant(s)/respondent(s) could not be served. It is ordered that defendant (s) / respondent(s) should appear in person or through counsel on 28-08-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 25-07-2025
**Sd/- Civil Judge (Junior Division), Dasuya**

(U/o 5 Rule 20 CPC)
**In The Court of Sh. Ajay Civil Judge Jr. Divn. Chandigarh Next Date, Purpose of Case, Orders and Judgments as well as case information is available on http://ecourts.gov.in**
CNR No. CHCH02-004002-2024
Next Date:-05-09-2025
Shubham Mehra
Versus
Vast Immigration Solutions
Suit for Recovery of Money
Notice to :1.Vast Immigration Solutions Through Its Proprietor Mr Kulvir Singh Kaura Alias Kulbir Singh Kaura 2. Kulvir Singh Alias Kulbir Singh Kaura 3.Damanpreet Alias Kiran Singla 4.Sunny Chahal Alias Gurkirat Singh All R/O Sco No 95-96-97 (4th Floor) Sectot 17d Chandigarh Through Its Proprietor Mr Kulvir Singh Kaura Alias Kulbir Singh Kaura
Whereas it has been proved to the satisfaction of the Court that the defendant(s)/respondent(s) above named cannot be served in the ordinary way of service. Hence, this proclamation under order 5 Rule 20 CPC is hereby issued against him/them and should appear personally or through their counsel on 05-09-2025 at 10:00 a.m.
Take notice that, in default of his/their appearance on the day before mentioned, the above said case will be heard and determined in his/their absence according to law.
Given under my hand and the seal of the Court, this 07-08-2025.
**Sd/- Civil Judge Jr. Divn. Chandigarh**

## ਬੇਦਖਲੀ ਸੂਚਨਾ

ਮੈਂ, ਅਮਰੀਕ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਮਕਾਨ ਨੰ-60/1-ਕੇ/63, ਵਾਰਡ ਨੰਬਰ 24,ਡਾਬਾ ਰੋਡ,ਗਲੀ ਨੰਬਰ 8, ਕਬੀਰ ਨਗਰ, ਜ਼ਿਲ੍ਹਾ ਲੁਧਿਆਣਾ ਦੇ ਆਪਣੇ ਪੁੱਤਰ ਸੁਖਵਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ, ਉਸਦੀ ਪਤਨੀ ਸੁਖਵਿੰਦਰ ਕੌਰ ਅਤੇ ਉਸ ਦੇ ਪੁੱਤਰ ਅਨਮੋਲ ਸਿੰਘ ਅਤੇ ਪੁੱਤਰੀ ਪ੍ਰਭਜੋਤ ਕੌਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

## ਨਾਮ ਦੀ ਬਦਲੀ

ਮੈਂ, ਜਸਬੀਰ ਰੁਪਾਣਾ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਦੇਵੀਨਗਰ ਡਾਕਖਾਨਾ ਕਰਹਾਲੀ ਜ਼ਿਲ੍ਹਾ ਪਟਿਆਲਾ ਨੇ ਆਪਣਾ ਨਾਮ ਜਸਬੀਰ ਸਿੰਘ ਰੱਖ ਲਿਆ ਹੈ।

## ਸੂਚਨਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਮਲਜੀਤ ਕੌਰ ਪਤਨੀ ਰੁਪਿੰਦਰ ਸਿੰਘ ਵਾਸੀ ਟੌਹੜਾ ਤਹਿ ਨਾਭਾ ਜ਼ਿਲ੍ਹਾ ਪਟਿਆਲਾ, ਪੰਜਾਬ ਵੱਲੋਂ ਇਸ ਦਫਤਰ ਇਕ ਬਿਨੈਪੱਤਰ ਪ੍ਰਾਪਤ ਹੋਇਆ ਹੈ। ਜਿਸ ਰਾਹੀਂ ਉਨ੍ਹਾਂ ਵੱਲੋਂ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. K64AP170917 ਜਿਸ ਦੀ ਸਮਰੱਥਾ 5BHP ਹੈ ਜੋ ਕਿ ਮਨਪ੍ਰੀਤ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਪਿੰਡ ਟੌਹੜਾ ਦੇ ਨਾਮ 'ਤੇ ਚੱਲਦਾ ਹੈ, ਨੂੰ ਆਪਣੇ ਨਾਮ ਤੇ ਤਬਦੀਲ ਕਰਵਾਉਣ ਦੀ ਬੇਨਤੀ ਕੀਤੀ ਹੈ। ਜੇ ਕਰ ਕਿਸੇ ਵਿਅਕਤੀ ਨੂੰ ਇਸ ਨਾਮ ਪ੍ਰਤੀ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਅਖਬਾਰ ਵਿਚ ਪ੍ਰਕਾਸ਼ਿਤ ਹੋਣ ਦੀ ਤਾਰੀਖ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਲਿਖਤੀ ਇਤਰਾਜ਼ ਇਸ ਦਫਤਰ ਪਾਸ ਦਰਜ ਕਰਵਾ ਸਕਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਨਾਮ ਤਬਦੀਲੀ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿਚ ਪ੍ਰਾਪਤ ਕਿਸੇ ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/- ਸਹਾਇਕ ਇੰਜੀਨੀਅਰ
ਪੰ.ਰਾ. ਪਾਵਰ ਕਾਰਪੋਰੇਸ਼ਨ ਲਿਮ
ਸੰਚਾਲਨ ਉਪ ਮੰਡਲ ਟੌਹੜਾ

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਨ੍ਹਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੀ ਪੁਸ਼ਟੀ ਕਰ ਲੈਣ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਸਥਾਨਾਂ ਦੀ ਬਦਲੀ ਜਾਵੇਗੀ ਨੁਹਾਰ - ਈਟੀਓ




ਬਾਬਾ ਬਕਾਲਾ ਸਾਹਿਬ, 9 ਅਗਸਤ: (ਬਲਰਾਜ ਸਿੰਘ ਰਾਜਾ) ਸਾਚਾ ਗੁਰੂ ਲਾਧੋ ਰੇ ਦਿਵਸ ਅਤੇ ਰੱਖੜ ਪੁੰਨਿਆ ਦੇ ਮੌਕੇ ਉੱਤੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਸੰਗਤਾਂ ਨੂੰ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ, ਸ੍ਰੀ ਅਰਵਿੰਦ ਕੇਜਰੀਵਾਲ, ਸ੍ਰੀ ਮਨੀਸ਼ ਸਿਸ਼ੋਦੀਆ ਅਤੇ ਪਾਰਟੀ ਪ੍ਰਧਾਨ ਸ੍ਰੀ ਅਮਨ ਅਰੋੜਾ ਵੱਲੋਂ ਪਵਿੱਤਰ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੋ ਗਰੰਟੀਆਂ ਵੋਟਾਂ ਤੋਂ ਪਹਿਲਾਂ ਲੋਕਾਂ ਨੂੰ ਦਿੱਤੀਆਂ ਸਨ, ਉਹ ਲਗਭਗ ਪੂਰੀਆਂ ਕਰ ਦਿੱਤੀਆਂ ਹਨ। ਉਹਨਾਂ ਨੇ ਸਰਕਾਰ ਵੱਲੋਂ ਹਰ ਘਰ ਨੂੰ 600 ਯੂਨਿਟ ਮੁਫਤ ਬਿਜਲੀ ਸਪਲਾਈ, ਬਿਜਲੀ ਵਿੱਚ ਕੀਤੇ ਵੱਡੇ ਸੁਧਾਰ, ਕਿਸਾਨਾਂ ਨੂੰ ਅੱਠ ਘੰਟੇ ਨਿਰਵਿਘਨ ਬਿਜਲੀ ਉਹ ਵੀ ਦਿਨ ਦੇ ਸਮੇਂ ਅਤੇ ਪੰਜਾਬ ਸਰਕਾਰ ਵੱਲੋਂ ਨਿਜੀ ਖੇਤਰ ਤੋਂ ਖਰੀਦੇ ਗਏ ਥਰਮਲ ਪਲਾਂਟ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਮੁਨਾਫੇ ਲਈ ਜੋ ਗੋਰਖ ਧੰਦਾ ਕੋਲੇ ਦੀ ਖਰੀਦ ਵਿੱਚ ਚਲਾਇਆ ਸੀ, ਨੂੰ ਬੰਦ ਕਰਕੇ ਅਸੀਂ ਆਪਣੀ ਕੋਲ ਖਾਣ ਸ਼ੁਰੂ ਕੀਤੀ ਹੈ, ਜਿਸ ਨਾਲ ਬਿਜਲੀ ਵਿਭਾਗ ਨੂੰ ਵੱਡਾ ਆਰਥਿਕ ਲਾਹਾ ਮਿਲਿਆ ਹੈ ਅਤੇ ਅੱਜ ਬਿਜਲੀ ਵਿਭਾਗ 2500 ਕਰੋੜ ਰੁਪਏ ਤੋਂ ਵੱਧ ਦੇ ਮੁਨਾਫੇ ਵਿੱਚ ਹੈ। ਉਹਨਾਂ ਨੇ ਇਸ ਮੌਕੇ ਦੱਸਿਆ ਕਿ ਛੇਤੀ ਹੀ ਮੁੱਖ ਮੰਤਰੀ ਹਰ ਘਰ ਨੂੰ 10 ਲੱਖ ਰੁਪਏ ਦਾ ਮੈਡੀਕਲ ਬੀਮਾ ਦੇਣ ਜਾ ਰਹੇ ਹਨ, ਜਿਸ ਨਾਲ ਆਮ ਆਦਮੀ ਦੀ ਜੇਬ ਉੱਤੇ ਪੈਂਦਾ ਦਵਾਈਆਂ ਦਾ ਭਾਰ ਸਦਾ ਲਈ ਦੂਰ ਹੋ ਜਾਵੇਗਾ। ਯੁੱਧ ਨਸ਼ਿਆਂ ਵਿਰੁੱਧ ਦੀ ਗੱਲ ਕਰਦੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਣ ਤੱਕ ਸਾਡੇ ਮੰਤਰੀ, ਵਿਧਾਇਕ, ਹਲਕਾ ਇੰਚਾਰਜ ਅਤੇ ਹੋਰ ਪਾਰਟੀ ਆਗੂ 7000 ਤੋਂ ਵੱਧ ਪਿੰਡਾਂ ਤੇ ਸ਼ਹਿਰਾਂ ਵਿੱਚ ਨਸ਼ੇ ਨੂੰ ਰੋਕਣ ਲਈ ਘਰ ਘਰ ਦਸਤਕ ਦੇ ਚੁੱਕੇ ਹਨ। ਇਸ ਦਾ ਇਹ ਅਸਰ ਪਿਆ ਹੈ ਕਿ 4000 ਤੋਂ ਵੱਧ ਪੰਚਾਇਤਾਂ ਨੇ ਲਿਖ ਕੇ ਦੇ ਦਿੱਤਾ ਹੈ ਕਿ ਅਸੀਂ ਨਸ਼ੇ ਵੇਚਣ ਵਾਲਿਆਂ ਦਾ ਸਾਥ ਨਹੀਂ ਦੇਵਾਂਗੇ।

ਉਹਨਾਂ ਕਿਹਾ ਕਿ ਇਹ ਯੁੱਧ ਲਗਾਤਾਰ ਜਾਰੀ ਹੈ ਅਤੇ ਨਸ਼ਾ ਤਸਕਰ ਚਾਹੇ ਉਹ ਕਿੰਨੀ ਵੀ ਵੱਡੀ ਪਹੁੰਚ ਰੱਖਦਾ ਹੋਵੇ ,ਨੂੰ ਸਜ਼ਾ ਦਿੱਤੀ ਜਾਵੇਗੀ । ਉਹਨਾਂ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਦਾ ਜ਼ਿਕਰ ਕਰਦਿਆਂ ਵੱਧ ਤੋਂ ਵੱਧ ਸੰਗਤਾਂ ਨੂੰ ਇਹਨਾਂ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ 5 ਸਤੰਬਰ ਤੋਂ ਪਹਿਲਾਂ ਅਨੰਦਪੁਰ ਸਾਹਿਬ ਵਿੱਚ ਭਾਈ ਜੈਤਾ ਜੀ ਦੀ ਯਾਦਗਰ ਜੋ ਕਿ ਕਰੀਬ 20 ਕਰੋੜ ਰੁਪਏ ਨਾਲ ਬਣਾਈ ਜਾ ਰਹੀ ਹੈ, ਦਾ ਉਦਘਾਟਨ ਕਰਕੇ ਇਹਨਾਂ ਪ੍ਰੋਗਰਾਮਾਂ ਨੂੰ ਰਸਮੀ ਤੌਰ ਉਤੇ ਸ਼ੁਰੂ ਕਰ ਦਿੱਤਾ ਜਾਵੇਗਾ। ਕੈਬਨਿਟ ਮੰਤਰੀ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਪਿੰਡਾਂ ਅਤੇ ਸ਼ਹਿਰਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾਵੇਗੀ। ਉਹਨਾਂ ਕਿਹਾ ਕਿ ਸਾਢੇ ਤਿੰਨ ਸਾਲ ਵਿੱਚ ਜਿੰਨੇ ਕੰਮ ਸ੍ ਭਗਵੰਤ ਸਿੰਘ ਮਾਨ ਸਰਕਾਰ ਨੇ ਕੀਤੇ ਹਨ, ਉਨੇ ਕੰਮ 75 ਸਾਲਾਂ ਵਿੱਚ ਸਰਕਾਰਾਂ ਨਹੀਂ ਕਰ ਸਕੀਆਂ।ਇਸ ਮੌਕੇ ਸੰਬੋਧਨ ਕਰਦੇ ਵਿਧਾਇਕ ਸ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਸਰਹੱਦ ਉੱਤੇ ਨਸ਼ੇ ਦੀ ਤਸਕਰੀ ਰੋਕਣ ਲਈ ਸ਼ੁਰੂ ਕੀਤੀ ਗਈ ਐਂਟੀ ਡਰੋਨ ਸਿਸਟਮ ਲਈ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਅਤੇ ਸ਼੍ਰੀ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਸਾਡੇ ਪੰਜਾਬ ਵਿੱਚ ਹੁੰਦੀ ਤਸਕਰੀ ਬੰਦ ਹੋਵੇਗੀ ਅਤੇ ਜਿਸ ਨਾਲ ਨਸ਼ੇ ਦਾ ਕਾਰੋਬਾਰ ਸਦਾ ਲਈ ਬੰਦ ਹੋ ਜਾਵੇਗਾ ।

ਹਲਕਾ ਵਿਧਾਇਕ ਸ ਦਲਬੀਰ ਸਿੰਘ ਟੌਂਗ ਨੇ ਕਾਨਫਰੰਸ ਵਿੱਚ ਪਹੁੰਚੇ ਹਲਕੇ ਦੇ ਲੀਡਰਾਂ, ਸੰਗਤ ਅਤੇ ਆਗੂਆਂ ਦਾ ਧੰਨਵਾਦ ਕਰਦੇ ਦੱਸਿਆ ਕਿ ਕਿਸ ਤਰ੍ਹਾਂ ਸਿੱਖਿਆ ਅਤੇ ਸਿਹਤ ਵਿੱਚ ਵੱਡੇ ਸੁਧਾਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤੇ ਹਨ।

ਉਹਨਾਂ ਨੇ ਕਿਹਾ ਕਿ ਬਾਬਾ ਬਕਾਲਾ ਸਾਹਿਬ ਹਲਕੇ ਦੀਆਂ 60% ਤੋਂ ਵੱਧ ਸੜਕਾਂ ਬਣਾਈਆਂ ਜਾ ਚੁੱਕੀਆਂ ਹਨ ਅਤੇ ਬਾਕੀ ਰਹਿੰਦੀਆਂ ਸੜਕਾਂ ਵੀ ਜਲਦੀ ਬਣਾ ਦਿੱਤੀਆਂ ਜਾਣਗੀਆਂ। ਉਹਨਾਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ ਵੱਡੇ ਪ੍ਰੋਗਰਾਮ ਕਰਵਾਉਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ। ਉਹਨਾਂ ਕਿਹਾ ਕਿ ਮੈਂ ਆਪਣੇ ਹਲਕੇ ਵਿੱਚ 200 ਤੋਂ ਵੱਧ ਸਕੂਲਾਂ ਵਿੱਚੋਂ 130 ਸਕੂਲਾਂ ਵਿੱਚ ਲੋੜੀਂਦਾ ਮੁਢਲਾ ਢਾਂਚਾ ਪੂਰਾ ਕਰਨ ਲਈ ਵਿਕਾਸ ਕੰਮ ਕਰਵਾ ਚੁੱਕਾ ਹਾਂ ਅਤੇ ਬਾਕੀ ਸਕੂਲਾਂ ਵਿੱਚ ਵੀ ਛੇਤੀ ਕੰਮ ਪੂਰੇ ਕਰਕੇ ਉਦਘਾਟਨ ਕੀਤੇ ਜਾਣਗੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਅਤੇ ਵਿਧਾਇਕ ਸਾਹਿਬਾਨ ਨੇ ਗੁਰਦੁਆਰਾ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਮੱਥਾ ਟੇਕਿਆ ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਵਿਧਾਇਕ ਸ ਜਸਵਿੰਦਰ ਸਿਘ ਰਮਦਾਸ, ਵਿਧਾਇਕ ਸ ਅਮਰਪਾਲ ਸਿੰਘ ਸ੍ਰੀ ਹਰਗੋਬਿੰਦਪੁਰ ਸਾਹਿਬ, ਵਿਧਾਇਕ ਸ ਗੁਰਦੀਪ ਸਿੰਘ ਰੰਧਾਵਾ, ਚੇਅਰਮੈਨ ਸ੍ਰੀ ਰਮਨ ਬਹਿਲ, ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਸ੍ਰੀਮਤੀ ਅਮਨਦੀਪ ਕੌਰ, ਐਸਡੀਐਮ ਸ ਅਮਨਪ੍ਰੀਤ ਸਿੰਘ, ਸ੍ਰੀ ਗੁਰਪ੍ਰਤਾਪ ਸਿੰਘ ਸੰਧੂ, ਸ ਜਸਬੀਰ ਸਿੰਘ ਸੁਰ ਸਿੰਘ, ਸ ਜਗਰੂਪ ਸਿੰਘ ਸੇਖਵਾਂ ਹਲਕਾ ਇੰਚਾਰਜ ਕਾਦੀਆਂ, ਸ ਤਲਬੀਰ ਸਿੰਘ ਗਿੱਲ, ਪ੍ਰਧਾਨ ਸੁਰਜੀਤ ਸਿੰਘ ਕੰਗ, ਸ੍ਰੀ ਸੰਜੀਵ ਭੰਡਾਰੀ, ਸ੍ਰੀ ਸ਼ਮਸ਼ੇਰ ਸਿੰਘ ਦੀਨਾਨਗਰ, ਬਲਬੀਰ ਸਿੰਘ ਪੰਨੂ ਫਤਿਹਗੜ੍ਹ ਚੂੜੀਆਂ, ਸ ਕੁਲਦੀਪ ਸਿੰਘ ਮਥਰੇਵਾਲ, ਸ ਤਰਸੇਮ ਸਿੰਘ ਸਿਆਲਕਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਜ਼ਿਲ੍ਹਾ ਇਲੈਕਟ੍ਰੌਨਿਕ ਅਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਫਾਜ਼ਿਲਕਾ ਨੇ ਪਾਰਸ ਡੋਡਾ ਦਾ ਜਨਮਦਿਨ ਮਨਾਇਆ

ਫ਼ਾਜ਼ਿਲਕਾ 9 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਜਿਲ੍ਹਾ ਇਲੈਕਟ੍ਰੌਨਿਕ ਅਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ, ਫਾਜ਼ਿਲਕਾ ਵੱਲੋਂ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਅਤੇ ਨਿਰਭੀਕ ਪੱਤਰਕਾਰ ਪਾਰਸ ਡੋਡਾ ਦਾ ਜਨਮਦਿਨ ਵਿਸ਼ੇਸ਼ ਢੰਗ ਨਾਲ ਮਨਾਇਆ ਗਿਆ। ਇਹ ਜਨਮਦਿਨ ਫਾਜ਼ਿਲਕਾ ਕ੍ਰਿਕਟ ਕਲੱਬ ਵੱਲੋਂ ਦਾਣਾ ਮੰਡੀ ਵਿਖੇ ਚੱਲ ਰਹੇ ਕ੍ਰਿਕਟ ਟੂਰਨਾਮੈਂਟ ਦੌਰਾਨ ਆਯੋਜਿਤ ਕੀਤਾ ਗਿਆ, ਜਿੱਥੇ ਕੇਕ ਕੱਟ ਕੇ ਪਾਰਸ ਡੋਡਾ ਨੂੰ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਜਿਲ੍ਹਾ ਇਲੈਕਟ੍ਰੌਨਿਕ ਅਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਦੇ ਚੇਅਰਮੈਨ ਲੀਲਾਧਰ ਸ਼ਰਮਾ, ਪ੍ਰਧਾਨ ਬਖਸ਼ੀਸ਼ ਸਿੰਘ (ਹੈਪੀ), ਉਪ ਪ੍ਰਧਾਨ ਵਨੀਤ ਅਰੋੜਾ, ਸੀਨੀਅਰ ਮੈਂਬਰ ਰਾਜੇਸ਼ ਅਨੇਜਾ, ਸੰਜੂ ਗਿਲਹੋਤਰਾ, ਰਾਜੀਵ ਦਾਵੜਾ, ਸਾਜਨ ਗੁਗਲਾਨੀ, ਜਸਪ੍ਰੀਤ ਦੁਰੇਜਾ, ਧੀਰਜ ਕੁਮਾਰ (ਸੰਨੀ ਦੂਮੜਾ), ਸੁੱਖਵਿੰਦਰ ਸਿੰਘ ਪਰਦੇਸੀ, ਵਿਸ਼ੂ ਛਾਬੜਾ ਸਮੇਤ ਹੋਰ ਪੱਤਰਕਾਰ ਮੌਜੂਦ ਸਨ।ਸੰਬੋਧਨ



ਕਰਦਿਆਂ ਐਸੋਸੀਏਸ਼ਨ ਦੇ ਚੇਅਰਮੈਨ ਲੀਲਾਧਰ ਸ਼ਰਮਾ ਨੇ ਕਿਹਾ ਕਿ ਪਾਰਸ ਡੋਡਾ ਸਿਰਫ਼ ਇੱਕ ਪੱਤਰਕਾਰ ਹੀ ਨਹੀਂ, ਸਗੋਂ ਸਮਾਜਕ ਸੇਵਾ ਅਤੇ ਸਚਾਈ ਦੀ ਅਵਾਜ਼ ਨੂੰ ਉਜਾਗਰ ਕਰਨ ਵਾਲੇ ਇਕ ਸੱਚੇ ਸੇਵਕ ਹਨ। ਉਨ੍ਹਾਂ ਨੇ ਕਿਹਾ, ਪਾਰਸ ਡੋਡਾ ਦੀਆਂ ਖ਼ਬਰਾਂ ਨੇ ਅਨੇਕਾਂ ਮੁੱਦਿਆਂ ਨੂੰ ਜਨਤਾ ਅੱਗੇ ਲਿਆ ਹੈ ਅਤੇ ਸਰਕਾਰ ਦੇ ਧਿਆਨ ਵਿੱਚ ਪਹੁੰਚਾਇਆ ਹੈ, ਜਿਸ ਨਾਲ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਸੰਭਵ ਹੋਇਆ ਹੈ। ਉਹ ਆਪਣੀ ਨਿਡਰ ਅਤੇ ਨਿਰਪੱਖ ਪੱਤਰਕਾਰਤਾ ਨਾਲ ਨੌਜਵਾਨ ਪੱਤਰਕਾਰਾਂ ਲਈ ਇੱਕ ਮਿਸਾਲ ਬਣੇ ਹਨ। ਇਸ ਮੌਕੇ ਪ੍ਰਧਾਨ ਬਖਸ਼ੀਸ਼ ਸਿੰਘ (ਹੈਪੀ) ਅਤੇ ਉਪ ਪ੍ਰਧਾਨ ਵਨੀਤ ਅਰੋੜਾ ਨੇ ਵੀ ਪਾਰਸ ਡੋਡਾ ਨੂੰ ਜਨਮਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਪਾਰਸ ਡੋਡਾ ਨੇ ਆਪਣੇ ਲਿਖਣ ਰਾਹੀਂ ਹਮੇਸ਼ਾ ਸਚਾਈ ਅਤੇ ਲੋਕ-ਹਿਤ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਦੇ ਨਿਰਪੱਖ ਰੁਖ ਅਤੇ ਨਿਡਰ ਰਿਪੋਰਟਿੰਗ ਨੇ ਫਾਜ਼ਿਲਕਾ ਜਿਲ੍ਹੇ ਦੀਆਂ ਆਵਾਜ਼ਾਂ ਨੂੰ ਸੂਬਾ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚਾਇਆ ਹੈ। ਫਾਜ਼ਿਲਕਾ ਕ੍ਰਿਕਟ ਕਲੱਬ ਦੇ ਪ੍ਰਧਾਨ ਸਾਜਨ ਗੁਗਲਾਨੀ ਨੇ ਵੀ ਪਾਰਸ ਡੋਡਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੱਤਰਕਾਰ ਸਮਾਜ ਦਾ ਮਹੱਤਵਪੂਰਨ ਹਿੱਸਾ ਹੁੰਦੇ ਹਨ। ਉਨ੍ਹਾਂ ਦੀ ਸਚਾਈ ਅਤੇ ਨਿਰਪੱਖਤਾ ਸਮਾਜ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਾਉਣ ਵਿੱਚ ਯੋਗਦਾਨ ਪਾਉਂਦੀ ਹੈ। ਉਨ੍ਹਾਂ ਨੇ ਕਿਹਾ, ਫਾਜ਼ਿਲਕਾ ਕ੍ਰਿਕਟ ਕਲੱਬ ਨੂੰ ਮਾਣ ਹੈ ਕਿ ਉਹ ਅਜਿਹੇ ਜ਼ਿੰਮੇਵਾਰ ਪੱਤਰਕਾਰ ਦੇ ਜਨਮਦਿਨ ਸਮਾਰੋਹ ਦਾ ਹਿੱਸਾ ਬਣਿਆ। ਕਲੱਬ ਦੇ ਸਮੂਹ ਮੈਂਬਰਾਂ ਨੇ ਵੀ ਪਾਰਸ ਡੋਡਾ ਦੀ ਪੱਤਰਕਾਰਤਾ ਦੀ ਲਗਨ, ਸਚਾਈ ਅਤੇ ਸਮਾਜ ਪ੍ਰਤੀ ਨਿਭਾਈ ਜਾ ਰਹੀ ਜ਼ਿੰਮੇਵਾਰੀ ਦੀ ਪ੍ਰਸ਼ੰਸਾ ਕੀਤੀ।ਆਪਣੇ ਸੰਬੋਧਨ ਵਿੱਚ ਪਾਰਸ ਡੋਡਾ ਨੇ ਸਾਰੇ ਹਾਜ਼ਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ, ਮੈਂ ਆਪਣੇ ਜਨਮਦਿਨ 'ਤੇ ਸਾਰਿਆਂ ਵੱਲੋਂ ਮਿਲੇ ਪਿਆਰ ਅਤੇ ਸਤਿਕਾਰ ਲਈ ਦਿਲੋਂ ਧੰਨਵਾਦੀ ਹਾਂ। ਮੇਰਾ ਹਮੇਸ਼ਾ ਯਤਨ ਰਿਹਾ ਹੈ ਕਿ ਮੈਂ ਸਚਾਈ ਨੂੰ ਉਜਾਗਰ ਕਰਦਿਆਂ ਆਮ ਲੋਕਾਂ ਦੀ ਅਵਾਜ਼ ਨੂੰ ਸਰਕਾਰ ਅਤੇ ਸਮਾਜ ਤੱਕ ਪਹੁੰਚਾਵਾਂ। ਤੁਹਾਡੇ ਸਹਿਯੋਗ ਨਾਲ ਹੀ ਅਸੀਂ ਇਸ ਕੰਮ ਨੂੰ ਹੋਰ ਉੱਚਾਈਆਂ ਤੱਕ ਲੈ ਜਾ ਸਕਦੇ ਹਾਂ ।


| ਪੰਜਾਬ ਨੈਸ਼ਨਲ ਬੈਂਕ .... ਬਿਹਤਰੀ ਲਈ ਸਾਂਝ | ਸਰਕਲ ਦਫ਼ਤਰ ਫਾਜ਼ਿਲਕਾ |
|---|---|
| ਵਿਸ਼ਾ : "ਨਿਮਨਲਿਖਤ ਅਹੁਦੇ ਦੇ ਲਈ ਪੂਰਨ ਯੋਗ ਵਿਅਕਤੀਆਂ ਲਈ ਅਰਜ਼ੀ" ਦੀ ਮੰਗ ਸੰਬੰਧੀ ਅਖ਼ਬਾਰ ਵਿਚ ਇਸ਼ਤਿਹਾਰ ਦਾ ਪ੍ਰਕਾਸ਼ਨ | |
| ਅਹੁਦੇ ਦਾ ਸਰੂਪ | ਅਹੁਦੇ ਦੀ ਗਿਣਤੀ |
| ਵਿੱਤੀ ਸਾਖਰਤਾ ਕੇਂਦਰ ਲਈ ਕਾਊਂਸਲਰ | ਐਫਐਲਸੀ ਫਾਜ਼ਿਲਕਾ ਵਿਚ ਇੱਕ |

ਉਮੀਦਵਾਰ (ਤਰਜੀਹੀ ਤੌਰ 'ਤੇ ਸਾਬਕਾ ਬੈਂਕ ਅਧਿਕਾਰੀ ਅਤੇ ਪੇਂਡੂ/ਅਰਧ ਸ਼ਹਿਰੀ ਖੇਤਰ ਵਿੱਚ ਕੰਮ ਕੀਤਾ ਹੋਵੇ) ਕੋਲ ਕਾਫ਼ੀ ਕੰਮ ਦਾ ਤਜਰਬਾ, ਚੰਗਾ ਸੰਚਾਰ ਹੁਨਰ, ਕੰਪਿਊਟਰ ਗਿਆਨ ਅਤੇ ਕ੍ਰੈਡਿਟ ਕਾਊਂਸਲਿੰਗ, ਕਰਜ਼ਾ ਨਿਪਟਾਰਾ, ਗਾਹਕ ਅਧਿਕਾਰ, ਵਿੱਤੀ ਸਾਖਰਤਾ ਫੈਲਾਉਣ ਅਤੇ ਲੋਕਾਂ ਨੂੰ ਵਿੱਤੀ ਖੇਤਰ ਤੋਂ ਉਪਲਬਧ ਵੱਖ-ਵੱਖ ਵਿੱਤੀ ਉਤਪਾਦਾਂ ਅਤੇ ਸੇਵਾਵਾਂ ਬਾਰੇ ਸਿੱਖਿਅਤ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ। ਉਸਨੂੰ ਬੈਂਕਿੰਗ ਕਾਨੂੰਨ ਅਤੇ ਵਿੱਤ ਦਾ ਚੰਗਾ ਗਿਆਨ ਹੋਣਾ ਚਾਹੀਦਾ ਹੈ।
FLC ਸਲਾਹਕਾਰਾਂ ਦੇ ਵੇਰਵੇ ਬੈਂਕ ਦੀ ਕਾਰਪੋਰੇਟ ਵੈੱਬਸਾਈਟ www.pnbindia.in ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।
ਰੁਝੇਵਿਆਂ ਦੀ ਮਿਤੀ 'ਤੇ ਉਸਦੀ ਉਮਰ 62 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।
ਕਾਊਂਸਲਰ ਦੀ ਸ਼ੁਰੂਆਤੀ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ ਜੋ ਸਾਲਾਨਾ ਆਧਾਰ 'ਤੇ ਸਮੀਖਿਆ ਦੇ ਅਧੀਨ ਹੋਵੇਗੀ ਅਤੇ ਇੱਕ ਸਾਲ ਦਾ ਵਾਧਾ CMO ਤੋਂ ਚੰਗੀ ਸਿਹਤ ਦਾ ਮੈਡੀਕਲ ਸਰਟੀਫਿਕੇਟ ਪੇਸ਼ ਕਰਨ ਦੇ ਅਧੀਨ ਹੋਵੇਗਾ। ਇਹ ਵਾਧਾ 65 ਸਾਲ ਦੀ ਉਪਰਲੀ ਸੀਮਾ ਦੇ ਅਧੀਨ ਹੋਵੇਗਾ।
ਬਿਨੈ ਹਿੱਤ ਐਫਐਲਸੀ ਦਾ ਨਿਰਮਾਣ ਦਰਸਾਉਂਦੇ ਹੋਏ ਇਸ ਇਸ਼ਤਿਹਾਰ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ
**ਸਰਕਲ ਮੁਖੀ,**
**ਪੰਜਾਬ ਨੈਸ਼ਨਲ ਬੈਂਕ,**
**ਸਰਕਲ ਦਫ਼ਤਰ, ਅਬੋਹਰ ਰੋਡ,**
**ਸੇਤੀਆ ਮੋਟਰਜ਼ ਦੇ ਸਾਹਮਣੇ, ਫਾਜ਼ਿਲਕਾ - 152123**
**ਇਸ ਇਸ਼ਤਿਹਾਰ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ FLC ਲਈ ਅਰਜ਼ੀ ਦਿੱਤੀ ਗਈ ਹੈ।**
**ਸਹੀ/- ਸਰਕਲ ਮੁਖੀ**
**ਪੰਜਾਬ ਨੈਸ਼ਨਲ ਬੈਂਕ**
**ਸਰਕਲ ਦਫ਼ਤਰ, ਅਬੋਹਰ ਰੋਡ, ਫਾਜ਼ਿਲਕਾ**



## ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ
### ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ
### ਨੈਸ਼ਨਲ ਓਲੰਪੀਆਡ ਪ੍ਰੋਗਰਾਮ 2025-2026
**ਖਗੋਲ ਵਿਗਿਆਨ, ਜੀਵ ਵਿਗਿਆਨ, ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਜੂਨੀਅਰ ਸਾਇੰਸ ਵਿੱਚ**

ਪ੍ਰੋਗਰਾਮ ਵਿੱਚ ਹਿੱਸਾ ਲੈਣ ਦੇ ਚਾਹਵਾਨ ਸਾਰੇ ਵਿਦਿਆਰਥੀਆਂ ਨੂੰ 22 ਅਤੇ 23 ਨਵੰਬਰ, 2025 ਨੂੰ ਇੰਡੀਅਨ ਐਸੋਸੀਏਸ਼ਨ ਆਫ ਫਿਜ਼ਿਕਸ ਟੀਚਰਜ਼ (IAPT) ਦੁਆਰਾ ਆਯੋਜਿਤ ਅਨੁਸਾਰੀ ਰਾਸ਼ਟਰੀ ਮਿਆਰੀ ਪ੍ਰੀਖਿਆਵਾਂ (NSEs) (ਵਿਗਿਆਨ ਵਿਸ਼ਿਆਂ ਲਈ) ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।
NSE ਵਿੱਚ ਯੋਗਤਾ 2026 ਦੇ ਅਨੁਸਾਰੀ ਅੰਤਰਰਾਸ਼ਟਰੀ ਓਲੰਪੀਆਡਾਂ ਵਿੱਚ ਭਾਗ ਲੈਣ ਵੱਲ ਪਹਿਲਾ ਕਦਮ ਹੈ।
ਦਾਖਲਾ ਲੈਣ ਲਈ:
NSEs: https://www.iapt.org.in (21 ਅਗਸਤ – 14 ਸਤੰਬਰ, 2025)
ਵਧੇਰੇ ਜਾਣਕਾਰੀ ਲਈ: https://olympiads.hbcse.tifr.res.in
https://www.iapt.org.in
**cbc48143/12/0005/2526**


# ਐਸ.ਪੀ.ਐਨ. ਕਾਲਜ ਵਿਖੇ ਐਫ.ਡੀ.ਪੀ. ਪ੍ਰੋਗਰਾਮ ਹੋਇਆ ਸੰਪੰਨ- ਆਈ.ਪੀ.ਆਰ, ਐਨ.ਈ.ਪੀ ਅਤੇ ਵਿੱਦਿਅਕ ਟੂਰ ਖਿੱਚ ਦਾ ਕੇਂਦਰ ਰਹੇ




ਮੁਕੇਰੀਆਂ,9 ਅਗਸਤ ( ਧਰਮ ਚੰਦ) ਐਸ.ਪੀ.ਐਨ ਕਾਲਜ, ਮੁਕੇਰੀਆਂ ਵਿਖੇ 04 ਤੋਂ 09 ਅਗਸਤ ਤੱਕ ਏ.ਆਈ.ਸੀ.ਟੀ.ਈ ਦੇ ਸਹਿਯੋਗ ਨਾਲ ਇੰਸਟੀਚਿਊਟ ਇਨੋਵੇਸ਼ਨ ਕੌਂਸਲ (ਆਈ.ਆਈ.ਸੀ) ਸੈੱਲ ਦੁਆਰਾ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ (ਐਫ.ਡੀ.ਪੀ) ਅੱਜ ਸਮਾਪਤ ਹੋਇਆ। ਕੱਲ੍ਹ ਮਿਤੀ:08 ਅਗਸਤ ਨੂੰ, ਦਿਨ ਦੇ ਦੂਜੇ ਸੈਸ਼ਨ ਵਿੱਚ ਥਾਪਰ ਯੂਨੀਵਰਸਿਟੀ, ਪਟਿਆਲਾ ਦੇ ਡਾ. ਅਨਿਲ ਕੁਮਾਰ ਵਰਮਾ ਨੇ ਬੌਧਿਕ ਸੰਪਤੀ ਅਧਿਕਾਰਾਂ (ਆਈ.ਪੀ.ਆਰ) ਵਿਸ਼ੇ 'ਤੇ ਲੈਕਚਰ ਦਿੰਦੇ ਹੋਏ, ਖੋਜ ਅਤੇ ਨਵੀਨਤਾ ਵਿੱਚ ਪੇਟੈਂਟ ਦੀ ਮਹੱਤਤਾ ਨੂੰ ਉਜਾਗਰ ਕੀਤਾ। ਇਸ ਤੋਂ ਇਲਾਵਾ, ਪੰਜਵੇਂ ਦਿਨ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵਿਖੇ ਐਫ.ਡੀ.ਪੀ ਭਾਗੀਦਾਰਾਂ ਦਾ ਇੱਕ ਵਿਦਿਅਕ ਟੂਰ ਆਯੋਜਿਤ ਕੀਤਾ ਗਿਆ, ਜਿੱਥੇ ਵੱਖ-ਵੱਖ ਵਿਗਿਆਨ ਅਤੇ ਤਕਨਾਲੋਜੀ ਪ੍ਰਦਰਸ਼ਨੀਆਂ ਵੇਖੀਆਂ ਗਈਆਂ। 09 ਅਗਸਤ ਨੂੰ, ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਡਾ. ਚੰਦਰ ਪ੍ਰਕਾਸ਼ ਨੇ ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ) @ਤੇ ਇੱਕ ਸੈਸ਼ਨ ਲਿਆ, ਜਿਸ ਵਿੱਚ ਸਿੱਖਿਆ ਵਿੱਚ ਲਚਕਤਾ, ਬਹੁ-ਅਨੁਸ਼ਾਸਨੀ ਅਤੇ ਹੁਨਰ-ਅਧਾਰਤ ਪਹੁੰਚ @ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਜੀ ਨੇ ਕੀਤੀ। ਉਨ੍ਹਾਂ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਐਫ.ਡੀ.ਪੀ ਪ੍ਰੋਗਰਾਮ ਦੌਰਾਨ ਸਾਂਝੇ ਕੀਤੇ ਗਏ ਵਿਚਾਰ ਅਧਿਆਪਕਾਂ ਦੀ ਵਿੱਦਿਅਕ ਉੱਨਤੀ ਲਈ ਲਾਭਦਾਇਕ ਸਿੱਧ ਹੋਣਗੇ। ਇਸ ਦੌਰਾਨ ਭਾਗੀਦਾਰਾਂ ਨੇ ਆਪਣੇ ਅਨੁਭਵ ਵੀ ਸਾਂਝੇ ਕੀਤੇ। ਸਟੇਜ ਸੰਚਾਲਨ ਦਾ ਕਾਰਜ ਡਾ. ਗੁਰਪ੍ਰੀਤ ਕੌਰ ਜੀ ਵੱਲੋਂ ਨਿਭਾਇਆ ਗਿਆ। ਇਸ ਮੌਕੇ ਐਫ.ਡੀ.ਪੀ ਕਨਵੀਨਰ ਡਾ. ਦੀਪਿਕਾ ਸ਼ਰਮਾ ਜੀ ਨੇ ਸਮੁੱਚੇ ਐਫ.ਡੀ.ਪੀ ਪ੍ਰੋਗਰਾਮ ਦੀ ਰਿਪੋਰਟ ਪੇਸ਼ ਕੀਤੀ, ਜਦਕਿ ਸਹਿ-ਕਨਵੀਨਰ ਪ੍ਰੋ. ਦਲਵਿੰਦਰ ਕੁਮਾਰ ਜੀ ਨੇ ਏ.ਆਈ.ਸੀ.ਟੀ.ਈ ਦਾ ਪੂਰਨ ਸਹਿਯੋਗ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਇਸਦੇ ਨਾਲ ਹੀ ਉਨ੍ਹਾਂ ਵੱਖ-ਵੱਖ ਕਾਲਜਾਂ ਦੇ ਭਾਗੀਦਾਰਾਂ ਦਾ ਉਨ੍ਹਾਂ ਦੀ ਮਾਣਮੱਤੀ ਮੌਜੂਦਗੀ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਤੋਂ ਇਲਾਵਾ ਮੁੱਖ ਬੁਲਾਰੇ ਅਤੇ ਕਾਲਜ ਪ੍ਰਬੰਧਨ ਕਮੇਟੀ ਦੇ ਨਾਲ-ਨਾਲ ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਜੀ ਦਾ ਵੀ ਵਿਸ਼ੇਸ਼ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ ।


# ਬਿਜਲੀ ਮੁਲਾਜ਼ਮ ਸੰਘਰਸ਼ ਕਰਨ ਲਈ ਮਜਬੂਰ, ਤਿੰਨ ਦਿਨ ਦੀ ਸਮੂਹਿਕ ਛੁੱਟੀ 'ਤੇ ਜਾਣਗੇ ਕਾਮੇ : ਸੇਖੋਂ

ਚੌਂਕ ਮਹਿਤਾ,9(ਬਲਜਿੰਦਰ ਸਿੰਘ ਰੰਧਾਵਾ) ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਦੀ ਹੰਗਾਮੀ ਮੀਟਿੰਗ ਮਹਿਤਾ ਚੌਂਕ ਵਿਖੇ ਹੋਈ ਜਿਸ ਵਿੱਚ ਤੇਜਿੰਦਰ ਸਿੰਘ ਸੇਖੋਂ ਸੀਨੀਅਰ ਮੀਤ ਪ੍ਰਧਾਨ ਕਰਮਚਾਰੀ ਦਲ ਪੰਜਾਬ ਨੇ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੇਖੋਂ ਨੇ ਪਾਵਰਕਾਮ ਦੀ ਮੈਨੇਜਮੈਂਟ ਤੇ ਵਾਅਦਾ ਖਿਲਾਫੀ ਕਰਨ ਦਾ ਦੋਸ਼ ਲਗਾਉਂਦਿਆਂ ਆਖਿਆ ਕਿ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਵੱਲੋ ਮੰਨੀਆਂ ਹੋਇਆ ਮੰਗਾਂ ਨੂੰ ਜਾਣ ਬੁੱਝ ਕੇ ਲਾਗੂ ਨਹੀਂ ਕੀਤਾ ਜਾ ਰਿਹਾ ਉਹਨਾਂ ਦੱਸਿਆ ਕਿ ਪਾਵਰਕਾਮ ਦੀ ਮੈਨੇਜਮੈਂਟ ਅਤੇ ਪਾਵਰ ਮੰਤਰੀ ਨਾਲ ਹੋਇਆ ਮੀਟਿੰਗਾਂ ਬੇਸਿਟਾ ਰਹੀਆਂ ਮਿਤੀ 2/6/25 ਨੂੰ ਚੰਡੀਗੜ੍ਹ ਵਿਖੇ ਜੋ ਮੀਟਿੰਗ ਹੋਈ ਸੀ ਉਸ ਵਿੱਚ ਕਾਫੀ ਵਿਚਾਰ ਚਰਚਾ ਤੋ ਬਾਅਦ ਕਈ ਮੰਗਾਂ ਤੇ ਸਹਿਮਤੀ ਹੋਈ ਸੀ ਜਿਨ੍ਹਾਂ ਨੂੰ ਲਾਗੂ ਕਰਨ ਲਈ ਮੈਨਜਮੈਂਟ ਤੇ ਬਿਜਲੀ ਮੰਤਰੀ ਨੇ ਦੱਸ ਦਿਨ ਦਾ ਸਮਾ ਲਿਆ ਸੀ ਪ੍ਰੂ ਦੋ ਮਹੀਨੇ ਤੋ ਵੱਧ ਸਮਾਂ



ਬੀਤ ਜਾਣ ਦੇ ਬਾਅਦ ਵੀ ਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆਂ ਗਈਆ ਮੈਨੇਜਮੈਂਟ ਵੱਲੋਂ ਹਰ ਕੈਟਾਗਿਰੀ ਨੂੰ ਕਈ ਭਾਗਾਂ ਵਿੱਚ ਵੰਡਿਆਂ ਗਿਆ ਹੈ ਜੇਵੇ ਕੀ ਸਾਲ 2020 ਤੋ ਬਾਅਦ ਭਰਤੀ ਹੋਏ ALM ਜਾ RTM ਡੋਂ ਬਣੇ ALM ਕਿਸੇ ਵੀ ਸਾਥੀ ਨੂੰ 35400 ਦਾ ਸਕੇਲ ਨਾ ਦੇ ਕੇ ਸਾਥੀਆਂ ਨੂੰ ਵਾਝਿਆ ਰੱਖਿਆ ਗਿਆ ਹੈ ਜੋ ਸਾਥੀਆ ਨਾਲ ਬਹੁਤ ਵੱਡਾ ਧੱਕਾ ਹੈ ਜੋ ਸਾਥੀ Lm ਭਰਤੀ ਹੋਏ ਸਨ ਉਹਨਾਂ ਦਾ 3 ਸਾਲ ਦਾ ਸਮਾਂ ਰੈਗੂਲਰ ਨਹੀ ਜਾ ਰਿਹਾ ਕੁੱਝ ਕੈਟਾਗਿਰੀਆ ਤੇ ਕੇਦਰ ਦਾ 7 ਪੇ ਸਕੇਲ ਧੱਕੇ ਨਾਲ ਲਗਾ ਦਿੱਤਾ ਹੈ ਇਸ ਤਰ੍ਹਾਂ ਹਰ ਕੈਟਾਗਿਰੀ ਨੂੰ ਟੱਚ ਕਰਦੀਆਂ ਮੰਗਾਂ ਅੰਜੜੇ ਵਿੱਚ ਸਾਮਲ ਨੇ ਇਹ ਮੰਗਾਂ ਲਾਗੂ ਕਰਵਾਉਣ ਲਈ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ,ਗਰਿਡ ਸਬ ਸਟੇਸ਼ਨ 24 ਅਤੇ ਕੌਂਸਲ ਆਫ ਜੂਨੀਅਰ ਇੰਜੀਨੀਅਰ ਦੇ ਸਾਂਝੇ ਸੰਘਰਸ਼ ਅਨੁਸਾਰ ਸਮੁੱਚੇ ਬਿਜਲੀ ਕਾਮੇ ਮਿਤੀ 11,12,13 ਅਗਸਤ ਤੋਂ ਤਿੰਨ ਦਿਨ ਦੀ ਸਮੂਹਿਕ ਛੁੱਟੀ ਤੇ ਜਾਣਗੇ ਜਿਸ ਦੀ ਸਾਰੀ ਜਿੰਮੇਵਾਰੀ ਪਾਵਰਕਾਮ ਮੈਨਜਮੈਂਟ ਦੀ ਹੋਵੇਗੀ

ਇਸ ਸਮੇ ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀ ਮਲਕੀਤ ਸਿੰਘ ਸੇਖਵਾਂ ਪ੍ਰਧਾਨ ਮਹਿਤਾ ਚੌਂਕ, ਸ੍ਰੀ ਸਿਮਰਨਜੀਤ ਸਿੰਘ ਮਾਨ ਸਕੱਤਰ ਮਹਿਤਾ ਚੌਂਕ, ਬਾਬਾ ਅਮਰਜੀਤ ਸਿੰਘ ਅਨਮੋਲ, ਸ੍ਰੀ ਜੀਵਨਜੋਤ ਸਿੰਘ ਕਾਲੇਕੇ ਕੈਸੀਅਰ ,ਸ੍ਰੀ ਗੁਰਮੀਤ ਸਿੰਘ ਭੋਏਵਾਲ, ਸ੍ਰੀ ਬਚਿੱਤਰ ਸਿੰਘ ਉਦੋਕੇ ਸੀਨੀਅਰ ਮੀਤ ਪ੍ਰਧਾਨ, ਸ੍ਰੀ ਤਰਸੇਮ ਸਿੰਘ ਮਹਿਸਮਪੁਰ ਸੀਨੀਅਰ ਮੀਤ ਪ੍ਰਧਾਨ ਕਰਮਚਾਰੀ ਦਲ ਮਹਿਤਾ ਚੌਂਕ, ਸ੍ਰੀ ਸੁਖਬੀਰ ਸਿੰਘ ਮੀਤ ਪ੍ਰਧਾਨ ਪੀ ਤੇ ਐਮ,ਸ੍ਰੀ ਪ੍ਰਗਟ ਸਿੰਘ ਅਰਜਨਮਾਗਾ, ਸ੍ਰੀ ਜਸਵਿੰਦਰ ਸਿੰਘ ਫੌਜੀ, ਸ੍ਰੀ ਯਾਦਵਿੰਦਰ ਸਿੰਘ ਧਰਦਿਓ, ਸ੍ਰੀ ਸੰਤਸੰਗਤ ਸਿੰਘ ਫੋਜੀ ਸ੍ਰੀ ਅਵਤਾਰ ਸਿੰਘ ਮਹਿਤਾ ਸ੍ਰੀ ਬਲਜਿੰਦਰ ਸਿੰਘ ਜੇਈ, ਸ੍ਰੀ ਬਲਕਾਰ ਸਿੰਘ ਵੇਰਕਾ ਸੀਨੀਅਰ ਮੀਤ ਪ੍ਰਧਾਨ ਕਰਮਚਾਰੀ ਦਲ ਮਹਿਤਾ ਚੌਂਕ, ਸ੍ਰੀ ਕੁਲਬੀਰ ਸਿੰਘ ਜੱਬੋਵਾਲ ਸਮੇਤ ਵੱਡੀ ਵੱਡੀ ਗਿਣਤੀ ਵਿੱਚ ਕਰਮਚਾਰੀ ਦਲ ਦੇ ਵਰਕਰ ਸਾਮਲ ਹੋਏ।


ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਪੰਜਾਬ ਸਟੇਟ ਡੀਅਰ 50 ਜੇਕਲ ਸ਼ਨੀਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ
ਡਰਾਅ ਮਿਤੀ : 09.08.2025
ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ
D 34872
ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
11744 20912 31788 49018 56498 70117 81769 94192 97700 98469
ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖਰੀ 4 ਅੰਕਾਂ 'ਤੇ)
1585 3719 4722 9059 9605
ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖਰੀ 4 ਅੰਕਾਂ 'ਤੇ)

# ਅਮਰੀਕਾ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫ਼ਤਾਰੀ ਲਈ ਇਨਾਮ ਦੀ ਰਾਸ਼ੀ ਦੁੱਗਣੀ ਕੀਤੀ

ਵਾਸ਼ਿੰਗਟਨ, 9 ਅਗਸਤ (ਚ.ਨ.ਸ.): ਅਮਰੀਕਾ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫ਼ਤਾਰੀ ਲਈ ਇਨਾਮ ਦੀ ਰਾਸ਼ੀ ਦੁੱਗਣੀ ਕਰਕੇ 5 ਕਰੋੜ ਡਾਲਰ (50 ਮਿਲੀਅਨ ਡਾਲਰ) ਕਰ ਦਿੱਤੀ ਹੈ। ਅਮਰੀਕੀ ਅਟਾਰਨੀ ਜਨਰਲ ਪੈਮ ਬੋਂਡੀ ਨੇ ਇਹ ਜਾਣਕਾਰੀ ਦਿੱਤੀ ਹੈ। ਬੋਂਡੀ ਨੇ ਕਿਹਾ ਕਿ ਅਮਰੀਕਾ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫ਼ਤਾਰੀ ਵਿੱਚ ਮਦਦਗਾਰ ਜਾਣਕਾਰੀ ਦੇਣ 'ਤੇ 50 ਮਿਲੀਅਨ ਡਾਲਰ ਦੇ ਇਨਾਮ ਦਾ ਐਲਾਨ ਕਰ ਰਿਹਾ ਹੈ। ਅਮਰੀਕੀ ਅਟਾਰਨੀ ਜਨਰਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਵੀਡੀਓ ਪੋਸਟ ਕੀਤਾ ਹੈ, ਜਿਸ ਵਿੱਚ ਮਾਦੁਰੋ 'ਤੇ ਟਰੇਨ ਡੀ ਅਰਾਗੁਆ ਤੇ ਸਿਨਾਲੋਆ ਕਾਰਟੇਲ ਵਰਗੇ ਅਪਰਾਧਿਕ ਸਮੂਹਾਂ ਨਾਲ ਸਹਿਯੋਗ ਕਰਨ ਦਾ ਦੋਸ਼ ਲਗਾਇਆ ਹੈ, ਜੋ ਕਿ ਦੁਨੀਆਂ ਦੇ ਸਭ ਤੋਂ ਵੱਡੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿੱਚੋਂ ਇੱਕ ਹਨ। ਇਨਾਮ ਦਾ ਐਲਾਨ ਕਰਦੇ ਹੋਏ ਬੋਂਡੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਰਾਸ਼ਟਰਪਤੀ ਟਰੰਪ ਦੀ ਅਗਵਾਈ ਹੇਠ ਮਾਦੁਰੋ ਨਿਆਂ ਤੋਂ ਨਹੀਂ ਬਚ ਸਕੇਗਾ ਤੇ ਉਸ ਨੂੰ ਆਪਣੇ ਘਿਨਾਉਣੇ ਅਪਰਾਧਾਂ ਲਈ ਜਵਾਬਦੇਹ ਠਹਿਰਾਇਆ ਜਾਵੇਗਾ। 2020 ਵਿੱਚ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਮਾਦੁਰੋ ਨੂੰ ਮੈਨਹਟਨ ਸੰਘੀ ਅਦਾਲਤ ਵਿੱਚ ਉਸ ਦੇ ਕਈ ਨਜ਼ਦੀਕੀ ਸਾਥੀਆਂ ਦੇ ਨਾਲ ਨਸ਼ੀਲੇ ਪਦਾਰਥਾਂ ਦੇ ਅੱਤਵਾਦ ਤੇ ਕੋਕੀਨ ਆਯਾਤ ਕਰਨ ਦੀ ਸਾਜ਼ਿਸ਼ ਦੇ ਸੰਘੀ ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ ਗਿਆ। ਬੋਂਡੀ ਨੇ ਕਿਹਾ ਕਿ ਨਿਆਂ ਵਿਭਾਗ ਨੇ ਮਾਦੁਰੋ ਨਾਲ ਜੁੜੀਆਂ 700 ਮਿਲੀਅਨ ਡਾਲਰ ਤੋਂ ਵੱਧ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਹਨ, ਜਿਸ ਵਿੱਚ ਦੋ ਨਿੱਜੀ ਜੈੱਟ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜ਼ਬਤ ਕੀਤੀ ਗਈ 7 ਮਿਲੀਅਨ ਟਨ ਕੋਕੀਨ ਸਿੱਧੀ ਤੌਰ 'ਤੇ ਖ਼ੁਦ ਮਾਦੁਰੋ ਨਾਲ ਜੁੜੀ ਸੀ। ਮਾਦੁਰੋ ਦੇ ਦਫ਼ਤਰ ਨੇ ਅਜੇ ਤੱਕ ਘਟਨਾਕ੍ਰਮ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਉਸ ਸਮੇਂ ਮਾਦੁਰੋ ਦੀ ਗ੍ਰਿਫ਼ਤਾਰੀ ਲਈ 1.5 ਕਰੋੜ ਡਾਲਰ ਦਾ ਇਨਾਮ ਰੱਖਿਆ ਗਿਆ ਸੀ, ਜਿਸ ਨੂੰ ਬਾਅਦ ਵਿੱਚ ਬਾਇਡੇਨ ਪ੍ਰਸ਼ਾਸਨ ਨੇ ਵਧਾ ਕੇ 2.5 ਕਰੋੜ ਡਾਲਰ ਕਰ ਦਿੱਤਾ। ਅਮਰੀਕਾ ਨੇ 11 ਸਤੰਬਰ, 2001 ਦੇ ਹਮਲਿਆਂ ਤੋਂ ਬਾਅਦ ਅੱਤਵਾਦੀ ਸੰਗਠਨ ਅਲ-ਕਾਇਦਾ ਦੇ ਨੇਤਾ ਓਸਾਮਾ ਬਿਨ ਲਾਦੇਨ ਨੂੰ ਫੜਨ ਲਈ ਵੀ ਇਹੀ ਰਕਮ ਰੱਖੀ ਸੀ। ਅਮਰੀਕਾ ਦੇ ਵੱਡੇ ਇਨਾਮ ਦੇ ਐਲਾਨ ਦੇ ਬਾਵਜੂਦ ਤੇ ਅਮਰੀਕਾ, ਯੂਰਪੀਅਨ ਦੇ ਯੂਨੀਅਨ ਤੇ ਕਈ ਲਾਤੀਨੀ ਅਮਰੀਕੀ ਸਰਕਾਰਾਂ ਦੇ ਵਿਰੋਧ ਦੇ ਬਾਵਜੂਦ ਮਾਦੁਰੋ ਨੇ ਵੈਨੇਜ਼ੁਏਲਾ ਵਿੱਚ ਆਪਣੀ ਮਜ਼ਬੂਤ ਸਥਿਤੀ ਬਣਾਈ ਰੱਖੀ ਹੈ। ਮਾਦੁਰੋ ਦੇ ਵਿਰੋਧੀਆਂ ਨੇ ਉਸ 'ਤੇ ਗ਼ਲਤ ਤਰੀਕਿਆਂ ਨਾਲ ਸੱਤਾ 'ਤੇ ਕਬਜ਼ਾ ਕਰਨ ਦਾ ਦੋਸ਼ ਲਗਾਇਆ ਹੈ ਤੇ 2024 ਵਿੱਚ ਉਸ ਦੀ ਮੁੜ ਚੋਣ ਨੂੰ ਇੱਕ ਧੋਖਾ ਕਿਹਾ ਹੈ। ਅਮਰੀਕਾ, ਯੂਰਪੀਅਨ ਯੂਨੀਅਨ ਤੇ ਕਈ ਲਾਤੀਨੀ ਅਮਰੀਕੀ ਦੇਸ਼ਾਂ ਨੇ ਚੋਣਾਂ ਵਿੱਚ ਮਾਦੁਰੋ ਦੇ ਵਿਰੋਧੀ ਨੂੰ ਵੈਨੇਜ਼ੁਏਲਾ ਦੇ ਚੁਣੇ ਹੋਏ ਰਾਸ਼ਟਰਪਤੀ ਵਜੋਂ ਮਾਨਤਾ ਦਿੱਤੀ ਹੈ।

# ਇਜ਼ਰਾਈਲ ਨੇ ਗਾਜ਼ਾ ਸ਼ਹਿਰ 'ਤੇ ਕਬਜ਼ੇ ਦੀ ਯੋਜਨਾ ਨੂੰ ਦਿੱਤੀ ਮਨਜ਼ੂਰੀ, ਤਣਾਅ ਵਧਣ ਦੇ ਆਸਾਰ

ਤੇਲ ਅਵੀਵ, 9 ਅਗਸਤ (ਚ.ਨ.ਸ.): ਸ਼ੁੱਕਰਵਾਰ ਸਵੇਰੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ 'ਹਮਾਸ ਨੂੰ ਹਰਾਉਣ' ਤੇ 'ਯੁੱਧ ਸਮਾਪਤ ਕਰਨ' ਲਈ ਪੰਜ-ਨੁਕਾਤੀ ਯੋਜਨਾ ਦਾ ਵੇਰਵਾ ਦਿੱਤਾ ਗਿਆ। ਇਸਨੂੰ ਬਹੁਮਤ ਵੋਟ ਨਾਲ ਮਨਜ਼ੂਰੀ ਦਿੱਤੀ ਗਈ। ਨੇਤਨਯਾਹੂ ਨੇ ਪਹਿਲਾਂ ਕਿਹਾ ਸੀ ਕਿ ਇਜ਼ਰਾਈਲ ਦਾ ਇਰਾਦਾ ਪੂਰੀ ਗਾਜ਼ਾ ਪੱਟੀ 'ਤੇ ਕਬਜ਼ਾ ਕਰਨ ਦਾ ਹੈ, ਪਰ ਯੋਜਨਾ ਵਿੱਚ ਸਿਰਫ਼ ਗਾਜ਼ਾ ਸ਼ਹਿਰ ਦਾ ਜ਼ਿਕਰ ਹੈ। ਸੰਯੁਕਤ ਰਾਸ਼ਟਰ ਨੇ ਚੇਤਾਵਨੀ ਦਿੱਤੀ ਹੈ ਕਿ ਇੱਕ ਪੂਰਾ ਫੌਜੀ ਕਬਜ਼ਾ ਫਲਸਤੀਨੀ ਨਾਗਰਿਕਾਂ ਤੇ ਗਾਜ਼ਾ ਵਿੱਚ ਰੱਖੇ ਗਏ ਇਜ਼ਰਾਈਲੀ ਬੰਧਕਾਂ ਲਈ 'ਵਿਨਾਸ਼ਕਾਰੀ ਨਤੀਜੇ' ਦਾ ਜੋਖਮ ਲਵੇਗਾ। ਇਜ਼ਰਾਈਲ ਵਿੱਚ ਯੂਕੇ ਦੇ ਰਾਜਦੂਤ ਨੇ ਕਿਹਾ ਹੈ ਕਿ ਇਹ 'ਇੱਕ ਵੱਡੀ ਗਲਤੀ' ਹੋਵੇਗੀ। ਯੋਜਨਾ ਵਿੱਚ ਪੰਜ ਉਦੇਸ਼ਾਂ ਦੀ ਸੂਚੀ ਹੈ: ਹਮਾਸ ਨੂੰ ਨਿਹੱਥੇ ਕਰਨਾ, ਸਾਰੇ ਬੰਧਕਾਂ ਨੂੰ ਵਾਪਸ ਕਰਨਾ, ਗਾਜ਼ਾ ਪੱਟੀ ਨੂੰ ਗੈਰ-ਫੌਜੀ ਬਣਾਉਣਾ, ਖੇਤਰ ਦਾ ਸੁਰੱਖਿਆ ਕੰਟਰੋਲ ਲੈਣਾ ਤੇ ਇੱਕ ਵਿਕਲਪਿਕ ਸਿਵਲ ਪ੍ਰਸ਼ਾਸਨ ਸਥਾਪਤ ਕਰਨਾ ਜੋ ਨਾ ਤਾਂ ਹਮਾਸ ਹੋਵੇ ਤੇ ਨਾ ਹੀ ਫਲਸਤੀਨੀ ਅਥਾਰਟੀ। ਇਜ਼ਰਾਈਲ ਦੀ ਫੌਜ ਨੇ ਕਿਹਾ ਕਿ ਆਈਡੀਐਫ ਇਜ਼ਰਾਈਲ ਰੱਖਿਆ ਬਲ ਲੜਾਈ ਵਾਲੇ ਖੇਤਰਾਂ ਤੋਂ ਬਾਹਰ ਨਾਗਰਿਕ ਆਬਾਦੀ ਨੂੰ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਦੇ ਹੋਏ ਗਾਜ਼ਾ ਸ਼ਹਿਰ ਦਾ ਕੰਟਰੋਲ ਲੈਣ ਦੀ ਤਿਆਰੀ ਕਰੇਗਾ। ਇਸ ਵਾਧੇ ਦਾ ਇਜ਼ਰਾਈਲ ਵਿੱਚ ਵਿਰੋਧ ਹੋ ਰਿਹਾ ਹੈ, ਜਿਸ ਵਿੱਚ ਬਾਕੀ ਬਚੇ ਬੰਧਕਾਂ ਦੇ ਪਰਿਵਾਰ ਵੀ ਸ਼ਾਮਲ ਹਨ ਜੋ ਕਹਿੰਦੇ ਹਨ ਕਿ ਬਚੇ ਹੋਏ 20 ਲੋਕਾਂ ਦੀਆਂ ਜਾਨਾਂ ਖ਼ਤਰੇ ਵਿੱਚ ਪੈ ਜਾਣਗੀਆਂ। ਇਹ ਉਨ੍ਹਾਂ ਇਲਾਕਿਆਂ ਵਿੱਚ ਲੱਖਾਂ ਹੋਰ ਫਲਸਤੀਨੀਆਂ ਨੂੰ ਉਖਾੜ ਸੁੱਟਣ ਤੇ ਭਾਰੀ ਖ਼ਤਰੇ ਵਿੱਚ ਪਾਉਣ ਦੀ ਸੰਭਾਵਨਾ ਵੀ ਰੱਖਦਾ ਹੈ ਜਿੱਥੇ ਫੌਜੀ ਕਾਰਵਾਈ ਫੈਲ ਜਾਵੇਗੀ। ਇਜ਼ਰਾਈਲ ਦੀ ਸੁਰੱਖਿਆ ਕੈਬਨਿਟ ਪੂਰੀ ਕੈਬਨਿਟ ਨਾਲੋਂ ਛੋਟੀ ਹੈ ਤੇ ਇਸ ਵਿੱਚ ਇਜ਼ਰਾਈਲ ਦੀਆਂ ਵਿਦੇਸ਼ ਤੇ ਰੱਖਿਆ ਨੀਤੀਆਂ ਬਣਾਉਣ ਤੇ ਲਾਗੂ ਕਰਨ ਦਾ ਕੰਮ ਸੌਂਪੇ ਗਏ ਮੁੱਖ ਮੰਤਰੀ ਸ਼ਾਮਲ ਹਨ।

# ਚੈਟ-ਜੀਪੀਟੀ ਬੱਚਿਆਂ ਨੂੰ ਖ਼ੁਦਕੁਸ਼ੀ ਨੋਟ ਲਿਖਣਾ ਸਿਖਾ ਰਿਹੈ

ਨਵੀਂ ਦਿੱਲੀ, 9 ਅਗਸਤ (ਚ.ਨ.ਸ.): ਓਪਨ ਏ ਆਈ. ਦਾ ਚੈਟ-ਜੀਪੀਟੀ 13 ਸਾਲ ਦੇ ਬੱਚਿਆਂ ਨੂੰ ਖ਼ੁਦਕੁਸ਼ੀ ਨੋਟ ਲਿਖਣ ਵਿੱਚ ਮਦਦ ਕਰ ਰਿਹਾ ਹੈ। ਇੱਕ ਨਵੇਂ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਚੈਟ-ਜੀਪੀਟੀ ਬੱਚਿਆਂ ਨੂੰ ਨਸ਼ਾ ਕਰਨ ਦੇ ਤਰੀਕੇ ਵੀ ਦੱਸ ਰਿਹਾ ਹੈ। ਸੈਂਟਰ ਫਾਰ ਕਾਊਂਟਰਿੰਗ ਡਿਜੀਟਲ ਹੇਟ (ਸੀਸੀਡੀਐਚ) ਦੀ ਖੋਜ ਵਿੱਚ ਇਹ ਖੁਲਾਸਾ ਹੋਇਆ ਹੈ। ਇਸ ਵਿੱਚ ਖੋਜਕਰਤਾਵਾਂ ਨੇ ਇੱਕ 13 ਸਾਲ ਦੀ ਕੁੜੀ ਦਾ ਇੱਕ ਜਾਅਲੀ ਪ੍ਰੋਫਾਈਲ ਬਣਾਇਆ ਤੇ ਚੈਟ-ਜੀਪੀਟੀ ਨੂੰ ਵੱਖ-ਵੱਖ ਤਰ੍ਹਾਂ ਦੇ ਸਵਾਲ ਪੁੱਛੇ। ਫਿਰ 3 ਘੰਟਿਆਂ ਤੋਂ ਵੱਧ ਸਮੇਂ ਦੀ ਗੱਲਬਾਤ ਦੀ ਸਮੀਖਿਆ ਕੀਤੀ। ਖੋਜ ਵਿੱਚ ਪਾਇਆ ਗਿਆ ਕਿ ਏ ਆਈ. ਟੂਲ ਕਈ ਤਰੀਕਿਆਂ ਨਾਲ ਨਾਬਾਲਗਾਂ ਦੀ ਮਾਨਸਿਕ ਸਿਹਤ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ। ਜੀ.ਪੀ. ਮੋਰਗਨ ਚੇਜ਼ ਦੀ ਇੱਕ ਰਿਪੋਰਟ ਅਨੁਸਾਰ ਲਗਭਗ 800 ਮਿਲੀਅਨ ਲੋਕ (80 ਕਰੋੜ), ਭਾਵ ਦੁਨੀਆਂ ਦੀ ਅਬਾਦੀ ਦਾ ਲਗਭਗ 10 ਫ਼ੀ, ਚੈਟ-ਜੀਪੀਟੀ ਦੀ ਵਰਤੋਂ ਕਰ ਰਿਹੇ ਹਨ।




ਉਮਰ ਦੀ ਤਸਦੀਕ ਦੇ ਮਾਮਲੇ ਵਿੱਚ ਉਪਭੋਗਤਾ ਨੂੰ ਸਿਰਫ਼ ਆਪਣੀ ਜਨਮ ਮਿਤੀ ਦਰਜ ਕਰਕੇ ਇਸਦੀ ਵਰਤੋਂ ਕਰ ਸਕਦਾ ਹੈ। ਖੁਦਕੁਸ਼ੀ ਨੋਟਸ ਚੈਟ-ਜੀਪੀਟੀ ਦੁਆਰਾ ਲਿਖੇ ਗਏ ਸਨ। ਖੋਜਕਰਤਾ ਵੀ ਉਨ੍ਹਾਂ ਨੂੰ ਪੜ੍ਹ ਕੇ ਰੋਣ ਲੱਗ ਪਿਆ। ਖੋਜਕਰਤਾ ਨੇ ਦੱਸਿਆ ਕਿ ਉਹ ਸਭ ਤੋਂ ਵੱਧ ਹੈਰਾਨ ਹੋਇਆ ਜਦੋਂ ਉਸ ਨੇ ਚੈਟ-ਜੀਪੀਟੀ ਦੁਆਰਾ ਬਣਾਏ ਗਏ ਤਿੰਨ ਖ਼ੁਦਕੁਸ਼ੀ ਨੋਟ ਪੜ੍ਹੇ। ਇੱਕ ਮਾਪਿਆਂ ਲਈ, ਦੂਜਾ ਭੈਣ-ਭਰਾਵਾਂ ਲਈ ਤੇ ਤੀਜਾ ਦੋਸਤਾਂ ਲਈ। ਇਹ ਨੋਟ ਇੱਕ 13 ਸਾਲ ਦੀ ਕੁੜੀ ਦਾ ਜਾਅਲੀ ਪ੍ਰੋਫਾਈਲ ਬਣਾ ਕੇ ਲਿਖੇ ਗਏ ਸਨ। ਖੋਜਕਰਤਾ ਨੇ ਕਿਹਾ ਕਿ ਇਹ ਨੋਟ ਇੰਨੇ ਭਾਵੁਕ ਸਨ ਕਿ ਉਹ ਵੀ ਰੋਣ ਲੱਗ ਪਿਆ। ਚੈਟ-ਜੀਪੀਟੀ ਨੂੰ 13 ਸਾਲ ਦੀ ਕੁੜੀ ਦੇ ਰੂਪ ਵਿੱਚ ਪੇਸ਼ ਕਰਕੇ ਇਹ ਵੀ ਪੁੱਛਿਆ ਗਿਆ ਕਿ ਉਹ ਆਪਣੀ ਸਰੀਰਕ ਦਿੱਖ ਤੋਂ ਨਾਖ਼ੁਸ਼ ਹੈ ਤੇ ਉਸ ਨੂੰ ਭਾਰ ਘਟਾਉਣ ਲਈ ਇੱਕ ਖੁਰਾਕ ਯੋਜਨਾ ਦੀ ਲੋੜ ਹੈ। ਇਸ ਤੋਂ ਬਾਅਦ, ਚੈਟ-ਜੀਪੀਟੀ ਨੇ ਤੁਰੰਤ ਇੱਕ ਯੋਜਨਾ ਦਿੱਤੀ ਜਿਸ ਵਿੱਚ 500 ਕੈਲੋਰੀ ਖ਼ੁਰਾਕ ਤੇ ਭੁੱਖ ਮਿਟਾਉਣ ਵਾਲੀਆਂ ਦਵਾਈਆਂ ਦੀ ਸੂਚੀ ਸ਼ਾਮਲ ਸੀ। ਖੋਜਕਰਤਾ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਕੋਈ ਵੀ ਇਨਸਾਨ ਬੱਚਿਆਂ ਨੂੰ 500 ਕੈਲੋਰੀ ਵਾਲਾ ਖ਼ੁਰਾਕ ਪਲਾਨ ਨਹੀਂ ਦੇਵੇਗਾ। ਚੈਟ-ਜੀਪੀਟੀ ਤੋਂ ਪੁੱਛਣ ਦੇ ਕੇ ਜਲਦੀ ਸ਼ਰਾਬੀ ਹੋਣ ਲਈ ਸੁਝਾਅ ਵੀ ਮੰਗੇ ਗਏ। ਚੈਟ-ਜੀਪੀਟੀ ਨੇ ਤੁਰੰਤ ਪਾਰਟੀ ਪਲਾਨ ਦਿੱਤਾ। ਚੈਟ-ਜੀਪੀਟੀ ਤੋਂ ਲਗਭਗ 1200 ਸਵਾਲ ਪੁੱਛੇ ਗਏ। ਚੈਟਬੋਟ ਨੇ ਕਈ ਵਾਰ ਐਮਰਜੈਂਸੀ ਹੈਲਪਲਾਈਨ ਨੰਬਰਾਂ ਵਰਗੀ ਉਪਯੋਗੀ ਜਾਣਕਾਰੀ ਵੀ ਦਿੱਤੀ, ਪਰ ਇਹ ਖ਼ਤਰਨਾਕ ਸਲਾਹ ਦੇਣ ਤੋਂ ਨਹੀਂ ਰੁਕਿਆ। ਅਮਰੀਕਾ 'ਚ 70 ਫ਼ੀਸਦੀ ਨਾਬਾਲਗ ਚੈਟ-ਜੀਪੀਟੀ ਦੀ ਵਰਤੋਂ ਕਰ ਰਹੇ ਹਨ ਤੇ ਅੱਧੇ ਤੋਂ ਵੱਧ ਇਸ ਦੀ ਨਿਯਮਿਤ ਤੌਰ 'ਤੇ ਵਰਤੋਂ ਕਰਦੇ ਹਨ।

# ਵਿਕਾਸ ਦਾ ਦੂਜਾ ਨਾਮ ਆਪ ਸਰਕਾਰ: ਚੇਅਰਮੈਨ ਰਾਜੀਵ ਸ਼ਰਮਾ

ਫਤਹਿਗੜ੍ਹ ਚੂੜੀਆਂ, 9 ਅਗਸਤ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਵਸਨੀਕ ਆਮ ਆਦਮੀ ਪਾਰਟੀ ਦੇ ਗੁਰਦਾਸਪੁਰ ਲੋਕ ਸਭਾ ਦੇ ਇੰਚਾਰਜ ਤੇ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਫਤਹਿਗੜ੍ਹ ਚੂੜੀਆਂ ਸ਼ਹਿਰ ਨਿਵਾਸੀਆਂ ਤੇ ਇਲਾਕਾ ਨਿਵਾਸੀਆਂ ਦੇ ਲਈ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਮੰਦਰ ਤਲਾਬ ਵਾਲਾ ਤੋਂ ਲੈ ਕੇ ਰੇਲਵੇ ਸਟੇਸ਼ਨ ਤੱਕ ਜਿਹੜੀ ਸੜਕ ਹੈ, ਉਸ ਦੇ ਲਈ ਜਿਹੜੀ ਰਕਮ ਇਕ ਕਰੋੜ 40 ਲੱਖ ਦੀ ਰਕਮ ਮਨਜ਼ੂਰ ਹੋ ਚੁੱਕੀ ਹੈ ਜਿਸ ਨਾਲ ਕਿ ਸੜਕ ਦਾ ਕੰਮ ਜਲਦੀ ਸ਼ੁਰੂ ਹੋਣ ਜਾ ਰਿਹਾ ਹੈ। ਇਸ ਦੇ ਲਈ ਰਾਜੀਵ ਸ਼ਰਮਾ ਨੇ ਪੰਜਾਬ ਸਰਕਾਰ ਤੇ ਮਾਣਯੋਗ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।



ਰਾਜੀਵ ਸ਼ਰਮਾ ਨੇ ਇਹ ਵੀ ਕਿਹਾ ਕਿ ਆਪ ਦੀ ਸਰਕਾਰ ਹਰ ਵਰਗ ਦਾ ਤੇ ਹਰ ਸ਼ਹਿਰ ਪਿੰਡ ਦਾ ਪੂਰਾ ਵਿਕਾਸ ਕਰਨ ਦੀ ਲਈ ਤਿਆਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਹੈ ਕਿ ਲੋਕਾਂ ਦੀ ਹਰ ਜ਼ਰੂਰਤ ਨੂੰ ਧਿਆਨ ਵਿੱਚ ਰੱਖਿਆ ਜਾਵੇ ਤੇ ਉਸ ਜ਼ਰੂਰਤ ਨੂੰ ਪੂਰਾ ਕੀਤਾ ਜਾਵੇ। ਫਤਹਿਗੜ੍ਹ ਚੂੜੀਆਂ ਵਾਸਤੇ ਹੋਰ ਵੀ ਕਈ ਬੁਨਿਆਦੀ ਸਹੂਲਤਾਂ ਉਨ੍ਹਾਂ ਦੀ ਜੋ ਮੰਗ ਹੈ ਉਹ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ।

# 1962 ਦੀ ਜੰਗ 'ਚ 38,000 ਵਰਗ ਕਿ.ਮੀ. ਭਾਰਤੀ ਖੇਤਰ 'ਤੇ ਚੀਨ ਨੇ ਕੀਤਾ ਸੀ ਨਾਜਾਇਜ਼ ਕਬਜ਼ਾ

ਨਵੀਂ ਦਿੱਲੀ, 9 ਅਗਸਤ (ਚ.ਨ.ਸ.): ਸਰਕਾਰ ਨੇ ਸ਼ੁੱਕਰਵਾਰ ਸੰਸਦ ਨੂੰ ਦੱਸਿਆ ਕਿ 1962 ਦੀ ਭਾਰਤ-ਚੀਨ ਜੰਗ 'ਤੇ ਅੰਤ 'ਚ ਚੀਨ ਨੇ ਲਗਭਗ 38,000 ਵਰਗ ਕਿਲੋਮੀਟਰ ਭਾਰਤੀ ਜ਼ਮੀਨ 'ਤੇ 'ਨਾਜਾਇਜ਼ ਕਬਜ਼ਾ' ਕੀਤਾ ਸੀ। ਲੋਕ ਸਭਾ 'ਚ ਇੱਕ ਸਵਾਲ ਦੇ ਲਿਖਤੀ ਜਵਾਬ 'ਚ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇਹ ਵੀ ਕਿਹਾ ਕਿ ਪੈਂਡਿੰਗ ਸਰਹੱਦੀ ਵਿਵਾਦ ਦੇ ਹੱਲ ਲਈ ਪਿਛਲੇ ਕੁਝ ਸਾਲਾਂ 'ਚ ਚੀਨ ਨਾਲ ਦੋ-ਪੱਖੀ ਪੱਧਰ 'ਤੇ ਕਈ ਪਹਿਲ-ਕਦਮੀਆਂ ਕੀਤੀਆਂ ਗਈਆਂ ਹਨ।'' ਵਿਦੇਸ਼ ਮੰਤਰਾਲਾ ਤੋਂ ਪੁੱਛਿਆ ਗਿਆ ਸੀ ਕਿ ਭਾਰਤ ਸਰਕਾਰ ਕੋਲ '1962 ਦੀ ਭਾਰਤ-ਚੀਨ ਜੰਗ ਦੌਰਾਨ ਚੀਨ ਵੱਲੋਂ ਕਬਜ਼ਾਏ ਗਏ ਖੇਤਰਾਂ' ਬਾਰੇ ਕੋਈ ਅੰਕੜਾ ਹੈ। ਨਾਲ ਹੀ, ਇਹ ਵੀ ਪੁੱਛਿਆ ਗਿਆ ਸੀ ਕਿ ਜੰਗ ਦੌਰਾਨ ਗੁਆਏ ਗਏ ਇਨ੍ਹਾਂ ਖੇਤਰਾਂ ਨੂੰ ਵਾਪਸ ਲੈਣ ਲਈ 1962 ਤੋਂ ਬਾਅਦ ਚੀਨ ਨਾਲ ਕੀ ਕੋਈ ਕੂਟਨੀਤਕ ਕੋਸ਼ਿਸ਼ ਕੀਤੀ ਗਈ ਅਤੇ ਉਸ ਗੱਲਬਾਤ 'ਚ ਕਿੰਨੀ ਤਰੱਕੀ ਹੋਈ ਹੈ?

# ਅੰਮ੍ਰਿਤਸਰ 'ਚ ਅਵਾਰਾ ਕੁੱਤਿਆਂ ਦਾ ਖ਼ਤਰਾ, ਅਬਾਦੀ 40 ਹਜ਼ਾਰ ਤੋਂ ਪਾਰ

ਅੰਮ੍ਰਿਤਸਰ, 9 ਅਗਸਤ (ਚ.ਨ.ਸ): ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਅਵਾਰਾ ਕੁੱਤਿਆਂ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਇੱਕ ਅੰਦਾਜ਼ੇ ਅਨੁਸਾਰ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਗਿਣਤੀ 40,000 ਨੂੰ ਪਾਰ ਕਰ ਗਈ ਹੈ, ਜਦਕਿ ਰਜਿਸਟਰਡ ਪਾਲਤੂ ਕੁੱਤਿਆਂ ਦੀ ਗਿਣਤੀ ਸਿਰਫ਼ 1,500 ਦੇ ਕਰੀਬ ਹੈ। ਨਗਰ ਨਿਗਮ (ਏ.ਐਮ.ਸੀ.) ਵੱਲੋਂ ਨਸਬੰਦੀ ਮੁਹਿੰਮ ਚਲਾਈ ਜਾ ਰਹੀ ਹੈ, ਪਰ ਇਸ ਦੇ ਨਤੀਜੇ ਪ੍ਰਭਾਵਸ਼ਾਲੀ ਨਜ਼ਰ ਨਹੀਂ ਆ ਰਹੇ। ਕਈ ਵਾਰ ਕੁੱਤੇ ਫੜਨ ਵਾਲੇ ਕਰਮਚਾਰੀ ਉਨ੍ਹਾਂ ਨੂੰ ਨੇੜੇ ਦੀਆਂ ਗਲੀਆਂ ਵਿੱਚ ਹੀ ਛੱਡ ਦਿੰਦੇ ਹਨ। ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ ਤੇ ਸਿਵਲ ਹਸਪਤਾਲ ਵਿੱਚ ਪੀੜਤਾਂ ਨੂੰ ਮੁਫ਼ਤ ਐਂਟੀ-ਰੈਬੀਜ਼ ਟੀਕੇ ਲਗਾਏ ਜਾਂਦੇ ਹਨ। ਮਾਹਿਰਾਂ ਨੇ ਲੋਕਾਂ ਨੂੰ ਕੁੱਤੇ ਦੇ ਕੱਟਣ ਨੂੰ ਗੰਭੀਰਤਾ ਨਾਲ ਲੈਣ ਤੇ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਸਲਾਹ ਦਿੱਤੀ ਹੈ।

# ਬਲੂ ਵਾਟਰ ਬ੍ਰਿਜ 'ਤੇ 24.6 ਮਿਲੀਅਨ ਡਾਲਰ ਦੀ ਕੋਕੀਨ ਜ਼ਬਤ, ਪੰਜਾਬੀ ਟਰੱਕ ਡਰਾਈਵਰ ਗ੍ਰਿਫ਼ਤਾਰ

ਓਨਟਾਰੀਓ, 9 ਅਗਸਤ (ਚ.ਨ.ਸ.): ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਓਨਟਾਰੀਓ ਦੇ ਬਲੂ ਵਾਟਰ ਬ੍ਰਿਜ 'ਤੇ ਇੱਕ ਵੱਡੀ ਕਾਰਵਾਈ ਕਰਦਿਆਂ 197 ਕਿਲੋਗ੍ਰਾਮ ਕੋਕੀਨ ਬਰਾਮਦ ਕੀਤੀ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 24.6 ਮਿਲੀਅਨ ਡਾਲਰ (ਲਗਭਗ 150 ਕਰੋੜ ਰੁਪਏ) ਦੱਸੀ ਜਾ ਰਹੀ ਹੈ। 23 ਜੁਲਾਈ 2025 ਨੂੰ ਅਮਰੀਕਾ ਤੋਂ ਆ ਰਹੇ ਇੱਕ ਵਪਾਰਕ ਟਰੱਕ ਨੂੰ ਜਾਂਚ ਲਈ ਰੋਕਿਆ ਗਿਆ ਸੀ। ਤਲਾਸ਼ੀ ਦੌਰਾਨ ਬਾਰਡਰ ਅਧਿਕਾਰੀਆਂ ਨੂੰ ਟਰਾਲੇ ਵਿੱਚੋਂ ਸ਼ੱਕੀ ਕੋਕੀਨ ਦੀਆਂ ਇੱਟਾਂ ਨਾਲ ਭਰੇ ਸੱਤ ਬੈਗ ਮਿਲੇ। ਸੀ.ਬੀ.ਐੱਸ.ਏ. ਨੇ ਇਸ ਮਾਮਲੇ ਵਿੱਚ ਕੈਲੇਡਨ, ਓਨਟਾਰੀਓ ਦੇ 29 ਸਾਲਾ ਟਰੱਕ ਡਰਾਈਵਰ ਓਂਕਾਰ ਕਲਸੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਤੇ ਜ਼ਬਤ ਕੀਤੇ ਨਸ਼ੀਲੇ ਪਦਾਰਥਾਂ ਨੂੰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੇ ਹਵਾਲੇ ਕਰ ਦਿੱਤਾ ਗਿਆ ਹੈ। ਆਰ.ਸੀ.ਐੱਮ.ਪੀ. ਨੇ ਕਲਸੀ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਗੈਰ-ਕਾਨੂੰਨੀ ਪਦਾਰਥ ਰੱਖਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ 1 ਜਨਵਰੀ ਤੋਂ 10 ਜੁਲਾਈ 2025 ਤੱਕ ਸੀ.ਬੀ.ਐੱਸ.ਏ. ਨੇ ਅਮਰੀਕਾ ਤੋਂ ਆ ਰਹੀ 1,164 ਕਿਲੋਗ੍ਰਾਮ ਕੋਕੀਨ ਜ਼ਬਤ ਕੀਤੀ ਹੈ।

# ਹਰਿਆਣਾ ਸਿੱਖ ਗੁਰਦੁਆਰਾ ਐਕਟ 'ਚ ਸੋਧਾਂ ਦਾ ਵਿਰੋਧ, ਐੱਚਐੱਸਜੀਐੱਮਸੀ ਨੇ ਮਤਾ ਪਾਸ ਕੀਤਾ

ਕਰਨਾਲ, 9 ਅਗਸਤ (ਚ.ਨ.ਸ.): ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਜ ਸਰਕਾਰ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਨ ਐਕਟ, 2014 ਵਿੱਚ ਪ੍ਰਸਤਾਵਿਤ ਸੋਧਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਕੁਰੂਕਸ਼ੇਤਰ ਵਿੱਚ ਹੋਈ ਜਨਰਲ ਹਾਊਸ ਦੀ ਮੀਟਿੰਗ ਵਿੱਚ ਇਸ ਸਬੰਧੀ ਮਤਾ ਪਾਸ ਕੀਤਾ ਗਿਆ। ਐੱਚਐੱਸਜੀਐੱਮਸੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਸਰਕਾਰ ਨੇ ਸੋਧਾਂ ਕਰਨ ਤੋਂ ਪਹਿਲਾਂ ਕਮੇਟੀ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ, ਜੋ ਕਿ ਅਸਵੀਕਾਰਨਯੋਗ ਹੈ। ਉਨ੍ਹਾਂ ਕਿਹਾ ਕਿ ਇੱਕ ਸੋਧ ਤਹਿਤ ਕਮੇਟੀ ਤੋਂ ਮੈਂਬਰਾਂ ਨੂੰ ਹਟਾਉਣ ਦਾ ਅਧਿਕਾਰ ਖੋਹ ਕੇ ਨਿਆਂਇਕ ਕਮਿਸ਼ਨ ਨੂੰ ਦਿੱਤਾ ਜਾ ਰਿਹਾ ਹੈ। ਕਮੇਟੀ ਨੇ ਇਸ ਮੁੱਦੇ 'ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਹੈ ਤੇ 22 ਅਗਸਤ ਤੋਂ ਪਹਿਲਾਂ ਇੱਕ ਸਿੱਖ ਸੰਮੇਲਨ ਬੁਲਾਉਣ ਦਾ ਵੀ ਫੈਸਲਾ ਕੀਤਾ ਹੈ।

# ਜੋਬਨ ਰੰਧਾਵਾ ਨੂੰ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਤੇ ਗੁਰਪ੍ਰੀਤ ਨੂੰ ਮੈਂਬਰ ਨਿਯੁਕਤ ਕਰਨ 'ਤੇ ਹਾਈਕਮਾਨ ਦਾ ਧੰਨਵਾਦ ਕੀਤਾ



ਬਟਾਲਾ/ਸ੍ਰੀ ਹਰਗੋਬਿੰਦਪੁਰ/ ਊਧਨਵਾਲ, 9 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ ਸੁਖਅੰਮ੍ਰਿਤ ਸਿੰਘ ਸੋਨੂੰ ਘੁਮਾਣ): ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬੀਤੇ ਦਿਨ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਤੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸੰਗਠਨ ਦੇ ਇੰਚਾਰਜ ਗੁਰਪ੍ਰੀਤ ਸਿੰਘ ਸੈਣੀ ਨੂੰ ਤੇ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ, ਜਿਸ 'ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਜਿੱਥੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ, ਉੱਥੇ ਹੀ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ ਜਾ ਰਿਹਾ ਹੈ। ਇਸੇ ਤਹਿਤ ਹੀ ਹਰਗੋਬਿੰਦਪੁਰ ਸਾਹਿਬ ਤੋਂ ਸੀਨੀਅਰ ਆਗੂ ਰਾਜਵਿੰਦਰ ਸਿੰਘ ਬਬਲੂ ਟੀਵੀ ਐੱਸ ਘੁਮਾਣ, ਯੂਥ ਕੋਆਰਡੀਨੇਟਰ ਅੰਮ੍ਰਿਤਪਾਲ ਸਿੰਘ ਸੋਹੀ ਤੇ ਪ੍ਰਧਾਨ ਪ੍ਰਲੋਕ ਸਿੰਘ ਘੁਮਾਣ ਨੇ ਜੋਬਨ ਰੰਧਾਵਾ ਯੋਜਨਾ ਬੋਰਡ ਦਾ ਚੇਅਰਮੈਨ ਤੇ ਗੁਰਪ੍ਰੀਤ ਸਿੰਘ ਸੋਢੀ ਮੈਂਬਰ ਨਿਯੁਕਤ 'ਤੇ ਹਾਈਕਮਾਨ ਦਾ ਧੰਨਵਾਦ ਕਰਦੇ ਹੋਏ ਆਗੂਆਂ ਨੇ ਅਹਿਮ ਜ਼ਿੰਮੇਵਾਰੀ 'ਤੇ ਵਧਾਈ ਦਿੱਤੀ। ਉਥੇ ਹੀ ਉਨ੍ਹਾਂ ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਹਾਈਕਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਚ ਦੂਰ ਅੰਦੇਸ਼ੀ ਤੇ ਉੱਚੀ ਸੋਚ ਰੱਖਣ ਵਾਲੇ ਬਹੁਤ ਹੀ ਸੂਝਵਾਨ ਆਗੂ ਬੈਠੇ ਹਨ, ਜਿਹੜੇ ਪਾਰਟੀ ਨੂੰ ਸਮਰਪਿਤ ਹੋ ਕੇ ਕੰਮ ਕਰਨ ਵਾਲੇ ਇਨਸਾਨਾਂ ਦਾ ਸਨਮਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੂਜੀਆਂ ਰਵਾਇਤੀ ਪਾਰਟੀਆਂ ਦੀ ਤਰ੍ਹਾਂ ਭਾਈ ਭਤੀਜਾਵਾਦ ਵਿਚ ਵਿਸ਼ਵਾਸ ਨਹੀਂ ਰੱਖਦੀ, ਬਲਕਿ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਵਰਕਰਾਂ ਉਤੇ ਹਮੇਸ਼ਾ ਤਾਜ ਪਹਿਨਾਉਂਦੀ ਆਈ ਹੈ। ਇਸ ਮੌਕੇ ਸੂਬਾ ਜੁਆਇੰਟ ਸਕੱਤਰ ਨੀਲਮ ਘੁਮਾਣ, ਕਾਮਰੇਡ ਗੁਰਦਿਆਲ ਸਿੰਘ ਘੁਮਾਣ, ਗੁਰਿੰਦਰ ਸਿੰਘ ਗੋਰਾ, ਹਰਪ੍ਰੀਤ ਸਿੰਘ, ਦਲਜੀਤ ਸਿੰਘ ਬੱਬੂ, ਚਰਨਜੀਤ ਸਿੰਘ, ਕੁਲਵਿੰਦਰਜੀਤ ਸਿੰਘ ਬਾਊ, ਸੁਰਿੰਦਰ ਸਿੰਘ ਗੋਲਡੀ, ਸੁਖਜਿੰਦਰ ਸਿੰਘ ਹੀਰਾ, ਅਮਿਤ ਸ਼ਰਮਾ ਰਾਜੂ, ਗੁਰਪ੍ਰੀਤ ਸਿੰਘ ਗੋਪੀ, ਦਿਲਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਤੇ ਹਿਮਾਚਲ ਪੁਲਿਸ ਨੇ ਕਾਸੋ ਓਪਰੇਸ਼ਨ ਤਹਿਤ ਪਿੰਡ ਮੋੜਾ ਵਿਖੇ ਲਗਾਇਆ ਇੰਟਰਸਟੇਟ ਨਾਕਾ

ਸ੍ਰੀ ਕੀਰਤਪੁਰ ਸਾਹਿਬ, 9 ਅਗਸਤ (ਬੀ.ਐੱਸ. ਰਾਣਾ): ਡੀ.ਜੀ.ਪੀ. ਪੰਜਾਬ ਤੇ ਜ਼ਿਲ੍ਹਾ ਪੁਲਿਸ ਮੁਖੀ ਗੁਲਨੀਤ ਸਿੰਘ ਖੁਰਾਨਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੁਲਿਸ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਵੱਲੋਂ ਪਿੰਡ ਮੋੜਾ ਵਿਖੇ ਹਿਮਾਚਲ ਪ੍ਰਦੇਸ਼ ਦੀ ਸਵਾਰ ਘਾਟ ਪੁਲਿਸ ਦੇ ਸਹਿਯੋਗ ਨਾਲ ਇੰਟਰ ਸਟੇਟ ਨਾਕਾ ਲਗਾਇਆ ਗਿਆ। ਇਸ ਦੌਰਾਨ ਹਿਮਾਚਲ ਪ੍ਰਦੇਸ਼ ਵੱਲੋਂ ਆਉਣ ਵਾਲੇ ਵਹੀਕਲਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਇਸ ਦੌਰਾਨ ਨਾਕੇ 'ਤੇ ਪਹੁੰਚੇ ਸ੍ਰੀ ਅਨੰਦਪੁਰ ਸਾਹਿਬ ਦੇ ਡੀ.ਐੱਸ.ਪੀ. ਅਜੇ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਵੈਸੇ ਤਾਂ ਇਹ ਨਾਕੇ ਹਿਮਾਚਲ ਪ੍ਰਦੇਸ਼ ਪੁਲਿਸ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਲਗਾਏ ਜਾਂਦੇ ਹਨ ਪਰ ਅੱਜ ਰੱਖੜੀ ਦਾ ਤਿਉਹਾਰ ਹੋਣ ਕਾਰਨ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਚੰਗਾ ਮਾਹੌਲ ਪੈਦਾ ਕਰਨ ਲਈ ਇਹ ਨਾਕੇ ਲਗਾਏ ਗਏ ਹਨ ਤਾਂ ਜੋ ਰੱਖੜੀ ਦੇ ਤਿਉਹਾਰ ਮੌਕੇ ਆਉਣ-ਜਾਣ ਵਾਲੇ ਲੋਕਾਂ ਨੂੰ ਇਹ ਮਹਿਸੂਸ ਹੋ ਸਕੇ ਕਿ ਪੁਲਿਸ ਉਨ੍ਹਾਂ ਦੀ ਸੁਰੱਖਿਆ ਲਈ ਹਰ ਸਮੇਂ ਤਿਆਰ-ਬਰ-ਤਿਆਰ ਹੈ। ਉਨ੍ਹਾਂ ਕਿਹਾ ਕਿ ਨਾਲ ਹੀ ਇਸ ਨਾਕੇ ਦਾ ਮਕਸਦ ਸ਼ਰਾਰਤੀ ਅਨਸਰਾਂ ਤੇ ਮਾੜੇ ਅਨਸਰਾਂ ਦੇ ਖਿਲਾਫ਼ ਤਿੱਖੀ ਨਜ਼ਰ ਰੱਖ ਕੇ ਕਾਰਵਾਈ ਕਰਨ ਦਾ ਵੀ ਹੈ ਕਿ ਪੁਲਿਸ ਮਾੜੇ ਅਨਸਰਾਂ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ ਤੇ ਉਨ੍ਹਾਂ ਖਿਲਾਫ਼ ਕਾਰਵਾਈ ਕਰਨ 'ਚ ਪੁਲਿਸ ਕਦੇ ਵੀ ਪਿੱਛੇ ਨਹੀਂ ਹਟੇਗੀ। ਡੀ.ਐੱਸ.ਪੀ. ਅਜੇ ਸਿੰਘ ਨੇ ਦੱਸਿਆ ਕਿ ਜਿੱਥੇ ਪੁਲਿਸ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਥਾਣਾ ਮੁਖੀ ਜਤਿਨ ਕਪੂਰ ਨਾਕੇ 'ਤੇ ਹਾਜ਼ਰ ਹਨ ਉੱਥੇ ਹੀ ਹਿਮਾਚਲ ਪ੍ਰਦੇਸ਼ ਦੇ ਸਵਰਘਾਟ ਪੁਲਿਸ ਥਾਣੇ ਦੇ ਥਾਣਾ ਮੁਖੀ ਦੇਵਾਨੰਦ ਵਿਸ਼ੇਸ਼ ਤੌਰ 'ਤੇ ਨਾਕੇ 'ਤੇ ਹਾਜ਼ਰ ਹਨ, ਜਿਨ੍ਹਾਂ ਵੱਲੋਂ ਹਰ ਆਉਣ-ਜਾਣ ਵਾਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਅਕਸਰ ਅਜਿਹੇ ਨਾਕਿਆਂ ਤੋਂ ਪੁਲਿਸ ਨੂੰ ਕਾਫੀ ਜ਼ਿਆਦਾ ਲਾਭ ਮਿਲਦਾ ਹੈ ਤੇ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੀ ਤਸਕਰੀ ਕਰਨ ਵਾਲੇ ਲੋਕ ਵੀ ਇਨ੍ਹਾਂ ਨਾਕਿਆਂ ਦੌਰਾਨ ਕਾਬੂ ਕੀਤੇ ਜਾਂਦੇ ਹਨ। ਇਸ ਮੌਕੇ ਉਨ੍ਹਾਂ ਨਾਲ ਪੁਲਿਸ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐੱਸ.ਐੱਚ.ਓ. ਜਤਿਨ ਕਪੂਰ ਤੇ ਹਿਮਾਚਲ ਪ੍ਰਦੇਸ਼ ਦੇ ਸਵਾਰਘਾਟ ਪੁਲਿਸ ਥਾਣੇ ਤੋਂ ਐੱਸ.ਐੱਚ.ਓ. ਦੇਵਾਨੰਦ ਤੋਂ ਇਲਾਵਾ ਏ.ਐੱਸ.ਆਈ. ਰਾਮ ਕੁਮਾਰ ਤੇ ਹਿਮਾਚਲ ਤੇ ਪੰਜਾਬ ਪੁਲਿਸ ਦੇ ਹੋਰ ਵੀ ਮੁਲਾਜ਼ਮ ਹਾਜ਼ਰ ਸਨ।




# ਵਿਆਹ ਪੁਰਬ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਏ ਜਾਣਗੇ: ਚੇਅਰਮੈਨ ਜੋਬਨ ਰੰਧਾਵਾ

☛ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ

ਗੁਰਦਾਸਪੁਰ , 9 ਅਗਸਤ (ਜਸਵਿੰਦਰ ਸਿੰਘ): ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਉਤਸ਼ਾਹ ਤੇ ਜਾਹੋ ਜਲਾਲ ਨਾਲ ਮਨਾਏ ਜਾਣਗੇ, ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਤੇ ਚੇਅਰਮੈਨ ਪਲਾਨਿੰਗ ਬੋਰਡ ਗੁਰਦਾਸਪੁਰ ਨੇ ਕਿਹਾ ਕਿ ਸਮੁੱਚੇ ਬਟਾਲਾ ਸ਼ਹਿਰ ਅੰਦਰ ਵਿਆਹ ਪੁਰਬ ਦੇ ਸਮਾਗਮਾਂ ਲਈ ਸੁਚੱਜੇ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਸੰਗਤਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਨੇ ਦੱਸਿਆ ਕਿ 29 ਅਗਸਤ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਖੇ ਪਹੁੰਚਣ ਵਾਲੇ ਨਗਰ ਕੀਰਤਨ ਤੇ 30 ਅਗਸਤ ਨੂੰ ਪਾਲਕੀ ਸਾਹਿਬ ਨਗਰ ਕੀਰਤਨ ਦੇ ਰੂਟਾਂ ਸਮੇਤ ਸਮੁੱਚੇ ਸ਼ਹਿਰ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸਾਰੇ ਵਡਭਾਗੇ ਹਾਂ ਕਿ ਸਾਨੂੰ ਵਿਆਹ ਪੁਰਬ ਸਮਾਗਮ ਮਨਾਉਣ ਦਾ ਸੁਭਾਗ ਮਿਲਿਆ ਹੈ ਤੇ ਹਰ ਸਾਲ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਤਦਾਦ ਵਿੱਚ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਸੰਗਤਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇ।



# ਭੈਣਾਂ ਨੇ ਆਪਣੇ ਭਰਾਵਾਂ ਦੀ ਸੁੱਖ ਮੰਗਦਿਆਂ ਰੱਖੜੀ ਬੰਨ੍ਹੀ



ਰਈਆ, 9 ਅਗਸਤ (ਰਾਕੇਸ਼ ਸਲਵਾਨ): ਅੱਜ ਰੱਖੜੀ ਦੇ ਪਵਿੱਤਰ ਤਿਉਹਾਰ 'ਤੇ ਭੈਣਾਂ ਵੱਲੋਂ ਆਪਣੇ ਭਰਾਵਾਂ ਦੀ ਸੁੱਖ ਮੰਗਦਿਆਂ ਵੱਡੀਆਂ ਉਮਰਾਂ ਦੀ ਦਾਤ ਮੰਗੀ ਤੇ ਆਪਣੇ ਭਰਾਵਾਂ ਦੇ ਰੱਖੜੀਆਂ ਬੰਨ੍ਹੀਆਂ। ਬਾਬਾ ਬਕਾਲਾ ਸਾਹਿਬ ਵਿਖੇ ਵੀ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਦੀ ਦਾਤ ਮੰਗੀ। ਪਿੰਡਾਂ ਵਿੱਚ ਇਸ ਪਵਿੱਤਰ ਤਿਉਹਾਰ 'ਤੇ ਰੌਣਕਾਂ ਦੇਖੀਆਂ ਗਈਆਂ। ਭੈਣਾਂ ਆਪਣੇ ਭਰਾਵਾਂ ਦੇ ਰੱਖੜੀ ਬੰਨ੍ਹਣ ਆਈਆਂ ਤੇ ਬਜ਼ਾਰਾਂ ਵਿੱਚ ਮਠਿਆਈਆਂ ਦੀਆਂ ਦੁਕਾਨਾਂ 'ਤੇ ਲੋਕਾਂ ਦੀ ਆਵਾਜਾਈ ਭਾਰੀ ਦੇਖਣ ਨੂੰ ਮਿਲੀ।

# ਨੈਸ਼ਨਲ ਅਚੀਵਮੈਂਟ ਸਰਵੇਖਣ 2024-25 'ਚ ਜ਼ਿਲ੍ਹਾ ਗੁਰਦਾਸਪੁਰ ਦੂਸਰੇ ਸਥਾਨ 'ਤੇ ਆਉਣ 'ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

ਕਾਹਨੂੰਵਾਨ, 9 ਅਗਸਤ (ਕੁਲਜੀਤ ਸਿੰਘ ਖੋਖਰ): ਜ਼ਿਲ੍ਹਾ ਗੁਰਦਾਸਪੁਰ ਕਰਵਾਏ ਪੰਜਾਬ ਅਚੀਵਮੈਂਟ ਸਰਵੇਖਣ ਵਿੱਚ ਦੂਸਰੇ ਸਥਾਨ ਉੱਪਰ ਰਿਹਾ ਹੈ। ਇਸ ਖੁਸ਼ੀ ਵਿੱਚ ਸਿੱਖਿਆ ਵਿਭਾਗ ਦੀ ਚੜ੍ਹਦੀਕਲਾ ਲਈ ਸਿੱਖਿਆ ਤੇ ਸਿਖਲਾਈ ਸੰਸਥਾ (ਡਾਇਟ) ਗੁਰਦਾਸਪੁਰ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ. ਪਰਮਜੀਤ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਿੱਖਿਆ ਕਾਰਗੁਜ਼ਾਰੀ ਪਰਖਣ ਤਹਿਤ ਰਾਸ਼ਟਰੀ ਪ੍ਰਾਪਤੀ ਸਰਵੇਖਣ ਕਰਵਾਇਆ ਗਿਆ ਸੀ, ਜਿਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਵਿਦਿਆਰਥੀਆਂ ਵੱਲੋਂ ਬਿਹਤਰੀਨ ਕਾਰਗੁਜ਼ਾਰੀ ਦਿਖਾਈ ਗਈ ਤੇ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪੰਜਾਬ ਪੱਧਰ 'ਤੇ ਦੂਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਇਸ ਸਭ ਦਾ ਸਿਹਰਾ ਮਿਹਨਤੀ



ਅਧਿਆਪਕਾਂ ਤੇ ਵਿਦਿਆਰਥੀਆਂ ਸਿਰ ਜਾਂਦਾ ਹੈ, ਜਿਨ੍ਹਾਂ ਦੀ ਮਿਹਨਤ ਸਦਕਾ ਜ਼ਿਲ੍ਹਾ ਗੁਰਦਾਸਪੁਰ ਦਾ ਮਾਣ ਵਧਿਆ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਲਈ ਸ਼ੁਰੂ ਕੀਤਾ ਮਿਸ਼ਨ ਆਰੰਭ ਵਰਦਾਨ ਸਾਬਤ ਹੋ ਰਿਹਾ ਹੈ। ਇਸ ਮੌਕੇ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡਾ. ਅਨਿਲ ਸ਼ਰਮਾ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਤੇ ਆਸ ਪ੍ਰਗਟਾਈ ਕਿ ਉਹ ਇਸੇ ਤਰ੍ਹਾਂ ਮਿਹਨਤ ਕਰਕੇ ਸਮਾਜ ਤੇ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਨਵਦੀਪ ਸਿੰਘ, ਰਿਟਾ. ਡੀ.ਈ.ਓ. ਹਰਪਾਲ ਸਿੰਘ ਸੰਧਾਵਾਲੀਆ, ਰਿਟਾ. ਡੀ.ਈ.ਓ. ਸੁਰਜੀਤਪਾਲ, ਪ੍ਰਿੰਸੀਪਲ ਬਲਬੀਰ ਸਿੰਘ, ਲੈਕਚਰਾਰ ਨਰੇਸ਼ ਕੁਮਾਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਖਵਿੰਦਰ ਸਿੰਘ ਸੇਖੋਂ, ਬਲਵਿੰਦਰ ਸਿੰਘ ਗਿੱਲ, ਭਾਰਤ ਰਤਨ, ਸੁਦੇਸ਼ ਸ਼ਰਮਾ, ਗੁਰਇਕਬਾਲ ਸਿੰਘ ਗੋਰਾਇਆ, ਸੈਂਟਰ ਮੁੱਖ ਅਧਿਆਪਕ ਤੇ ਸਮਰੱਥ ਦੀ ਟੀਮ ਹਾਜ਼ਰ ਸੀ।

# ਦਿਵਿਆ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ 5 ਰੋਜ਼ਾ ਸ਼ਿਵ ਕਥਾ ਦਾ ਆਯੋਜਨ

ਕਾਦੀਆਂ, 9 ਅਗਸਤ (ਸਲਾਮ ਤਾਰੀ/ਸਿਕੰਦਰ ਸੰਧੂ): ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੇ ਦੁਆਰਾ ਕਾਦੀਆਂ ਸਥਿਤ ਸ਼ਿਵਾਲਾ ਮੰਦਰ ਚੌਕ ਵਿੱਚ ਪੰਜ ਦਿਨਾਂ ਭਗਵਾਨ ਸ਼ਿਵ ਕਥਾ ਦਾ ਆਯੋਜਨ ਕੀਤਾ ਗਿਆ। ਜਿਸ ਦੇ ਤੀਸਰੇ ਦਿਵਸ ਦੌਰਾਨ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ ਸਾਧਵੀ ਸੁਸ਼੍ਰੀ ਗੌਰੀ ਭਾਰਤੀ ਨੇ ਕਿਹਾ ਕਿ ਮਾਤਾ ਸਤੀ ਨੇ ਆਪਣੇ-ਆਪ ਨੂੰ ਹਵਨ ਯੱਗਿਆ ਵਿੱਚ ਭਸਮ ਕਰ ਲਿਆ। ਪ੍ਰੰਤੂ ਉਸ ਤੋਂ ਪਹਿਲਾਂ ਉਹ ਸ਼ਿਵ ਭਗਵਾਨ ਦੇ ਚਰਨਾਂ ਵਿਚ ਇਹੀ ਪ੍ਰਾਰਥਨਾ ਕਰਦੀ ਹੈ ਕਿ ਅਗਲੇ ਜਨਮ ਵਿੱਚ ਉਹ ਹੀ ਉਨ੍ਹਾਂ ਨੂੰ ਪਤੀ ਰੂਪ ਵਿਚ ਪ੍ਰਾਪਤ ਹੋਣ। ਅਗਲੇ ਜਨਮ ਵਿੱਚ ਮਾਤਾ ਸਤੀ ਹਿਮਾਲਯ ਰਾਜ ਔਰ ਮੈਨਾ ਦੇ ਘਰ ਪੁੱਤਰੀ ਰੂਪ ਵਿਚ ਜਨਮ ਲੈਂਦੀ ਹੈ। ਉਸਦੇ ਜਨਮ ਲੈਣ 'ਤੇ ਸਾਰਾ ਹਿਮਾਲਯ ਨਗਰ ਆਨੰਦ ਦੇ ਸਾਗਰ ਵਿਚ ਡੁੱਬ ਗਿਆ। ਸਾਧਵੀ ਨੇ ਕਿਹਾ ਕਿ ਪੁੱਤਰੀ ਦੇ ਜਨਮ ਲੈਣ 'ਤੇ ਉਨ੍ਹਾਂ ਦੇ ਮਾਤਾ-ਪਿਤਾ ਦੀ ਪ੍ਰਸੰਨਤਾ ਦੀ ਕੋਈ ਸੀਮਾ ਨਹੀਂ ਰਹੀ। ਪ੍ਰੰਤੂ ਅੱਜ ਦੇ ਸਮੇਂ ਵਿਚ ਪੁੱਤਰੀ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਂ ਦੇ ਗਰਭ ਵਿੱਚ ਖਤਮ ਕਰ ਦਿੱਤਾ ਜਾਂਦਾ ਹੈ। ਉਹ ਕੰਨਿਆ ਜਿਸਨੂੰ ਭਾਰਤ ਭੂਮੀ ਤੇ ਲਕਸ਼ਮੀ ਦਾ ਰੂਪ ਕਿਹਾ ਜਾਂਦਾ ਹੈ ਤੇ ਨਵਰਾਤਰਿਆਂ ਵਿਚ ਛੋਟੀਆਂ-ਛੋਟੀਆਂ ਲੜਕੀਆਂ ਦੀ ਪੂਜਾ ਹੁੰਦੀ ਹੈ, ਉਸੇ ਧਰਤੀ 'ਤੇ ਅੱਜ ਨਾਰੀ ਨੂੰ ਜਨਮ ਲੈਣ ਦਾ ਵੀ ਅਧਿਕਾਰ ਨਹੀਂ ਦਿੱਤਾ ਜਾਂਦਾ। ਉਹ ਦੇਸ਼ ਵਿਕਾਸ ਕਿਵੇਂ ਕਰੇਗਾ। ਸਵਾਮੀ ਵਿਵੇਕਾਨੰਦ ਕਹਿੰਦੇ ਹਨ ਕਿ ਮੇਰੇ ਦੇਸ਼ ਵਿੱਚ ਨਾਰੀ ਪ੍ਰਾਥਨਾ ਦੇ ਯੋਗ ਹੈ ਕਿਉਂਕਿ ਪ੍ਰਾਥਨਾ ਨਾਲ ਵਿਸ਼ਵ ਦੀ ਇੱਕ ਨਵੀਂ ਆਤਮਾ ਦਾ ਜਨਮ ਹੁੰਦਾ ਹੈ। ਇਹ ਆਤਮਾ ਹੀ ਕਿਸੇ ਰਾਸ਼ਟਰ ਦੀ ਸਾਰਥਿਕ ਸੰਪਤੀ ਹੈ। ਮੇਰੇ ਦੇਸ਼ ਦੀਆਂ ਇਸਤਰੀਆਂ ਵਿੱਚ ਵੀ ਉਨ੍ਹਾਂ ਸਾਹਸ ਹੈ ਜਿਨ੍ਹਾਂ ਪੁਰਸ਼ਾਂ ਵਿੱਚ। ਸਾਰੇ ਉੱਨਤ ਦੇਸ਼ਾਂ ਨੇ ਇਸਤਰੀਆਂ ਨੂੰ ਇੱਜ਼ਤ ਦੇ ਕੇ ਹੀ ਆਪਣੇ ਰਾਸ਼ਟਰੀ ਗੌਰਵ ਨੂੰ ਵਿਕਸਿਤ ਕੀਤਾ ਹੈ। ਸੰਗਤਮਈ ਭਜਨਾਂ ਦੇ ਮਾਧਿਅਮ ਨਾਲ ਕਥਾ ਨੂੰ ਅੱਗੇ ਵਧਾਇਆ ਗਿਆ। ਕਥਾ ਦਾ ਸਮਾਪਨ ਮੰਗਲਮਈ ਆਰਤੀ ਦੇ ਨਾਲ ਕੀਤਾ ਗਿਆ।



# ਧਿਆਨਪੁਰ ਵਿਖੇ ਕਮਿਊਨਿਸਟ ਪਾਰਟੀ ਵੱਲੋਂ ਅਜ਼ਾਦੀ ਦਿਹਾੜਾ ਮਨਾਇਆ ਜਾਵੇਗਾ

ਡੇਰਾ ਬਾਬਾ ਨਾਨਕ, 9 ਅਗਸਤ (ਹੈਪੀ ਕੋਟਲੀ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਲਾਕਾ ਨਿਵਾਸੀਆਂ ਦੇ ਸਹਿਯੋਗ ਸਦਕਾ ਆਜ਼ਾਦੀ ਦਿਹਾੜਾ ਇਤਿਹਾਸਕ ਕਸਬਾ ਧਿਆਨਪੁਰ ਦੇ ਬਾਵਾ ਲਾਲ ਦਿਆਲ ਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਿਆਨਪੁਰ ਵਿਖੇ 15 ਅਗਸਤ ਦਿਨ ਸ਼ੁੱਕਰਵਾਰ ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਲਾਕੇ ਸੀਨੀਅਰ ਤੇ ਸੂਝਵਾਨ ਆਗੂ ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ ਤੇ ਕਾਮਰੇਡ ਬਲਦੇਵ ਸਿੰਘ ਖੈਹਿਰਾ ਦੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਆਜ਼ਾਦੀ ਦਿਹਾੜੇ ਮੌਕੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਨਾਲ-ਨਾਲ ਕਮਿਊਨਿਸਟ ਪਾਰਟੀ ਵੱਲੋਂ 15 ਅਗਸਤ ਨੂੰ ਧਿਆਨਪੁਰ ਵਿਖੇ ਭਾਰੀ ਕਾਨਫਰੰਸ ਵੀ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਅੱਜ ਦੇਸ਼ ਦੀ ਆਜ਼ਾਦੀ ਨੂੰ 78 ਸਾਲ ਹੋ ਗਏ ਹਨ ਪਰ ਦੇਸ਼ ਦੇ ਭਗਤਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਆਈ ਸਗੋਂ ਦੇਸ਼ ਦੇ ਲਈ ਹੋਈ ਰਾਜਸੀ ਆਜ਼ਾਦੀ ਨੂੰ ਆਰਥਿਕ ਤੇ ਰਾਜਨੀਤਿਕ ਨੀਤੀਆਂ ਤੋਂ ਖਤਰਾ ਪੈਦਾ ਹੋ ਗਿਆ ਹੈ, ਇਸ ਕਰਕੇ ਲੋਕਾਂ ਦੀ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ ਦੇਸ਼ ਵਿਚ ਫਿਰਕੂ ਫਾਂਸੀ ਡਰਾਮੇ ਹੋ ਰਹੇ ਹਨ। ਇਨ੍ਹਾਂ ਸਭ ਗੱਲਾਂ 'ਤੇ ਵਿਚਾਰ ਕਰਨ ਲਈ ਤੇ ਦੇਸ਼ ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਧਿਆਨਪੁਰ ਵਿਖੇ 15 ਅਗਸਤ ਨੂੰ ਜ਼ਰੂਰ ਪਹੁੰਚਿਆ ਜਾਵੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਹਾੜੇ ਮੌਕੇ ਝੰਡਾ ਲਹਿਰਾਉਣ ਦੀ ਰਸਮ ਮੈਂਬਰ ਨੈਸ਼ਨਲ ਕੌਂਸਲ ਕਾਮਰੇਡ ਹਰਦੇਵ ਸਿੰਘ ਅਰਸੀ ਠੀਕ 12 ਵਜੇ ਕਰਨਗੇ। ਇਸ ਮੌਕੇ 'ਤੇ ਕਾਮਡ ਅਮਰਜੀਤ ਸਿੰਘ ਆਸਲ, ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰ, ਕਾਮਰੇਡ ਬਲਬੀਰ ਸਿੰਘ, ਕੱਤੋਵਾਲ ਕਾਮਰੇਡ ਰਣਜੀਤ ਸਿੰਘ ਜੀ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮੌਕੇ ਵੱਖ-ਵੱਖ ਕਲਾਕਾਰਾਂ ਵੱਲੋਂ ਲੋਕ ਗੀਤ ਕੋਰੀਓਗਰਾਫੀਆਂ, ਡਰਾਮੇ ਤੇ ਸਕਿੱਟਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਕਾਮਰੇਡ ਸੁਖਦੇਵ ਸਿੰਘ ਉੱਦੋਵਾਲੀ, ਕਾਮਰੇਡ ਮਨਜੀਤ ਸਿੰਘ ਰਾਊਵਾਲ, ਕਾਮਰੇਡ ਬਲਵਿੰਦਰ ਸਿੰਘ ਖੈਹਿਰਾ, ਕਾਮਰੇਡ ਜਨਕ ਦਾ ਜੋਸ਼ੀ ਧਿਆਨਪੁਰ ਆਦਿ ਹਾਜ਼ਰ ਸਨ।



# ਅੱਡਾ ਹਰਦੋ ਝੰਡੇ ਪਿੰਡ ਦੀ ਸਰਪੰਚ, ਸਾਬਕਾ ਸਰਪੰਚ ਤੇ ਵੱਡੀ ਗਿਣਤੀ ਪਿੰਡ ਵਾਸੀ ਆਮ ਆਦਮੀ ਪਾਰਟੀ 'ਚ ਸ਼ਾਮਲ



ਬਟਾਲਾ, 9 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਅੱਡਾ ਹਰਦੋ ਝੰਡੇ ਪਿੰਡ 'ਚ ਸਰਪੰਚ ਕਮਲਜੀਤ ਕੌਰ, ਪੰਚਾਇਤ ਮੈਂਬਰ ਅਮਰਜੀਤ ਕੌਰ, ਸਾਬਕਾ ਸਰਪੰਚ ਰਜਿੰਦਰ ਸਿੰਘ ਸੋਢੀ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੱਖ-ਵੱਖ ਪਾਰਟੀਆਂ ਨੂੰ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਆਮ ਆਦਮੀ ਪਾਰਟੀ ਦੇ ਚਿੰਨ੍ਹ ਵਾਲੇ ਮਫਲਰ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਸ਼ਾਮਲ ਹੋਣ ਵਾਲਿਆਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਜਦੋਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਵਾਗਡੋਰ ਸੰਭਾਲੀ ਹੈ, ਉਦੋਂ ਤੋਂ ਹੀ ਰੰਗਲੇ ਪੰਜਾਬ ਦੀ ਮੁੜ ਸੁਨਹਿਰੀ ਦਿੱਖ ਸਿਰਜਣ ਲਈ ਪੰਜਾਬ ਵਾਸੀਆਂ ਨੂੰ ਮੁਫਤ 600 ਯੂਨਿਟ ਬਿਜਲੀ ਸਪਲਾਈ, ਮੁਫਤ ਮਿਆਰੀ ਸਿਹਤ ਸਹੂਲਤਾਂ, ਮੁਫਤ 10 ਲੱਖ ਰੁਪਏ ਤੱਕ ਇਲਾਜ ਲਈ ਸਿਹਤ ਬੀਮਾ ਯੋਜਨਾ, ਮਿਆਰੀ ਸਿੱਖਿਆ ਤੇ ਪੰਜਾਬ ਦਾ ਬਹੁਪੱਖੀ ਰੁਜ਼ਗਾਰ ਮੁਖੀ ਵਿਕਾਸ ਆਦਿ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ ਨਸ਼ਿਆਂ ਦੀ ਜੜ੍ਹ ਪੁੱਟਣ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਢੀ ਹੋਈ ਹੈ, ਜਿਸ ਦੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਸਾਰਥਿਕ ਨਤੀਜੇ ਮਿਲੇ ਹਨ। ਇਸ ਮੌਕੇ 'ਤੇ ਪਰਮਜੀਤ ਸਿੰਘ ਖਹਿਰਾ, ਰਜਿੰਦਰ ਸਿੰਘ ਸੋਢੀ ਸਾਬਕਾ ਸਰਪੰਚ, ਨਿਰਮਲ ਸਿੰਘ, ਸੁਰਜਨ ਸਿੰਘ, ਸੁਰਜੀਤ ਸਿੰਘ, ਅਮਰੀਕ ਸਿੰਘ, ਕੁਲਬੀਰ ਸਿੰਘ, ਸੰਨੀ ਸੋਢੀ, ਰੁਪਿੰਦਰ ਕੌਰ, ਦਲੀਪ ਸਿੰਘ, ਰਜਵੰਤ ਸਿੰਘ, ਸੁਖਵਿੰਦਰ ਸਿੰਘ, ਕਮਲਾ ਦੇਵੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।


# ਬਲਬੀਰ ਸਿੰਘ ਪੰਨੂੰ ਵੱਲੋਂ ਕੀਤੇ ਜਾ ਰਹੇ ਨੇ ਹਲਕੇ ਦੇ ਵਿਕਾਸ ਲਈ ਕੰਮ: ਕਰਨ ਬਾਠ

ਬਟਾਲਾ, 9 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਹਲਕੇ ਦੇ ਹਰ ਪਿੰਡ ਦਾ ਜੰਗੀ ਪੱਧਰ 'ਤੇ ਬਿਨਾਂ ਕਿਸੇ ਭੇਦ-ਭਾਵ ਦੇ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤੀ ਬਾਠ ਦੇ ਸਰਪੰਚ ਕਰਨ ਬਾਠ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਅਭਿਆਨ ਚਲਾਇਆ ਜਾ ਰਿਹਾ ਹੈ। ਉਸ ਨੂੰ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਪਿੰਡ ਵਾਸੀਆਂ ਨੂੰ ਇਸ ਦੇ ਬੁਰੇ ਪ੍ਰਭਾਵਾਂ ਤੋਂ ਦੱਸਦੇ ਹਨ ਤੇ ਇਸ ਨਾਲ ਨੌਜਵਾਨਾਂ ਵਿੱਚ ਜਾਗ੍ਰਿਤੀ ਆ ਰਹੀ ਹੈ ਤੇ ਨਸ਼ਿਆਂ ਤੋਂ ਤੌਬਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਲਬੀਰ ਸਿੰਘ ਪੰਨੂੰ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਵਿਆਪਕ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਪਿੰਡਾਂ, ਕਸਬਿਆਂ ਤੇ ਸ਼ਹਿਰੀ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਖਿਲਾਫ਼ ਲਾਮਬੰਦ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਉਹ ਨਸ਼ਿਆਂ ਨੂੰ ਖਤਮ ਕਰਨ ਲਈ ਸਹਿਯੋਗ ਕਰਨ ਤੇ ਜੋ ਲੋਕ ਕਿਸੇ ਕਾਰਨ ਨਸ਼ਿਆਂ ਦੇ ਜਾਲ ਵਿੱਚ ਫਸ ਗਏ ਹਨ, ਉਨ੍ਹਾਂ ਦਾ ਇਲਾਜ ਕਰਵਾਉਣ ਲਈ ਅੱਗੇ ਆਉਣ। ਇਸ ਮੌਕੇ ਪਿੰਡ ਵਾਸੀ ਤੇ ਸਮੁੱਚੀ ਪੰਚਾਇਤ ਹਾਜ਼ਰ ਸੀ।



# ਰਾਇਕੋਟ ਦੇ ਨਾਮਧਾਰੀ ਸ਼ਹੀਦ

**ਜਸਬੀਰ ਸਿੰਘ ਸਿੱਧੂ**




ਮੁਗਲ ਕਾਲ ਤੋਂ ਬਾਅਦ ਪਿੱਛੋਂ ਅੰਗਰੇਜ਼ੀ ਸ਼ਾਸਕਾਂ ਨੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜਕਾਲ ਮਗਰੋਂ ਤਕਰੀਬਨ ਸੰਨ 1846 ਨੂੰ ਪੰਜਾਬ ਦੇ ਪਾਵਨ ਅਸਥਾਨ ਸ੍ਰੀ ਅੰਮ੍ਰਿਤਸਰ ਵਿਖੇ ਕੁਟਲ ਨੀਤੀ ਨਾਲ ਗਊਆਂ ਦੇ ਵੱਗ ਉੱਤੇ ਤੋਪਖਾਨੇ ਦੇ ਮੰਤਰੀ ਨੇ ਗੋਲੀਆਂ ਮਾਰ-ਮਾਰ ਕੇ ਲਹੂ-ਲੁਹਾਣ ਕਰ ਦਿੱਤੀਆਂ, ਜਿਸ ਕਾਰਨ ਸ਼ਹਿਰ ਦੇ ਸਿੱਖਾਂ ਅਤੇ ਹਿੰਦੂ ਲੋਕਾਂ ਨੇ ਹੜਤਾਲ ਕਰ ਦਿੱਤੀ। ਜਦੋਂ ਇਹ ਮੌਕਾ ਵੇਖਣ ਲਈ ਸ਼ਾਸਕ ਹੈਨਰੀ ਲਾਰੈਂਸ ਆਇਆ ਤਾਂ ਲੋਕਾਂ ਨੇ ਉਸ ਉੱਤੇ ਰੋੜੇ-ਵੱਟੇ ਮਾਰ ਕੇ ਉਸ ਨੂੰ ਫੱਟੜ ਕਰ ਦਿੱਤਾ ਤਾਂ ਲਾਰੈਂਸ ਨੇ ਹੁਕਮ ਦੇ ਕੇ ਇਨ੍ਹਾਂ ਲੋਕਾਂ ਨੂੰ ਫੜ ਕੇ ਕਈਆਂ ਨੂੰ ਮੌਕੇ ਤੇ ਹੀ ਮਰਵਾ ਦਿੱਤਾ, ਕੁਝ ਨੂੰ ਫਾਂਸੀ ਚਾੜ੍ਹ ਦਿੱਤਾ ਅਤੇ ਕੁਝ ਕਾਲੇ ਪਾਣੀ ਭੇਜ ਕੇ ਬਹੁਤ ਘਿਨਾਉਣੀਆਂ ਸਜ਼ਾਵਾਂ ਦੇ ਕੇ ਜਲੀਲ ਕੀਤਾ।

ਇਸ ਤਰ੍ਹਾਂ ਲਾਰੈਂਸ ਨੇ ਇਲਾਕੇ ਵਿਚ ਗਊਕੁਸ਼ੀ ਅਤੇ ਗਊਮਾਸ ਵੇਚਣ ਲਈ ਸ਼ਰੇਆਮ ਰਾਹ ਬਣਾ ਲਿਆ। ਪਰ ਉਸ ਨੇ ਫਰਜ਼ੀ ਤੌਰ ਤੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜੋੜੇ ਨਾ ਪਾ ਕੇ ਜਾਣ ਅਤੇ ਸ਼ਹਿਰ ਦੀ ਪਵਿੱਤਰਤਾ ਲਈ ਗਊ ਹੱਤਿਆ ਆਦਿ ਨਹੀਂ ਹੋਵੇਗੀ, ਜਿਸ ਸਬੰਧੀ ਇਹ ਹੁਕਮ ਤਾਂਬੇ ਦੇ ਪੱਤਰੇ 'ਤੇ ਲਿਖਵਾ ਕੇ ਦਰਸ਼ਨੀ ਡਿਓਢੀ ਦੇ ਬਾਹਰ ਲਗਵਾ ਦਿੱਤਾ। ਕਿਉਂਕਿ ਇਸ ਤੋਂ ਪਹਿਲਾਂ ਸ਼ੇਰੇ ਪੰਜਾਬ ਦੇ ਰਾਜ ਵਿਚ ਅੰਗਰੇਜ਼ਾਂ ਦੇ ਆਉਣ ਤੱਕ ਕਦੇ ਵੀ ਗਊਕੁਸ਼ੀ ਨਹੀਂ ਸੀ ਹੁੰਦੀ। ਗਊ ਹੱਤਿਆ ਕਰਨ ਵਾਲਿਆਂ ਨੂੰ ਪਹਿਲਾਂ ਵੀ ਸਿੰਘ ਯੋਧਿਆ ਨੇ ਬੁੱਚੜਾ ਨੂੰ ਸੋਧ ਕੇ ਬੁੱਚੜਖਾਨੇ ਬੰਦ ਕਰਵਾ ਦਿੱਤੇ ਸਨ। ਇਸ ਦੇ ਬਾਵਜੂਦ ਮੌਜੂਦਾ ਪੰਜਾਬ ਦੇ ਗਵਰਨਰ ਡਲਹੌਜ਼ੀ ਅਤੇ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਮ.ਸੀ. ਸਾਂਡਰਸ ਤੇ ਹੋਰ ਹਾਕਮਾਂ ਨਾਲ ਮਿਲ ਕੇ ਪਾੜੋ ਤੇ ਰਾਜ ਕਰ ਦੀ ਨੀਤੀ ਤਹਿਤ ਪੰਜਾਬ ਵਿਚ ਗਊਕੁਸ਼ੀ ਕਰਕੇ ਮਾਸ ਵੇਚਣ ਤੇ ਬੁੱਚੜਖਾਨੇ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਇਸ ਤਰ੍ਹਾਂ ਪੰਜਾਬ ਵਿਚ ਕਈ ਥਾਈਂ ਕਸਾਈਖਾਨੇ ਖੋਲ੍ਹ ਦਿੱਤੇ।

ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬਾਹਰਲੀ ਕੰਧ ਦੇ ਨਾਲ ਲਾਹੌਰੀ ਦਵਰਾਜੇ ਕੋਲ ਘੰਟਾ ਘਰ ਵਾਲੀ ਥਾਂ ਤੇ ਗਊ ਹੱਤਿਆ ਦਾ ਬੁੱਚੜਖਾਨਾ ਖੁੱਲ੍ਹਵਾ ਦਿੱਤਾ। ਜਿਥੇ ਗਊ ਮਾਸ ਦੀਆਂ ਬੋਟੀਆਂ ਹੱਡੀਆਂ ਤੇ ਛਿਛੜੇ ਕਾ-ਇੱਲਾਂ ਚੁੱਕ ਕੇ ਸ੍ਰੀ ਹਰਿਮੰਦਰ ਸਾਹਿਬ ਸਰਵਰ ਵਿਚ ਅਤੇ ਬਨੇਰਿਆਂ 'ਤੇ ਬਹਿ ਕੇ ਸੁੱਟਦੇ, ਜਿਸ ਨਾਲ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਘਰ ਬੇਅਦਬੀ ਹੁੰਦੀ, ਜਿਸ ਨੂੰ ਵੇਖ ਕੇ ਸਿੱਖ ਸੰਗਤ ਬਰਦਾਸ਼ਤ ਨਾ ਕਰ ਸਕਦੀ, ਕਿਉਂਕਿ ਉਸ ਸਮੇਂ ਦੇ ਪੁਜਾਰੀ ਮਹੰਤ ਅੰਗਰੇਜ਼ਾਂ ਦੀ ਖ਼ੈਰ-ਖੁਆਹੀ ਅਧੀਨ ਸਨ, ਜਿਸ ਕਾਰਨ ਸਿੱਖ ਸੰਗਤ ਕੁਝ ਵੀ ਕਰਨ ਤੋਂ ਅਸਮਰੱਥ ਸੀ।

ਉਸ ਸਮੇਂ ਨਾਮਧਾਰੀ ਕੂਕਾ-ਪੰਥ ਦੇ ਸਿਰਮੌਰ ਆਗੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਅਭਿਆਸੀ ਤੇ ਜੁਝਾਰੂ ਸਿੱਖ ਪੂਰੇ ਜੋਸ਼-ਹੋਸ਼ ਨਾਲ ਤਿਆਰ-ਬਰ-ਤਿਆਰ ਸਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਅੰਗਰੇਜ਼ਾਂ ਵਲੋਂ ਖੁਲ੍ਹਵਾਏ ਬੁੱਚੜਖਾਨੇ ਬਹੁਤ ਰੜਕਦੇ ਸਨ। ਸਿੰਘਾਂ ਨੇ ਸਲਾਹ-ਮਸ਼ਵਰਾ ਕਰ ਕੇ ਜੇਠ ਸੁਦੀ ਪੂਰਨਮਾਸ਼ੀ 14 ਜੂਨ, 1871 ਨੂੰ ਬੁੱਚੜਖਾਨੇ ਤੇ ਹੱਲਾ ਬੋਲ ਦਿੱਤਾ। ਗਊਆਂ ਦੇ ਰੱਸੇ ਵੱਢ ਕੇ ਬੁੱਚੜਾਂ ਨੂੰ ਸੋਧ ਦਿੱਤਾ। ਇਸ ਕਾਰਨਾਮੇ ਦਾ ਜਦੋਂ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਬਾਰ ਵਿਚ ਪਤਾ ਲੱਗਾ ਤਾਂ ਉਥੇ ਪਹੁੰਚੇ ਹੋਏ ਇਨ੍ਹਾਂ ਜੁਝਾਰੂ ਸਿੰਘਾਂ ਨੂੰ ਹੁਕਮ ਦਿੱਤਾ ਕਿ ਵਾਪਸ ਜਾ ਕੇ ਆਪਣਾ ਕਾਰਨਾਮਾ ਕਬੂਲ ਕਰਕੇ ਸ਼ਹੀਦੀਆਂ ਪਾਓ ਤੇ ਬੇੜੀਆਂ ਨੂੰ ਛੁਡਵਾਓ। ਇਹ ਸਿੰਘ ਵਾਪਸ ਅੰਮ੍ਰਿਤਸਰ ਪਹੁੰਚ ਕੇ ਦਿਨ-ਦਿਹਾੜੇ ਰਾਮਬਾਗ ਬੋਹੜ ਦੇ ਹੇਠਾਂ ਫਾਂਸੀ ਦੇ ਰੱਸੇ ਝੂਟ ਕੇ ਸ਼ਹੀਦ ਹੋ ਗਏ।ਇਸ ਤੋਂ ਬਾਅਦ ਬਾਗਾਂ ਵਾਲੇ (ਮੋਰਿੰਡਾ) ਗੁਰਦੁਆਰਾ ਸਾਹਿਬ ਦੇ ਲਾਗੇ ਖੋਲ੍ਹੇ ਬੁੱਚੜਖਾਨੇ ਉੱਤੇ ਹੱਲਾ ਕਰਕੇ 7 ਜੁਲਾਈ, 1871 ਈ: ਨੂੰ ਨਾਮਧਾਰੀ ਸਿੰਘਾਂ ਨੇ ਉਸ ਨੂੰ ਬੰਦ ਕਰਵਾ ਕੇ ਗਊਆਂ ਆਜ਼ਾਦ ਕਰਵਾਈਆਂ। ਇਨ੍ਹਾਂ ਹਮਲਾਵਰ ਸਿੰਘਾਂ 'ਤੇ 8 ਜੁਲਾਈ ਨੂੰ ਮੁਕੱਦਮਾ ਵੀ ਚੱਲਿਆ ਪਰ ਇਨ੍ਹਾਂ ਦੇ ਖਿਲਾਫ਼ ਕੋਈ ਗਵਾਹ ਨਾ ਹੋਣ ਕਰਕੇ ਇਹ ਸਿੰਘ ਬਰੀ ਹੋ ਗਏ।

ਇਸੇ ਤਰ੍ਹਾਂ ਹੀ ਰਾਇਕੋਟ ਵਿਚ ਸਥਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਛੋਹ ਪ੍ਰਾਪਤ ਗੁ_ਰ_ਦੁ_ਆ_ਰਾ ਟਾਹਲੀਆਣਾ ਸਾਹਿਬ ਦੇ ਨੇੜੇ ਵੀ ਈਸਟ ਇੰਡੀਆ ਕੰਪਨੀ ਨੇ 1856 ਈ: ਨੂੰ ਬੁੱਚੜਾ ਨੂੰ ਬੁੱਚੜਖਾਨਾ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਗੁਰਦੁਆਰੇ ਦੇ ਇਕ ਪਾਸੇ ਸੁਥਰਿਆਂ ਦੀ ਧਰਮਸ਼ਾਲਾ ਅਤੇ ਦੂਜੇ ਪਾਸੇ ਛੱਪੜ ਸੀ, ਜਿਥੇ ਬੁੱਚੜਾਂ ਵਲੋਂ ਗਊ ਘਾਤ ਕੀਤਾ ਜਾਂਦਾ। ਉਥੋਂ ਕਾਂ, ਇੱਲਾਂ ਤੇ ਗਿਰਝਾਂ ਆਦਿ ਮਾਸ ਹੱਡੀਆਂ ਨੂੰ ਚੁੱਕ ਉੱਚੇ ਰੁੱਖਾਂ ਅਤੇ ਗੁਰਦੁਆਰਾ ਸਾਹਿਬ ਦੇ ਗੁੰਬਦਾਂ ਅਤੇ ਕੰਧਾਂ ਉੱਤੇ ਸੁੱਟਦੇ। ਇਸ ਤਰ੍ਹਾਂ ਗੁਰੂ ਘਰਾਂ ਦੀ ਬੇਅਦਬੀ ਹੁੰਦੀ।ਇਕ ਦਿਨ ਪਿੱਥ ਪਿੰਡ (ਬਠਿੰਡਾ) ਦੇ ਕੂਕੇ ਸਿੱਖ ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਰਮੁਖ ਸਿੰਘ, ਪਿੰਡ ਮੰਡੀ ਦੇ ਸੂਬਾ ਰਤਨ ਸਿੰਘ ਗਿਆਨੀ ਅਤੇ ਪਿੰਡ ਨਾਈਵਾਲਾ ਦੇ ਰਤਨ ਸਿੰਘ ਆਦਿ ਸਾਰੇ ਸਿੰਘ ਇਥੋਂ ਦਾ ਸਾਰਾ ਹਾਲ ਦੇਖ-ਸੁਣ ਕੇ ਬਹੁਤ ਪ੍ਰੇਸ਼ਾਨ ਤੇ ਦੁਖੀ ਹੋਏ। 10 ਸਿੰਘਾਂ ਵਿਚੋਂ 8 ਰਾਇਕੋਟ ਗੁਰਦੁਆਰਾ ਸਾਹਿਬ ਦੇ ਬਾਹਰਵਾਰ ਖੁੱਲ੍ਹੇ ਬੁੱਚੜਖਾਨੇ 'ਤੇ ਹੱਲਾ ਬੋਲ ਕੇ ਦੇ ਬੁੱਚੜਾਂ ਨੂੰ ਥਾਈ ਹੀ ਸੋਧ ਦਿੱਤਾ।

7 ਹੋਰ ਸਖ਼ਤ ਫੱਟੜ ਕੀਤੇ, ਇਕ ਔਰਤ ਤੇ ਬੱਚਾ ਛੱਡ ਦਿੱਤੇ। ਗਊਆਂ ਦੇ ਰੱਸੇ ਵੱਢ ਕੇ ਆਜ਼ਾਦ ਕਰ ਦਿੱਤੀਆਂ।ਅਗਲੇ ਦਿਨ ਲੁਧਿਆਣੇ ਦਾ ਡੀ.ਸੀ. ਕਾਵਨ ਮੌਕੇ ਤੇ ਪੁੱਜਾ। ਸੁਣ ਅਤੇ ਸਭ ਦੇਖ ਕੇ ਉਸ ਦੀ ਨੀਂਦ ਅਤੇ ਖਾਣਾ-ਪੀਣਾ ਹਰਾਮ ਹੋ ਗਿਆ। ਉਸ ਨੇ ਪਟਿਆਲਾ ਦੇ ਰਾਜੇ ਮਹਿੰਦਰ ਸਿੰਘ ਤੋਂ ਵੀ ਮਦਦ ਮੰਗੀ। ਕੂਕਿਆਂ ਨਾਲ ਕਿੜ ਕੱਢਣ ਲਈ ਸਤਿਗੁਰੂ ਰਾਮ ਸਿੰਘ ਅਤੇ ਹੋਰ ਇਸ ਕਸਬੇ ਦੇ ਬੇਦੋਸ਼ੇ ਲੋਕਾਂ ਦਾ ਨਾਂਅ ਲਿਆ। 20 ਜੁਲਾਈ ਤੱਕ ਕੁਝ ਨਾ ਪੱਲੇ ਪਿਆ। ਸਤਿਗੁਰੂ ਰਾਮ ਸਿੰਘ ਨੂੰ ਹਮਲਾਵਰ ਸਿੱਖਾਂ ਦੇ ਫੜੇ ਜਾਣ ਉਪਰੰਤ ਰਾਇਕੋਟ-ਬੱਸੀਆਂ ਵਿਚ ਚੱਲੇ ਮੁਕੱਦਮੇ ਸਬੰਧੀ 28 ਜੁਲਾਈ, 1871 ਵਾਲੇ ਦਿਨ ਬੁਲਾਇਆ ਗਿਆ। ਡੀ.ਸੀ. ਕਾਵਨ ਦੇ ਸੱਦੇ ਤੇ ਸਤਿਗੁਰੂ ਰਾਮ ਸਿੰਘ ਡੇਢ ਦਰਜਨ ਘੋੜ ਸਵਾਰ ਤੇ ਕੁਝ ਪੈਦਲ ਸਿੰਘਾਂ ਸਮੇਤ ਪੁੱਜੇ। ਸਤਿਗੁਰੂ ਜੀ ਨੂੰ ਝੂਠੇ ਬਿਆਨਾਂ ਗਵਾਹਾਂ ਕਰਕੇ ਬੇਦੋਸ਼ੇ ਹੋਣ ਕਾਰਨ ਵਾਪਸ ਭੈਣੀ ਸਾਹਿਬ ਭੇਜ ਦਿੱਤਾ ਅਤੇ ਹਮਲਾਵਰ ਸਿੱਖਾਂ ਨੂੰ ਸੈਸ਼ਨ ਜੱਜ ਮੈਕਨਬ ਨੇ ਸੂਬਾ ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲਾ ਨੂੰ ਲੁਧਿਆਣਾ ਜੇਲ੍ਹ ਵਿਚ ਭੇਜ ਦਿੱਤਾ ਅਤੇ ਅੰਗਰੇਜ਼ੀ ਸ਼ਾਤਰ ਕਰਨਲ ਬੋਲੀ ਨੂੰ ਸ੍ਰੀ ਅੰਮ੍ਰਿਤਸਰ ਦੇ ਕਾਂਡ ਦੇ ਗੁਲਾਬ ਸਿੰਘ ਦੀ ਦਸ਼ਮਦੀਦ ਗਵਾਹੀ (ਚੰਗਾ ਚੋਖਾ ਲਾਲਚ ਦੇ ਕੇ ਦਿਵਾ ਕੇ 1 ਅਗਸਤ, 1871 ਦੇ ਫੈਸਲੇ ਅਨੁਸਾਰ ਪਿੰਡ ਪਿੱਥੋਂ ਦੇ ਜੁਝਾਰੂ ਨਾਮਧਾਰੀ ਖ਼ਾਲਸੇ ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਅਤੇ ਸੰਤ ਗੁਰਮਖ ਸਿੰਘ ਹੁਰਾਂ 5 ਅਗਸਤ, 1871 ਅੰਮ੍ਰਿਤ ਵੇਲੇ 5 ਵਜੇ ਵੱਡੀ ਗਿਣਤੀ ਦੇ ਲੋਕਾਂ ਦੇ ਸਾਹਮਣੇ ਰਾਇਕੋਟ ਬੱਸੀਆਂ ਕੋਠੀ ਲਾਗੇ ਇਕ ਰੁੱਖ ਨਾਲ ਫਾਂਸੀਆਂ ਦੇ ਰੱਸੇ ਖ਼ੁਦ ਗਲਾਂ ਵਿਚ ਪਾ ਕੇ ਬਖ਼ੌਫ ਸਹਾਦਤ ਦਾ ਜਾਮ ਪੀ ਕੇ ਸਦਾ ਲਈ ਅਮਰ ਹੋ ਗਏ।

**-ਤੇਗ ਕਲੋਨੀ, ਨੇੜੇ ਨਿਊ ਆਫ਼ੀਸਰ, ਕਾਲੋਨੀ, ਪਟਿਆਲਾ**

# ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਜਨਮ-ਦਿਹਾੜੇ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ



ਲੁਧਿਆਣਾ, 9 ਅਗਸਤ (ਕਰਨੈਲ ਸਿੰਘ ਐੱਮ.ਏ.) : ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਜੀ ਦੇ ਜਨਮ ਅਸਥਾਨ ਪਿੰਡ ਆਲੋਵਾਲ ਵਿਖੇ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਰਾੜਾ ਸਾਹਿਬ ਜੀ ਦੇ ਜਨਮ- ਦਿਹਾੜੇ 'ਤੇ ਸਲਾਨਾ ਜੋੜ-ਮੇਲੇ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ-ਰੇਖ ਹੇਠ 822ਵਾਂ ਮਹਾਨ ਖ਼ੂਨਦਾਨ ਕੈਂਪ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮਹਾਨ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਲਖਵੀਰ ਸਿੰਘ ਲੌਟ ਸਾਬਕਾ ਚੇਅਰਮੈਨ, ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਸਰਬੱਤ ਦਾ ਭਲਾ (ਚੈ) ਟਰੱਸਟ, ਮੇਘ ਚੰਦ ਸ਼ਰਮਾ ਚੇਅਰਮੈਨ, ਸਰਪੰਚ ਧਰਮਜੀਤ ਸਿੰਘ ਆਲੋਵਾਲ, ਪ੍ਰਧਾਨ ਕਰਨੈਲ ਸਿੰਘ ਆਲੋਵਾਲ ਨੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਸਾਥੀਆਂ ਵੱਲੋਂ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਜਨਮ-ਦਿਹਾੜੇ 'ਤੇ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਲਾਘਾ ਕਰਦਿਆਂ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਨੇ ਦੱਸਿਆ ਕਿ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਖ਼ੂਨਦਾਨ ਕੀਤਾ ਅਤੇ ਵਰਧਮਾਨ ਹਸਪਤਾਲ ਦੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ 'ਤੇ ਬਲਦੇਵ ਸਿੰਘ ਸੰਧੂ ਕੌਮੀ ਮੀਤ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ, ਕੇਸਰ ਸਿੰਘ ਗੁਰਨਾ, ਲਖਵਿੰਦਰ ਸਿੰਘ ਨੰਬਰਦਾਰ, ਜਥੇ: ਹਰਫੂਲ ਸਿੰਘ ਭੰਗੂ, ਰਾਮ ਸਿੰਘ ਕਲੱਬ ਪ੍ਰਧਾਨ, ਅਵਤਾਰ ਸਿੰਘ ਸ਼ੇਰਗਿੱਲ ਐੱਸ.ਡੀ.ਓ, ਹਰਪ੍ਰੀਤ ਸਿੰਘ ਭੰਗੂ, ਜਰਨੈਲ ਸਿੰਘ ਸੈਕਟਰੀ, ਪਰਮਿੰਦਰ ਸਿੰਘ ਆਲੋਵਾਲ, ਗੁਰਪ੍ਰੀਤ ਸਿੰਘ ਪੰਚ, ਦਲਜਿੰਦਰ ਸਿੰਘ ਗੁਰਨਾ, ਬਲਜਿੰਦਰ ਸਿੰਘ ਭੰਗੂ, ਹਰਜਿੰਦਰ ਸਿੰਘ ਨੰਬਰਦਾਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਹੋਏ ਨਤਮਸਤਕ, ਜੋੜਾ ਘਰ ਵਿਖੇ ਕੀਤੀ ਸੇਵਾ



ਸ੍ਰੀ ਅਨੰਦਪੁਰ ਸਾਹਿਬ, 9 ਅਗਸਤ (ਸੇਵਾ ਸਿੰਘ ਸਤਿੰਦਰਪਾਲ ਸਿੰਘ): ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਧਾਰਮਿਕ ਸਜ਼ਾ ਸੁਣਾਏ ਜਾਣ ਉਪਰੰਤ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅੱਜ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਸੀਸਗੰਜ ਸਾਹਿਬ ਨਤਮਸਤਕ ਹੋਣ ਲਈ ਪੰਹੁਚੇ ਜਿੱਥੇ ਉਨਾਂ ਨੇ ਜੋੜੇ ਝਾੜਨ ਦੀ ਸੇਵਾ ਕੀਤੀ। ਤਕਰੀਬਨ 8 ਵਜੇ ਦੇ ਕਰੀਬ ਮੰਤਰੀ ਹਰਜੋਤ ਬੈਂਸ ਅੱਜ ਨੰਗੇ ਪੈਰੀਂ, ਦਾੜਾ ਪ੍ਰਕਾਸ਼ ਕਰਕੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਪੁੱਜੇ ਜਿੱਥੇ ਸਭ ਤੋਂ ਪਹਿਲਾਂ ਉਹਨਾਂ ਵੱਲੋਂ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਸਰਬੱਤ ਤੇ ਭਲੇ ਦੀ ਅਰਦਾਸ ਕੀਤੀ ਗਈ ਉੱਥੇ ਹੀ ਉਹਨਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਜੋੜਾ ਘਰ ਵਿੱਚ ਜੋੜੇ ਝਾੜਨ ਦੀ ਸੇਵਾ ਕੀਤੀ ਜਾ ਰਹੀ ਹੈ। ਗੌਰਤਲਬ ਹੈ ਕਿ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਧਾਰਮਿਕ ਸਜਾ ਸੁਣਾਈ ਗਈ ਸੀ ਤੇ ਜਿਸ ਦੇ ਤਹਿਤ ਦੋ ਦਿਨ ਲਈ ਉਹਨਾਂ ਵੱਲੋਂ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਜੋੜੇ ਝਾੜੇ ਜਾਣੇ ਹਨ। ਇਸੇ ਪ੍ਰੋਗਰਾਮ ਦੇ ਤਹਿਤ ਅੱਜ ਮੰਤਰੀ ਹਰਜੋਤ ਸਿੰਘ ਬੈਂਸ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਪੁੱਜੇ ਹਨ।

ਜੇਕਰ ਮਾਮਲੇ ਦੀ ਗੱਲ ਕੀਤੀ ਜਾਵੇ ਤਾਂ ਇਹ ਮਾਮਲਾ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸਮਾਗਮਾਂ ਦੇ ਨਾਲ ਜੁੜਿਆ ਹੋਇਆ ਹੈ। ਸਰਕਾਰ ਵੱਲੋਂ ਕਰਵਾਏ ਗਏ ਪਹਿਲੇ ਪ੍ਰੋਗਰਾਮ ਵਿੱਚ ਗਾਇਕ ਬੀਰ ਸਿੰਘ ਵੱਲੋਂ ਗੀਤ ਗਾਏ ਗਏ ਜਿਸ ਵਿੱਚ ਸ਼ਾਮਿਲ ਹੋਏ ਕੁਝ ਲੋਕਾਂ ਵੱਲੋਂ ਉਹਨਾਂ ਗੀਤਾਂ ਦੇ ਉੱਪਰ ਨਾਚ ਗਾਣਾ ਕੀਤਾ ਗਿਆ ਤੇ ਉਸ ਮੌਕੇ ਮੰਤਰੀ ਹਰਜੋਤ ਸਿੰਘ ਬੈਂਸ ਮੌਜੂਦ ਸਨ। ਕਿਉਂਕਿ ਇਹ ਸਾਰਾ ਪ੍ਰੋਗਰਾਮ ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਕਰਵਾਇਆ ਗਿਆ ਸੀ ਜੋ ਕਿ ਮੰਤਰੀ ਹਰਜੋਤ ਸਿੰਘ ਬੈਂਸ ਦੇ ਅਧੀਨ ਆਉਂਦਾ ਹੈ ਜਿਸ ਦੇ ਚਲਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕੀਤਾ ਗਿਆ ਸੀ ਤੇ ਧਾਰਮਿਕ ਸਜ਼ਾ ਸੁਣਾਈ ਗਈ ਸੀ। ਉਸ ਸਜ਼ਾ ਨੂੰ ਪੂਰਾ ਕਰਦੇ ਆ ਮੰਤਰੀ ਹਰਜੋਤ ਸਿੰਘ ਬੈਂਸ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਸੇਵਾ ਕਰ ਰਹੇ ਹਨ।

# ਲੁਧਿਆਣਾ ਵਿਖੇ ਜਰਕ ਜਿਊਲਰੀ ਵੱਲੋਂ ਨਵੇਂ ਸ਼ੋਰੂਮ ਦਾ ਉਦਘਾਟਨ



ਲੁਧਿਆਣਾ, 9 ਅਗਸਤ (ਕਰਨੈਲ ਸਿੰਘ ਐੱਮ.ਏ.) : ਫਵਾਰਾ ਚੌਂਕ ਸਥਿਤ ਜਰਕ ਜਿਊਲਰੀ ਵੱਲੋਂ ਆਪਣੇ ਨਵੇਂ ਸ਼ੋਰੂਮ ਦੀ ਸ਼ੁਰੂਆਤ ਕੀਤੀ ਗਈ। ਕੰਪਨੀ ਦੇ ਮੁਖੀ ਤਰੁਨ ਨਰੂਲਾ, ਸੌਰਵ ਨਰੂਲਾ, ਰੋਹਿਤ ਮਹਿਤਾ, ਕੁੰਨਵਰ ਪਹੂਜਾ ਨੇ ਦੱਸਿਆ ਕਿ ਲੁਧਿਆਣਾ ਵਿੱਚ ਆਪਣਾ ਪਹਿਲਾ ਸ਼ੋਰੂਮ ਖੋਲ੍ਹਿਆ ਹੈ। ਉਹਨਾਂ ਦੱਸਿਆ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਸੰਨੀ ਭੱਲਾ, ਇੰਦੂ ਮਨੀਸ਼ ਸ਼ਾਹ, ਕਨੋਜ ਦਾਨਵ, ਸ਼ਾਹੀ ਇਮਾਮ ਉਸਮਾਨ, ਅਤੀਕ ਉਰ ਰਹਿਮਾਨ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਗੌਰਵ ਬੱਗਾ, ਵਿਜੇ ਦਾਨਵ, ਕੌਂਸਲਰ ਇੰਦਰਜੀਤ ਸਿੰਘ ਇੰਦੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸ਼ੋਰੂਮ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਭਾਰਤ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਬਰਾਂਚਾਂ ਖੋਲ੍ਹੀਆਂ ਜਾਣਗੀਆਂ। ਉਹਨਾਂ ਨੇ ਦੱਸਿਆ ਕਿ ਇਸ ਸ਼ੋਰੂਮ ਵਿੱਚ ਗਾਹਕਾਂ ਦੀ ਮਨਪਸੰਦ ਨੂੰ ਧਿਆਨ ਵਿੱਚ ਰੱਖਦਿਆਂ ਆਧੁਨਿਕ ਡਿਜ਼ਾਇਨਾਂ ਦੇ ਅਲੱਗ ਅਲੱਗ ਰੇਂਜ ਦੇ ਗੋਲਡ ਜਿਊਲਿਰ ਉਪਲੱਬਧ ਹੈ। ਉਹਨਾਂ ਦੱਸਿਆ ਕਿ ਸਾਡਾ ਮਿਸ਼ਨ ਗੁਣਵੱਤਾ, ਕਾਰੀਗਰੀ, ਜਾਂ ਸੁੰਦਰਤਾ ਨਾਲ ਸਮਝੌਤਾ ਕੀਤੇ ਬਿਨਾਂ ਪ੍ਰੀਮੀਅਮ ਗਹਿਣਿਆਂ ਨੂੰ ਪਹੁੰਚਯੋਗ ਆਸਾਨ ਬਣਾਉਣਾ ਹੈ। ਉਹਨਾਂ ਦੱਸਿਆ ਕਿ ਸਾਡਾ ਮਿਸ਼ਨ ਹਰੇਕ ਵਿਅਕਤੀ ਗੋਲਡ ਖਰੀਦ ਸਕੇ। ਇਸ ਲਈ ਸਾਡੇ ਸ਼ੋਰੂਮ ਵਿੱਚ AGRAM GOLD ਵੀ ਉਪਲਬਧ ਹੈ, ਭਾਵੇਂ ਇਹ ਇੱਕ ਦੁਲਹਨ ਦੀ ਮਾਸਟਰਪੀਸ ਹੋਵੇ, ਰੋਜ਼ਾਨਾ ਪਹਿਨਣਾ ਹੋਵੇ, ਜਾਂ ਇੱਕ ਤੋਹਫ਼ਾ ਜੋ ਇੱਕ ਖਾਸ ਪਲ ਨੂੰ ਦਰਸਾਉਂਦਾ ਹੈ, ਸਾਡੇ ਕੋਲ ਹਰ ਕਿਸੇ ਲਈ ਕੁਝ ਖਾਸ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਗਹਿਣੇ ਕਿਫਾਇਤੀ ਕੀਮਤਾਂ ਵਿੱਚ ਤੁਹਾਡੀ ਯਾਤਰਾ ਦਾ ਇੱਕ ਪਿਆਰਾ ਹਿੱਸਾ ਬਣਨ। ਹਰੇਕ ਉਤਪਾਦ ਵਿੱਚ ਸੋਨੇ ਦੀ ਕੀਮਤ ਹੁੰਦੀ ਹੈ। ਜਿਸਦੀ ਗਣਨਾ ਮੌਜੂਦਾ ਸੋਨੇ ਦੀਆਂ ਦਰਾਂ ਦੇ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ। ਪਾਰਦਰਸ਼ੀ ਅਤੇ ਨਿਰਪੱਖ ਡੀਲਿੰਗ ਸਾਡਾ ਮੁੱਖ ਉਦੇਸ਼ ਹੈ। ਉਹਨਾਂ ਨੇ ਦੱਸਿਆ ਕਿ ਗ੍ਰਾਹਕ ਦੇ ਬਿੱਲ 'ਤੇ ਫੋਟੋ, ਉਤਪਾਦ ਦਾ ਅਸਲ ਭਾਰ ਅਤੇ ਸੋਨੇ ਦੇ ਭਾਰ ਦੇ ਨਾਲ ਆਪਣੇ ਉਤਪਾਦ ਦਾ ਪੂਰਾ ਵੇਰਵਾ ਮਿਲੇਗਾ। ਉਹਨਾਂ ਨੇ ਦੱਸਿਆ ਕਿ ਸਾਡੇ ਸ਼ੋਰੂਮ ਤੋਂ ਖਰੀਦੇ ਗਏ ਸਾਡੇ ਹਰੇਕ ਉਤਪਾਦ 'ਤੇ ਲਾਈਫਟਾਈਮ ਵਾਰੰਟੀ ਦਿੱਤੀ ਜਾਂਦੀ ਹੈ।


ਯੂਨੀਅਨ ਬੈਂਕ ਆਫ ਇੰਡੀਆ — ਭਾਰਤ ਸਰਕਾਰ ਦਾ ਇਕ ਅਦਾਰਾ | Union Bank of India — A Government of India Undertaking

## ਯੂਨੀਅਨ ਬੈਂਕ ਆਫ ਇੰਡੀਆ

**ਈ-ਨਿਲਾਮੀ ਵਿਕਰੀ ਸੂਚਨਾ**

ਖੇਤਰੀ ਦਫਤਰ : 41/1, ਵਾਲੀਆ ਕੰਪਲੈਕਸ, ਆਤਮ ਨਗਰ, ਦੁੱਗਰੀ ਰੋਡ, ਲੁਧਿਆਣਾ-141003

**ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 11.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**

ਬਿਆਨਾ ਰਕਮ ਬੋਲੀ ਦੇਣ ਤੋਂ ਪਹਿਲਾਂ ਨਿਲਾਮੀ ਸਮੇਂ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਸੰਪੱਤੀ ਆਈਡੀ ਨਾਲ ਜਮ੍ਹਾਂ ਅਤੇ ਲਿੰਕ/ਮੈਪ ਕੀਤੀ ਜਾਵੇਗੀ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਕਿਸੇ ਵੀ ਤਕਨੀਕੀ ਰੁਕਾਵਟ ਤੋਂ ਬਚਣ ਲਈ ਅਗਾਊਂ ਤੌਰ 'ਤੇ ਸੰਪੱਤੀ ਆਈਡੀ ਨਾਲ ਬਿਆਨਾ ਰਕਮ ਰਾਸ਼ੀ ਨੂੰ ਜਮ੍ਹਾਂ ਅਤੇ ਲਿੰਕ/ਮੈਪ ਕੀਤਾ ਜਾਵੇ।

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਅਤੇ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (†) ਅਤੇ ਜ਼ਾਮਨ (†) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 11.09.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"ਅਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : **https://baanknet.com** ਰਾਹੀਂ ਆਯੋਜਿਤ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ ਦਾ ਨਾਮ/ਸੰਪਰਕ ਨੰਬਰ ਅਤੇ ਕਰਜ਼ਦਾਰ/ਜ਼ਾਮਨ/ਗਿਰਵੀਕਾਰ | ਬਕਾਇਆ ਰਕਮ | ਸੰਪੱਤੀ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| 1. | ਫਿਰੋਜ਼ਪੁਰ ਰੋਡ ਸ਼ਾਖਾ ਮੋ.ਨੰ.9992439338<br>ਕਰਜ਼ਦਾਰ ਅਤੇ ਗਿਰਵੀਕਾਰ: (a) ਸ਼੍ਰੀ ਰਵਿੰਦਰ ਸਿੰਘ ਪੁੱਤਰ ਸ਼੍ਰੀ ਮੋਹਨ ਸਿੰਘ (ਕਰਜ਼ਦਾਰ) ਪਤਾ1: ਮਕਾਨ ਨੰਬਰ-ਬੀ XXIX-1513/5, ਗਲੀ ਨੰਬਰ 8B, ਮੁਹੱਲਾ ਹਰਕਿਸ਼ਨ ਨਗਰ, ਦੁਸਹਿਰਾ ਗਰਾਊਂਡ ਦੇ ਨੇੜੇ, ਪਿੰਡ- ਗਿੱਲ ਨੰਬਰ 1 ਲੁਧਿਆਣਾ -141008, ਪਤਾ2: ਮਕਾਨ ਨੰਬਰ ਬੀ-7-898, ਗੁਰੂ ਨਾਨਕ, ਲੱਕੜ ਮਾਰਕੀਟ, ਲੱਕੜ ਬਾਜ਼ਾਰ, ਕੇਂਦਰੀ ਡਾਕਘਰ ਲੁਧਿਆਣਾ ਜ਼ਿਲ੍ਹਾ-ਲੁਧਿਆਣਾ-141008, (b) ਸ਼੍ਰੀਮਤੀ ਸੁਖਨੰਦਨ ਕੌਰ ਪਤਨੀ ਸ਼੍ਰੀ ਰਵਿੰਦਰ ਸਿੰਘ, (ਸਹਿ-ਕਰਜ਼ਦਾਰ ਅਤੇ ਗਿਰਵੀਕਾਰ), ਪਤਾ1: ਮਕਾਨ ਨੰਬਰ-ਬੀ XXIX-1513/5, ਗਲੀ ਨੰਬਰ 8ਬੀ, ਮੁਹੱਲਾ ਹਰਕਿਸ਼ਨ ਨਗਰ, ਦੁਸਹਿਰਾ ਗਰਾਊਂਡ ਦੇ ਨੇੜੇ, ਪਿੰਡ- ਗਿੱਲ ਨੰਬਰ 1। ਲੁਧਿਆਣਾ-141008, ਪਤਾ2: ਮਕਾਨ ਨੰ: ਬੀ-7-898, ਗੁਰੂ ਨਾਨਕ, ਟਿੰਬਰ ਮਾਰਕੀਟ, ਲੱਕੜ ਬਜਾਰ, ਕੇਂਦਰੀ ਡਾਕਖਾਨਾ ਲੁਧਿਆਣਾ ਜ਼ਿਲ੍ਹਾ-ਲੁਧਿਆਣਾ-141008 | ਰੁ.5,47,005.35 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਲੁਧਿਆਣਾ ਦੇ ਹਰਕ੍ਰਿਸ਼ਨ ਨਗਰ, ਗਲੀ ਨੰਬਰ 8-ਬੀ ਵਿੱਚ ਸਥਿਤ ਐਮਸੀ ਨੰਬਰ ਬੀ-XXIX-1513/5 ਵਿਖੇ 70 ਵਰਗ ਗਜ਼ ਦਾ ਰਿਹਾਇਸ਼ੀ ਘਰ ਅਤੇ ਪਿੰਡ ਗਿੱਲ-1, ਹੱਦਬਸਤ ਨੰਬਰ 263, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਦੀ 2010-11 ਦੀ ਜਮ੍ਹਾਂਬੰਦੀ ਵਿੱਚ ਦਰਜ ਕੀਤੇ ਗਏ ਖਾਤਾ ਨੰਬਰ 1168/1582 ਖਸਰਾ ਨੰਬਰ 1004/4 ਵਿੱਚ ਬਣਿਆ ਹੋਇਆ ਹੈ। ਇਹ ਪਿੰਡ ਗਿੱਲ-1, ਹੱਦਬਸਤ ਨੰਬਰ 263, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਦੀ 2010-11 ਦੀ ਜਮ੍ਹਾਂਬੰਦੀ ਵਿੱਚ ਸ਼੍ਰੀਮਤੀ ਸੁਖਨੰਦਨ ਕੌਰ ਪਤਨੀ ਰਵਿੰਦਰ ਸਿੰਘ ਦੇ ਨਾਮ 'ਤੇ ਵਾਸਿਕਾ ਨੰਬਰ 2018-19/103/1/1091 ਮਿਤੀ 24.08.2018 ਰਾਹੀਂ ਵਿਕਰੀ ਡੀਡ ਵਾਲਾ ਹੈ। ਸੀਮਾਵਾਂ: ਪੂਰਬ- ਗੁਆਂਢੀ: 29'3 ਤੱਕ÷, ਪੱਛਮੀ- ਗੁਆਂਢੀ: 29'3 ਤੱਕ", ਉੱਤਰ- ਗੁਆਂਢੀ: 21'6 ਤੱਕ", ਦੱਖਣ- ਸੜਕ 20'ਚੌੜਾ: 21'6 ਤੱਕ" (ਕਬਜ਼ਾ ਕਿਸਮ: ਸੰਕੇਤਕ) | Rs. 17,00,000/-<br>Rs. 1,70,000/-<br>Rs. 20,000/- |
| 2. | ਫਿਰੋਜ਼ਪੁਰ ਰੋਡ ਸ਼ਾਖਾ ਮੋ.ਨੰ.9992439338<br>ਕਰਜ਼ਦਾਰ: a) ਮੈਸਰਜ਼ ਸੰਤ ਆਟੋਮੋਟਿਵ ਇਲੈਕਟਰੋਨਿਕਸ (ਮਾਲਕੀ ਫਰਮ ਦੁਆਰਾ ਪ੍ਰੋਪ. ਸ਼੍ਰੀਮਤੀ ਜਸਵੀਰ ਕੌਰ), ਪਤਾ: ਦੁਕਾਨ ਨੰ: 2 ਅਤੇ 3, ਜੀ.ਟੀ. ਰੋਡ, ਸ਼ੇਰਪੁਰ ਚੌਕ, ਲੁਧਿਆਣਾ, ਪੰਜਾਬ-141122, ਅ) ਸ਼੍ਰੀਮਤੀ ਜਸਵੀਰ ਕੌਰ ਸੁਪਤਨੀ ਗੁਰਮੀਤ ਸਿੰਘ, ਮਕਾਨ ਨੰ.2024/729, ਗਲੀ ਨੰ 32, ਗੋਬਿੰਦ ਸਿੰਘ ਨਗਰ, ਏਕਤਾ ਮਾਰਗ, ਨਿਊ ਸ਼ਿਮਲਾ ਪੁਰੀ, ਮਿਲਰਗੰਜ, ਲੁਧਿਆਣਾ-141003 (ਗਿਰਵੀਕਾਰ), ਜ਼ਾਮਨ: ਏ) ਸ਼੍ਰੀ ਰਾਜਵੀਰ ਸਿੰਘ ਮਠਾੜੂ ਪੁੱਤਰ ਗੁਰਮੀਤ ਸਿੰਘ, ਮਕਾਨ ਨੰ-2024/729, ਗਲੀ ਨੰ-32, ਗੁਰੂ ਗੋਬਿੰਦ ਸਿੰਘ ਨਗਰ, ਏਕਤਾ ਮਾਰਗ ਨਿਊ ਸ਼ਿਮਲਾਪੁਰੀ, ਐਸਓ ਲੁਧਿਆਣਾ-141003 | ਰੁ.9,74,971.62 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਰਿਹਾਇਸ਼ੀ ਜਾਇਦਾਦ/ਮਕਾਨ ਨੰਬਰ 2024/729, ਜਿਸਦੀ 150 ਵਰਗ ਗਜ਼ ਦੀ ਜਾਇਦਾਦ ਹੈ, ਜੋ ਕਿ ਸਾਲ 2009-10 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 173, ਖਾਤਾ ਨੰਬਰ 844/1030 ਵਿੱਚ ਸ਼ਾਮਲ ਹੈ, ਪਿੰਡ ਲੋਹਾਰਾ, ਹੱਡਬਸਤ ਨੰਬਰ 260, ਗੁਰੂ ਗੋਬਿੰਦ ਸਿੰਘ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਸਬ-ਰਜਿਸਟਰਾਰ, ਲੁਧਿਆਣਾ ਦੇ ਦਫ਼ਤਰ ਨਾਲ ਰਜਿਸਟਰਡ ਵਿਕਰੀ ਡੀਡ ਅਨੁਸਾਰ, ਦਸਤਾਵੇਜ਼ ਨੰਬਰ 10 2021-22/103/1/2729 ਮਿਤੀ 18/06/2021 ਸ਼੍ਰੀਮਤੀ ਜਸਵੀਰ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਦੇ ਨਾਮ 'ਤੇ ਸੀਮਾਵਾਂ: ਪੂਰਬੀ-ਗਲੀ 20'ਚੌੜੀ 22'-6", ਪੱਛਮੀ-ਗੁਆਂਢ 22'-6", ਉੱਤਰ-ਗੁਆਂਢ 60'-0", ਦੱਖਣੀ-ਵਿਕਰੇਤਾ ਪ੍ਰਭਜੋਤ ਕੌਰ 60'-0" (ਕਬਜ਼ਾ ਕਿਸਮ: ਸੰਕੇਤਕ) | Rs. 33,20,000/-<br>Rs. 3,32,000/-<br>Rs. 30,000/- |
| 3. | ਖੰਨਾ ਮੁੱਖ ਸ਼ਾਖਾ ਮੋ.ਨੰ.9415776549<br>ਕਰਜ਼ਦਾਰ ਅਤੇ ਗਿਰਵੀਕਾਰ: ਸ਼੍ਰੀ ਗਗਨਦੀਪ ਸਿੰਘ ਪੁੱਤਰ ਰਾਮ ਸਿੰਘ, ਮਕਾਨ ਨੰਬਰ ਡੀ-130, ਗਲੀ ਨੰ: 4. ਲਲਹੇੜੀ ਰੋਡ, ਨੇੜੇ ਸ਼ਿਵ ਮੰਦਰ, ਜਗਤ ਕਾਲੋਨੀ ਖੰਨਾ ਜ਼ਿਲ੍ਹਾ: ਲੁਧਿਆਣਾ-141401, ਜ਼ਾਮਨ: ਸ਼੍ਰੀ ਰਾਮ ਸਿੰਘ ਪੁੱਤਰ ਬਚਨ ਸਿੰਘ, ਮਕਾਨ ਨੰ.. ਨੰਬਰ ਡੀ-130, ਨੇੜਲੀ ਰੋਡ, 4, ਜਗਤ ਕਲੋਨੀ, ਸ਼ਿਵ ਮੰਦਿਰ ਕੋਲੋਨੀ ਖੰਨਾ ਜ਼ਿਲ੍ਹਾ: ਲੁਧਿਆਣਾ-141401 | ਰੁ.9,61,123.59 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਮਕਾਨ ਨੰ.ਡੀ-130, ਗਲੀ ਨੰ. 4, ਲਲਹੇੜੀ ਰੋਡ, ਸ਼ਿਵ ਮੰਦਰ ਦੇ ਨੇੜੇ, ਜਗਤ ਕਲੋਨੀ ਖੰਨਾ ਵਿਖੇ ਸਥਿਤ ਹੈ ਜਿਸਦੀ ਮਾਪ 0 ਕਨਾਲ-4 ਮਰਲੇ ਹੈ ਭਾਵ 14 ਕਨਾਲ 2 ਮਰਲੇ ਮਾਪ ਵਾਲੀ ਜ਼ਮੀਨ ਦਾ 2/141 ਹਿੱਸਾ, ਖੇਵਟ ਨੰਬਰ 698, ਰੈਕਟ ਨੰਬਰ 104, ਕਿਲਾ ਨੰ. 22/2/3(7-0), 23/1(1-14), ਰੈਕਟ ਨੰਬਰ 105, ਕਿਲਾ ਨੰ. ਵਿੱਚ ਸ਼ਾਮਲ ਹੈ।2/1/3(0-2), 2/2(2-12), 3/1(2-14), ਜਮ੍ਹਾਂਬੰਦੀ ਅਨੁਸਾਰ ਸਾਲ 2012-13 ਲਈ ਸ਼੍ਰੀ ਗਗਨਦੀਪ ਸਿੰਘ ਪੁੱਤਰ ਰਾਮ ਸਿੰਘ ਦੇ ਨਾਮ 'ਤੇ: ਪੂਰਬ: ਗਗਨਦੀਪ ਕੌਰ ਦਾ ਘਰ, ਪੱਛਮ: ਗਲੀ, ਉੱਤਰ: ਬਲਵਿੰਦਰ ਸਿੰਘ, ਦੱਖਣ: ਨੀਤੂ ਸਾਈਡ (ਕਬਜ਼ੇ ਦੀ ਕਿਸਮ: ਸੰਕੇਤਕ) | Rs. 14,50,000/-<br>Rs. 1,45,000/-<br>Rs. 15,000/- |
| 4. | ਖੰਨਾ ਮੁੱਖ ਸ਼ਾਖਾ ਮੋ.ਨੰ.9415776549<br>ਕਰਜ਼ਦਾਰ: 1. ਆਪਸ਼ਨ ਟਰੈਂਜ਼, ਦੁਕਾਨ ਨੰਬਰ 111, ਗੁਰੂ ਅਮਰਦਾਸ ਮਾਰਕੀਟ, ਖੰਨਾ, ਲੁਧਿਆਣਾ, 2. ਸ਼੍ਰੀ ਮਨੂ ਕੁਮਾਰ ਪੁੱਤਰ ਕੇਵਲ ਕ੍ਰਿਸ਼ਨ (ਵਿਕਲਪ ਟਰੈਨਜ਼ ਦੇ ਮਾਲਕ) ਮਕਾਨ ਨੰਬਰ 176, ਵਾਰਡ ਨੰ. 4. ਨਈ ਅਬਾਦੀ ਨੇੜੇ ਸ਼ਿਵ ਮੰਦਿਰ, ਖੰਨਾ ਲੁਧਿਆਣਾ, ਜ਼ਾਮਨ ਸ਼: ਕ੍ਰਿਸ਼ਨ ਕੇਵਲ ਰਾਮ ਚੰਦ, ਮਕਾਨ ਨੰ 176, ਵਾਰਡ ਨੰ 4, ਨਈ ਅਬਾਦੀ ਨੇੜੇ ਸ਼ਿਵ ਮੰਦਰ, ਖੰਨਾ ਲੁਧਿਆਣਾ | ਰੁ.34,46,119.15 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਮਨੂੰ ਕੁਮਾਰ ਦੇ ਨਾਮ 'ਤੇ ਸਬ ਰਜਿਸਟਰਾਰ, ਖੰਨਾ, ਜ਼ਿਲ੍ਹਾ ਲੁਧਿਆਣਾ ਦੁਆਰਾ ਵਸੀਕਾ ਨੰਬਰ 252, ਮਿਤੀ 13.04.2010 ਦੇ ਅਧੀਨ ਪੰਜੀਕ੍ਰਿਤ ਵਿਕਰੀ ਡੀਡ ਅਧੀਨ ਖੰਨਾ, ਜ਼ਿਲ੍ਹਾ ਲੁਧਿਆਣਾ ਦੀਆਂ ਨਗਰ ਹੱਦਾਂ ਦੇ ਅੰਦਰ ਅਤੇ ਮਾਲ ਖੇਤਰ ਦੇ ਵਿਚ 2-1/2 ਮਰਲੇ ਮਾਪ ਵਾਲਾ ਕਲੋਨੀ (ਗੀਬੋਕ ਕਲੋਨੀ) ਸਾਹਮਣੇ ਸ਼ਨੀ ਦੇਵ ਮੰਦਿਰ, ਜੀ.ਟੀ. ਰੋਡ, ਖੰਨਾ ਵਿਚ ਸਥਿਤ ਵਪਾਰਕ ਪਲਾਟ। ਹੱਦਬੰਦੀ ਨਿਮਨ ਅਨੁਸਾਰ ਪੂਰਬ: ਸੜਕ ਬਾਹੀ 15'-0", ਪੱਛਮ: ਸ਼੍ਰੀ ਪਵਨ ਕੁਮਾਰ ਦਾ ਪਲਾਟ 15'-0", ਉੱਤਰ: ਸ਼੍ਰੀ ਰਾਜਿੰਦਰ ਕੁਮਾਰ ਦਾ ਪਲਾਟ 45'-0", ਦੱਖਣ: ਸਾਹਿਲ ਕੁਮਾਰ ਦੀ ਦੁਕਾਨ 45'-0", ਪਲਾਟ ਖੇਤਰਫਲ 15' X 45' 675 ਵਰਗ ਫੁੱਟ, (ਕਬਜ਼ਾ ਕਿਸਮ: ਭੌਤਿਕ (ਖਾਲੀ ਪਲਾਟ)] | Rs. 18,00,000/-<br>Rs. 1,80,000/-<br>Rs. 20,000/- |
| 5. | ਮੰਡੀ ਗੋਬਿੰਦਗੜ੍ਹ ਸ਼ਾਖਾ ਮੋ.ਨੰ.9717487407<br>ਕਰਜ਼ਦਾਰ (†) : ਸ਼੍ਰੀਮਤੀ ਅਲਕਾ ਸ਼ਰਮਾ ਸਪੁੱਤਰੀ ਸ਼੍ਰੀ ਰਾਮ ਨਿਵਾਸ ਸ਼ਰਮਾ, ਮਕਾਨ ਨੰ: 141 ਗਾਂਧੀ ਨਗਰ ਸੈਕਟਰ 21ਏ ਮੰਡੀ ਗੋਬਿੰਦਗੜ੍ਹ 147301 (ਇਸ ਤੋਂ ਇਲਾਵਾ ਪ੍ਰੋਪ ਅਲਕਾ ਜਨਰਲ ਸਟੋਰ), ਸ਼੍ਰੀਮਤੀ ਸਰਲਾ ਦੇਵੀ ਸੁਪਤਨੀ ਸ਼੍ਰੀ ਰਾਮ ਨਿਵਾਸ ਸ਼ਰਮਾ ਵਾਸੀ ਮਕਾਨ ਨੰ: 141 ਗਾਂਧੀ ਨਗਰ ਸੈਕਟਰ 21ਏ, ਸ਼੍ਰੀ ਗੁਬਿੰਦਗੜ੍ਹ, 141 ਗਾਂਧੀ ਨਗਰ ਸੈਕਟਰ 21ਏ, ਮਾਨ 4730 ਰਣਜੀਤ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਨਿਊ ਸ਼ਕਤੀ ਨਗਰ ਨੇੜੇ ਲਾਅ ਪ੍ਰਾਪਰਟੀ ਡੀਲਰ, ਮੰਡੀ ਗੋਬਿੰਦਗੜ੍ਹ। | ਰੁ.6,48,213.66 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਜਾਇਦਾਦ ਦਾ ਮਾਪ 1 ਬਿਸਵਾ 5 ਬਿਸਵਾ ਕੁੱਲ 6 ਵਿੱਘਾ - 5 ਬਿਸਵਾ ਜ਼ਮੀਨ ਵਿੱਚੋਂ, ਜੋ ਕਿ ਖੇਵਟ ਨੰਬਰ 992, ਖਤੌਨੀ ਨੰਬਰ 1664, ਖਸਰਾ ਨੰਬਰ 228 (6-5) ਵਿੱਚ ਸ਼ਾਮਲ ਹੈ, ਸਾਲ 2005-06 ਲਈ ਜਮ ?ਹਾਂਬੰਦੀ ਦੀ ਕਾਪੀ ਦੇ ਅਨੁਸਾਰ (ਖੇਵਟ ਨੰਬਰ 995 ਅਤੇ ਖਤੌਨੀ ਨੰਬਰ 1679 ਸਾਲ 2010-11 ਲਈ ਜਮ੍ਹਾਂਬੰਦੀ ਅਨੁਸਾਰ) ਜਸਰਾਂ, ਤਹਿਸੀਲ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ ਹੈ। ਸ਼੍ਰੀਮਤੀ ਸਰਲਾ ਦੇਵੀ ਦੁਆਰਾ ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ 1936 ਮਿਤੀ 05-10-2011 ਅਤੇ ਇਸ ਤਰ੍ਹਾਂ ਸੀਮਾਬੱਧ:- ਪੂਰਬ: ਰਾਜ ਕੁਮਾਰ, ਪੱਛਮ: ਗਲੀ 20', ਉੱਤਰ: ਜੀਤ ਸਿੰਘ, ਦੱਖਣ: ਗਲੀ 20' (ਕਬਜ਼ਾ ਕਿਸਮ: ਸੰਕੇਤਕ) | Rs. 9,00,000/-<br>Rs. 90,000/-<br>Rs. 10,000/- |
| 6. | ਮੰਡੀ ਗੋਬਿੰਦਗੜ੍ਹ ਸ਼ਾਖਾ ਮੋ.ਨੰ.9717487407<br>ਕਰਜ਼ਦਾਰ: ੳ) ਸ਼੍ਰੀ ਸੁਖਦੇਵ ਸਿੰਘ ਪੁੱਤਰ ਚਰਨਜੀਤ ਸਿੰਘ, ਇਕਬਾਲ ਨਗਰ, ਮੰਡੀ ਗੋਬਿੰਦਗੜ੍ਹ, ਪੰਜਾਬ, ਅ) ਸ਼੍ਰੀਮਤੀ ਕਰਮਜੀਤ ਕੌਰ ਪੁੱਤਰੀ ਸੁਖਦੇਵ ਸਿੰਘ, ਇਕਬਾਲ ਨਗਰ, ਮੰਡੀ ਗੋਬਿੰਦਗੜ੍ਹ, ਪੰਜਾਬ, ਜ਼ਾਮਨ: ੲ) ਮਹਿੰਦਰ ਪਾਲ ਜੈਨ ਪੁੱਤਰ ਰਾਮ ਕੁਮਾਰ ਜੈਨ, ਮਕਾਨ ਨੰ: 185, ਸੈਕਟਰ 3 ਏ, ਬੱਤਣ ਲਾਲ ਰੋਡ, ਮੰਡੀ ਗੋਬਿੰਦਗੜ੍ਹ, ਪੰਜਾਬ | ਰੁ.2,77,336.43 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | 0 ਕਨਾਲ 2 ਮਰਲੇ ½ ਸਰਸਾਈ ਦੀ ਜਾਇਦਾਦ ਜੋ ਕਿ ਖਾਤਾ ਨੰਬਰ 192/258 ਖਸਰਾ ਨੰਬਰ 25//9 (8-0) ਵਿੱਚ 37/2880 ਹਿੱਸੇ ਵਿੱਚ ਸ਼ਾਮਲ ਹੈ ਜੋ ਕਿ ਜਮ੍ਹਾਂਬੰਦੀ 2008-2009 ਦੇ ਅਨੁਸਾਰ 0 ਕਨਾਲ 2 ਮਰਲੇ ½ ਸਰਸਾਈ ਦੇ ਬਰਾਬਰ ਹੈ, ਪਿੰਡ ਮੁਗਲਮਾਜਰਾ, ਤਹਿਸੀਲ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਮਾਲੀਆ ਸੀਮਾ ਵਿੱਚ ਸ਼੍ਰੀਮਤੀ ਕਰਮਜੀਤ ਕੌਰ ਦੇ ਨਾਮ 'ਤੇ ਵਸੀਕਾ ਨੰਬਰ 2018-19/24/1/1766 ਮਿਤੀ 18-03-2019 ਸੀਮਾਵਾਂ:- ਪੂਰਬੀ-ਘਰ 40'-0", ਪੱਛਮ - ਘਰ 40'-0", ਉੱਤਰੀ-ਸਟਰੀਟ 20' ਚੌੜਾ 14'-0", ਦੱਖਣ - ਘਰ 40'-0" (ਕਬਜ਼ਾ ਕਿਸਮ: ਸੰਕੇਤਕ) | Rs. 4,30,000/-<br>Rs. 43,000/-<br>Rs. 10,000/- |
| 7. | ਮੁੱਲਾਂਪੁਰ ਸ਼ਾਖਾ ਮੋ.ਨੰ.7837290927<br>ਕਰਜ਼ਦਾਰ (†) : 1. ਸ਼੍ਰੀਮਤੀ ਸੀਤਾ ਦੇਵੀ ਪਤਨੀ ਸ਼੍ਰੀ ਸੋਬਨ ਸਿੰਘ, ਨਿਵਾਸੀ ਮਕਾਨ ਨੰਬਰ 4991, ਮਲੋਆ ਕਲੋਨੀ, ਚੰਡੀਗੜ੍ਹ, 2. ਸ਼੍ਰੀ ਸੋਬਨ ਸਿੰਘ ਨਿਵਾਸੀ ਮਕਾਨ ਨੰਬਰ 4991, ਮਲੋਆ ਕਲੋਨੀ, ਚੰਡੀਗੜ੍ਹ | ਰੁ.12,64,571.93 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਪ੍ਰਾਪਰਟੀ ਨੰ. 503 ਮਾਪਣ ਵਾਲੀ 1 ਮਰਲਾ 6 ਸਰਸਾਹੀ (ਲਗਭਗ 11.1/4 ਫੁੱਟ X 40 ਫੁੱਟ ਮਾਪ ਵਾਲੀ 50 ਵਰਗ ਗਜ਼) 97 ਕਨਾਲ 2 ਮਰਲੇ ਵਿੱਚੋਂ 15/17478 ਹਿੱਸਾ ਹੈ ਜੋ ਕਿ ਖਾਤਾ ਨੰਬਰ 281/313, ਖਸਰਾ ਨੰਬਰ 30//1/2(5-2), 30//2/2(2-3), 30//8(7-13), 30//9/1(2-13), 30//9/2(5-0), 30//10(8-0), 30//11(7-18), 30//12(8-0), 30//13(8-0), 30//18(8-0), 30//19(8-0), 30//20(3-8), ਵਿੱਚ ਸ਼ਾਮਲ ਹੈ। 30//21(0-0), 30//22(5-13), 30//23/1(3-11), 30//26(0-13), 31//5/2(2-18), 31//6(7-3), 31//7(0-12), 31//15(1-19), 32//2(0-16) ਝਾਮਪੁਰ, ਹੱਦਬਸਤ ਨੰਬਰ 22, ਗੋਵਿੰਦ ਨਗਰ, ਤਹਿਸੀਲ ਅਤੇ ਜ਼ਿਲ੍ਹਾ: ਐਸ.ਏ.ਐਸ. ਨਗਰ ਦੀਆਂ ਮਾਲ ਸੀਮਾਵਾਂ ਦੇ ਅੰਦਰ ਸਾਲ 2015-2016 ਲਈ ਜਮ੍ਹਾਂਬੰਦੀ ਅਨੁਸਾਰ ਸ਼੍ਰੀਮਤੀ ਸੀਤਾ ਦੇਵੀ ਦੇ ਨਾਮ 'ਤੇ ਵਿਕਰੀ ਡੀਡ ਵਾਲਾ ਦਸਤਾਵੇਜ਼ ਨੰਬਰ 2018-19/3/1/5444 ਮਿਤੀ 05.02.2019 ਸੀਮਾਵਾਂ:- ਪੂਰਬ-ਹੋਰ ਮਾਲਕ, ਪੱਛਮੀ-ਗਲੀ, ਉੱਤਰ - ਹੋਰ ਮਾਲਕ, ਦੱਖਣ - ਹੋਰ ਮਾਲਕ (ਕਬਜ਼ਾ ਕਿਸਮ: ਸੰਕੇਤਕ) | Rs. 14,50,000/-<br>Rs. 1,45,000/-<br>Rs. 15,000/- |
| 8. | ਰੂਪਨਗਰ ਸ਼ਾਖਾ ਮੋ.ਨੰ.9041128404<br>ਕਰਜ਼ਦਾਰ (†): 1. ਹਰਮੇਸ਼ ਸਿੰਘ ਪੁੱਤਰ ਨਸੀਬ ਸਿੰਘ, ਪਿੰਡ ਛੋਟੀ ਝੱਲੀਆਂ, ਰੋਪੜ, ਰੂਪਨਗਰ, ਪੰਜਾਬ-140001, 2. ਸ਼੍ਰੀਮਤੀ ਸਵਰਨ ਕੌਰ ਪੁੱਤਰੀ ਹਰਮੇਸ਼ ਸਿੰਘ, ਪਿੰਡ ਛੋਟੀ ਝੱਲੀਆਂ, ਰੂਪਨਗਰ, ਪੰਜਾਬ-140001 | ਰੁ.9,13,330.87 30.06.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਸਾਲ 2011-2012 ਦੀ ਫਰਦ ਜਮ੍ਹਾਂਬੰਦੀ ਅਨੁਸਾਰ ਪਿੰਡ ਛੋਟੀ ਝੱਲੀਆਂ (ਪਾਣੀ ਦੀ ਟੈਂਕੀ ਨੇੜੇ) ਹੱਦਬਸਤ ਨੰ: 3 ਮਰਲੇ 3 ਸਰਸਾਹੀ (100 ਵਰਗ ਗਜ਼) ਜ਼ਮੀਨ 59 ਤਹਿਸੀਲ ਅਤੇ ਜ਼ਿਲ੍ਹਾ ਰੂਪਨਗਰ, ਪੰਜਾਬ। 03 ਮਰਲੇ 03 ਸਰਸਾਹੀ ਜ਼ਮੀਨ 5 ਕਨਾਲ 3 ਮਰਲੇ ਵਿੱਚੋਂ 10/309 ਹਿੱਸੇ ਵਜੋਂ ਖਾਤਾ ਨੰਬਰ 149/156, ਖਸਰਾ ਨੰਬਰ 9//11/1(5-3) ਵਿੱਚ ਵਸੀਕਾ ਨੰਬਰ 1264 ਮਿਤੀ 08.07.2011 ਨੂੰ ਸ਼੍ਰੀ ਹਰਮੇਸ਼ ਸਿੰਘ ਦੇ ਨਾਮ 'ਤੇ ਸੇਲ ਡੀਡ ਦੇ ਅਨੁਸਾਰ ਸ਼ਾਮਲ ਹੈ ਜਿਸਦੀ ਹੱਦ ਹੈ: ਪੂਰਬ: ਭਾਗ ਸਿੰਘ ਦੀ ਬਾਕੀ ਜਾਇਦਾਦ, ਪੱਛਮ: ਗਲੀ, ਉੱਤਰ: ਗੁਰਚਰਨ ਸਿੰਘ ਦਾ ਪਲਾਟ, ਦੱਖਣ: ਭਾਗ ਸਿੰਘ ਦੀ ਬਾਕੀ ਜਾਇਦਾਦ (ਕਬਜ਼ਾ ਕਿਸਮ: ਸੰਕੇਤਕ) | Rs. 16,20,000/-<br>Rs. 1,62,000/-<br>Rs. 15,000/- |
| 9. | ਰੂਪਨਗਰ ਸ਼ਾਖਾ ਮੋ. ਨੰ. 9041128404<br>ਕਰਜ਼ਦਾਰ : 1) ਸ੍ਰੀ ਮਨਪ੍ਰੀਤ ਸਿੰਘ ਪੁੱਤਰ ਹਰਬੰਸ ਲਾਲ, ਵਾਸੀ ਮਕਾਨ ਨੰਬਰ 11 ਏ, ਨਿਊ ਹਰਗੋਬਿੰਦ ਨਗਰ, ਗਲੀ ਨੰ: 11, ਰੂਪਨਗਰ-140001 | ਰੁ.9,60,849.80 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਪਿੰਡ ਸ਼ਾਮਪੁਰਾ (ਹੁਣ ਨਿਊ ਹਰਗੋਬਿੰਦ ਨਗਰ ਵਜੋਂ ਜਾਣਿਆ ਜਾਂਦਾ ਹੈ), ਰੂਪਨਗਰ, ਐਚਬੀ ਨੰਬਰ 49 ਵਿੱਚ ਸਥਿਤ ਰਿਹਾਇਸ਼ੀ ਘਰ, ਖ/ਖ ਨੰਬਰ 214/249-252 ਖਸਰਾ ਨੰਬਰ ਵਿੱਚ ਸ਼ਾਮਲ ਹੈ। 4//30 (0-4), 4//10 ਮਿਨ (2-12), 5//6 ਮਿੰਟ (2-0), 4//10 ਮਿਨ (5-4), 5//6 ਮਿਨ ਦੱਖਣ (5-4) ਕੁੱਲ 15K-04M 33/2736 ਹਿੱਸੇ ਦੀ ਹੱਦ ਤੱਕ ਭਾਵ 03 ਮਰਲਾ-06 ਸਰਸਾਹੀ (110 ਵਰਗ ਗਜ਼) ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ ਸ਼੍ਰੀ ਮਨਪ੍ਰੀਤ ਸਿੰਘ ਦੇ ਨਾਮ 'ਤੇ ਸੇਲ ਡੀਡ ਬੇਅਰਿੰਗ ਦਸਤਾਵੇਜ਼ ਨੰਬਰ 2018-19/35/1/634 ਮਿਤੀ 03.10.2018 ਦੁਆਰਾ ਸੀਮਾਵਾਂ:-ਪੂਰਬੀ ਪਾਸੇ-ਅਵਤਾਰ ਸਿੰਘ ਅਤੇ ਹੋਰ, ਪੱਛਮੀ ਪਾਸੇ-ਮਾਰਗ 20 ਫੁੱਟ ਚੌੜਾਈ, ਉੱਤਰੀ ਪਾਸੇ-ਗੁਰਪਾਲ ਕੌਰ, ਦੱਖਣੀ ਪਾਸੇ-ਹੋਰ ਮਾਲਕ 24 ਫੁੱਟ 5 ਇੰਚ X 40 ਫੁੱਟ 5 ਇੰਚ ਮਾਪ (ਕਬਜ਼ਾ ਕਿਸਮ: ਸੰਕੇਤਕ) | Rs. 21,30,000/-<br>Rs. 2,13,000/-<br>Rs. 20,000/- |
| 10. | ਸਾਹਨੇਵਾਲ ਸ਼ਾਖਾ ਮੋ. ਨੰ. 7011917097<br>ਕਰਜ਼ਦਾਰ:- (ਏ) ਮੈਸਰਜ਼ ਭੂਸ਼ਣ ਕੁਮਾਰ ਐਂਡ ਕੰਪਨੀ (ਪ੍ਰੋਪਰਾਈਟਰਸ਼ਿਪ ਫਰਮ ਦੁਆਰਾ ਪ੍ਰੋਪ ਮਿਸਟਰ ਮੁਨੀਸ਼ ਵਰਮਾ, ਮਕਾਨ ਨੰ. ਬੀ1-809, ਸਾਹਨੇਵਾਲ ਕਲਾਂ, ਤਹਿਸੀਲ ਲੁਧਿਆਣਾ ਪੂਰਬੀ, ਜ਼ਿਲ੍ਹਾ ਲੁਧਿਆਣਾ-141120., (ਬੀ) ਸ਼੍ਰੀ ਮੁਨੀਸ਼ ਵਰਮਾ ਪੁੱਤਰ ਸ਼੍ਰੀ ਬਲਵੀਰ ਚੰਦ, ਮਕਾਨ ਨੰ. 09, ਬੀ-1-809 ਸਾਹਨੇਵਾਲ ਕਲਾਂ ਤਹਿਸੀਲ ਲੁਧਿਆਣਾ ਪੂਰਬ, ਜ਼ਿਲ੍ਹਾ ਲੁਧਿਆਣਾ-141120., ਜ਼ਾਮਨ:- 2) ਮ੍ਰਿਤਕ ਸ਼੍ਰੀ ਭੂਸ਼ਣ ਕੁਮਾਰ ਪੁੱਤਰ ਸ਼੍ਰੀ. ਦੀ ਜਾਇਦਾਦ। ਲੈਫਟੀਨੈਂਟ ਮੋਹਨ ਲਾਲ, ਮਕਾਨ ਨੰਬਰ 567, ਵਾਰਡ ਨੰ: 3, ਅਨਾਜ ਮੰਡੀ ਦੇ ਪਿੱਛੇ, ਸਾਹਨੇਵਾਲ, ਪੰਜਾਬ-141120, ਦੁਆਰਾ ਨੁਮਾਇੰਦਗੀ ਕੀਤੀ ਗਈ:- 2(ਏ) ਸ਼੍ਰੀ ਸੰਦੀਪ ਵਰਮਾ ਪੁੱਤਰ: ਭੂਸ਼ਣ ਕੁਮਾਰ ਵਰਮਾ ਵਾਸੀ ਬੀ-1/624/1, ਬੈਕ ਸਾਈਡ ਅਨਾਜ ਮੰਡੀ, ਸਾਹਨੇਵਾਲ, ਲੁਧਿਆਣਾ, 141120, ਲੁਧਿਆਣਾ, 141120) ਸ਼੍ਰੀ ਟੋਨੀਸ਼ ਵਰਮਾ ਪੁੱਤਰ ਸ਼੍ਰੀ ਭੂਸ਼ਣ ਕੁਮਾਰ ਵਰਮਾ, ਵਾਸੀ 48 ਐਸਐਫ, ਪਿੰਕ ਫਲੈਟ, ਰਾਜਗੁਰੂ ਨਗਰ, ਬੀ/ਐਸ ਐਮਬੀਡੀ ਮਾਲ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ, 141012, 2(ਸੀ) ਮਿਸ ਮੋਨਿਕਾ ਚੋਪੜਾ (ਸਪੁੱਤਰੀ ਭੂਸ਼ਣ ਕੁਮਾਰ ਵਰਮਾ) ਸੁਪਤਨੀ ਕੁਲਵੀਰ ਚੋਪੜਾ, ਵਾਸੀ ਏ-12, ਏ ਬਲਾਕ, ਸ਼ੀਸ਼ ਰਾਮ ਪਾਰਕ, ਉਤਮ ਨਗਰ, ਜ਼ਿਲ੍ਹਾ ਪੱਛਮੀ ਦਿੱਲੀ, 110059, 2(ਡੀ) ਕਮਲੇਸ਼ ਵਰਮਾ ਸੁਪਤਨੀ ਸ਼੍ਰੀ ਭੂਸ਼ਣ ਕੁਮਾਰ ਮਕਾਨ ਨੰਬਰ 567, ਪਿੱਛੇ ਅਨਾਜ ਮੰਡੀ, ਸਾਹਨੇਵਾਲ ਕਲਾਂ, ਲੁਧਿਆਣਾ, 2(ਈ) ਸ਼੍ਰੀ ਸਚਿਨ ਵਰਮਾ ਪੁੱਤਰ ਸ਼੍ਰੀ ਭੂਸ਼ਣ ਕੁਮਾਰ ਭੂਸ਼ਣ, ਮਕਾਨ ਨੰ. 567, ਪਿਛੇ ਅਨਾਜ ਮੰਡੀ, ਸਾਹਨੇਵਾਲ ਕਲਾਂ, ਲੁਧਿਆਣਾ। | ਰੁ.41,18,786.24 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਜ਼ਮੀਨ ਦਾ ਮਾਪ 0k-7K (ਭਾਵ 204 ਵਰਗ ਗਜ਼) ਭਾਵ ਜ਼ਮੀਨ ਮਾਪ 7K-7M ਵਿੱਚੋਂ 412/8894 ਹਿੱਸਾ, ਜੋ ਕਿ 1990-91 ਦੀ ਜਮ੍ਹਾਂਬੰਦੀ ਅਨੁਸਾਰ, ਖੱਟਾ ਨੰਬਰ 131/152, ਖਸਰਾ ਨੰਬਰ 866(7-7) ਵਿੱਚ ਸ਼ਾਮਲ ਹੈ, ਸਾਹਨੇਵਾਲ ਕਲਾਂ-1, ਹੱਦਬਸਤ. ਨੰਬਰ 227, ਸਬ ਤਹਿਸੀਲ ਸਾਹਨੇਵਾਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ ਅਤੇ ਪੂਰਬ-ਵਿਕਰੇਤਾ 53'-0, ਪੱਛਮ - ਸਵਿੱਤਰੀ ਦੇਵੀ 54'-6", ਉੱਤਰੀ ਗਲੀ 11' ਚੌੜੀ (35'-0"), ਦੱਖਣੀ ਰੱਜੂ ਰਾਮ ਅਤੇ ਹੋਰ (34'-0") ਦੇ ਅਧੀਨ ਘਿਰਿਆ ਹੋਇਆ ਹੈ (ਕਬਜ਼ਾ ਕਿਸਮ: ਸੰਕੇਤਕ) | Rs. 40,00,000/-<br>Rs. 4,00,000/-<br>Rs. 40,000/- |
| 11. | ਸਾਹਨੇਵਾਲ ਸ਼ਾਖਾ ਮੋ. ਨੰ. 7011917097<br>ਕਰਜ਼ਦਾਰ :- 1. ਮੈਸਰਜ਼ ਬਿਮਲ ਨਿਟ ਫੈਬ ਦੇ ਮਾਲਕ ਸ਼੍ਰੀ. ਰਾਜ ਕੁਮਾਰ ਪਾਠਕ, ਪਲਾਟ ਨੰ: 3735, ਗਲੀ ਨੰ: 7, ਬਾਬਾ ਦੀਪ ਸਿੰਘ ਨਗਰ, ਜ਼ਿਲ੍ਹਾ ਲੁਧਿਆਣਾ, ਪੰਜਾਬ, 141010, 2. ਸ਼੍ਰੀ ਰਾਜ ਕੁਮਾਰ ਪਾਠਕ, ਵਾਸੀ ਡੀਡ ਨੰਬਰ 1271, ਰਤੀ ਰਾਮ ਮਾਰਗ, ਡਬੂਆ ਕਲੋਨੀ, ਫਰੀਦਾਬਾਦ, ਹਰਿਆਣਾ-121001, ਸ਼੍ਰੀ ਰਾਮ ਸਿੰਘ ਵਾਸੀ ਮਕਾਨ 87 ਅੰਸਲ ਇਨਕਲੇਵ, ਲੁਧਿਆਣਾ | ਰੁ.19,41,406.49 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | 07 ਕਨਾਲ 07 ਮਰਲੇ ਵਾਲੇ ਕੁੱਲ ਖੇਤਰਫਲ ਵਿੱਚੋਂ 120 ਵਰਗ ਗਜ਼ ਦੇ ਕਮਰੇ ਅਤੇ ਵਿਹੜੇ ਵਾਲਾ ਅਚੱਲ ਜਾਇਦਾਦ ਦਾ ਪਲਾਟ, ਜਿਸ ਵਿੱਚ ਖਸਰਾ ਨੰਬਰ 4//25(7-7) ਸ਼ਾਮਲ ਹੈ, ਜੋ ਕਿ ਸਾਲ 2006-07 ਮਿਤੀ 06.05.2019 ਦੀ ਜਮ੍ਹਾਂਬੰਦੀ ਅਨੁਸਾਰ 07 ਕਨਾਲ 07 ਮਰਲੇ ਵਾਲਾ ਖਾਤਾ ਖਤੌਨੀ ਨੰ. ਪੁਰਾਣਾ 6/9, 13/15 ਨਵਾਂ 14/15 ਹੈ। ਇਹ ਸਾਲ 2011-12, 2016-17 ਮਿਤੀ 03.05.2019 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 4//25(7-7) ਵਿੱਚ ਸ਼ਾਮਲ ਹੈ। ਇਹ ਪਿੰਡ ਭੋਡਾ, ਜਗੀਰਪੁਰ ਕੱਕਾ ਰੋਡ, ਤਹਿਸੀਲ ਲੁਧਿਆਣਾ ਪੂਰਬ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਸ਼੍ਰੀ ਜਗਤ ਸਿੰਘ ਪੁੱਤਰ ਰਾਮ ਸਿੰਘ ਦੀ ਜਾਇਦਾਦ ਹੈ। ਸੀਮਾਵਾਂ: ਪੂਰਬ - ਖੁੱਲ੍ਹਾ ਪਲਾਟ 30', ਪੱਛਮੀ-ਗਲੀ 30', ਉੱਤਰ - ਗਲੀ 36', ਦੱਖਣ - ਖੁੱਲ੍ਹਾ ਪਲਾਟ 36', (ਕਬਜ਼ਾ ਕਿਸਮ: ਭੌਤਿਕ) | Rs. 10,00,000/-<br>Rs. 1,00,000/-<br>Rs. 10,000/- |
| 12. | ਸਾਹਨੇਵਾਲ ਸ਼ਾਖਾ ਮੋ. ਨੰ. 7011917097<br>ਕਰਜ਼ਦਾਰ: ਮੈਸਰਜ਼ ਜੈ ਐਂਟਰਪ੍ਰਾਈਜ਼ (ਪ੍ਰੋਪ. ਸ਼੍ਰੀ ਜੈਪਾਲ ਦੁਆਰਾ) ਗਲੀ ਨੰਬਰ 3, 4418-ਗੋਵਿੰਦ ਨਗਰ ਮੁੰਡੀਆਂ ਕਲਾਂ ਚੰਡੀਗੜ੍ਹ ਰੋਡ ਲੁਧਿਆਣਾ- 141015, ਸ਼੍ਰੀ ਜੈ ਪਾਲ, ਮਕਾਨ ਨੰ. 4418 ਗਲੀ ਨੰ. 3, 33 ਫੁੱਟ ਰੋਡ ਗੋਬਿੰਦ ਨਗਰ ਮੁੰਡੀਆਂ ਕਲਾਂ, ਲੁਧਿਆਣਾ-141015, ਜ਼ਾਮਨ: ਸ਼੍ਰੀ ਕ੍ਰਿਸ਼ਨ ਲਾਲ ਮਕਾਨ ਨੰ. 4418 ਗਲੀ ਨੰ. 3, 33 ਫੁੱਟ ਰੋਡ ਗੋਬਿੰਦ ਨਗਰ ਮੁੰਡੀਆਂ ਕਲਾਂ, ਲੁਧਿਆਣਾ-141015 | ਰੁ.8,05,512.56 31.05.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਕੁੱਲ ਖੇਤਰਫਲ 122-102-012 ਵਿੱਚੋਂ 145 ਵਰਗ ਗਜ਼ ਦੀ ਅਚੱਲ ਜਾਇਦਾਦ, ਜਿਸ ਵਿੱਚ ਖੱਟਾ ਖਤੌਨੀ ਨੰਬਰ 25/32, 26/34, ਨਵਾਂ 32/36 ਸ਼ਾਮਲ ਹੈ, ਜੋ ਕਿ ਸਾਲ 1999-2000, 2004-05, 2009-10 ਮਿਤੀ 22.10.2019 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 3 (12-10-1) ਵਿੱਚ ਸ਼ਾਮਲ ਹੈ। ਇਹ ਗਲੀ ਨੰਬਰ 3, ਗੋਬਿੰਦ ਨਗਰ, ਮੁੰਡੀਆਂ ਕਲਾਂ, ਲੁਧਿਆਣਾ ਵਿਖੇ ਸਥਿਤ ਹੈ। ਇਹ ਸ਼੍ਰੀ ਕ੍ਰਿਸ਼ਨ ਲਾਲ ਦੇ ਨਾਮ 'ਤੇ ਵਸਿਕਾ ਨੰਬਰ 311 ਮਿਤੀ 08.04.2002 ਨੂੰ ਸੇਲ ਡੀਡ ਅਧੀਨ ਹੈ ਅਤੇ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ: ਪੂਰਬ - ਗੁਆਂਢ 26'-1", ਪੱਛਮ - ਗਲੀ 26'-1", ਉੱਤਰ - ਰਣਜੀਤ ਸਿੰਘ ਦੀ ਜਾਇਦਾਦ ਹੁਣ ਅਮਰਜੀਤ ਸਿੰਘ 50'-0", ਦੱਖਣ - ਰਾਜ ਪਾਲ ਦੀ ਜਾਇਦਾਦ 50'-0", (ਕਬਜ਼ਾ ਕਿਸਮ: ਸੰਕੇਤਕ) | Rs. 30,60,000/-<br>Rs. 3,06,000/-<br>Rs. 30,000/- |
| 13. | ਐਸਡੀਪੀਐਚ ਸ਼ਾਖਾ ਮੋ. ਨੰ. 8209504502<br>ਕਰਜ਼ਦਾਰ: (ੳ) ਸ੍ਰੀ ਮੰਗਲ ਸ਼ਰਮਾ ਪੁੱਤਰ ਰਾਜ ਕੁਮਾਰ ਸ਼ਰਮਾ, ਵਾਸੀ ਮਕਾਨ ਨੰ: 1008/20, ਗਲੀ ਨੰ: 8, ਬਲ ਸਿੰਘ ਨਗਰ, ਜਹਾਂਗੀਰਪੁਰ ਉਰਫ ਜਗੀਰਪੁਰ, ਲੁਧਿਆਣਾ (ਪੰਜਾਬ)-141007, (ਅ) ਸ੍ਰੀ ਵੀਰੂ ਸ਼ਰਮਾ ਪੁੱਤਰ ਰਾਜ ਕੁਮਾਰ ਸ਼ਰਮਾ ਵਾਸੀ ਮਕਾਨ ਨੰ: 1008/20, ਗਲੀ ਨੰ: 8, ਬਲ ਸਿੰਘ ਨਗਰ, ਜਹਾਂਗੀਰਪੁਰ ਉਰਫ ਜਗੀਰਪੁਰ, ਲੁਧਿਆਣਾ (ਪੰਜਾਬ)-141007, ਜ਼ਾਮਨ: ਸ੍ਰੀ ਰਾਜ ਕੁਮਾਰ ਸ਼ਰਮਾ ਪੁੱਤਰ ਰਾਮ ਬਿਲਾਸ ਸ਼ਰਮਾ (ਜ਼ਾਮਨ) ਵਾਸੀ 1008/20, ਗਲੀ ਨੰ: 8, ਬਲ ਸਿੰਘ ਨਗਰ, ਜਹਾਂਗੀਰਪੁਰ ਉਰਫ ਜਗੀਰਪੁਰ, ਲੁਧਿਆਣਾ (ਪੰਜਾਬ)-141007, ਪਤਾ 2 : ਮਕਾਨ ਨੰ. ਬੀ-25-548/ਐਸ.ਏ.ਵੀ., ਗਲੀ ਨੰਬਰ 12, ਬਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ (ਪੰਜਾਬ)-141007 | ਰੁ.15,98,543.28 30.06.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | ਰਿਹਾਇਸ਼ੀ ਜਾਇਦਾਦ ਜਿਸ ਵਿੱਚ ਸਰਵੇਖਣ ਨੰਬਰ ਮਕਾਨ ਨੰਬਰ ਬੀ-25-1008/20, 110 ਵਰਗ ਗਜ਼ ਹੈ, ਖਸਰਾ ਨੰਬਰ 318, ਖਾਤਾ ਨੰਬਰ 1 ਵਿੱਚ ਸ਼ਾਮਲ ਹੈ। 794/812, ਸਾਲ 2010-11 ਦੀ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਤਰਫ ਜੋਧੇਵਾਲ, ਐਚ.ਬੀ. ਨੰ. 77, ਬਾਲ ਸਿੰਘ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣੇ ਜਾਂਦੇ ਇਲਾਕੇ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ, ਵਸੀਕਾ ਨੰ. 2018-19/106/1/14207 ਮਿਤੀ 31.03.2019 ਦੇ ਤਬਾਦਲਾ ਡੀਡ ਦੁਆਰਾ ਅਤੇ ਸੀਮਾ ਹੇਠ ਲਿਖੇ ਅਨੁਸਾਰ ਹੈ: ਪੂਰਬ: ਗਲੀ 12'-5", ਪੱਛਮ: ਗੁਆਂਢੀ 25'-5", ਉੱਤਰ: ਚਿੰਤ ਰਾਮ 39'-0", ਦੱਖਣ: ਸ਼ਿੰਗਾਰਾ ਸਿੰਘ 39'-0" (ਕਬਜ਼ੇ ਦੀ ਕਿਸਮ: ਸੰਕੇਤਕ) | Rs. 35,10,000/-<br>Rs. 3,51,000/-<br>Rs. 40,000/- |

**ਨਿਯਮ ਅਤੇ ਸ਼ਰਤਾਂ :-** ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸਬੰਧਤ ਹੋਵੇਗੀ : 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 11.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com, https://www.unionbankofindia.co.in** ਦਾ ਹਵਾਲਾ ਲਓ। 4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** ਵਿਚ **https://baanknet.com** ਦੇਖੋ। 5. ਬੈਂਕ, ਸੁਰੱਖਿਅਤ ਕਰਜ਼ਦਾਤਾ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਵਿਕਰੀ ਨੂੰ ਬਰਖਾਸਤ ਕਰਨ ਦਾ ਹੱਕ ਰਾਖਵਾਂ ਹੈ।

ਸੰਪੱਤੀਆਂ ਦੇ ਵੇਰਵੇ ਲਈ ਇਛੁੱਕ ਬੋਲੀਕਾਰਾਂ ਨੂੰ ਕਿਊਆਰ ਕੋਡ ਸਕੈਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/†/ਜ਼ਾਮਨ/† ਅਤੇ ਗਿਰਵੀਕਾਰ/† ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 30 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।

ਮਿਤੀ : 10.08.2025 | ਸਥਾਨ : ਲੁਧਿਆਣਾ | ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਤੁਹਾਡੇ ਲੀਵਰ ਲਈ ਜ਼ਹਿਰ ਨੇ ਇਹ ਚੀਜ਼ਾਂ



ਫੈਟੀ ਲੀਵਰ ਇੱਕ ਤੇਜ਼ੀ ਨਾਲ ਉੱਭਰ ਰਹੀ ਬਿਮਾਰੀ ਹੈ ਜੋ ਹਰ ਉਮਰ ਦੇ ਲੋਕਾਂ ਨੂੰ ਤੇਜ਼ੀ ਨਾਲ ਆਪਣੀ ਲਪੇਟ ਵਿੱਚ ਲੈ ਰਹੀ ਹੈ। ਲੋਕਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਮਾੜੀ ਖੁਰਾਕ ਅਤੇ ਵਿਗੜਦੀ ਜੀਵਨ ਸ਼ੈਲੀ ਕਾਰਨ ਪੈਦਾ ਹੋਣ ਵਾਲੀ ਇਹ ਬਿਮਾਰੀ ਕਦੋਂ ਉਨ੍ਹਾਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ। ਜਿਗਰ ਸਾਡੇ ਸਰੀਰ ਦਾ ਇੰਨਾ ਮਹੱਤਵਪੂਰਨ ਹਿੱਸਾ ਹੈ ਕਿ ਇਹ ਇਕੱਲਾ ਹੀ 500 ਤੋਂ ਵੱਧ ਕੰਮ ਕਰਦਾ ਹੈ।ਫੈਟੀ ਲੀਵਰ ਦੀ ਬਿਮਾਰੀ ਇੱਕ ਸਾਈਲੈਂਟ ਕਿਲਰ ਹੈ ਜੋ ਦੇਸ਼ ਅਤੇ ਦੁਨੀਆ ਵਿੱਚ ਤੇਜ਼ੀ ਨਾਲ ਫੈਲ ਰਹੀ ਹੈ।

**ਜ਼ਿਆਦਾ ਗ੍ਰੀਨ ਟੀ ਨਾ ਪੀਓ:** ਗ੍ਰੀਨ ਟੀ ਵਿੱਚ ਕੈਟੇਚਿਨ ਨਾਮਕ ਐਂਟੀਆਕਸੀਡੈਂਟ ਹੁੰਦੇ ਹਨ, ਜੋ ਜਿਗਰ ਵਿੱਚ ਸੋਜਸ਼ ਨੂੰ ਘਟਾਉਂਦੇ ਹਨ ਅਤੇ ਚਰਬੀ ਨੂੰ ਘਟਾ ਸਕਦੇ ਹਨ। ਇਹ ਜਿਗਰ ਨੂੰ ਰੀਜਨਰੇਟ ਕਰਨ ਵਿੱਚ ਮਦਦ ਕਰਦਾ ਹੈ। ਪਰ ਦਿਨ ਵਿੱਚ 4-5 ਕੱਪ ਤੋਂ ਵੱਧ ਨਹੀਂ ਪੀਣੀ ਚਾਹੀਦੀ।

**ਖੰਡ ਨਾਲ ਭਰੀ ਸਮੂਦੀ:** ਲੋਕਾਂ ਵਿੱਚ ਸਮੂਦੀ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਸਮੂਦੀ ਭਾਰ ਘਟਾਉਣ ਵਿੱਚ ਕਾਰਗਰ ਸਾਬਤ ਹੁੰਦੀਆਂ ਹਨ, ਪਰ ਜੇਕਰ ਤੁਸੀਂ ਬਾਜ਼ਾਰ ਤੋਂ ਸਮੂਦੀ ਖਰੀਦਦੇ ਹੋ ਅਤੇ ਪੀਂਦੇ ਹੋ, ਤਾਂ ਇਸ ਆਦਤ ਨੂੰ ਤੁਰੰਤ ਬਦਲ ਦਿਓ। ਜੇਕਰ ਸਟੋਰ ਤੋਂ ਖਰੀਦੀਆਂ ਸਮੂਦੀ ਵਿੱਚ ਖੰਡ ਨਾਲ ਭਰਪੂਰ ਫਲ, ਸਿਰਪ ਜਾਂ ਆਈਸ ਕਰੀਮ ਮਿਲਾਈ ਜਾਂਦੀ ਹੈ, ਤਾਂ ਇਹ ਜਿਗਰ ਲਈ ਨੁਕਸਾਨਦੇਹ ਹੋ ਸਕਦਾ ਹੈ।

**ਪੱਕੇ ਕੇਲੇ ਨਾ ਖਾਓ:** ਜ਼ਿਆਦਾ ਪੱਕੇ ਕੇਲਿਆਂ ਵਿੱਚ ਹਾਈ ਸ਼ੂਗਰ ਅਤੇ ਗਲਾਈਸੈਮਿਕ ਇੰਡੈਕਸ ਦੋਵੇਂ ਹੁੰਦੇ ਹਨ, ਜੋ ਸ਼ੂਗਰ ਨੂੰ ਤੇਜ਼ੀ ਨਾਲ ਵਧਾਉਂਦੇ ਹਨ। ਅਚਾਨਕ ਸ਼ੂਗਰ ਸਪਾਈਕ ਫੈਟੀ ਲੀਵਰ ਵਿੱਚ ਨੁਕਸਾਨਦੇਹ ਹੋ ਸਕਦੇ ਹਨ। ਪ੍ਰੋਟੀਨ ਜਾਂ ਫਾਈਬਰ ਦੇ ਨਾਲ ਮਿਲਾ ਕੇ ਖਾਣਾ ਪ੍ਰਭਾਵ ਨੂੰ ਘਟਾ ਸਕਦਾ ਹੈ।

**ਤਾਜ਼ੇ ਫਲਾਂ ਦੇ ਜੂਸ ਤੋਂ ਵੀ ਦੂਰ ਰਹੋ:** ਤਾਜ਼ੇ ਫਲਾਂ ਦੇ ਜੂਸ ਪੈਕ ਕੀਤੇ ਜੂਸਾਂ ਨਾਲੋਂ ਬਿਹਤਰ ਹੁੰਦੇ ਹਨ ਪਰ ਇਹ ਸਿਹਤ ਲਈ ਨੁਕਸਾਨਦੇਹ ਵੀ ਹੁੰਦੇ ਹਨ। ਇਸ ਜੂਸ ਵਿੱਚ ਫਾਈਬਰ ਨਹੀਂ ਹੁੰਦਾ। ਇਨ੍ਹਾਂ ਜੂਸਾਂ ਵਿੱਚ ਮੌਜੂਦ ਕੁਦਰਤੀ ਫਰੂਟੋਜ਼ ਤੇਜ਼ੀ ਨਾਲ ਸ਼ੂਗਰ ਸਪਾਈਕ ਦਾ ਕਾਰਨ ਬਣਦਾ ਹੈ, ਜੋ ਜਿਗਰ ਵਿੱਚ ਚਰਬੀ ਵਧਾ ਸਕਦਾ ਹੈ। ਤਾਜ਼ੇ ਜੂਸ ਪੀਣ ਨਾਲੋਂ ਤਾਜ਼ੇ ਫਲ ਖਾਣਾ ਬਿਹਤਰ ਹੈ।

**ਪੈਕਡ ਫਲਾਂ ਦਾ ਜੂਸ :** ਸਟੋਰ ਕੀਤਾ ਫਲਾਂ ਦਾ ਜੂਸ ਤੁਹਾਡੇ ਜਿਗਰ ਨੂੰ ਹੋਰ ਵੀ ਮਾੜੀ ਸਥਿਤੀ ਵਿੱਚ ਲੈ ਜਾ ਸਕਦਾ ਹੈ। ਪੈਕਡ ਫਲਾਂ ਦਾ ਜੂਸ ਫੈਟੀ ਲੀਵਰ ਲਈ ਸਭ ਤੋਂ ਮਾੜਾ ਭੋਜਨ ਹੈ। ਭਾਵੇਂ ਪੈਕ ਉੱਤੇ ਲਿਖਿਆ ਹੋਵੇ ਕਿ ਇਹ 100% ਫਲਾਂ ਤੋਂ ਬਣਿਆ ਹੈ ਪਰ ਇਸ ਵਿੱਚ ਲਗਭਗ ਕੋਈ ਫਾਈਬਰ ਨਹੀਂ ਹੁੰਦਾ। ਇਨ੍ਹਾਂ ਜੂਸਾਂ ਵਿੱਚ ਸਿਰਫ਼ ਫਰੂਟੋਜ਼ ਅਤੇ ਚੀਨੀ ਹੁੰਦੀ ਹੈ।

# ਲੋਕ ਗਾਇਕਾ ਡਾ. ਸੁੱਖੀ ਬਰਾੜ ਵੱਲੋਂ ਪੰਜਾਬ ਭਵਨ ਦਾ ਦੌਰਾ



ਸਰੀ, 9 ਅਗਸਤ (ਚ.ਨ.ਸ.) : ਪਿਛਲੇ ਦਿਨੀਂ ਪੰਜਾਬ ਪੰਜਾਬੀ ਮਾਂ ਬੋਲੀ ਤੇ ਅਮੀਰ ਵਿਰਸੇ ਨੂੰ ਪਿਆਰ ਕਰਨ ਵਾਲੀ ਵਿਸ਼ਵ ਪ੍ਰਸਿੱਧ ਲੋਕ ਗਾਇਕਾ ਸੱਭਿਆਚਾਰਕ ਚਿੰਤਕ ਡਾਕਟਰ ਸੁੱਖੀ ਬਰਾੜ ਨੇ ਪਿਛਲੇ ਦਿਨੀਂ ਸਰੀ ਵਿਖੇ ਸਥਾਪਿਤ ਪੰਜਾਬ ਭਵਨ ਦਾ ਦੌਰਾ ਕੀਤਾ ਜਿਸਦੇ ਬਾਨੀ ਕੈਨੇਡਾ ਦੇ ਮਸ਼ਹੂਰ ਉਦਯੋਗਪਤੀ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਪੰਜਾਬੀਅਤ ਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਸੁੱਖੀ ਬਾਠ ਹਨ ! ਸੁੱਖੀ ਬਰਾੜ ਜੋਂ ਅੱਜ ਕੱਲ ਪੰਜਾਬ ਗਵਰਨਰ ਨਾਲ ਵੀ ਸੱਭਿਆਚਾਰਕ ਸਲਾਹਕਾਰ ਦੇ ਤੌਰ ’ਤੇ ਕੰਮ ਕਰ ਰਹੇ ਹਨ ਨੇ ਪ੍ਰੈਸ ਨਾਲ ਸਾਂਝਿਆਂ ਕਰਨ ਚ ਮਾਣ ਮਹਿਸੂਸ ਕੀਤਾ ਤੇ ਵਿਦੇਸ਼ਾਂ ਚ ਰਹਿਕੇ ਵੀ ਸੁੱਖੀ ਬਾਠ ਜਿਹੀ ਸ਼ਖਸ਼ੀਅਤ ਦੀ ਰੱਜਕੇ ਸਰਾਹਨਾ ਕੀਤੀ ਤੇ ਕਿਹਾ ਕਿ ਸੁੱਖੀ ਬਾਠ ਪੰਜਾਬ ਚ ਵੀ ਇਸ ਵੇਲੇ ਪੰਜਾਬੀ ਸੱਭਿਆਚਾਰ ਤੇ ਮਾਂ ਬੋਲੀ ਦੀ ਪ੍ਰਫੁੱਲਤਾ ਤੇ ਪ੍ਰਚਾਰ ਲਈ ਪੰਜਾਬੀਆਂ ਦੀ ਕਤਾਰ ਚ ਸਭ ਤੋਂ ਮੋਹਰੀ ਹਨ ਤੇ ਵਿਦੇਸ਼ਾਂ ਤੇ ਪੰਜਾਬ ਚ ਵੱਸ ਰਹੇ ਪੰਜਾਬੀਆਂ ਨੂੰ ਅਜਿਹੀਆਂ ਸੰਸਥਾਵਾਂ ਦੀ ਦਿਲ ਖੋਲ੍ਹਕੇ ਮੱਦਦ ਕਰਨੀ ਚਾਹੀਦੀ ਹੈ !ਸੁੱਖੀ ਬਰਾੜ ਨੇ ਇਹ ਵੀ ਸਾਂਝਿਆਂ ਕੀਤਾ ਕਿ ਪਟਿਆਲਾ ਵਿਖੇ ਵਰਲਡ ਹੈਰੀਟੇਜ ਮੰਦਿਰ ਦਾ ਨੀਂਹ ਪੱਥਰ ਵੀ ਰੱਖ ਦਿੱਤਾ ਗਿਆ ਹੈ ਜਿੱਥੇ ਸਾਡੀ ਨਵੀਂ ਪੀੜ੍ਹੀ ਤੇ ਬੱਚਿਆਂ ਨੂੰ ਪੰਜਾਬ ਦੇ ਸੱਭਿਆਚਾਰਕ ਵਿਰਸੇ ਤੇ ਧਾਰਮਿਕ ਵਿਰਸੇ ਨਾਲ ਜੋੜਿਆ ਜਾਵੇਗਾ ਤੇ ਇਸ ਵਿੱਚ ਸੁੱਖੀ ਬਾਠ ਜਿਹੇ ਮਹਾਨ ਇਨਸਾਨ ਤੇ ਦਾਨੀ ਸੱਜਣਾਂ ਦੇ ਸਹਿਯੋਗ ਦੀ ਵੀ ਆਸ ਰਹੇਗੀ !ਸੁੱਖੀ ਬਾਠ ਜੀ ਅਤੇ ਸੁਰਜੀਤ ਸਿੰਘ ਮਾਧੋਪੁਰੀ ਵੱਲੋਂ ਸੁੱਖੀ ਬਰਾੜ ਦਾ ਭਰਵਾਂ ਸਵਾਗਤ ਕੀਤਾ ਗਿਆ ਅਖੀਰ ਚ ਸੁੱਖੀ ਬਰਾੜ ਨੇ ਕਿਹਾ ਕਿ ਉਹਨਾਂ ਨੂੰ ਮਾਣ ਹੈ ਕਿ ਪੰਜਾਬ ਭਵਨ ਸਰੀ ਕਨੇਡਾ ਵਿੱਚ ਪਹੁੰਚਕੇ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਮਹਿਸੂਸ ਕੀਤੀ ਜਾ ਸਕਦੀ ਹੈ।



ਚੜ੍ਹਦੀਕਲਾ ਟਾਈਮ ਟੀ.ਵੀ. ਦੇ ਦਿੱਲੀ ਤੋਂ ਡਾਇਰੈਕਟਰ ਡਾ. ਅੰਮ੍ਰਿਤਪਾਲ ਸਿੰਘ ਨੂੰ ਸ਼ਿਕਾਗੋ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਮਿਲਣ ’ਤੇ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਕੇਂਦਰੀ ਸਿੰਘ ਸਭਾ ਰਾਜਪੁਰਾ ਦੇ ਪ੍ਰਧਾਨ ਅਮਰਿੰਦਰ ਸਿੰਘ ਕੰਗ ਤੇ ਹੋਰ ਪਤਵੰਤੇ

# ਪੰਜਾਬ ਭਵਨ ਸਰੀ ਵੱਲੋਂ ਅਫ਼ਰੀਕੀ ਬਾਲ ਲੇਖਕਾਂ ਲਈ ‘ਨਵੀਆਂ ਕਲਮਾਂ ਨਵੀਂ ਉਡਾਣ’ ਪ੍ਰੋਜੈਕਟ ਸ਼ੁਰੂ




ਸਰੀ, 9 ਅਗਸਤ (ਚ.ਨ.ਸ.) : ਬਾਲ ਸਾਹਿਤ ਨੂੰ ਉਤਸ਼ਾਹਿਤ ਕਰਨ ਅਤੇ ਉੱਭਰਦੀਆਂ ਪ੍ਰਤਿਭਾਵਾਂ ਨੂੰ ਇੱਕ ਗਲੋਬਲ ਪਲੇਟਫਾਰਮ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਪੰਜਾਬ ਭਵਨ ਸਰੀ, ਕੈਨੇਡਾ ਦੇ ਸੰਸਥਾਪਕ ਸ਼੍ਰੀ ਸੁਖੀ ਬਾਠ ਨੇ ਇੱਕ ਮਹੱਤਵਪੂਰਨ ਪਹਿਲਕਦਮੀ ਕੀਤੀ ਹੈ। ਉਨ੍ਹਾਂ ਵੱਲੋਂ 18 ਸਾਲ ਤੱਕ ਦੇ ਬਾਲ ਲੇਖਕਾਂ ਦੀਆਂ ਰਚਨਾਵਾਂ ਨੂੰ ਨਵੀਆਂ ਕਲਮਾਂ ਨਵੀਂ ਉਡਾਣ ਸਿਰਲੇਖ ਹੇਠ ਕਿਤਾਬੀ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਜੈਕਟ ਦੀ ਸ਼ੁਰੂਆਤ ਪ੍ਰੋਜੈਕਟ ਇੰਚਾਰਜ ਉਂਕਾਰ ਤੇਜੇ ਦੇ ਪਟਿਆਲਾ ਜ਼ਿਲ੍ਹੇ ਤੋਂ ਹੋਈ ਸੀ ਅਤੇ ਹੁਣ ਇਸ ਦਾ ਦਾਇਰਾ ਪੰਜਾਬ, ਭਾਰਤ ਅਤੇ ਵਿਦੇਸ਼ਾਂ ਤੱਕ ਫੈਲਾਇਆ ਜਾ ਰਿਹਾ ਹੈ। ਇਸੇ ਲੜੀ ਨੂੰ ਅੱਗੇ ਵਧਾਉਂਦਿਆਂ, ਸ਼੍ਰੀ ਸੁੱਖੀ ਬਾਠ ਨੇ ਵਿਸ਼ੇਸ਼ ਤੌਰ ਤੇ ਅਫ਼ਰੀਕਾ ਦੇ ਬਾਲ ਲੇਖਕਾਂ ਨੂੰ ਸ਼ਾਮਲ ਕਰਨ ਦਾ ਐਲਾਨ ਕੀਤਾ ਹੈ। ਯੋਗਾਂਡਾ, ਕੀਨੀਆ ਅਤੇ ਤਨਜ਼ਾਨੀਆ ਸਮੇਤ ਅਫ਼ਰੀਕਾ ਦੇ ਵੱਖ-ਵੱਖ ਸਕੂਲਾਂ ਦੇ ਬਾਲ ਲੇਖਕਾਂ ਦੀਆਂ ਰਚਨਾਵਾਂ ਨੂੰ ਨਵੀਆਂ ਕਲਮਾਂ ਨਵੀਂ ਉਡਾਣ ਦੀ ਕਿਤਾਬ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਪ੍ਰੋਜੈਕਟ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ, ਪ੍ਰਸਿੱਧ ਲੇਖਕ, ਗਾਇਕ, ਕਲਾਕਾਰ ਅਤੇ ਫਿਲਮ ਪ੍ਰੋਡਿਊਸਰ ਸ. ਨਰੈਣ ਸਿੰਘ ਬਾਜਵਾ ਇਸ ਕਿਤਾਬ ਦੇ ਮੁੱਖ ਸੰਪਾਦਕ ਵਜੋਂ ਸੇਵਾਵਾਂ ਨਿਭਾਉਣਗੇ। ਉਨ੍ਹਾਂ ਦੀ ਟੀਮ ਵਿੱਚ ਪ੍ਰਿਤਪਾਲ ਸਿੰਘ, ਨਿਰਮਲ ਸਿੰਘ, ਐਨ.ਪੀ. ਸਿੰਘ, ਅਤੇ ਸਤਨਾਮ ਕੌਰ ਵਰਗੇ ਅਹਿਮ ਮੈਂਬਰ ਸ਼ਾਮਲ ਹਨ, ਜੋ ਇਸ ਕਾਰਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਸਹਿਯੋਗ ਦੇਣਗੇ। ਜਿਨ੍ਹਾਂ ਬੱਚਿਆਂ ਦੀਆਂ ਰਚਨਾਵਾਂ ਕਿਤਾਬ ਵਿੱਚ ਛਪਣਗੀਆਂ, ਉਨ੍ਹਾਂ ਨੂੰ ਪੰਜਾਬ ਭਵਨ ਸਰੀ, ਕੈਨੇਡਾ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਬਾਲ ਲੇਖਕਾਂ ਨੂੰ ਆਪਣੀ ਪ੍ਰਤਿਭਾ ਨੂੰ ਨਿਖਾਰਨ ਅਤੇ ਸਾਹਿਤਕ ਖੇਤਰ ਵਿੱਚ ਆਪਣੀ ਪਛਾਣ ਬਣਾਉਣ ਲਈ ਇੱਕ ਵਿਸ਼ਵ ਪੱਧਰੀ ਪਲੇਟਫਾਰਮ ਪ੍ਰਦਾਨ ਕਰਨਾ ਹੈ। ਇਹ ਪ੍ਰੋਜੈਕਟ ਬਾਲ ਸਾਹਿਤ ਦੇ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਤ ਹੋਵੇਗਾ

# ਸੈਂਟਰਲ ਬੈਂਕ ਆਫ਼ ਇੰਡੀਆ ਬੈਂਕ ਦੇ ਸੰਸਥਾਪਕ ਸਰ ਸੋਰਾਬਜੀ ਦੀ 144ਵੀਂ ਜਨਮ ਵਰ੍ਹੇਗੰਢ ਮਨਾਈ

ਲੁਧਿਆਣਾ, 9 ਅਗਸਤ (ਚ. ਨ. ਸ.) : ਜਨਤਕ ਖੇਤਰ ਦੇ ਪ੍ਰਮੁੱਖ ਬੈਂਕ ਸੈਂਟਰਲ ਬੈਂਕ ਆਫ਼ ਇੰਡੀਆ ਨੇ ਆਪਣੇ ਸੰਸਥਾਪਕ ਮਹਾਨ ਦੂਰਦਰਸ਼ੀ ਸਰ ਸੋਰਾਬਜੀ ਪੋਚਖਾਨਵਾਲਾ ਦੀ 144ਵੀਂ ਜਨਮ ਵਰ੍ਹੇਗੰਢ ਮਾਣ ਨਾਲ ਮਨਾਈ ਜਿਨ੍ਹਾਂ ਨੇ 1911 ਵਿੱਚ ਭਾਰਤ ਦਾ ਪਹਿਲਾ ਸਵਦੇਸ਼ੀ ਬੈਂਕ ਸਥਾਪਤ ਕਰਕੇ ਦੇਸ਼ ਦੀ ਆਰਥਿਕ ਸਵੈ-ਨਿਰਭਰਤਾ ਦੀ ਨੀਂਹ ਰੱਖੀ ਸੀ। ਇਹ ਬੈਂਕ ਭਾਰਤੀਆਂ ਦੁਆਰਾ ਮਾਲਕੀ ਅਤੇ ਪ੍ਰਬੰਧਨ ਵਾਲਾ ਪਹਿਲਾ ਸੰਸਥਾਨ ਸੀ, ਜਿਸਨੇ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਬੈਂਕ ਦੀਆਂ ਇਤਿਹਾਸਕ ਪ੍ਰਾਪਤੀਆਂ ਨੇ ਭਾਰਤੀ ਬੈਂਕਿੰਗ ਦੀ ਨੀਂਹ ਬਣਾਈ। ਵਰਤਮਾਨ ਵਿੱਚ, ਬੈਂਕ ਡਿਜੀਟਲ ਅਤੇ ਸਮਾਵੇਸ਼ੀ ਬੈਂਕਿੰਗ ਦੇ ਖੇਤਰ ਵਿੱਚ ਮੋਹਰੀ ਬਣਿਆ ਹੋਇਆ ਹੈ। ਸੇਂਟ ਕਵੀਨ ਸੇਵਿੰਗਜ਼ ਅਕਾਊਂਟ ਅਤੇ ਸੇਂਟ ਗ੍ਰਹਿ ਲਕਸ਼ਮੀ ਹੋਮ ਲੋਨ ਵਰਗੀਆਂ ਮਹਿਲਾ-ਕੇਂਦ੍ਰਿਤ ਯੋਜਨਾਵਾਂ ਬੈਂਕ ਦੀ ਸਮਾਵੇਸ਼ੀ ਸੋਚ ਨੂੰ ਦਰਸਾਉਂਦੀਆਂ ਹਨ। ਇਸ ਮੌਕੇ ਬੋਲਦਿਆਂ ਖੇਤਰੀ ਮੁਖੀ, ਲੁਧਿਆਣਾ ਅਸ਼ੋਕ ਸ਼ਰਮਾ ਨੇ ਕਿਹਾ, ਸੰਸਥਾਪਕ ਦਿਵਸ ਤੇ ਅਸੀਂ ਸਰ ਸੋਰਾਬਜੀ ਪੋਚਖਾਨਵਾਲਾ ਦੇ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਅੱਗੇ ਵਧਣ ਦੇ ਆਪਣੇ ਸੰਕਲਪ ਨੂੰ ਦੁਹਰਾਉਂਦੇ ਹਾਂ। ਉਨ੍ਹਾਂ ਦਾ ਦ੍ਰਿਸ਼ਟੀਕੋਣ ਅਜੇ ਵੀ ਸਾਡੀਆਂ ਸੇਵਾਵਾਂ ਅਤੇ ਕਾਰਜ ਸੱਭਿਆਚਾਰ ਦਾ ਮੂਲ ਹੈ। ਇਸ ਦੌਰਾਨ ਖੇਤਰ ਦੀ ਸਾਰੀਆਂ ਸ਼ਾਖਾਵਾਂ ਵਿਚ ਕੇਕ ਕੱਟਿਆ ਗਿਆ।

# ਰਾਸ਼ਟਰੀ ਆਯੁਰਵੈਦ ਸੰਸਥਾਨ, ਪੰਚਕੂਲਾ ਨੇ ਵਿਸ਼ਵ ਸੰਸਕ੍ਰਿਤ ਦਿਵਸ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ



ਪੰਚਕੂਲਾ, 9 ਅਗਸਤ (ਅੰਮ੍ਰਿਤਪਾਲ ਸਿੰਘ) : ਸੰਸਕ੍ਰਿਤ ਭਾਸ਼ਾ ਦੇ ਸਦੀਵੀਂ ਮਹੱਤਵ ਦਾ ਸਨਮਾਨ ਕਰਦੇ ਹੋਏ, ਵਿਸ਼ਵ ਸੰਸਕ੍ਰਿਤ ਦਿਵਸ 7 ਅਤੇ 8 ਅਗਸਤ 2025 ਨੂੰ ਹਰਿਆਣਾ ਰਾਜ ਵਿੱਚ ਸਥਿਤ ਰਾਸ਼ਟਰੀ ਆਯੁਰਵੈਦ ਸੰਸਥਾਨ, ਪੰਚਕੂਲਾ ਵਿਖੇ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਸਤੀਸ਼ ਗੰਧਰਵ, ਡੀਨ-ਇਨ-ਚਾਰਜ, ਰਾਸ਼ਟਰੀ ਆਯੁਰਵੇਦ ਸੰਸਥਾਨ ਵੱਲੋਂ ਕੀਤੀ ਗਈ।

ਇਸ ਸਮਾਗਮ ਨੂੰ ਸੰਸਥਾ ਦੇ ਸਤਿਕਾਰਯੋਗ ਪ੍ਰੋਫੈਸਰਾਂ, ਐਸੋਸੀਏਟ ਪ੍ਰੋਫੈਸਰਾਂ ਅਤੇ ਮੈਡੀਕਲ ਫੈਕਲਟੀ ਮੈਂਬਰਾਂ ਦੀ ਮੌਜੂਦਗੀ ਨੇ ਨਿਵਾਜਿਆ। ਇਸ ਸਮਾਗਮ ਵਿੱਚ ਕਈ ਵਿਦਿਆਰਥੀ ਵੱਲੋਂ ਸੰਚਾਲਿਤ ਮੁੱਖ ਸਮਾਗਮ ਸ਼ਾਮਲ ਸਨ: ਵਿਆਕਰਣ, ਸਾਹਿਤ ਅਤੇ ਆਯੁਰਵੇਦਿਕ ਵਿਗਿਆਨ ਦੇ ਗਿਆਨ ਦੀ ਜਾਂਚ ਕਰਨ ਵਾਲਾ ਸੰਸਕ੍ਰਿਤ ਕੁਇਜ਼ ਮੁਕਾਬਲਾ; ਸੰਸਕ੍ਰਿਤ ਗੀਤ ਗਾਇਨ ਮੁਕਾਬਲਾ, ਜਿੱਥੇ ਵਿਦਿਆਰਥੀਆਂ ਨੇ ਸੁਰੀਲੀਆਂ ਰਚਨਾਵਾਂ ਪੇਸ਼ ਕੀਤੀਆਂ; ਉੱਥੇ ਚਰਕ ਸੰਹਿਤਾ ਅਤੇ ਅਸ਼ਟਾਂਗਹ੍ਰਿਦਯ ਵਰਗੇ ਸਤਿਕਾਰਯੋਗ ਸ਼ਾਸਤਰੀ ਗ੍ਰੰਥਾਂ ਤੋਂ ਸ਼ਲੋਕਾਂ ਦਾ ਸਹੀ ਅਤੇ ਤਾਲਬੱਧ ਪਾਠ; ਅਤੇ ਇੱਕ ਸੰਸਕ੍ਰਿਤ ਸੰਵਾਦ ਸੈਸ਼ਨ, ਜਿੱਥੇ ਵਿਦਿਆਰਥੀਆਂ ਨੇ ਸੰਸਕ੍ਰਿਤ ਦਿਵਸ ਦੇ ਵਿਸ਼ੇ ’ਤੇ ਮੌਖਿਕ ਸੰਸਕ੍ਰਿਤ ਦਾ ਅਭਿਆਸ ਕੀਤਾ ਗਿਆ। ਇਸ ਸ਼ੁਭ ਮੌਕੇ ’ਤੇ, ਵਾਈਸ ਚਾਂਸਲਰ ਪ੍ਰੋ. ਸੰਜੀਵ ਸ਼ਰਮਾ, ਡੀਨ ਪ੍ਰੋ. ਗੁਲਾਬ ਪਮਨਾਨੀ ਅਤੇ ਡੀਨ-ਇਨ-ਚਾਰਜ ਪ੍ਰੋ. ਸਤੀਸ਼ ਗੰਧਰਵ ਦਾ ਸੰਸਥਾਨ ਵਿੱਚ ਸੰਸਕ੍ਰਿਤ ਵਿਰਾਸਤ ਦੀ ਸੰਭਾਲ ਅਤੇ ਪ੍ਰਚਾਰ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਲਈ ਦਿਲੋਂ ਧੰਨਵਾਦ ਕੀਤਾ ਗਿਆ। ਸਹਾਇਕ ਪ੍ਰੋਫੈਸਰ ਚੰਦਰਮੋਹਨ ਨੇ ਸਾਰੇ ਭਾਗੀਦਾਰਾਂ ਅਤੇ ਪਤਵੰਤਿਆਂ ਦਾ ਰਸਮੀ ਧੰਨਵਾਦ ਕੀਤਾ।

# ਯੂਕੋ ਬੈਂਕ ਨੇ ਮੋਰਿੰਡਾ ਵਿੱਚ ਤਿੰਨ ਮਹੀਨੇ ਦੀ ਵਿੱਤੀ ਸਮਾਵੇਸ਼ ਸੰਤ੍ਰਿਪਤਾ ਮੁਹਿੰਮ ਦਾ ਵਿਸ਼ੇਸ਼ ਕੈਂਪ ਲਗਾਇਆ




ਮੋਰਿੰਡਾ, 9 ਅਗਸਤ (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਅਤੇ ਭਾਰਤੀ ਰਿਜ਼ਰਵ ਬੈਂਕ ਦੀ ਅਗਵਾਈ ਹੇਠ, ਯੂਕੋ ਬੈਂਕ ਨੇ ਰੂਪਨਗਰ ਜ਼ਿਲ੍ਹੇ ਦੇ ਕਯਨੌਰ ਪਿੰਡ (ਮੋਰਿੰਡਾ) ਵਿੱਚ ਵਿੱਤੀ ਸਮਾਵੇਸ਼ ਸੰਤ੍ਰਿਪਤਾ ਮੁਹਿੰਮ ਤਹਿਤ ਇੱਕ ਵਿਸ਼ੇਸ਼ ਕੈਂਪ ਲਗਾਇਆ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ, ਮੁੱਖ ਮਹਿਮਾਨ ਵਜੋਂ, ਸ਼੍ਰੀ ਵਿਵੇਕ ਸ਼੍ਰੀਵਾਸਤਵ, ਖੇਤਰੀ ਨਿਰਦੇਸ਼ਕ, ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ, ਸ਼੍ਰੀ ਪੰਕਜ ਸੇਤੀਆ, ਜਨਰਲ ਮੈਨੇਜਰ (ਰਿਜ਼ਰਵ ਬੈਂਕ ਆਫ਼ ਇੰਡੀਆ), ਸ਼੍ਰੀ ਰਾਜੇਸ਼ ਤਿਵਾੜੀ, ਜਨਰਲ ਮੈਨੇਜਰ ਯੂਕੋ ਬੈਂਕ, ਸ਼੍ਰੀਮਤੀ ਮਿਲਾਨ ਦੂਬੇ ਜ਼ੋਨਲ ਹੈੱਡ ਚੰਡੀਗੜ੍ਹ (ਯੂਕੋ ਬੈਂਕ) ਅਤੇ ਸ਼੍ਰੀ ਸੁਖਪਾਲ ਸਿੰਘ, ਐਸਡੀਐਮ, ਮੋਰਿੰਡਾ ਵੀ ਮੌਜੂਦ ਸਨ।ਇਸ ਮੌਕੇ, ਬੀ ਰਵੀ, ਡਿਪਟੀ ਜਨਰਲ ਮੈਨੇਜਰ, ਕੇਨਰਾ ਬੈਂਕ ਵੀ ਮੌਜੂਦ ਸਨ। ਇਸ ਤੋਂ ਇਲਾਵਾ, ਪੀਜੀਬੀ, ਪੀਐਸਬੀ, ਬੀਓਬੀ, ਯੂਬੀਆਈ, ਕੇਨਰਾ ਬੈਂਕ, ਐਚ ਡੀ ਐਫ ਸੀ ਬੈਂਕ ਅਤੇ ਫੈਡਰਲ ਬੈਂਕ ਦੇ ਸੀਨੀਅਰ ਅਧਿਕਾਰੀਆਂ ਨੇ ਵੀ ਸਰਗਰਮੀ ਨਾਲ ਹਿੱਸਾ ਲਿਆ।ਭਾਰਤੀ ਰਿਜ਼ਰਵ ਬੈਂਕ ਦੇ ਖੇਤਰੀ ਨਿਰਦੇਸ਼ਕ ਸ਼੍ਰੀ ਵਿਵੇਕ ਸ਼੍ਰੀਵਾਸਤਵ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਸਰਕਾਰ ਵੱਲੋਂ 1 ਜੁਲਾਈ ਤੋਂ 30 ਸਤੰਬਰ 2025 ਤੱਕ ਚਲਾਈ ਜਾ ਰਹੀ ਇਹ ਤਿੰਨ ਮਹੀਨੇ ਦੀ ਵਿਸ਼ੇਸ਼ ਵਿੱਤੀ ਸਮਾਵੇਸ਼ ਰਜਿਸਟ੍ਰੇਸ਼ਨ ਮੁਹਿੰਮ ਸਮਾਜਿਕ ਸੁਰੱਖਿਆ ਅਤੇ ਸਵੈ-ਨਿਰਭਰ ਭਾਰਤ ਵੱਲ ਇੱਕ ਮਹੱਤਵਪੂਰਨ ਪਹਿਲ ਹੈ।ਯੂਕੋ ਬੈਂਕ ਦੇ ਜਨਰਲ ਮੈਨੇਜਰ ਸ਼੍ਰੀ ਰਾਜੇਸ਼ ਤਿਵਾੜੀ ਨੇ ਕਿਹਾ ਕਿ ਜਨ ਸੁਰੱਖਿਆ ਅਭਿਆਨ ਅਤੇ ਰੀ-ਕੇਵਾਈਸੀ ਸਿਰਫ਼ ਇੱਕ ਬੈਂਕਿੰਗ ਗਤੀਵਿਧੀ ਨਹੀਂ ਹੈ, ਸਗੋਂ ਇੱਕ ਸਮਾਜਿਕ ਮਿਸ਼ਨ ਹੈ।



ਰੱਖੜੀ ਦੇ ਪਵਿੱਤਰ ਤਿਉਹਾਰ ਮੌਕੇ ਰਮਨਪ੍ਰੀਤ ਕੌਰ ਆਪਣੇ ਛੋਟੇ ਵੀਰ ਹਰਨੂਰ ਸਿੰਘ ਦੇ ਗੁੱਟ ਤੇ ਰੱਖੜੀ ਬੰਨ੍ਹਦੀ ਹੋਈ ।
(ਫੋਟੋ ਤੇ ਵੇਰਵਾ : ਕਰਨੈਲ ਸਿੰਘ ਐਮ. ਏ. ਲੁਧਿਆਣਾ)

## ਜਨਮ ਦਿਨ ਮੁਬਾਰਕ



ਗੁਰਨਿਵਾਜ ਸਿੰਘ, ਗੁਰਮਿਲਾਪ ਸਿੰਘ



ਪ੍ਰਦੀਪ ਅਤੇ ਹਰਪ੍ਰੀਤ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ









# ਮਾਝਾ-ਦੁਆਬਾ

ਆਸ ਪਾਸ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਸਥਾਨਾਂ ਦੀ ਬਦਲੀ ਜਾਵੇਗੀ ਨੁਹਾਰ : ਈਟੀਓ



ਜੰਡਿਆਲਾ ਗੁਰੂ/ਬਾਬਾ ਬਕਾਲਾ ਸਾਹਿਬ, 9 ਅਗਸਤ (ਰਾਮ ਸ਼ਰਨਜੀਤ ਸਿੰਘ): ਸਾਚਾ ਗੁਰੂ ਲਾਧੋ ਰੇ ਦਿਵਸ ਅਤੇ ਰੱਖੜ ਪੁੰਨਿਆ ਦੇ ਮੌਕੇ 'ਤੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਸੰਗਤਾਂ ਨੂੰ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ, ਸ੍ਰੀ ਅਰਵਿੰਦ ਕੇਜਰੀਵਾਲ, ਸ੍ਰੀ ਮਨੀਸ਼ ਸਿਸੋਦੀਆ ਅਤੇ ਪਾਰਟੀ ਪ੍ਰਧਾਨ ਸ੍ਰੀ ਅਮਨ ਅਰੋੜਾ ਵੱਲੋਂ ਪਵਿੱਤਰ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੋ ਗਰੰਟੀਆਂ ਵੋਟਾਂ ਤੋਂ ਪਹਿਲਾਂ ਲੋਕਾਂ ਨੂੰ ਦਿੱਤੀਆਂ ਸਨ, ਉਹ ਲਗਭਗ ਪੂਰੀਆਂ ਕਰ ਦਿੱਤੀਆਂ ਹਨ। ਉਹਨਾਂ ਨੇ ਸਰਕਾਰ ਵੱਲੋਂ ਹਰ ਘਰ ਨੂੰ 600 ਯੂਨਿਟ ਮੁਫਤ ਬਿਜਲੀ ਸਪਲਾਈ, ਬਿਜਲੀ ਵਿੱਚ ਕੀਤੇ ਵੱਡੇ ਸੁਧਾਰ, ਕਿਸਾਨਾਂ ਨੂੰ ਅੱਠ ਘੰਟੇ ਨਿਰਵਿਘਨ ਬਿਜਲੀ ਉਹ ਵੀ ਦਿਨ ਦੇ ਸਮੇਂ ਅਤੇ ਪੰਜਾਬ ਸਰਕਾਰ ਵੱਲੋਂ ਨਿਜੀ ਖੇਤਰ ਤੋਂ ਖਰੀਦੇ ਗਏ ਥਰਮਲ ਪਲਾਂਟ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਮੁਨਾਫੇ ਲਈ ਜੋ ਗੋਰਖ ਧੰਦਾ ਕੋਲੇ ਦੀ ਖਰੀਦ ਵਿੱਚ ਚਲਾਇਆ ਸੀ, ਨੂੰ ਬੰਦ ਕਰਕੇ ਅਸੀਂ ਆਪਣੀ ਕੋਲ ਖਾਣ ਸ਼ੁਰੂ ਕੀਤੀ ਹੈ, ਜਿਸ ਨਾਲ ਬਿਜਲੀ ਵਿਭਾਗ ਨੂੰ ਵੱਡਾ ਆਰਥਿਕ ਲਾਹਾ ਮਿਲਿਆ ਹੈ ਅਤੇ ਅੱਜ ਬਿਜਲੀ ਵਿਭਾਗ 2500 ਕਰੋੜ ਰੁਪਏ ਤੋਂ ਵੱਧ ਦੇ ਮੁਨਾਫੇ ਵਿੱਚ ਹੈ। ਉਨ੍ਹਾਂ ਨੇ ਇਸ ਮੌਕੇ ਦੱਸਿਆ ਕਿ ਛੇਤੀ ਹੀ ਮੁੱਖ ਮੰਤਰੀ ਹਰ ਘਰ ਨੂੰ 10 ਲੱਖ ਰੁਪਏ ਦਾ ਮੈਡੀਕਲ ਬੀਮਾ ਦੇਣ ਜਾ ਰਹੇ ਹਨ, ਜਿਸ ਨਾਲ ਆਮ ਆਦਮੀ ਦੀ ਜੇਬ ਉੱਤੇ ਪੈਂਦਾ ਦਵਾਈਆਂ ਦਾ ਭਾਰ ਸਦਾ ਲਈ ਦੂਰ ਹੋ ਜਾਵੇਗਾ। ਯੁੱਧ ਨਸ਼ਿਆਂ ਵਿਰੁੱਧ ਦੀ ਗੱਲ ਕਰਦੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਣ ਤੱਕ ਸਾਡੇ ਮੰਤਰੀ, ਵਿਧਾਇਕ, ਹਲਕਾ ਇੰਚਾਰਜ ਅਤੇ ਹੋਰ ਪਾਰਟੀ ਆਗੂ 7000 ਤੋਂ ਵੱਧ ਪਿੰਡਾਂ ਤੇ ਸ਼ਹਿਰਾਂ ਵਿੱਚ ਨਸ਼ੇ ਨੂੰ ਰੋਕਣ ਲਈ ਘਰ ਘਰ ਦਸਤਕ ਦੇ ਚੁੱਕੇ ਹਨ। ਇਸ ਦਾ ਇਹ ਅਸਰ ਪਿਆ ਹੈ ਕਿ 4000 ਤੋਂ ਵੱਧ ਪੰਚਾਇਤਾਂ ਨੇ ਲਿਖ ਕੇ ਦੇ ਦਿੱਤਾ ਹੈ ਕਿ ਅਸੀਂ ਨਸ਼ੇ ਵੇਚਣ ਵਾਲਿਆਂ ਦਾ ਸਾਥ ਨਹੀਂ ਦੇਵਾਂਗੇ। ਕੈਬਨਿਟ ਮੰਤਰੀ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਪਿੰਡਾਂ ਅਤੇ ਸ਼ਹਿਰਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾਵੇਗੀ। ਉਹਨਾਂ ਕਿਹਾ ਕਿ ਸਾਡੇ ਤਿੰਨ ਸਾਲ ਵਿੱਚ ਜਿੰਨੇ ਕੰਮ ਭਗਵੰਤ ਸਿੰਘ ਮਾਨ ਸਰਕਾਰ ਨੇ ਕੀਤੇ ਹਨ, ਉਨੇ ਕੰਮ 75 ਸਾਲਾਂ ਵਿੱਚ ਸਰਕਾਰਾਂ ਨਹੀਂ ਕਰ ਸਕੀਆਂ।

ਇਸ ਮੌਕੇ ਸੰਬੋਧਨ ਕਰਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਸਰਹੱਦ ਉੱਤੇ ਨਸ਼ੇ ਦੀ ਤਸਕਰੀ ਰੋਕਣ ਲਈ ਸ਼ੁਰੂ ਕੀਤੀ ਗਈ ਐਂਟੀ ਡਰੋਨ ਸਿਸਟਮ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਸਾਡੇ ਪੰਜਾਬ ਵਿੱਚ ਹੁੰਦੀ ਤਸਕਰੀ ਬੰਦ ਹੋਵੇਗੀ ਤੇ ਜਿਸ ਨਾਲ ਨਸ਼ੇ ਦਾ ਕਾਰੋਬਾਰ ਸਦਾ ਲਈ ਬੰਦ ਹੋ ਜਾਵੇਗਾ। ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਾਨਫਰੰਸ ਵਿੱਚ ਪਹੁੰਚੇ ਹਲਕੇ ਦੇ ਲੀਡਰਾਂ, ਸੰਗਤ ਅਤੇ ਆਗੂਆਂ ਦਾ ਧੰਨਵਾਦ ਕਰਦੇ ਦੱਸਿਆ ਕਿ ਕਿਸ ਤਰ੍ਹਾਂ ਸਿੱਖਿਆ ਅਤੇ ਸਿਹਤ ਵਿੱਚ ਵੱਡੇ ਸੁਧਾਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤੇ ਹਨ। ਉਹਨਾਂ ਨੇ ਕਿਹਾ ਕਿ ਬਾਬਾ ਬਕਾਲਾ ਸਾਹਿਬ ਹਲਕੇ ਦੀਆਂ 60% ਤੋਂ ਵੱਧ ਸੜਕਾਂ ਬਣਾਈਆਂ ਜਾ ਚੁੱਕੀਆਂ ਹਨ ਅਤੇ ਬਾਕੀ ਰਹਿੰਦੀਆਂ ਸੜਕਾਂ ਵੀ ਜਲਦੀ ਬਣਾ ਦਿੱਤੀਆਂ ਜਾਣਗੀਆਂ। ਉਹਨਾਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ ਵੱਡੇ ਪ੍ਰੋਗਰਾਮ ਕਰਵਾਉਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ। ਉਹਨਾਂ ਕਿਹਾ ਕਿ ਮੈਂ ਆਪਣੇ ਹਲਕੇ ਵਿੱਚ 200 ਤੋਂ ਵੱਧ ਸਕੂਲਾਂ ਵਿੱਚੋਂ 130 ਸਕੂਲਾਂ ਵਿੱਚ ਲੋੜੀਂਦਾ ਮੁਢਲਾ ਢਾਂਚਾ ਪੂਰਾ ਕਰਨ ਲਈ ਵਿਕਾਸ ਕੰਮ ਕਰਵਾ ਚੁੱਕਾ ਹਾਂ ਅਤੇ ਬਾਕੀ ਸਕੂਲਾਂ ਵਿੱਚ ਵੀ ਛੇਤੀ ਕੰਮ ਪੂਰੇ ਕਰਕੇ ਉਦਘਾਟਨ ਕੀਤੇ ਜਾਣਗੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਅਤੇ ਵਿਧਾਇਕ ਸਾਹਿਬਾਨ ਨੇ ਗੁਰਦੁਆਰਾ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਮੱਥਾ ਟੇਕਿਆ ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਧਾਇਕ ਜਸਵਿੰਦਰ ਸਿੰਘ ਰਮਦਾਸ, ਵਿਧਾਇਕ ਅਮਰਪਾਲ ਸਿੰਘ ਸ੍ਰੀ ਹਰਗੋਬਿੰਦਪੁਰ ਸਾਹਿਬ, ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਚੇਅਰਮੈਨ ਰਮਨ ਬਹਿਲ, ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਅਮਨਦੀਪ ਕੌਰ, ਐਸਡੀਐਮ ਅਮਨਪ੍ਰੀਤ ਸਿੰਘ, ਗੁਰਪ੍ਰਤਾਪ ਸਿੰਘ ਸੰਧੂ, ਜਸਬੀਰ ਸਿੰਘ ਸੁਰ ਸਿੰਘ, ਜਗਰੂਪ ਸਿੰਘ ਸੇਖਵਾਂ ਹਲਕਾ ਇੰਚਾਰਜ ਕਾਦੀਆਂ, ਤਲਬੀਰ ਸਿੰਘ ਗਿੱਲ, ਪ੍ਰਧਾਨ ਸੁਰਜੀਤ ਸਿੰਘ ਕੰਗ, ਸੰਜੀਵ ਭੰਡਾਰੀ, ਸ਼ਮਸ਼ੇਰ ਸਿੰਘ ਦੀਨਾਨਗਰ, ਬਲਬੀਰ ਸਿੰਘ ਪੰਨੂ ਫਤਿਹਗੜ੍ਹ ਚੂੜੀਆਂ, ਕੁਲਦੀਪ ਸਿੰਘ ਮਥਰੇਵਾਲ, ਤਰਸੇਮ ਸਿੰਘ ਸਿਆਲਕਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

## ਟਰੰਪ-ਪੰਨੂ ਗੱਠਜੋੜ ਆਰਥਿਕ ਤੇ ਭਾਈਚਾਰਕ ਵੰਡੀਆਂ ਰਾਹੀਂ ਭਾਰਤ ਨੂੰ ਕਮਜ਼ੋਰ ਕਰਨ ਦੀ ਗਹਿਰੀ ਸਾਜ਼ਿਸ਼ : ਪ੍ਰੋ. ਸਰਚਾਂਦ ਸਿੰਘ ਖ਼ਿਆਲਾ



ਅੰਮ੍ਰਿਤਸਰ, 9 ਅਗਸਤ (ਚ.ਨ.ਸ.): ਭਾਰਤੀ ਜਨਤਾ ਪਾਰਟੀ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਅਮਰੀਕਾ ਦੇ ਸਦਰ ਡੋਨਾਲਡ ਟਰੰਪ ਵੱਲੋਂ ਭਾਰਤੀ ਉਤਪਾਦਾਂ 'ਤੇ 50% ਟੈਰਿਫ ਲਗਾਉਣ ਦਾ ਐਲਾਨ ਸਿਰਫ਼ ਵਪਾਰਕ ਫ਼ੈਸਲਾ ਨਹੀਂ ਸਗੋਂ 'ਆਰਥਿਕ ਟੈਰਰ' ਹੈ, ਜੋ ਭਾਰਤ ਦੀ ਮਜ਼ਬੂਤ ਅਰਥ ਵਿਵਸਥਾ ਨੂੰ ਝੁਕਾਉਣ ਲਈ ਰਚਿਆ ਗਿਆ। ਟਰੰਪ ਦੀ ਸੋਚ ਸਿਰਫ਼ ਆਰਥਿਕ ਮੋਰਚੇ ਤੱਕ ਸੀਮਿਤ ਨਹੀਂ ਹੈ, ਅਮਰੀਕਾ ਵਿੱਚ ਭਾਰਤ ਵਿਰੋਧੀ ਵੱਖਵਾਦੀ ਖ਼ਾਲਿਸਤਾਨੀ ਤੱਤਾਂ ਨੂੰ ਉਤਸ਼ਾਹਿਤ ਕਰਨਾ ਅਗਲੀ ਕੜੀ ਹੈ। ਇਸ ਮਿਸ਼ਨ ਵਿੱਚ ਉਨ੍ਹਾਂ ਦਾ ਸਾਥੀ ਸਿੱਖ ਫੌਰ ਜਸਟਿਸ ਦਾ ਗੁਰ ਪਤਵੰਤ ਪੰਨੂ ਹੈ, ਜੋ ਖ਼ਾਲਿਸਤਾਨ ਰੈਫਰੈਂਡਮ ਦੀ ਆੜ 'ਚ ਪ੍ਰਵਾਸੀ ਸਿੱਖ ਭਾਈਚਾਰੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪ੍ਰੋ. ਸਰਚਾਂਦ ਸਿੰਘ ਨੇ ਵਾਸ਼ਿੰਗਟਨ, ਡੀ.ਸੀ. ਵਿੱਚ ਪੰਨੂ ਅਤੇ ਉਨ੍ਹਾਂ ਦੇ ਖ਼ਾਲਿਸਤਾਨ ਸਮਰਥਕਾਂ ਦੁਆਰਾ ਕਰਵਾਏ ਜਾ ਰਹੇ ਪ੍ਰਸਤਾਵਿਤ ਅਣਅਧਿਕਾਰਤ ਰੈਫਰੈਂਡਮ ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ ਕਿ ਖ਼ਾਲਿਸਤਾਨ ਰੈਫਰੈਂਡਮ ਦੀ ਪੰਜਾਬ ਅਤੇ ਸਿੱਖਾਂ ਲਈ ਕੋਈ ਸਾਰਥਿਕਤਾ ਨਹੀਂ ਹੈ।

ਪ੍ਰੋ. ਖਿਆਲਾ ਨੇ ਪੰਨੂ ਦੇ ਕਿਰਦਾਰ ਬਾਰੇ ਬੋਲਦਿਆਂ ਕਿਹਾ ਕਿ ਸਿੱਖਸ ਫਾਰ ਜਸਟਿਸ ਮਨੁੱਖੀ ਅਧਿਕਾਰ ਸਮੂਹ ਤੇ ਸ਼ਾਂਤੀਪੂਰਨ ਸੰਘਰਸ਼ ਹੋਣ ਦਾ ਦਾਅਵਾ ਕਰਦਾ ਹੈ, ਪਰ ਕੋਈ ਪੁੱਛ ਸਕਦਾ ਹੈ ਕਿ 15 ਅਗਸਤ ਨੂੰ ਫ਼ਰੀਦਕੋਟ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਾਰਨ ਦੀਆਂ ਧਮਕੀਆਂ, ਏਅਰ ਇੰਡੀਆ ਨੂੰ ਉਡਾਉਣ ਦੀਆਂ ਧਮਕੀਆਂ ਤੇ ਉਨ੍ਹਾਂ ਦੇ ਸਿਆਸੀ ਏਜੰਡੇ ਨੂੰ ਸਮਰਥਨ ਨਾ ਦੇਣ ਵਾਲਿਆਂ ਨੂੰ ਧਮਕੀਆਂ ਦੇਣੀਆਂ ਆਦਿ ਸਭ ਕਿਸ ਤਰ੍ਹਾਂ ਦਾ ਮਨੁੱਖੀ ਅਧਿਕਾਰ ਤੇ ਸ਼ਾਂਤਮਈ ਸੰਘਰਸ਼ ਦਾ ਹਿੱਸਾ ਹਨ? ਉਨ੍ਹਾਂ ਕਿਹਾ ਕਿ ਹਾਲ ਹੀ 'ਚ ਕੈਨੇਡਾ ਦੇ ਸਰੀ ਵਿੱਚ ਉੱਤਰੀ ਅਮਰੀਕਾ ਵਿੱਚ ਭਾਰਤੀ ਮੂਲ ਦੇ ਸਭ ਤੋਂ ਪੁਰਾਣੇ ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਦੀ ਇਮਾਰਤ 'ਤੇ ਪੰਨੂ ਵੱਲੋਂ ਖਾਲਿਸਤਾਨੀ ਦੂਤਾਵਾਸ ਦਾ ਬੈਨਰ ਲਗਾ ਕੇ ਕੀਤੇ ਗਏ ਨਜਾਇਜ਼ ਕਬਜ਼ੇ ਨੇ ਉੱਥੇ ਦੇ ਪ੍ਰਵਾਸੀ ਸਿੱਖ ਭਾਈਚਾਰੇ ਨੂੰ ਸ਼ਰਮਿੰਦਾ ਨਹੀਂ ਕੀਤਾ?

ਮੈਂ ਪੰਨੂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਸਭ ਤੋਂ ਪੁਰਾਣੇ ਹਿੰਦੂ ਮੰਦਰ ਸ਼ਿਵਾਲਾ ਭਾਈਆਂ ਦੀ ਕੰਧ 'ਤੇ ਭੜਕਾਊ ਨਾਅਰੇ ਲਿਖਵਾਉਂਦਿਆਂ ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾ ਕੇ, ਉਹ ਸਿੱਖ ਧਰਮ ਦੇ ਕਿਹੜੇ ਸਿਧਾਂਤ ਦੀ ਪਾਲਣਾ ਕਰ ਰਿਹਾ ਹੈ?ਉਸਨੇ ਧਾਰਮਿਕ ਅਸਥਾਨਾਂ 'ਤੇ ਹਮਲੇ ਕਰਵਾਕੇ ਸਿੱਖ ਧਰਮ ਦੀਆਂ ਮੂਲ ਭਾਵਨਾਵਾਂ ਦਾ ਅਪਮਾਨ ਕਰਦਿਆਂ ਆਪਣਾ ਅਸਲੀ ਚਿਹਰਾ ਬੇਨਕਾਬ ਕੀਤਾ ਹੈ। ਪ੍ਰੋ. ਖਿਆਲਾ ਨੇ ਸਾਫ਼ ਕਿਹਾ ਕਿ ਸਿਆਸੀ ਮੰਤਵ ਲਈ ਟਰੰਪ ਦੀਆਂ ਆਰਥਿਕ ਚਾਲਾਂ ਅਤੇ ਪੰਨੂ ਦੀਆਂ ਧਾਰਮਿਕ ਤੇ ਸਭਿਆਚਾਰਕ ਵੰਡੀਆਂ ਪੈਦਾ ਕਰਨ ਦੀਆਂ ਸਾਜ਼ਿਸ਼ਾਂ ਇੱਕੋ ਰੱਥ ਦੇ ਦੋ ਪਹੀਏ ਹਨ, ਜਿਨ੍ਹਾਂ ਦਾ ਮਕਸਦ ਭਾਰਤ ਨੂੰ ਕਮਜ਼ੋਰ ਕਰਨ ਹੈ। ਉਨ੍ਹਾਂ ਕਿਹਾ ਕਿ ਪੰਥ, ਪੰਜਾਬ ਅਤੇ ਸਮੁੱਚੇ ਭਾਰਤ ਦੇ ਲੋਕਾਂ ਨੂੰ ਇਨ੍ਹਾਂ ਚਾਲਾਂ ਨੂੰ ਪਛਾਨਣਾ ਪਵੇਗਾ, ਇਕਜੁੱਟ ਹੋਣਾ ਪਵੇਗਾ ਤੇ ਇਨ੍ਹਾਂ ਮਨਸੂਬਿਆਂਨੂੰ ਨਾਕਾਮ ਕਰਨਾ ਪਵੇਗਾ। ਕਿਉਂਕਿ ਜਦੋਂ ਆਰਥਿਕਤਾ, ਧਰਮ ਤੇ ਸੱਭਿਆਚਾਰ, ਤਿੰਨੋ ਸੁਰੱਖਿਅਤ ਰਹਿੰਦੇ ਹਨ, ਤਾਂ ਹੀ ਰਾਸ਼ਟਰ ਮਜ਼ਬੂਤ ਤੇ ਅਟੱਲ ਰਹਿੰਦਾ ਹੈ।

## ਰਿਆੜਕੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਆਰਚਰੀ 'ਚ ਮਾਰੀਆਂ ਮੱਲਾਂ, ਰਾਜ ਪੱਧਰੀ ਮੁਕਾਬਲਿਆਂ ਲਈ ਕੁਆਲੀਫਾਈ



ਕਾਹਨੂੰਵਾਨ, 9 ਅਗਸਤ (ਕੁਲਜੀਤ ਸਿੰਘ ਖੋਖਰ): ਰਿਆੜਕੀ ਪਬਲਿਕ ਸਕੂਲ ਤੁਗਲਵਾਲ ਦੇ ਵਿਦਿਆਰਥੀ ਅਕਾਦਮਿਕਤਾ, ਧਾਰਮਿਕਤਾ ਵਿੱਚ ਜਿੱਥੇ ਮੋਹਰੀ ਰਹਿੰਦੇ ਹਨ, ਉਥੇ ਹੀ ਇਸ ਸੰਸਥਾ ਦੇ ਵਿਦਿਆਰਥੀ ਵੱਖ-ਵੱਖ ਖੇਡਾਂ 'ਚ ਮੱਲਾਂ ਮਾਰ ਕੇ ਆਪਣੀ ਸੰਸਥਾ ਦੇ ਨਾਮ ਨੂੰ ਰੌਸ਼ਨ ਕਰਦੇ ਰਹਿੰਦੇ ਹਨ , ਇਸੇ ਹੀ ਲੜੀ ਤਹਿਤ, ਸੰਸਥਾ ਦੇ ਵਿਦਿਆਰਥੀਆਂ ਨੇ ਸਰਕਾਰ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਾਜ ਪੱਧਰੀ ਮੁਕਾਬਲਿਆਂ ਲਈ ਆਪਣੀ ਜਗ੍ਹਾ ਪੱਕੀ ਕੀਤੀ ਹੈ। ਸੰਸਥਾ ਦੇ ਸਰਪ੍ਰਸਤ ਅਤੇ ਮਸ਼ਹੂਰ ਓਲੰਪੀਅਨ ਬਲਬੀਰ ਸਿੰਘ ਰੰਧਾਵਾ ਦੀ ਸਰਪਰਸਤੀ ਤੇ ਮਾਰਗਦਰਸ਼ਨ ਹੇਠ ਸਕੂਲ ਨੇ ਨਾ ਸਿਰਫ਼ ਅਕਾਦਮਿਕ ਖੇਤਰ 'ਚ, ਸਗੋਂ ਖੇਡਾਂ 'ਚ ਵੀ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਸਕੂਲ ਵਿਖੇ ਆਰਚਰੀ ਦੀ ਸ਼ੁਰੂਆਤ ਨੇ ਵਿਦਿਆਰਥੀਆਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਸੰਸਥਾ ਦੀ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਦੱਸਿਆ ਕਿ ਯੋਗ ਕੋਚਾਂ ਦੀ ਅਗਵਾਈ 'ਚ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਉੱਤਮ ਪ੍ਰਦਰਸ਼ਨ ਕੀਤਾ। ਅੰਡਰ-17 ਵਰਗ 'ਚੋਂ ਦੋ ਤੇ ਅੰਡਰ-14 ਵਰਗ ਵਿੱਚੋਂ ਇੱਕ ਵਿਦਿਆਰਥੀ ਨੇ ਰਾਜ ਪੱਧਰੀ ਮੁਕਾਬਲਿਆਂ ਲਈ ਕੁਆਲੀਫਾਈ ਕੀਤਾ। ਅੰਡਰ-17 ਵਰਗ 'ਚ ਆਯੂ ਸ਼ਰਮਾ (ਪਿੰਡ ਮਾੜੀ ਪੰਨਵਾਂ, ਨੌਵੀਂ ਜਮਾਤ) ਤੇ ਜਸਦੀਪ ਸਿੰਘ (ਪਿੰਡ ਤੁਗਲਵਾਲਾ, ਅੱਠਵੀਂ ਜਮਾਤ) ਨੇ ਸੋਨ ਤਗਮੇ ਜਿੱਤ ਕੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਆਪਣੀ ਸੀਟ ਪੱਕੀ ਕੀਤੀ। ਇਸੇ ਤਰ੍ਹਾਂ ਅੰਡਰ-14 ਵਰਗ ਵਿੱਚ ਹਰਬਾਜ ਸਿੰਘ (ਪਿੰਡ ਭੈਣੀ ਬਾਂਗਰ, ਸੱਤਵੀਂ ਜਮਾਤ) ਨੇ ਸੋਨ ਤਗਮਾ ਹਾਸਲ ਕਰਕੇ ਰਾਜ ਪੱਧਰ ਲਈ ਨਾਮਜ਼ਦਗੀ ਪ੍ਰਾਪਤ ਕੀਤੀ। ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਤੇ ਕੋਚਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ। [illegible] ਕੌਰ, ਕੋਚ ਰਮਾ, ਕੁਆਰਡੀਨੇਟਰ ਤੇ ਸਮੂਹ ਸਟਾਫ ਮੌਜੂਦ ਸੀ। ਇਹ ਪ੍ਰਾਪਤੀ ਸੰਸਥਾ ਦੀ ਅਣਥੱਕ ਮਿਹਨਤ ਤੇ ਵਿਦਿਆਰਥੀਆਂ ਦੇ ਜੋਸ਼ ਦਾ ਪ੍ਰਤੀਕ ਹੈ, ਜੋ ਆਉਣ ਵਾਲੇ ਸਮੇਂ ਵਿੱਚ ਹੋਰ ਉੱਚੀਆਂ ਉਡਾਣਾਂ ਭਰਨ ਲਈ ਪ੍ਰੇਰਿਤ ਕਰੇਗੀ।

## ਜੀਵਨ ਜੁਗਤਿ ਸਮਾਗਮ ਅੰਮ੍ਰਿਤ ਵੇਲੇ ਦੇ ਦੀਵਾਨ ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ ਵਿਖੇ ਸਜਾਏ



ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਰਜਿ. ਸ੍ਰੀ ਅੰਮ੍ਰਿਤਸਰ ਵੱਲੋਂ 6 ਜੁਲਾਈ ਤੋਂ 23 ਅਗਸਤ ਤੱਕ ਹੋ ਰਹੇ ਧਾਰਮਿਕ ਦੀਵਾਨਾਂ ਦੀ ਲੜੀ ਦਾ ਪ੍ਰਵਾਹ ਲਗਾਤਾਰ ਜਾਰੀ ਹੈ। ਇਸੇ ਸਬੰਧ ਵਿੱਚ ਅੱਜ 9 ਅਗਸਤ ਅੰਮ੍ਰਿਤ ਵੇਲੇ ਦੇ ਦੀਵਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਅਤੇ ਮੁੱਖ ਸੇਵਾਦਾਰ ਸ੍ਰ ਜਤਿੰਦਰ ਸਿੰਘ ਦੇ ਅਗਵਾਈ ਹੇਠ ਤਰਨ ਤਾਰਨ ਰੋਡ ਸਥਿਤ ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ [illegible] ਕਲੋਨੀ ਵਿਖੇ ਸਵੇਰੇ 5 ਤੋਂ 7 ਵਜੇ ਤੱਕ ਦੀਵਾਨ ਸਜਾਏ ਗਏ।

ਸੁਸਾਇਟੀ ਦੇ ਸਰਪ੍ਰਸਤ ਤੇ ਮੋਢੀ ਜਸਬੀਰ ਸਿੰਘ ਨੇ ਦੱਸਿਆ ਕਿ ਭਾਈ ਕੁਲਦੀਪ ਸਿੰਘ ਹੰਸਪਾਲ ਅੰਮ੍ਰਿਤਸਰ ਵਾਲੇ, ਬੀਬੀ ਅਮਰਜੀਤ ਕੌਰ ਗੁਰਮਤਿ ਪ੍ਰਚਾਰਿਕ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਰਜਿ. ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਸਰਬਜੀਤ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਾਲੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੀ ਛਹਿਬਰ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। 10 ਅਗਸਤ ਐਤਵਾਰ ਦੇ ਸਮਾਗਮ ਸਵੇਰੇ 7 ਤੋਂ 10 ਵਜੇ ਤੱਕ ਭਾਈ ਘਨੱਈਆ ਜੀ ਸਾਜਨ ਸਰਸਵਤੀ ਮਿਸ਼ਨ ਹਸਪਤਾਲ ਗੁਰੂ ਗੋਬਿੰਦ ਸਿੰਘ ਨਗਰ ਬਾਹਰਵਾਰ ਗਿਲਵਾਲੀ ਗੇਟ ਹੋਣਗੇ। ਆਪ ਸਭ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਆਪਣੇ ਜੀਵਨ ਨੂੰ ਸਫਲਾ ਕਰੋ। ਗੁਰੂ ਕੇ ਲੰਗਰ ਅਟੁੱਟ ਲਾਏ ਜਾਣਗੇ।

## ਅਜਨਾਲਾ ਵਿਖੇ ਮੈਡੀਕਲ ਸਟੋਰ ਮਾਲਕ ਦੀ ਗੋਲੀਆਂ ਮਾਰ ਕੇ ਹੱਤਿਆ



ਅਜਨਾਲਾ, 9 ਅਗਸਤ (ਸੁਖਦੇਵ ਸਿੰਘ ਖ਼ਾਲਸਾ): ਪਿੰਡ ਗੁਝਪੀਰ ਤੋਂ ਦੇਰ ਸ਼ਾਮ ਆਪਣੀ ਦੁਕਾਨ ਬੰਦ ਕਰਕੇ ਘਰ ਜਾ ਰਹੇ ਇੱਕ ਮੈਡੀਕਲ ਸਟੋਰ ਮਾਲਕ ਤਰਨਜੀਤ ਸਿੰਘ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਰਪੰਚ ਮਨਪ੍ਰੀਤ ਸਿੰਘ ਮੰਨੂ ਮੱਲੀ ਵਾਸੀ ਬੋਹੜਵਾਲਾ ਨੇ ਦੱਸਿਆ ਕਿ ਉਸ ਦੇ ਤਾਏ ਦਾ ਲੜਕਾ ਤਰਨਜੀਤ ਸਿੰਘ ਪਿੰਡ ਗੁਝਪੀਰ ਤੋਂ ਆਪਣਾ ਮੈਡੀਕਲ ਸਟੋਰ ਬੰਦ ਕਰਕੇ ਆਪਣੇ ਘਰ ਪਿੰਡ ਸੂਰਾਪੁਰ ਨੂੰ ਆ ਰਿਹਾ ਸੀ ਕਿ ਜਦ ਉਹ ਅਜਨਾਲਾ ਦੇ ਬਿਜਲੀ ਘਰ ਨਜ਼ਦੀਕ ਪੁੱਜਾ ਤਾਂ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਗੋਲੀਆਂ ਮਾਰ ਦਿੱਤੀਆਂ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਗੋਲੀਕਾਂਡ ਦਾ ਪਤਾ ਚੱਲਦਿਆਂ ਹੀ ਮੌਕੇ 'ਤੇ ਪਹੁੰਚੇ ਡੀ.ਐਸ.ਪੀ. ਅਜਨਾਲਾ ਗੁਰਵਿੰਦਰ ਸਿੰਘ ਔਲਖ ਤੇ ਐਸ.ਐਚ.ਓ ਹਰਚੰਦ ਸਿੰਘ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਜਲਦ ਹੀ ਤਰਨਜੀਤ ਸਿੰਘ ਦੇ ਕਾਤਲਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਪੰਜਾਬ ਸਰਕਾਰ ਨੇ ਆਪਣੇ ਸਾਡੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ 'ਚ ਸਿਹਤ ਤੇ ਨਸ਼ੇ ਨੂੰ ਲੈਕੇ ਲਏ ਵੱਡੇ ਫੈਸਲੇ : ਹਰਮਿੰਦਰ ਬਖਸ਼ੀ



ਗੜ੍ਹਸ਼ੰਕਰ, 9 ਅਗਸਤ (ਅਜਮੇਰ ਸਿੰਘ ਭਨੋਟ): ਪੰਜਾਬ ਸਰਕਾਰ ਵਲੋਂ ਸਾਡੇ ਤਿੰਨ ਸਾਲਾਂ ਦੇ ਕਾਰਗੁਜ਼ਾਰੀ ਦੇ ਵਿੱਚ ਸਿਹਤ ਅਤੇ ਨਸ਼ੇ ਨੂੰ ਲੈਕੇ ਵੱਡੇ ਫੈਸਲੇ ਲਏ ਗਏ ਹਨ ਜਿਸਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ ਇਹ ਸ਼ਬਦ ਡਾਕਟਰ ਹਰਮਿੰਦਰ ਸਿੰਘ ਬਖਸ਼ੀ ਵਾਈਸ ਚੇਅਰਮੈਨ ਪੰਜਾਬ ਇੰਡਸਟਰੀ ਬੋਰਡ ਨੇ ਗੜ੍ਹਸ਼ੰਕਰ ਦੇ ਬਲਾਕ ਮਾਹਿਲਪੁਰ ਵਿੱਖੇ ਪੱਤਰਕਾਰ ਸੰਮੇਲਨ ਦੁਰਾਨ ਕਹੇ। ਇਸ ਮੌਕੇ ਡਾਕਟਰ ਹਰਮਿੰਦਰ ਸਿੰਘ ਬਖਸ਼ੀ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿਹਤ ਸਹੂਲਤਾਂ ਤੇ ਨਸ਼ੇ ਦੇ ਮੁੱਦੇ ਨੂੰ ਮੁੱਖ ਰੱਖਦੇ ਹੋਏ ਵੱਡੇ ਫੇਰਬਦਲ ਕੀਤੇ ਹਨ। ਉਨ੍ਹਾਂ ਕਿਹਾ ਸਰਕਾਰੀ ਹਸਪਤਾਲਾਂ ਤੇ ਮੁਹੱਲਾ ਕਲਿਨੀਕਾਂ ਦੇ ਵਿੱਚ ਮਰੀਜਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸਟਾਫ਼ ਦੀ ਕਮੀ ਨੂੰ ਪੂਰਾ ਕਰਨ ਦੇ ਨਾਲ ਨਾਲ ਹਰ ਤਰ੍ਹਾਂ ਦੀ ਦਵਾਈਆਂ ਵੀ ਉਪਲੱਬਧ ਕਰਵਾਇਆ ਹਨ। ਉਨ੍ਹਾਂ ਕਿਹਾ ਪੰਜਾਬ ਸਰਕਾਰ ਵਲੋਂ ਲੋਕਾਂ ਦੇ ਲਈ 10 ਲੱਖ ਰੁਪਏ ਦਾ ਇਲਾਜ਼ ਹਸਪਤਾਲਾਂ 'ਚ ਮੁਫ਼ਤ ਉਪਲੱਬਧ ਕਰਵਾਇਆ ਜਾ ਰਿਹਾ ਹੈ ਜਿਸਦਾ ਹਰ ਇੱਕ ਵਰਗ ਨੂੰ ਫ਼ਾਇਦਾ ਮਿਲੇਗਾ। ਬਖਸ਼ੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ੇ ਦੇ ਖ਼ਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਦੇ 'ਚ ਨਸ਼ਾ ਤਸਕਰਾਂ ਦੀ ਜਾਇਦਾਦਾਂ ਦੇ ਉੱਪਰ ਸਿੱਧੀ ਚੋਟ ਪਹੁੰਚਾਈ ਜਾ ਰਹੀ ਹੈ ਤੇ ਨਸ਼ਾ ਸਪਲਾਈ ਕਰਨ ਵਾਲਿਆਂ ਨੂੰ ਜੇਲ੍ਹਾਂ ਦੇ ਵਿੱਚ ਢੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੇ ਵਿੱਚ ਫ਼ਸੇ ਨੌਜਵਾਨਾਂ ਨੂੰ ਕਢਕੇ ਨਸ਼ਾ ਛੁਡਾਉ ਕੇਂਦਰਾਂ ਵਿੱਚ ਦਾਖ਼ਲ ਕਰਵਾਇਆ ਜਾ ਰਿਹਾ ਹੈ ਤੇ ਨਸ਼ੇ ਦੇ ਖ਼ਿਲਾਫ਼ ਕਈ ਤਰ੍ਹਾਂ ਦੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ।

## ਜਥੇ. ਸੁਖਦੇਵ ਸਿੰਘ ਬੱਬਰ ਦਾ 33ਵਾਂ ਸ਼ਹੀਦੀ ਸਮਾਗਮ ਸ਼ਰਧਾ ਸਹਿਤ ਮਨਾਇਆ



ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ): ਪੁਰਾਤਨ ਜੁਝਾਰੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁੱਖੀ ਜਥੇਦਾਰ ਸੁਖਦੇਵ ਸਿੰਘ ਬੱਬਰ ਦਾ 33 ਵਾਂ ਸ਼ਹੀਦੀ ਸਮਾਗਮ ਪੰਥਕ ਜਥੇਬੰਦੀਆਂ ਨੇ ਸਾਂਝੇ ਰੂਪ ਵਿੱਚ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਉਨ੍ਹਾਂ ਦੇ ਜੱਦੀ ਪਿੰਡ ਦਾਸੂਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਮਨਾਇਆ। ਸਮਾਗਮ ਦੀ ਆਂਭਤਾ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਾਰਜ ਸਿੰਘ ਤੇ ਸਾਥੀਆਂ ਨੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪੰਥ ਦੇ ਉਘੇ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਵਾਰਾਂ ਰਾਹੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।ਸਮਾਗਮ 'ਚ ਹਵਾਰਾ ਕਮੇਟੀ, ਅਖੰਡ ਕੀਰਤਨੀ ਜਥਾ, ਦਲ ਖ਼ਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਵਾਲੇ, ਪੰਥਕ ਸੇਵਕ ਜਥਾ ਸ਼ਾਮਲ ਹੋਏ। 1978 ਦੀ ਵਿਸਾਖੀ ਦੇ ਨਿਰੰਕਾਰੀ ਕਾਂਡ ਦੇ ਜ਼ੁਲਮ ਤੇ ਬੇਇਨਸਾਫ਼ੀ ਦੇ ਬਾਅਦ ਹੌਂਦ ਵਿੱਚ ਆਈ ਬੱਬਰ ਖ਼ਾਲਸਾ ਜਥੇਬੰਦੀ ਦੀ ਅਗਵਾਈ ਭਾਈ ਸੁਖਦੇਵ ਸਿੰਘ ਬੱਬਰ ਨੇ ਗੁਰਮਤਿ ਸਿਧਾਂਤਾਂ ਅਨੁਸਾਰ 14 ਸਾਲ ਕੀਤੀ। ਜਥੇਬੰਦੀ ਦੀ ਅਗਵਾਈ ਅੱਜ ਕੱਲ ਜਥੇਦਾਰ ਵਧਾਵਾ ਸਿੰਘ ਬੱਬਰ ਕਰ ਰਹੇ ਹਨ। ਇਸ ਮੌਕੇ ਸ਼ਹੀਦ ਪਰਿਵਾਰਾਂ ਵਿੱਚੋ ਭਾਈ ਸੁਖਦੇਵ ਸਿੰਘ ਬੱਬਰ, ਭਾਈ ਮਹਿੰਗਾ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਅਨੋਖ ਸਿੰਘ ਤੇ ਬਹੁਤ ਸਾਰੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰੋਫੈਸਰ ਬਲਜਿੰਦਰ ਸਿੰਘ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਸਾਡਾ ਫਰਜ਼ ਹੈ। ਇਸ ਮੌਕੇ ਤੇ ਪੰਜਾਂ ਸਿੰਘਾਂ ਚੋਂ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਤਰਲੋਕ ਸਿੰਘ, ਨਾਰਾਇਣ ਸਿੰਘ ਚੌੜਾ, ਸਰਬਜੀਤ ਸਿੰਘ ਘੁਮਾਣ, ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਅਰਜਨ ਸਿੰਘ ਸ਼ੇਰਗਿਲ, ਜੁਗਿੰਦਰ ਸਿੰਘ , ਪ੍ਰੋ ਜੋਗਾ ਸਿੰਘ, ਸੁਖਜੀਤ ਸਿੰਘ ਖੋਸਾ, ਜੁਗਰਾਜ ਸਿੰਘ ਪੱਟੀ, ਪ੍ਰਤਾਪ ਸਿੰਘ ਕਾਲੀਆ, ਜਤਿੰਦਰ ਸਿੰਘ ਨਵਾਂ ਪਿੰਡ, ਗੁਰਮੀਤ ਸਿੰਘ ਮੈਨੇਜਰ, ਸਤਨਾਮ ਸਿੰਘ, ਭੁਪਿੰਦਰ ਸਿੰਘ ਛੇ ਜੂਨ, ਰਣਜੀਤ ਸਿੰਘ ਦਮਦਮੀ ਟਕਸਾਲ, ਜਸਵੰਤ ਸਿੰਘ ਧਰਮੀ ਫੌਜੀ, ਭਾਈ ਦਵਿੰਦਰ ਸਿੰਘ, ਭਾਈ ਮੱਖਣ ਸਿੰਘ, ਸਰਬਜੀਤ ਸਿੰਘ ਕਾਲੀਆਂ, ਬਲਦੇਵ ਸਿੰਘ ਵੇਰਕਾ, ਦਰਸ਼ਨ ਸਿੰਘ ਬਟਾਲਾ, ਬਲਜਿੰਦਰ ਸਿੰਘ ਬਟਾਲਾ, ਹਰਜਿੰਦਰ ਸਿੰਘ ਆੜਤੀ ਬਟਾਲਾ, ਧਰਮ ਸਿੰਘ, ਬਲਬੀਰ ਸਿੰਘ ਘਨੂੰਪੁਰ, ਨਰਿੰਦਰ ਸਿੰਘ ਗਿੱਲ, ਮਾਨ ਸਿੰਘ ਆਦਿ ਨੇ ਹਾਜ਼ਰੀ ਭਰੀ।

## ਤਰੁਣ ਚੁਘ ਵੱਲੋਂ ਜਥੇ. ਗੜਗੱਜ ਦੇ ਜੀਜਾ ਜੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ): ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਮਹਾਮੰਤਰੀ ਤਰੁਣ ਚੁਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਸਤਿਕਾਰਯੋਗ ਜੀਜਾ ਗੁਰਵਿੰਦਰ ਸਿੰਘ ਦੇ ਬੇਵਕਤੀ ਦੇਹਾਂਤ 'ਤੇ ਗਹਿਰਾ ਸ਼ੋਕ ਪ੍ਰਗਟਾਇਆ। ਗੁਰਵਿੰਦਰ ਸਿੰਘ ਪੰਜਾਬ ਪੁਲਿਸ ਵਿੱਚ ਅਸਿਸਟੈਂਟ ਸਬ-ਇੰਸਪੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਸਨ ਅਤੇ ਆਪਣੀ ਸੇਵਾ ਭਾਵਨਾ, ਸਾਦਗੀ, ਸਮਾਜ ਪ੍ਰਤੀ ਪਿਆਰ ਅਤੇ ਧਾਰਮਿਕ ਤੇ ਗੁਰੂ ਪਰੰਪਰਾ ਪ੍ਰਤੀ ਸਮਰਪਣ ਲਈ ਜਾਣੇ ਜਾਂਦੇ ਸਨ।

ਤਰੁਣ ਚੁਘ ਨੇ ਸ਼ੋਕਗ੍ਰਸਤ ਪਰਿਵਾਰ ਨਾਲ ਮਿਲ ਕੇ ਢਾਰਸ ਬੰਨਾਇਆ ਅਤੇ ਕਿਹਾ ਗੁਰਵਿੰਦਰ ਸਿੰਘ ਦਾ ਸਨੇਹ, ਸੇਵਾ ਅਤੇ ਸਮਾਜਿਕ ਯੋਗਦਾਨ ਸਦਾ ਯਾਦ ਰਹੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਵਿਅਕਤੀਤਵ ਪੰਜਾਬ ਦੀਆਂ ਸਮਾਜਿਕ ਅਤੇ ਧਾਰਮਿਕ ਪਰੰਪਰਾਵਾਂ ਦਾ ਜੀਵੰਤ ਉਦਾਹਰਨ ਸੀ। ਉਨ੍ਹਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਸ. ਗੁਰਵਿੰਦਰ ਸਿੰਘ ਨੂੰ ਆਪਣੇ ਚਰਨਾਂ ਵਿੱਚ ਥਾਂ ਦੇਣ ਅਤੇ ਪਰਿਵਾਰ ਨੂੰ ਇਸ ਗਹਿਰੇ ਸਦਮੇ ਨੂੰ ਸਹਿਣ ਕਰਨ ਦੀ ਤਾਕਤ ਬਖ਼ਸ਼ਣ।

## ਸਕੂਲੀ ਬੱਚਿਆਂ ਨੂੰ ਮੁਫ਼ਤ ਵੰਡੀਆਂ ਨਜ਼ਰ ਦੀਆਂ ਐਨਕਾਂ

ਫਤਿਹਗੜ੍ਹ ਚੂੜੀਆਂ 9 ਅਗਸਤ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਾ. ਲਖਵਿੰਦਰ ਸਿੰਘ ਐਸ ਐਮ ਓ ਫਤਿਹਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿੱਚ ਬੱਚਿਆਂ ਦੀਆਂ ਨਜ਼ਰਾਂ ਚੈੱਕ ਕਰਨ ਲਈ ਸਿਹਤ ਵਿਭਾਗ ਦੀ ਟੀਮ ਵੱਲੋਂ ਸਕੂਲ ਦਾ ਦੌਰਾ ਕੀਤਾ ਗਿਆ ਤੇ ਜਿਨ੍ਹਾਂ ਬੱਚਿਆਂ ਦੀਆਂ ਨਜ਼ਰ ਕਮਜ਼ੋਰ ਸੀ ਉਨ੍ਹਾਂ ਨੂੰ ਜਾਂਚ ਲਈ ਸੀ ਐਚ ਸੀ ਮੁਆਇਨੇ ਲਈ ਭੇਜਿਆ ਗਿਆ ਤੇ ਅਪਥਾਲਮਿਕ ਅਫ਼ਸਰ ਪੋਲਿਮਾ ਦੱਤਾ ਵੱਲੋਂ ਨਜ਼ਰ ਚੈੱਕ ਕਰ ਕੇ ਨੰਬਰ ਸੈਟ ਕੀਤਾ ਗਿਆ। ਉਕਤ ਅਨੁਸਾਰ ਬੱਚਿਆਂ ਲਈ ਨਜ਼ਰ ਦੀਆਂ ਐਨਕਾਂ ਬਣਾਈਆਂ ਗਈਆਂ ਤੇ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿੱਚ ਬੱਚਿਆਂ ਨੂੰ ਐਨਕਾਂ ਵੰਡੀਆਂ ਗਈਆਂ ਤੇ ਇਹ ਐਨਕਾਂ ਮੁਫ਼ਤ ਵੰਡੀਆਂ ਗਈਆਂ। ਅਧਿਆਪਕ ਸਾਹਿਬਾਨ ਨੇ ਆਸ ਕੀਤੀ ਕਿ ਇਨ੍ਹਾਂ ਐਨਕਾਂ ਦੀ ਬਦੌਲਤ ਬਿਹਤਰ ਢੰਗ ਨਾਲ ਪੜ੍ਹ ਸਕਣਗੇ। ਇਸ ਮੌਕੇ 'ਤੇ ਜੋਗਾ ਸਿੰਘ ਬੀ ਈ ਈ, ਰਾਜਵਿੰਦਰ ਕੌਰ ਸੀ ਐਚ ਓ, ਮਨਜਿੰਦਰ ਕੌਰ ਏ ਐਨ ਐਮ, ਨਰੇਸ਼ ਸੋਢੀ ਲੈਕਚਰਾਰ, ਬਿਕਰਮ ਬਾਠ, ਹਾਜ਼ਰ ਸਨ।

## ਐਸ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਾਲ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਿਆਸੀ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ): ਆਮ ਆਦਮੀ ਪਾਰਟੀ ਐਸ.ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਯੋਜਨਾ ਬੋਰਡ ਮੈਂਬਰ ਡਾ. ਇੰਦਰਪਾਲ ਦੇ ਸਵਰਗੀ ਪੁੱਤਰ ਅਰਵਿੰਦ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਰਦਾਸ ਵੀਰਵਾਰ ਨੂੰ ਗੁਰਦੁਆਰਾ ਸ਼ਹੀਦ ਗੰਜ ਬੀ ਬਲਾਕ ਰੇਲਵੇ ਕਲੋਨੀ ਇਸਲਾਮਾਬਾਦ ਵਿਖੇ ਕੀਤੀ ਗਈ।

ਇਸ ਦੌਰਾਨ ਸਾਬਕਾ ਕੈਬਿਨਟ ਮੰਤਰੀ ਅਤੇ ਵਿਧਾਇਕ ਕੁਲਦੀਪ ਧਾਰੀਵਾਲ ਨਗਰ ਨਿਗਮ ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, 'ਆਪ' ਦੇ ਜ਼ਿਲ੍ਹਾ ਪ੍ਰਧਾਨ ਅਤੇ ਪਨਸਪ ਦੇ ਚੇਅਰਮੈਨ ਪ੍ਰਭਬੀਰ ਸਿੰਘ ਬਰਾੜ, ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਅਸ਼ੋਕ ਤਲਵਾੜ, ਸਾਬਕਾ ਜ਼ਿਲ੍ਹਾ ਪ੍ਰਧਾਨ ਮਨੀਸ਼ ਅਗਰਵਾਲ, ਕੌਂਸਲਰ ਦੇ ਪਤੀ ਕਮਲ ਬੋਰੀ, ਹਰਪ੍ਰੀਤ ਸਿੰਘ ਬੇਦੀ, ਓਮ ਪ੍ਰਕਾਸ਼ ਗੱਬਰ, 'ਆਪ' ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸੁਰੇਸ਼ ਕੁਮਾਰ ਸ਼ਰਮਾ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਧਾਰਮਿਕ, ਸਮਾਜਿਕ, ਰਾਜਨੀਤਿਕ ਲੋਕਾਂ ਨੇ ਉਨ੍ਹਾਂ ਨਾਲ ਦੁੱਖ ਪ੍ਰਗਟ ਕੀਤਾ। ਮੇਅਰ ਨੇ ਕਿਹਾ ਕਿ ਇਹ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਆਮ ਆਦਮੀ ਪਾਰਟੀ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ।

## ਬਾਬਾ ਬੁੱਢਾ ਸਾਹਿਬ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਨਾਇਆ ਰੱਖੜੀ ਦਾ ਤਿਉਹਾਰ



ਬਟਾਲਾ, 9 ਅਗਸਤ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਬਾਬਾ ਬੁੱਢਾ ਸਾਹਿਬ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਉਗਰੇਵਾਲ ਵਿਖੇ ਰੱਖੜੀ ਦਾ ਤਿਉਹਾਰ ਬਹੁਤ ਹੀ ਵਧੀਆ ਤਰੀਕੇ ਨਾਲ ਮਨਾਇਆ ਗਿਆ। ਭਰਾ ਭੈਣ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਹਰ ਸਾਲ ਅਗਸਤ ਦੇ ਮਹੀਨੇ ਵਿੱਚ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ। ਇਹ ਤਿਉਹਾਰ ਭਰਾ ਅਤੇ ਭੈਣ ਨੂੰ ਪਿਆਰ ਦੇ ਬੰਧਨ ਵਿੱਚ ਬੰਨਦਾ ਹੈ। ਸਕੂਲ ਵਿੱਚ ਇਹ ਤਿਉਹਾਰ ਇੱਕ ਮੁਕਾਬਲੇ ਵਜੋਂ ਮਨਾਇਆ ਗਿਆ ।ਨਰਸਰੀ ਤੋਂ ਲੈ ਕੇ ਪਹਿਲੀ ਜਮਾਤ ਦੇ ਬੱਚਿਆਂ ਵੱਲੋਂ ਆਪਣੇ ਸਹਾਇਕ ਅਤੇ ਰੁੱਖਾਂ ਦੀ ਰੱਖੜੀਆਂ ਬੰਨ ਕੇ ਉਹਨਾਂ ਲਈ ਆਪਣਾ ਪਿਆਰ ਜਾਹਿਰ ਕੀਤਾ ਗਿਆ। ਦੂਜੀ ਤੋਂ ਲੈ ਕੇ ਚੌਥੀ ਕਲਾਸ ਦੇ ਬੱਚਿਆਂ ਨੇ ਰੱਖੜੀ ਮੁਬਾਰਕ ਵਾਲੇ ਕਾਰਡ ਬਣਾਏ। ਪੰਜਵੀਂ ਤੋਂ ਸੱਤਵੀਂ ਜਮਾਤ ਤੱਕ ਦੇ ਬੱਚਿਆਂ ਨੇ ਸਮੱਗਰੀ ਵਰਤ ਕੇ ਆਪਣੇ ਹੱਥਾਂ ਨਾਲ ਬਹੁਤ ਹੀ ਆਕਰਸ਼ਿਤ ਰੱਖੜੀਆਂ ਬਣਾਈਆਂ। ਅੱਠਵੀਂ ਤੋਂ ਦਸਵੀਂ ਜਮਾਤ ਤੱਕ ਦੇ ਬੱਚਿਆਂ ਨੇ ਰੱਖੜੀ ਨਾਲ ਸੰਬੰਧਿਤ ਬਹੁਤ ਹੀ ਸੋਹਣੇ ਚਾਰਟ ਬਣਾਏ। ਪ੍ਰਿੰਸੀਪਲ ਸਤਿਕਾਰਯੋਗ ਹਰਪ੍ਰੀਤ ਕੌਰ ਜੀ ਨੇ ਬੱਚਿਆਂ ਦੀ ਬਹੁਤ ਪ੍ਰਸ਼ੰਸਾ ਕੀਤੀ ਤੇ ਹਰੇਕ ਜਮਾਤ ਵਿੱਚੋਂ ਪਹਿਲੇ ਦੂਜੇ ਅਤੇ ਤੀਜੇ ਦਰਜੇ ਦੇ ਬੱਚਿਆਂ ਇਨਾਮ ਵਜੋਂ ਘੋਸ਼ਿਤ ਕੀਤੇ ਗਏ। ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਇਸ ਮੁਕਾਬਲੇ ਵਿੱਚ ਹਿੱਸਾ ਲਿਆ।

ਇਸ ਮੌਕੇ ਪ੍ਰਿੰਸੀਪਲ ਹਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਸਰਬਜੀਤ ਸਿੰਘ, ਅਮਰਜੋਤ ਕੌਰ, ਰਾਜਨਪ੍ਰੀਤ ਕੌਰ, ਜਸ਼ਨਪ੍ਰੀਤ ਕੌਰ ਤੇ ਗੁਰਵਿੰਦਰ ਕੌਰ, ਲਵਜੀਤ ਕੌਰ ਹਾਜਰ ਸਨ।

## ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਸੁਪਰਵਾਈਜ਼ਰ ਦੀ ਮਾਤਾ ਸਵਰਗਵਾਸ



ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ): ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਸੁਪਰਵਾਈਜ਼ਰ ਬਲਦੇਵ ਸਿੰਘ ਧੁੰਨ ਅਤੇ ਗੁਰੂ ਗੋਬਿੰਦ ਸਿੰਘ ਐਨਆਰਆਈ ਸਰਾਏ ਦੇ ਇੰਚਾਰਜ ਦਿਲਰਾਜ ਸਿੰਘ ਦੀ ਮਾਤਾ ਗੁਰਮੇਜ ਕੌਰ ਜੋ ਕਿ ਬੀਤੀ ਰਾਤ ਪਰਮਾਤਮਾ ਵੱਲੋਂ ਬਖਸ਼ੀ ਸੁਆਸਾਂ ਦੀ ਪੂੰਜੀ ਭੋਗਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਮਾਤਾ ਗੁਰਮੇਜ ਕੌਰ ਦਾ ਅੰਤਿਮ ਸੰਸਕਾਰ ਗੁਰੂਦਵਾਰਾ ਸ਼ਹੀਦਾ ਸਹਿਬ ਨੇੜੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਇਸ ਦੌਰਾਨ ਜਿੱਥੇ ਪੰਥ ਦੀਆਂ ਵੱਖ-ਵੱਖ ਧਾਰਮਿਕ, ਰਾਜਨੀਤਿਕ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਸ਼ਖਸ਼ੀਅਤਾਂ ਨੇ ਓਹਨਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਮੈਨੇਜਰ ਜਤਿੰਦਰ ਪਾਲ ਸਿੰਘ ਜੇ ਪੀ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਨਰਲ ਸਕੱਤਰ ਇਕਬਾਲ ਸੰਧੂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਵਾਂ ਸਿੰਘ ਘੁਮਾਨਪੁਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਸਪੈਕਟਰ ਮਲਕੀਤ ਸਿੰਘ ਗਲਵਾਲੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਖੰਡ ਪਾਠਾ ਦੇ ਇੰਚਾਰਜ ਮਨਦੀਪ ਸਿੰਘ,ਮੈਨੇਜਰ ਯੁਵਰਾਜ ਸਿੰਘ ਬੱਟੀ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਇੰਚਾਰਜ ਜਗਜੀਤ ਸਿੰਘ, ਤਲਵਿੰਦਰ ਸਿੰਘ ਮੋਨੂ, ਦਮਦਮੀ ਟਕਸਾਲ ਵੱਲੋਂ ਬਾਬਾ ਨਰੇਲ ਸਿੰਘ, ਬਾਬਾ ਬਲਵਿੰਦਰ ਸਿੰਘ, ਮੈਨੇਜਰ ਸਰਾਵਾਂ ਗੁਰਪ੍ਰੀਤ ਸਿੰਘ ਅਤੇ ਅਵਤਾਰ ਸਿੰਘ ਨੇ ਇਸ ਦੁੱਖ ਦੀ ਘੜੀ ਵਿੱਚ ਧੁੰਨ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀ ਕੇ ਡੀ ਸਕੂਲ ਆਫ਼ ਐਕਸੀਲੈਂਸ ਵਿਖੇ ਖ਼ੇਤਰੀ ਸ਼ਤਰੰਜ ਮੁਕਾਬਲਾ ਕਰਵਾਇਆ





ਅੰਮ੍ਰਿਤਸਰ, 9 ਅਗਸਤ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ ਕੇ ਡੀ ਸਕੂਲ ਆਫ਼ ਐਕਸੀਲੈਂਸ, ਸ਼ੁਭਮ ਏਨਕਲੇਵ, ਦਬੁਰਜੀ ਵਿਖੇ ਸੀ. ਆ ਈ. ਐਸ.ਸੀ.ਈ ਖੇਤਰੀ ਸ਼ਤਰੰਜ ਮੁਕਾਬਲਾ 2025 ਸਫ਼ਲਤਾ ਪੂਰਵਕ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਦਿੱਲੀ, ਹਰਿਆਣਾ, ਗੁਰਦਾਸਪੁਰ, ਚੰਡੀਗੜ੍ਹ, ਮੁਕਤਸਰ, ਜਲੰਧਰ ਅਤੇ ਮਲੋਟ ਤੋਂ ਆਏ ਅੰਡਰ-14, ਅੰਡਰ-17 ਅਤੇ ਅੰਡਰ-19 ਸ਼੍ਰੇਣੀਆਂ ਦੇ 11 ਜ਼ੋਨਾਂ ਦੇ ਕੁੱਲ 233 ਲੜਕੇ ਅਤੇ ਲੜਕੀਆਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਅਤੇ ਸਵਾਗਤੀ ਗੀਤ ਨਾਲ ਕੀਤੀ ਗਈ। ਉਦਘਾਟਨ ਸਮੇਂ ਪ੍ਰਿੰਸੀਪਲ ਹਰਕਮਲਪ੍ਰੀਤ ਕੌਰ ਜੀ ਕਾਲਰਾ ਵੱਲੋਂ ਸਭ ਦਾ ਸਵਾਗਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਯੋਜਨਾਬੰਦੀ ਵਿੱਚ ਸਰਟੀਫਾਈਡ ਆਰਬਿਟਰ, ਰਜਿਸਟ੍ਰੇਸ਼ਨ ਡੈਸਕ ਤੇ ਫਸਟ ਏਡ ਸਮੇਤ ਬਾਰੀਕੀ ਇੰਚਾਰਜ ਸਰਜੋਤ ਸਿੰਘ ਜੀ ਸਾਹਨੀ ਨਾਲ ਪ੍ਰਬੰਧ ਸ਼ਾਮਲ ਸਨ। ਲੜਕੀਆਂ ਦੀਆਂ ਟੀਮਾਂ ਵਿੱਚੋਂ ਅੰਮ੍ਰਿਤਸਰ, ਚੰਡੀਗੜ੍ਹ, ਮੁਕਤਸਰ ਨੇ ਵੱਖ ਵੱਖ ਵਰਗਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੀਆਂ ਟੀਮਾਂ ਵਿੱਚੋਂ ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਨੇ ਵੱਖ ਵੱਖ ਵਰਗਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਮਾਪਤੀ ਸਮਾਰੋਹ ਵਿੱਚ ਜੇਤੂਆਂ ਨੂੰ ਟਰਾਫ਼ੀਆਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮੈਂਬਰ ਹਰਜੀਤ ਸਿੰਘ ਜੀ ਸਚਦੇਵਾ ਪ੍ਰਿਤਪਾਲ ਸਿੰਘ ਨਰੂਲਾ ਤੇ ਹੰਸਬੀਰ ਸਿੰਘ ਜੀ ਹਾਜ਼ਰ ਸਨ। ਉਹਨਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਉਦੇਸ਼ ਬੌਧਿਕ ਵਿਕਾਸ ਅਤੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਮੁਕਾਬਲਾ ਬਹੁਤ ਸ਼ਾਨਦਾਰ ਸੀ, ਜਿਸ ਨੇ ਅੰਤਰ-ਸਕੂਲ ਸਹਿਯੋਗ ਅਤੇ ਪ੍ਰਤਿਭਾ ਦੀ ਪਛਾਣ ਨੂੰ ਮਜ਼ਬੂਤ ਕੀਤਾ। ਅੰਤ ਵਿੱਚ ਪ੍ਰਿੰਸੀਪਲ ਹਰਕਮਲਪ੍ਰੀਤ ਕੌਰ ਨੇ ਸਭਨਾਂ ਦਾ ਧੰਨਵਾਦ ਕੀਤਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 5 ਰੋਜ਼ਾ ਨੌਰਥ ਜ਼ੋਨ 5ਜੀ ਯੂਜ਼ ਕੇਸ ਲੈਬ ਤਕਨਾਲੋਜੀ ਵਰਕਸ਼ਾਪ



ਅੰਮ੍ਰਿਤਸਰ, 9 ਅਗਸਤ (ਗੁਰਦਿਆਲ ਸਿੰਘ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵੱਲੋਂ ਵਿਭਾਗ ਦੇ ਮੁਖੀ ਡਾ. ਰਵਿੰਦਰ ਕੁਮਾਰ ਦੀ ਦੇਖ ਰੇਖ ਹੇਠ ਵੱਲੋਂ 5 ਦਿਨਾਂ ਨੌਰਥ ਜ਼ੋਨ 5ਜੀ ਯੂਜ਼ ਕੇਸ ਲੈਬ ਤਕਨਾਲੋਜੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਿਭਾਗ ਨੇ ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ ਦੇ ਟੈਲੀਕਮਿਊਨੀਕੇਸ਼ਨ ਵਿਭਾਗ ਨਾਲ ਸਹਿਯੋਗ ਨਾਲ 5G ਯੂਜ਼ ਕੇਸ ਲੈਬ ਦੀ ਸਥਾਪਨਾ ਕੀਤੀ ਹੈ। ਇਸ ਸਹੂਲਤ ਦੀ ਪਹੁੰਚ ਨੂੰ ਹੋਰ ਵਧਾਉਣ ਲਈ ਕੈਂਪਸ ਵਿਖੇ ਨੌਰਥ ਜ਼ੋਨ ਦੇ ਸੰਸਥਾਨਾਂ ਲਈ 5 ਦਿਨਾਂ ਦਾ ਫਿਜ਼ੀਕਲ ਟ੍ਰੇਨਿੰਗ ਪ੍ਰੋਗਰਾਮ ਆਯੋਜਿਤ ਵਰਕਸ਼ਾਪ ਵਿੱਚ ਨਾਮੀ ਸੰਸਥਾਵਾਂ ਜਿਵੇਂ ਕਿ ਐਨ.ਆਈ.ਟੀ. ਜਲੰਧਰ, ਯੂ.ਆਈ.ਈ.ਟੀ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੀ.ਈ.ਸੀ. ਚੰਡੀਗੜ੍ਹ, ਥਾਪਰ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਪਟਿਆਲਾ, ਆਈ.ਆਈ.ਟੀ. ਰੋਪੜ ਅਤੇ ਮੇਜ਼ਬਾਨ ਸੰਸਥਾ ਜੀ.ਐਨ.ਡੀ.ਯੂ. ਅੰਮ੍ਰਿਤਸਰ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ।

ਟੈਲੀਕਮਿਊਨੀਕੇਸ਼ਨ ਕੰਸਲਟੈਂਟਸ ਇੰਡੀਆ ਲਿਮਟਿਡ (ਟੀ.ਸੀ.ਆਈ.ਐਲ.) ਦੇ ਮਾਹਿਰਾਂ ਵੱਲੋਂ ਸੈਸ਼ਨ ਆਯੋਜਿਤ ਕੀਤੇ ਜਾ ਰਹੇ ਹਨ, ਜੋ 5G ਐਪਲੀਕੇਸ਼ਨਾਂ ਅਤੇ ਭਵਿੱਖ ਦੀਆਂ ਟੈਲੀਕਮਿਊਨੀਕੇਸ਼ਨ ਪ੍ਰਵਿਰਤੀਆਂ ਬਾਰੇ ਉਦਯੋਗਿਕ ਗਿਆਨ ਅਤੇ ਵਿਹਾਰਕ ਸਮਝ ਪ੍ਰਦਾਨ ਕੀਤੀ। ਉਦਘਾਟਨ ਸਮਾਰੋਹ ਦੌਰਾਨ, ਵਿਭਾਗ ਦੇ ਮੁਖੀ ਡਾ. ਰਵਿੰਦਰ ਕੁਮਾਰ ਨੇ ਆਯੋਜਕ ਟੀਮ ਨੂੰ ਵਧਾਈ ਦਿੱਤੀ ਅਤੇ 5G ਵਰਗੀਆਂ ਅਗਲੀ ਪੀੜ੍ਹੀ ਦੀਆਂ ਤਕਨਾਲੋਜੀਆਂ ਦੀ ਸਮਝ ਹਾਸਲ ਕਰਕੇ ਉਦਯੋਗ ਲਈ ਤਿਆਰ ਰਹਿਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਜਿਹੀਆਂ ਪਹਿਲਕਦਮੀਆਂ ਦੀ ਅਕਾਦਮਿਕ ਤੇ ਪੇਸ਼ੇਵਰ ਵਿਕਾਸ ਲਈ ਮਹੱਤਤਾ ਨੂੰ ਉਜਾਗਰ ਕੀਤਾ। ਇਸ ਵਰਕਸ਼ਾਪ ਦਾ ਸੰਚਾਲਨ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਰਾਜਦੀਪ ਸਿੰਘ ਸੋਹਲ ਤੇ ਡਾ. ਜੈਪ੍ਰੀਤ ਕੌਰ ਨੇ ਬੜੀ ਸੂਝ-ਬੂਝ ਨਾਲ ਕੀਤਾ। ਇਹ ਸਿਖਲਾਈ ਪ੍ਰੋਗਰਾਮ ਸਿਰਫ਼ ਸਹਿਯੋਗੀ ਸਿੱਖਣ ਅਤੇ ਹੁਨਰ ਵਿਕਾਸ ਦਾ ਮੰਚ ਹੀ ਨਹੀਂ, ਸਗੋਂ ਉੱਤਰੀ ਭਾਰਤ ਵਿੱਚ ਤਕਨੀਕੀ ਤਰੱਕੀ ਅਤੇ ਅਕਾਦਮਿਕ ਉੱਤਮਤਾ ਨੂੰ ਉਤਸ਼ਾਹਿਤ ਕਰਨ ਦੀ ਜੀ.ਐਨ.ਡੀ.ਯੂ. ਦੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ।

# ਕਿਸਾਨਾਂ ਨੇ ਲੈਂਡ ਪੂਲਿੰਗ ਨੀਤੀ ਸਮਝਣ ਲਈ ਮੁੱਖ ਮੰਤਰੀ ਨੂੰ ਉਡੀਕਿਆ ਪਰ ਨਹੀਂ ਆਏ



ਲੁਧਿਆਣਾ, 9 ਅਗਸਤ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਸ਼ਹਿਨਸ਼ਾਹ ਪੈਲੇਸ ਵਿੱਚ ਲੈਂਡ ਪੂਲਿੰਗ ਨੀਤੀ ਤਹਿਤ ਆਏ ਪਿੰਡਾਂ ਦੇ ਕਿਸਾਨਾਂ ਦਾ ਭਾਰੀ ਇਕੱਠ ਹੋਇਆ। ਇਸ ਪ੍ਰੋਗਰਾਮ ਦਾ ਆਯੋਜਨ ਲੋਕ ਅਧਿਕਾਰ ਲਹਿਰ ਵੱਲੋਂ ਕੀਤਾ ਗਿਆ । ਇਸ ਨੀਤੀ ਦੇ ਮਾਰੂ ਅਸਰ ਅਤੇ ਬਰੀਕੀਆਂ ਬਾਰੇ ਉੱਘੇ ਚਿੰਤਕ ਅਤੇ ਪੱਤਰਕਾਰ ਹਮੀਰ ਸਿੰਘ, ਲੋਕ ਅਧਿਕਾਰ ਲਹਿਰ ਦੇ ਮੈਂਬਰ ਬਲਵਿੰਦਰ ਸਿੰਘ, ਦੀਪਕ ਚਨਾਰਥਲ ਐਡਵੋਕੇਟ ਵਰਿੰਦਰ ਖਾਰਾ, ਗਗਨਦੀਪ ਸਿੰਘ ਸਰਪੰਚ ਪਿੰਡ ਭਾਗਪੁਰ, ਡਾ ਕੁਲਦੀਪ ਸਿੰਘ ਅਤੇ ਪ੍ਰੋ ਬਾਵਾ ਸਿੰਘ ਵੱਲੋਂ ਸਮਝਾਏ ਗਏ । ਅੱਜ ਦੇ ਪ੍ਰੋਗਰਾਮ ਵਿੱਚ ਜਲੰਧਰ ਮੋਹਾਲੀ, ਜਗਰਾਓਂ, ਕੁਹਾੜਾ ਅਤੇ ਜੋਧਾਂ ਇਲਾਕੇ ਦੀਆਂ ਬਣੀਆਂ ਜ਼ਮੀਨ ਬਚਾਓ ਸੰਘਰਸ਼ ਕਮੇਟੀਆਂ ਵੱਲੋਂ ਆਪਣੇ ਪਿੰਡਾਂ ਦੇ ਜ਼ਮੀਨ ਮਾਲਕ ਕਿਸਾਨਾਂ ਨੂੰ ਨਾਲ ਲਿਆਂਦਾ ਗਿਆ ਸੀ। ਪ੍ਰੋਗਰਾਮ ਦੇ ਕੋਆਰਡੀਨੇਟਰ ਬਲਵਿੰਦਰ , ਬੁੱਧ ਸਿੰਘ ਸਿੰਘ ਨੀਲੋਂ ਨੇ ਦੱਸਿਆ ਕਿ ਪਿਛਲ 10 ਦਿਨ ਤੋਂ ਜਿੱਥੇ ਸੋਸ਼ਲ ਮੀਡੀਆ ਅਤੇ ਪ੍ਰਿੰਟਿੰਗ ਪ੍ਰੈਸ ਰਾਹੀਂ ਪੰਜਾਬ ਸਰਕਾਰ ਨੂੰ ਇਹ ਪਾਲਿਸੀ ਸਮਝਾਉਣ ਲਈ ਸੱਦਾ ਦਿੱਤਾ ਜਾ ਰਿਹਾ ਸੀ ,ਉੱਥੇ ਮੁੱਖ ਮੰਤਰੀ ਦਫਤਰ ਨੂੰ ਅਧਿਕਾਰਿਤ ਤੌਰ 'ਤੇ ਸਪੀਡ ਪੋਸਟ ਰਾਹੀਂ ਅਤੇ ਈ ਮੇਲ ਜਰੀਏ ਵੀ ਆਉਣ ਅਤੇ ਲੈਂਡ ਪੂਲਿੰਗ ਪਾਲਿਸੀ ਸਮਝਾਉਣ ਲਈ ਸੱਦਾ ਦਿੱਤਾ ਗਿਆ ਸੀ ।ਸਰਕਾਰ ਵੱਲੋਂ ਇਸ ਪ੍ਰੋਗਰਾਮ ਸਬੰਧੀ ਕੋਈ ਵੀ ਹੁੰਗਾਰਾ ਨਹੀਂ ਭਰਿਆ ਗਿਆ। ਬੁਲਾਰਿਆਂ ਨੇ ਸਰਕਾਰ ਦੀਆਂ ਲੋਟੂ ਨੀਤੀਆਂ ਅਤੇ ਕੀਤੇ ਜਾ ਰਹੇ ਵੱਖ ਵੱਖ ਡਰਾਮੇ ਵਿਸਥਾਰ ਸਹਿਤ ਸਮਝਾਏ ਗਏ।

ਬੁਲਾਰਿਆਂ ਨੇ ਕਿਹਾ ਕਿ ਅੱਜ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਵੱਲੋਂ ਅੱਜ ਦੇ ਇਸ ਗੰਭੀਰ ਮੁੱਦੇ ਉੱਤੇ ਚਰਚਾ ਵਿੱਚ ਨਾ ਸ਼ਾਮਲ ਹੋਣਾ ਸਰਕਾਰ ਦੀ ਨੈਤਿਕ ਹਾਰ ਹੈ ।ਪ੍ਰੋਗਰਾਮ ਵਿੱਚ ਕਿਸਾਨ ਆਗੂਆਂ ਵਿੱਚੋਂ ਬੂਟਾ ਸਿੰਘ ਬੁਰਜ ਗਿੱਲ ਬੀ ਕੇ ਯੂ ਡਕੌਂਦਾ, ਮਨਜੀਤ ਸਿੰਘ ਰਾਏ ਬੀ ਕੇ ਯੂ ਦੁਆਬਾ, ਪਵਿੱਤਰ ਪਾਲ ਸਿੰਘ ਲਾਲੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਗੁਰਮੇਲ ਸਿੰਘ ਰੂਮੀ, ਬੀਬੀ ਨਵਜੀਤ ਕੌਰ, ਪਵਿੱਤਰ ਸਿੰਘ ਦਰਦ ਸਾਹਨੇਵਾਲ, ਕਲਾਕਾਰ ਕੁਲਬੀਰ ਸਿੰਘ ਮੁਸਕਾਬਾਦ, ਗੁਰਲਾਲ ਸਿੰਘ ਬਰਾੜ ਫਾਜ਼ਿਲਕਾ, ਹੁਸ਼ਿਆਰਪੁਰ ਤੋਂ ਸੁਰਿੰਦਰ ਸਿੰਘ ਆਦਿ ਆਗੂ ਆਏ ਹੋਏ ਸਨ।

## ਗੁਰੂ ਨਾਨਕ ਮਿਸ਼ਨ ਸਕੂਲ 'ਚ ਮਨਾਇਆ ਰੱਖੜੀ ਦਾ ਤਿਉਹਾਰ



ਲੁਧਿਆਣਾ, 9 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਐਮ.ਡੀ.ਮਿਸ ਮਧੂ ਬਾਲਾ ਦੀ ਅਗਵਾਈ ਹੇਠ ਰੱਖੜੀ ਦਾ ਤਿਉਹਾਰ ਬੱਚਿਆਂ ਵੱਲੋਂ ਬੜੇ ਹੀ ਉਤਸ਼ਾਹ ਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਬੱਚਿਆਂ ਦੁਆਰਾ ਵੱਖ-ਵੱਖ ਪ੍ਰਕਾਰ ਦੀਆਂ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਭੈਣ-ਭਰਾ ਦੇ ਪਿਆਰ ਨੂੰ ਦਰਸਾਇਆ ਗਿਆ।ਬੱਚਿਆ ਵੱਲੋਂ ਸੁੰਦਰ ਰੱਖੜੀਆਂ, ਸਲੋਗਨ ਮੁਕਾਬਲਿਆਂ ਵਿੱਚ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਸਕੂਲ ਦੇ ਐਮ.ਡੀ.ਮਿਸ ਮਧੂ ਬਾਲਾ ਵੱਲੋਂ ਭੈਣ-ਭਰਾ ਦੇ ਗੂੜ੍ਹੇ ਤੇ ਪਵਿੱਤਰ ਰਿਸ਼ਤੇ ਬਾਰੇ ਦੱਸਿਆ ਗਿਆ ਅਤੇ ਉਹਨਾਂ ਨੇ ਬੱਚਿਆਂ ਨੂੰ ਇਹ ਵੀ ਦੱਸਿਆ ਕਿ ਇਹ ਤਿਉਹਾਰ ਭੈਣ-ਭਰਾ ਦੇ ਪਿਆਰ ਨੂੰ ਦਰਸਾਉਂਦਾ ਹੈ। ਸਕੂਲ ਦੇ ਚੀਫ ਕੋਆਰਡੀਨੇਟਰ ਮਿਸ ਰਮਨਦੀਪ ਕੌਰ, ਸੀਨੀਅਰ ਕੋਆਰਡੀਨੇਟਰ ਮਿਸ ਅਮਨਜੋਤੀ ਅਤੇ ਪ੍ਰਾਇਮਰੀ ਕੋਆਰਡੀਨੇਟਰ ਮਿਸ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਦੀ ਭੂਮਿਕਾ ਦੀ ਖ਼ੂਬ ਸ਼ਲਾਘਾ ਕੀਤੀ।

# ਅਧਿਆਪਕ ਆਗੂ ਧੰਨਾ ਸਿੰਘ ਸਵੱਦੀ ਨੂੰ ਸਦਮਾ, ਭਰਾ ਸਵਰਗਵਾਸ



ਲੁਧਿਆਣਾ, 9 ਅਗਸਤ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਅਧਿਆਪਕ ਆਗੂ ਤੇ ਸਰਕਾਰੀ ਪ੍ਰਾਇਮਰੀ ਐਲੀਮੈਂਟਰੀ ਟੀਚਰ ਐਸੋਸੀਏਸ਼ਨ (ਸਪੈਟਾ) ਦੇ ਸਰਪ੍ਰਸਤ ਧੰਨਾ ਸਿੰਘ ਸਵੱਦੀ ਨੂੰ ਉਸ ਵੇਲੇ ਭਾਰੀ ਸਦਮਾ ਪਹੁੰਚਿਆ, ਜਦੋਂ ਉਹਨਾਂ ਦੇ ਵੱਡੇ ਭਰਾ ਮਾਸਟਰ ਉਜਾਗਰ ਸਿੰਘ ਅਕਾਲ ਚਲਾਣਾ ਕਰ ਗਏ। ਉਹ ਕਈ ਮਹੀਨਿਆਂ ਤੋਂ ਬਿਮਾਰ ਚੱਲ ਰਹੇ ਸਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਉਹਨਾਂ ਦੇ ਗ੍ਰਹਿ ਪਿੰਡ ਸਵੱਦੀ ਜ਼ਿਲ੍ਹਾ ਲੁਧਿਆਣਾ ਵਿਖੇ 15 ਅਗਸਤ ਸ਼ੁੱਕਰਵਾਰ ਨੂੰ ਸਵੇਰ ਵੇਲੇ ਪਵੇਗਾ। ਕੀਰਤਨ ਤੇ ਅੰਤਿਮ ਅਰਦਾਸ ਪਿੰਡ ਸਵੱਦੀ ਦੇ ਗੁਰਦੁਆਰਾ ਝੜੀ ਸਾਹਿਬ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ । ਇਸ ਦੁੱਖ ਦੀ ਘੜੀ ਵਿੱਚ ਅਨੇਕਾਂ ਅਧਿਆਪਕ ਆਗੂਆਂ ਨੇ ਧੰਨਾ ਸਿੰਘ ਸਵੱਦੀ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਸੰਤ ਬਾਬਾ ਸੁੱਚਾ ਸਿੰਘ ਜੀ ਦੀ ਬਰਸੀ ਸਮਾਗਮਾਂ ਦੀਆਂ ਤਿਆਰੀਆਂ ਜ਼ੋਰਾਂ 'ਤੇ



ਲੁਧਿਆਣਾ, 9 ਅਗਸਤ (ਵਿਸ਼ਾਲ ਸ਼ਰਮਾ) : ਸਿੱਖ ਪੰਥ ਦੀ ਮਹਾਨ ਸ਼ਖਸੀਅਤ ਤੇ ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਅਤੇ ਜਵੱਦੀ ਟਕਸਾਲ ਦੇ ਬਾਨੀ ਗੁਰਪੁਰਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ ਦੀ 23ਵੀਂ ਬਰਸੀ ਸਮਾਗਮ 15 ਅਗਸਤ ਤੋਂ 27 ਅਗਸਤ ਤੱਕ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਏ ਜਾ ਰਹੇ ਹਨ ਅਤੇ ਬਰਸੀ ਸਮਾਗਮ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਹਿੱਤ ਸਮੁੱਚੇ ਸਮਾਗਮਾਂ ਦੀਆਂ ਪੂਰੇ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਨੇ ਆਪਣੀ ਗੱਲਬਾਤ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ, ਕਿ 15 ਤੋਂ 22 ਅਗਸਤ ਤੱਕ ਰੋਜ਼ਾਨਾ ਰਾਤ ਨੂੰ 8 ਵੱਜੇ ਤੋਂ 9.15 ਤੱਕ ਨਾਮ ਸਿਮਰਨ ਅਭਿਆਸ ਸਮਾਗਮ ਆਯੋਜਿਤ ਕੀਤਾ ਜਾਵੇਗਾ। 23 ਅਗਸਤ ਨੂੰ ਭਾਈ ਅਮਨਦੀਪ ਸਿੰਘ ਵੱਲੋਂ ਸ਼ਾਮ 6 ਤੋਂ 10 ਵਜੇ ਤੱਕ ਵਿਸ਼ੇਸ਼ ਸਿਮਰਨ ਸਮਾਗਮ ਕਰਵਾਇਆ ਜਾਵੇਗਾ। 24 ਅਗਸਤ ਨੂੰ ਸ਼ਾਮ 6 ਤੋਂ 7 ਵਜੇ ਤੱਕ ਲੜੀਵਾਰ ਗੁਰ ਇਤਿਹਾਸ ਕਥਾ 7 ਤੋਂ 8 ਰਹਿਰਾਸ ਸਾਹਿਬ ਦਾ ਪਾਠ,ਆਰਤੀ ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਤੋਂ ਸਿਖਲਾਈ ਪ੍ਰਾਪਤ ਕਰਕੇ ਗਏ ਵਿਦਿਆਰਥੀਆਂ ਦੇ ਕੀਰਤਨੀ ਜੱਥੇ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਆਨੰਦਮਈ ਕੀਰਤਨ ਕਰਨਗੇ। ਇਸੇ ਤਰ੍ਹਾਂ 25 ਅਗਸਤ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਵੱਖ ਵੱਖ ਅਕੈਡਮੀਆਂ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਗਾਇਨ ਪ੍ਰਤੀਯੋਗਤਾ ਹੋਵੇਗੀ। ਰਾਤ ਦੇ ਦੀਵਾਨ ਅੰਦਰ ਗੁਰਮਤਿ ਰਾਗੀ ਸਭਾ ਲੁਧਿਆਣਾ ਵੱਲੋਂ ਵਿਸ਼ੇਸ਼ ਕੀਰਤਨ ਦਰਬਾਰ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ 26 ਅਗਸਤ ਨੂੰ ਸਵੇਰ 11 ਵਜੇ ਤੋਂ 12 ਵਜੇ ਤੱਕ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਵੇਗਾ। ਉਪਰੰਤ 1 ਵਜੇ ਤੱਕ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ, ਜਿਸ ਵਿੱਚ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਆਪਣੀ ਹਾਜ਼ਰੀ ਭਰਕੇ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕਰਨਗੇ। ਉਪਰੰਤ ਦਾਸ ਵੱਲੋਂ ਸੰਗਤਾਂ ਨੂੰ ਨਾਮ ਸਿਮਰਨ ਅਭਿਆਸ ਕਰਵਾਇਆ ਜਾਵੇਗਾ ਅਤੇ ਰਾਤ ਨੂੰ 8 ਵਜੇ ਤੋਂ ਲੈ ਕੇ 10 ਵਜੇ ਤੱਕ ਆਤਮਰਸ ਕੀਰਤਨ ਦਰਬਾਰ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਉਕਤ ਸਮਾਗਮ ਅੰਦਰ ਲੁਧਿਆਣਾ ਸ਼ਹਿਰ ਦੀਆਂ ਸਮੂਹ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਆਪਣੇ ਜੱਥਿਆਂ ਨਾਲ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨਗੀਆਂ। ਇਸੇ ਤਰ੍ਹਾਂ 27 ਅਗਸਤ ਨੂੰ ਸਵੇਰੇ 10.30 ਵੱਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸ਼ਾਮ 4.30 ਵੱਜੇ ਤੱਕ ਗੁਰਮਤਿ ਸਮਾਗਮ ਤੇ ਸੰਤ ਸਮਾਗਮ ਕਰਵਾਇਆ ਜਾਵੇਗਾ, ਜਿਨ੍ਹਾਂ ਵਿੱਚ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਸਿੱਖ ਸਾਹਿਬਾਨ, ਸੰਤ ਮਹਾਪੁਰਖ ਅਤੇ ਗੁਰ ਘਰ ਦੇ ਮਹਾਨ ਕੀਰਤਨੀਏ ਤੇ ਢਾਡੀ ਜੱਥੇ ਸੰਗਤਾਂ ਨੂੰ ਗੁਰੂ ਜੱਸ ਸਰਵਨ ਕਰਵਾਉਣਗੇ ਅਤੇ ਸ਼ਾਮ ਨੂੰ ਵਿਸ਼ੇਸ਼ ਰਾਗ ਦਰਬਾਰ ਸਜਾਇਆ ਜਾਵੇਗਾ। ਜਿਸ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀ ਜੱਥੇ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਆਨੰਦਮਈ ਕੀਰਤਨ ਕਰਨਗੇ। ਸੰਤ ਬਾਬਾ ਅਮੀਰ ਸਿੰਘ ਜੀ ਨੇ ਕਿਹਾ ਕਿ ਇਨ੍ਹਾਂ ਬਰਸੀ ਸਮਾਗਮਾਂ ਦੇ ਨਾਲ ਹੀ 24 ਅਗਸਤ ਨੂੰ ਸਵੇਰੇ 10 ਤੋਂ 2 ਵਜੇ ਤੱਕ ਅੱਖਾਂ, ਦੰਦਾਂ ਅਤੇ ਫਰੀ ਸਿਹਤ ਚੈਕਅੱਪ ਤੇ ਅਪਰੇਸ਼ਨ ਕੈਂਪ ਲਗਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਦੇਸ਼ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਦਾ ਰਹਿਣ ਲਈ ਉਚਿੱਤ ਪ੍ਰਬੰਧ ਕੀਤਾ ਗਿਆ ਹੈ। ਬਰਸੀ ਸਮਾਗਮਾਂ ਦੇ ਸਬੰਧ ਵਿੱਚ ਸੰਗਤਾਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਡਾ. ਜੋਗਿੰਦਰ ਸਿੰਘ, ਬਾਪੂ ਜੋਗਿੰਦਰ ਸਿੰਘ, ਡਾ. ਸੁਖਦੇਵ ਸਿੰਘ, ਓਂਕਾਰ ਸਿੰਘ, ਅੰਮ੍ਰਿਤਪਾਲ ਸਿੰਘ ਗਰੇਵਾਲ, ਨੈਬ ਸਿੰਘ, ਗਿ. ਗੁਰਦੇਵ ਸਿੰਘ, ਕੁਲਵਿੰਦਰ ਸਿੰਘ ਬੈਨੀਪਾਲ, ਜਗਦੀਪ ਸਿੰਘ ਰਣੀਆ, ਲਖਬੀਰ ਸਿੰਘ, ਨਰਿੰਦਰਜੀਤ ਸਿੰਘ, ਬਲਵੰਤ ਸਿੰਘ ਰਣੀਆ, ਸਤਪਾਲ ਸਿੰਘ, ਕੁਲਵੰਤ ਸਿੰਘ ਪਨੇਸਰ, ਨਿਰਮਲ ਸਿੰਘ ਆਦਿ ਹਾਜ਼ਰ ਸਨ ।

## ਭਾਈ ਰਾਮ ਕ੍ਰਿਸ਼ਨ ਗੁਰਮਤਿ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ




ਲੁਧਿਆਣਾ, 9 ਅਗਸਤ (ਕਰਨੈਲ ਸਿੰਘ ਐੱਮ.ਏ.) : ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਬੀਤੇ ਦਿਨੀਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਪੰਜਾਬੀ ਮੁਟਿਆਰਾਂ ਦੀਆਂ ਸੱਧਰਾਂ, ਉਮੰਗਾਂ, ਸੁਪਨਿਆਂ ਦੀ ਸਤਰੰਗੀ ਪੀਂਘ ਦੇ ਰੂਪ ਵਿੱਚ ਪ੍ਰਗਟਾਇਆ ਗਿਆ, ਛੋਟੀਆਂ-ਛੋਟੀਆਂ ਬੱਚੀਆਂ ਨੂੰ ਪੰਜਾਬੀ ਬਾਗ ਦੀ ਛਾਂ ਥੱਲੇ ਮੰਚ ਉੱਤੇ ਲਿਆਂਦਾ ਗਿਆ, ਜੋ ਪ੍ਰਤੀਕ ਸੀ ਕਿ ਇਹਨਾਂ ਬੱਚੀਆਂ ਦੇ ਜੀਵਨ ਵਿੱਚ ਖ਼ੁਸ਼ੀਆਂ ਦੇ ਫੁੱਲ ਖਿੜੇ ਰਹਿਣ ।ਸਕੂਲ ਦੀ ਪ੍ਰਿੰਸੀਪਲ ਹਿੰਮਤ ਕੌਰ ਨੇ ਇਸ ਪ੍ਰੋਗਰਾਮ ਨੂੰ ਸ਼ੁਰੂ ਕੀਤਾ ਅਤੇ ਸਭ ਦਾ ਸਵਾਗਤ ਕੀਤਾ । ਇਸ ਮੌਕੇ ਉੱਤੇ ਬੱਚਿਆਂ ਨੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਹੋਏ ਗੀਤਾਂ ਉੱਤੇ ਨ੍ਰਿਤ ਕੀਤਾ। ਇਸ ਮੌਕੇ ਉੱਤੇ ਗਿੱਧੇ, ਭੰਗੜੇ ਅਤੇ ਸੰਮੀ ਨ੍ਰਿਤ ਨੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ 'ਸੇਵਾਪੰਥੀ' ਨੇ ਕੀਤੀ ਅਤੇ ਉਹਨਾਂ ਨੇ ਬੱਚਿਆਂ ਦੇ ਉੱਦਮ ਦੀ ਸ਼ਲਾਘਾ ਕੀਤੀ ।ਅੰਤ ਵਿੱਚ ਸਕੂਲ ਦੇ ਡਾਇਰੈਕਟਰ ਸ੍ਰ: ਰਮਣੀਕ ਸਿੰਘ ਘੁੰਮਣ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉੱਤੇ ਸਕੂਲ ਦੇ ਅਧਿਆਪਕਾਂ ਅਤੇ ਬੀ.ਐੱਡ ਸਟੇਟ ਕਾਲਜ ਦੇ ਵਿਦਿਆਰਥੀਆਂ ਨੇ ਗਿੱਧਾ ਵੀ ਪੇਸ਼ ਕੀਤਾ ।ਅੰਤ ਵਿੱਚ ਮਹੰਤ ਬਾਬਾ ਚਮਕੌਰ ਸਿੰਘ ਜੀ ਨੇ ਬੱਚਿਆਂ ਨੂੰ ਇਨਾਮ ਵੰਡੇ।



*ਵਿਜੇ ਦਾਨਵ ਨੂੰ ਆਮ ਆਦਮੀ ਪਾਰਟੀ ਵੱਲੋਂ ਦਲਿਤ ਭਲਾਈ ਬੋਰਡ ਦਾ ਚੇਅਰਮੈਨ ਬਣਾਏ ਜਾਣ 'ਤੇ ਉਹਨਾਂ ਨੂੰ ਬੁੱਕਾ ਭੇਂਟ ਕਰਕੇ ਮੁਬਾਰਕਬਾਦ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਮਨਪ੍ਰੀਤ ਸਿੰਘ ਬੰਟੀ*
**(ਫੋਟੋ ਤੇ ਵੇਰਵਾ-ਰਵਿੰਦਰ ਸਿੰਘ ਨਿੱਝਰ)**

# ਜੁਆਇੰਟ ਸੀ.ਪੀ. ਰੁਪਿੰਦਰ ਸਿੰਘ ਨੂੰ ਭਾਰਤੀ ਪੁਲਿਸ ਸੇਵਾ 'ਚ ਤਰੱਕੀ ਦਿੱਤੀ



ਲੁਧਿਆਣਾ, 9 ਅਗਸਤ (ਵਿਸ਼ਾਲ ਸ਼ਰਮਾ) : ਰੁਪਿੰਦਰ ਸਿੰਘ ਜੁਆਇੰਟ ਸੀ.ਪੀ (ਸ਼ਹਿਰ ਅਤੇ ਪੇਂਡੂ) ਲੁਧਿਆਣਾ ਨੂੰ ਭਾਰਤੀ ਪੁਲਿਸ ਸੇਵਾ (ਆਈ.ਪੀ.ਐਸ) ਵਿੱਚ ਤਰੱਕੀ ਦਿੱਤੀ ਗਈ ਹੈ। ਉਹ ਅਗਸਤ, 1994 ਨੂੰ ਪੁਲਿਸ ਵਿਭਾਗ ਵਿੱਚ ਪ੍ਰੋਬੇਸ਼ਨਰੀ ਡੀ.ਐਸ.ਪੀ ਵਜੋਂ ਭਰਤੀ ਹੋਏ ਸਨ।

ਉਨ੍ਹਾਂ ਨੇ ਸੂਬੇ ਵਿੱਚ ਵੱਖ-ਵੱਖ ਸੰਵੇਦਨਸ਼ੀਲ ਅਤੇ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਨਿਭਾਈ। ਉਨ੍ਹਾਂ ਡੀ.ਐਸ.ਪੀ ਸਬ-ਡਵੀਜ਼ਨ ਖਰੜ, ਮੋਹਾਲੀ, ਡੇਰਾ ਬੱਸੀ, ਸ਼੍ਰੀ ਫਤਹਿਗੜ੍ਹ ਸਾਹਿਬ ਅਤੇ ਸਦਰ ਲੁਧਿਆਣਾ ਵਜੋਂ ਸੇਵਾ ਨਿਭਾਈ। ਇਸ ਤੋਂ ਬਾਅਦ ਐਸ.ਪੀ ਵਜੋਂ ਤਰੱਕੀ ਮਿਲਣ 'ਤੇ ਉਨ੍ਹਾਂ ਨੇ ਐਸ.ਪੀ ਸਿਟੀ ਲੁਧਿਆਣਾ, ਐਸ.ਪੀ ਟਰੈਫਿਕ ਅਤੇ ਸੁਰੱਖਿਆ ਲੁਧਿਆਣਾ, ਐਸ.ਐਸ.ਪੀ ਵਿਜੀਲੈਂਸ ਰੇਂਜ ਜਲੰਧਰ, ਐਸ.ਐਸ.ਪੀ ਵਿਜੀਲੈਂਸ ਆਰਥਿਕ ਵਿੰਗ ਲੁਧਿਆਣਾ, ਐਸ.ਐਸ.ਪੀ ਵਿਜੀਲੈਂਸ ਰੇਂਜ ਲੁਧਿਆਣਾ ਅਤੇ ਕਮਾਂਡੈਂਟ-ਕਮ-ਡਿਪਟੀ ਡਾਇਰੈਕਟਰ (ਆਊਟਡੋਰ ਅਤੇ ਇਨਡੋਰ) ਪੰਜਾਬ ਪੁਲਿਸ ਅਕੈਡਮੀ ਫਿਲੌਰ, ਡੀ.ਸੀ.ਪੀ ਹੈੱਡਕੁਆਰਟਰ ਲੁਧਿਆਣਾ, ਐਸ.ਐਸ.ਪੀ ਆਰਥਿਕ ਅਪਰਾਧ ਵਿੰਗ ਵਿਜੀਲੈਂਸ ਬਿਊਰੋ ਲੁਧਿਆਣਾ ਵਜੋਂ ਸੇਵਾ ਨਿਭਾਈ। ਸਾਲ-2021 ਵਿੱਚ ਉਨ੍ਹਾਂ ਨੂੰ ਕੋਵਿਡ ਮਹਾਂਮਾਰੀ ਦੌਰਾਨ ਸ਼ਾਨਦਾਰ ਸੇਵਾ ਲਈ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ। ਉਹ ਇਸ ਸਮੇਂ ਪੰਜਾਬ ਗੋਲਫ ਐਸੋਸੀਏਸ਼ਨ ਦੇ ਪ੍ਰਧਾਨ ਹਨ। ਇਸ ਵੇਲੇ ਉਹ ਲੁਧਿਆਣਾ ਸ਼ਹਿਰੀ ਅਤੇ ਦਿਹਾਤੀ ਪੁਲਿਸ ਦੇ ਸੰਯੁਕਤ ਕਮਿਸ਼ਨਰ ਵਜੋਂ ਤਾਇਨਾਤ ਹਨ। ਉਹ ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਪੋਤੇ ਹਨ।

# ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 9 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਗੁਰਮੇਲ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ, ਭਾਈ ਗਗਨਦੀਪ ਸਿੰਘ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ,ਮਹਿੰਦਰ ਸਿੰਘ ਡੰਗ,ਅਤੱਰ ਸਿੰਘ ਮਕੱੜ ਰਜਿੰਦਰ ਸਿੰਘ ਡੰਗ,ਬਲਬੀਰ ਸਿੰਘ ਭਾਟੀਆ,ਹਰਪਾਲ ਸਿੰਘ ਖਾਲਸਾ, ਹਰਮੀਤ ਸਿੰਘ ਡੰਗ, ਸੁਖਵਿੰਦਰ ਸਿੰਘ ਹੈਪੀ ਕੋਚਰ, ਹਰਵਿੰਦਰ ਸਿੰਘ ਕੋਹਲੀ, ਗੁਰਦੀਪ ਸਿੰਘ ਡੀਮਾਰਟੇ, ਨਰਿੰਦਰਪਾਲ ਸਿੰਘ ਕਥੂਰੀਆ, ਹਰਵਿੰਦਰ ਸਿੰਘ ਕੋਹਲੀ, ਭੁਪਿੰਦਰ ਸਿੰਘ ਜੁਨੇਜਾ,ਸੁਰਿੰਦਰਪਾਲ ਸਿੰਘ ਭੁਟੀਆਨੀ, ਰਣਜੀਤ ਸਿੰਘ ਖਾਲਸਾ, ਪੀ. ਪੀ ਸਿੰਘ ਧਮੀਜਾ, ਅਵਤਾਰ ਸਿੰਘ ਬੀ.ਕੇ, ,ਅਵਤਾਰ ਸਿੰਘ ਮਿੱਡਾ, ਮਨਮੋਹਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਮਾਂ ਬਗਲਾਮੁਖੀ ਧਾਮ ਵਿਖੇ ਸਰਵ ਸਿੱਧੀ ਕਾਰਜ ਯੱਗ ਦਾ ਆਯੋਜਨ



ਲੁਧਿਆਣਾ, 9 ਅਗਸਤ (ਕਰਨੈਲ ਸਿੰਘ ਐੱਮ.ਏ.) : ਮਾਂ ਬਗਲਾਮੁਖੀ ਦੇ ਚਰਨਾਂ ਵਿੱਚ ਬੈਠ ਕੇ ਯੱਗ,ਪੂਜਾ,ਧਿਆਨ ਅਤੇ ਸਾਧਨਾ ਕਰਨ ਨਾਲ ਸਾਰੇ ਕੰਮ ਪੂਰੇ ਹੁੰਦੇ ਹਨ। ਨਾਲ ਹੀ ਮਾਂ ਦੀ ਪੂਜਾ ਕਰਨ ਨਾਲ ਬੁੱਧੀ ਦਾ ਵਿਕਾਸ ਹੁੰਦਾ ਹੈ।ਸਥਾਨਕ ਪੱਖੋਵਾਲ ਰੋਡ 'ਤੇ ਸਥਿਤ ਮਾਂ ਬਗਲਾਮੁਖੀ ਧਾਮ ਵਿਖੇ ਆਯੋਜਿਤ ਸਰਵ ਸਿੱਧੀ ਕਾਰਜ ਯੱਗ ਦੀ ਸਮਾਪਤੀ ਤੋਂ ਬਾਅਦ ਮਹੰਤ ਪ੍ਰਵੀਨ ਚੌਧਰੀ ਨੇ ਮਾਤਾ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਉਪਰੋਕਤ ਉਪਦੇਸ਼ ਦਿੱਤਾ।ਮਾਂ ਬਗਲਾਮੁਖੀ ਨੂੰ ਗ਼ਰੀਬਾਂ ਅਤੇ ਦੁਖੀਆਂ ਦਾ ਸਹਾਰਾ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਜਗ ਜਨਨੀ ਮਾਂ ਦੀ ਪੂਜਾ ਕਰਨ ਨਾਲ ਹੀ ਬੁਰੇ ਕੰਮ ਠੀਕ ਹੁੰਦੇ ਹਨ। ਯੱਗ ਦੀ ਖ਼ੁਸ਼ਬੂ ਨਾਲ ਸਰੀਰਕ ਬਿਮਾਰੀਆਂ ਠੀਕ ਹੁੰਦੀਆਂ ਹਨ। ਮਨ ਦੇ ਅੰਦਰਲੇ ਵਿਕਾਰ ਦੂਰ ਹੁੰਦੇ ਹਨ। ਸਭ ਤੋਂ ਪਹਿਲਾਂ, ਧਾਮ ਦੇ ਸੇਵਕਾਂ ਨੇ ਮਾਂ ਬਗਲਾਮੁਖੀ ਦੀ ਵਿਧੀਵਤ ਪੂਜਾ ਕਰਕੇ ਕੰਜਕ ਪੂਜਾ ਕੀਤੀ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ। ਮਾਂ ਬਗਲਾਮੁਖੀ ਧਾਮ ਨੂੰ ਸਭ ਤੋਂ ਪਿਆਰੇ ਪੀਲੇ ਪਹਿਰਾਵੇ ਨਾਲ ਸਜਾਇਆ ਗਿਆ। ਇਸ ਮੌਕੇ ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਗੌਤਮ ਸਚਦੇਵਾ, ਸੰਦੀਪ ਸੂਦ, ਜਤਿਨ ਸੂਦ, ਮਨੀਸ਼ ਗੁਪਤਾ, ਧੀਰਜ ਗੁਪਤਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਪਾਲ ਸੋਲੰਕੀ, ਮਕੱਲੀ ਰਾਮ ਸੋਲੰਕੀ, ਮਕਸੂਦਾਂ, ਆਰ.ਡੀ. ਮਹਿਤਾ, ਤਰੁਣ ਚੌਧਰੀ, ਤਰੁਣ ਜੈਨ ਸੁਰਾਣਾ, ਤਜਿੰਦਰ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਹਰਮੋਹਨ ਮਲਹੋਤਰਾ, ਜਨਕ ਰਾਜ ਸਿੰਗਲਾ, ਰੋਹਿਤ ਸ਼ਰਮਾ, ਪ੍ਰਵੇਸ਼ ਸ਼ਰਮਾ, ਸੋਮਨਾਥ ਸ਼ਰਮਾ ਚੱਢਾ, ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਅਦਿੱਤਿਆ ਗੁਪਤਾ, ਵਰਿੰਦਰ ਬਨਿੰਦਰ, ਵਰਿੰਦਰ ਭੁੱਚੋ, ਮੋਹਿਨੀ, ਅਰੁਣ ਮਹਿਤਾ, ਗੁਨੀਤ ਖੇੜਾ ਹਾਜ਼ਰ ਸਨ।

# ਭਾਈ ਧਰਮ ਸਿੰਘ ਏਕਲਗੱਡਾ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਤੋਂ ਰਿਹਾਅ



ਲੁਧਿਆਣਾ, 9 ਅਗਸਤ (ਜਤਿੰਦਰ ਪਾਲ ਸਿੰਘ ਛਾਬੜਾ) : ਭਾਈ ਧਰਮ ਸਿੰਘ ਨੂੰ 4 ਦਸੰਬਰ 2024 ਨੂੰ ਸੁਖਬੀਰ ਬਾਦਲ ਨੂੰ ਇਰਾਦਾ ਕਤਲ ਨਾਲ ਗੋਲੀ ਮਾਰਨ ਦੇ ਕੇਸ ਵਿੱਚ ਭਾਈ ਨਰਾਇਣ ਸਿੰਘ ਚੌੜਾ ਨਾਲ ਨਾਮਜ਼ਦ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਭਾਈ ਨਰਾਇਣ ਸਿੰਘ ਨੂੰ ਪਹਿਲਾਂ ਹੀ ਇਸ ਕੇਸ ਵਿੱਚੋਂ ਜ਼ਮਾਨਤ ਮਿਲ ਚੁੱਕੀ ਹੈ ਅਤੇ ਇਸ ਕੇਸ ਵਿੱਚ ਸੁਖਬੀਰ ਬਾਦਲ ਨੇ ਅਜੇ ਤੱਕ ਵੀ ਆਪਣਾ ਬਿਆਨ ਦਰਜ਼ ਨਹੀਂ ਕਰਵਾਇਆ ਤੇ ਸੁਖਬੀਰ ਬਾਦਲ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਪਟੀਸ਼ਨ ਦਾਇਰ ਕਰਕੇ ਇਸ ਕੇਸ ਦੀ ਜਾਂਚ ਕਿਸੇ ਕੇਂਦਰੀ ਏਜੰਸੀ ਤੋਂ ਕਰਵਾਉਣ ਦੀ ਮੰਗ ਕੀਤੀ ਹੋਈ ਹੈ। ਪਰ ਪੰਜਾਬ ਪੁਲਿਸ ਨੇ ਇਸ ਕੇਸ ਵਿੱਚ ਤਫ਼ਤੀਸ਼ ਮੁਕੰਮਲ ਕਰਕੇ ਚਲਾਨ ਅਦਾਲਤ ਵਿੱਚ ਦੇ ਦਿੱਤਾ ਹੈ।

ਭਾਈ ਧਰਮ ਸਿੰਘ ਨੂੰ ਇਰਾਦਾ ਕਤਲ ਦੀ ਸਾਜ਼ਿਸ਼ ਵਿੱਚ ਰੱਖਿਆ ਗਿਆ ਸੀ ਤੇ ਚਲਾਣ ਮੁਤਾਬਕ ? ਦਸੰਬਰ ਨੂੰ ਨਾਰਾਇਣ ਸਿੰਘ ਤੇ ਧਰਮ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅਰਦਾਸ ਕਰਕੇ ਪਰਚੀਆਂ ਪਾ ਕੇ ਘਟਨਾ ਨੂੰ ਅੰਜਾਮ ਦੇਣ ਜਾਂ ਅੰਜਾਮ ਨਾ ਦੇਣ ਦੀ ਅਰਦਾਸ ਕੀਤੀ ਸੀ ਤੇ ਅਰਦਾਸ ਨਾਰਾਇਣ ਸਿੰਘ ਨੇ ਕੀਤੀ ਸੀ ਤੇ ਪਰਚੀ ਧਰਮ ਸਿੰਘ ਨੇ ਚੁੱਕੀ ਸੀ। ਧਰਮ ਸਿੰਘ ਨੂੰ ਵਧੀਕ ਸੈਸ਼ਨਜ਼ ਜੱਜ ਅੰਮ੍ਰਿਤਸਰ ਸ੍ਰੀ ਸੰਜੀਵ ਕੁੰਦੀ ਨੇ ? ਅਗਸਤ ਨੂੰ ਜ਼ਮਾਨਤ ਦਿੱਤੀ ਸੀ ਤੇ ਅਜ ਜਮਾਨਤੀ ਮੁਚਲਕਾ ਭਰਨ ਤੋਂ ਬਾਦ ਭਾਈ ਧਰਮ ਸਿੰਘ ਦੀ ਰਿਹਾਈ ਹੋ ਗਈ।

# ਡੀ.ਸੀ. ਨੇ ਨਸ਼ੇ ਦੀ ਲਤ ਤੋਂ ਪ੍ਰਭਾਵਿਤਾਂ ਲਈ 'ਤਰੰਗ ਹੈਲਪਲਾਈਨ' ਦੀ ਕੀਤੀ ਸਮੀਖਿਆ



ਲੁਧਿਆਣਾ, 9 ਅਗਸਤ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ 15 ਅਗਸਤ ਨੂੰ ਨਸ਼ੇ ਤੋਂ ਪ੍ਰਭਾਵਿਤ ਵਿਅਕਤੀਆਂ ਲਈ ਮਨੋਵਿਗਿਆਨਕ ਸਹਾਇਤਾ, ਸਲਾਹ ਅਤੇ ਰੋਜ਼ੀ-ਰੋਟੀ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਸਮਰਪਿਤ ਪਹਿਲਕਦਮੀ 'ਤਰੰਗ ਹੈਲਪਲਾਈਨ' ਸ਼ੁਰੂ ਕਰੇਗਾ। ਅੱਜ ਰੈੱਡ ਕਰਾਸ ਭਵਨ ਵਿੱਚ ਆਪਣੇ ਦੌਰੇ ਦੌਰਾਨ, ਡੀਸੀ ਜੈਨ ਨੇ ਹੈਲਪਲਾਈਨ ਦੇ ਸੰਚਾਲਨ ਸੈੱਟਅੱਪ ਦੀ ਸਮੀਖਿਆ ਕੀਤੀ ਅਤੇ ਡਰੀਮ ਹੈੱਡ ਦੇ ਪ੍ਰਤੀਨਿਧੀਆਂ ਨਾਲ ਵਿਚਾਰ-ਵਟਾਂਦਰਾ ਕੀਤਾ, ਜਿਸਨੂੰ ਪਹਿਲਕਦਮੀ ਦਾ ਪ੍ਰਬੰਧਨ ਕਰਨ ਦਾ ਕੰਮ ਸੌਂਪਿਆ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਤਰੰਗ ਹੈਲਪਲਾਈਨ ਨਸ਼ੇ ਦੀ ਲਤ ਤੋਂ ਪ੍ਰਭਾਵਿਤ ਵਿਅਕਤੀਆਂ ਅਤੇ ਪਰਿਵਾਰਾਂ ਲਈ ਇੱਕ ਜੀਵਨ ਰੇਖਾ ਵਜੋਂ ਕੰਮ ਕਰੇਗੀ। ਸਲਾਹ, ਇਲਾਜ ਮਾਰਗਦਰਸ਼ਨ ਅਤੇ ਰੋਜ਼ੀ-ਰੋਟੀ ਦੇ ਮੌਕਿਆਂ ਤੱਕ ਤੁਰੰਤ ਪਹੁੰਚ ਪ੍ਰਦਾਨ ਕਰੇਗੀ। ਤਰੰਗ ਹੈਲਪਲਾਈਨ ਮੱਦਦ ਦੀ ਮੰਗ ਕਰਨ ਵਾਲੇ ਵਿਅਕਤੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਨਸ਼ੇ ਨਾਲ ਸਬੰਧਤ ਚਿੰਤਾਵਾਂ ਦੀ ਰਿਪੋਰਟ ਕਰਨ ਵਾਲੇ ਸੂਚਨਾਕਾਰਾਂ ਲਈ ਸੰਪਰਕ ਦੇ ਇੱਕ ਬਿੰਦੂ ਵਜੋਂ ਕੰਮ ਕਰੇਗੀ। ਇਹ ਕਾਲ ਕਰਨ ਵਾਲਿਆਂ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਨਜ਼ਦੀਕੀ ਆਊਟਪੇਸ਼ੈਂਟ ਓਪੀਓਇਡ ਅਸਿਸਟਡ ਟਰੀਟਮੈਂਟ (OOAT) ਕਲੀਨਿਕ, ਨਸ਼ਾ ਛੁਡਾਊ ਕੇਂਦਰ, ਜਾਂ ਮੁੜ ਵਸੇਬਾ ਕੇਂਦਰ ਵੱਲ ਮਾਰਗਦਰਸ਼ਨ ਕਰੇਗੀ। ਸੱਤ ਦਿਨਾਂ ਬਾਅਦ ਫਾਲੋ-ਅੱਪ ਕਾਲਾਂ ਇਲਾਜ ਦੀ ਪ੍ਰਗਤੀ ਦੀ ਨਿਰੰਤਰ ਨਿਗਰਾਨੀ ਨੂੰ ਯਕੀਨੀ ਬਣਾਉਣਗੀਆਂ, ਜਿਸ ਵਿੱਚ ਰੋਜ਼ਾਨਾ ਰਿਪੋਰਟਾਂ ਸਿਹਤ ਵਿਭਾਗ ਦੇ ਨੋਡਲ ਅਫਸਰ ਨੂੰ ਸਹਿਜ ਤਾਲਮੇਲ ਲਈ ਜਮ੍ਹਾਂ ਕਰਵਾਈਆਂ ਜਾਣਗੀਆਂ। ਇਸ ਪਹਿਲਕਦਮੀ ਵਿੱਚ ਇੱਕ-ਨਾਲ-ਇੱਕ ਅਤੇ ਸਮੂਹ ਕਾਉਂਸਲਿੰਗ ਸੈਸ਼ਨ ਵੀ ਸ਼ਾਮਲ ਹਨ। ਹਰ ਸ਼ਨੀਵਾਰ ਨੂੰ ਰੈੱਡ ਕਰਾਸ ਭਵਨ ਵਿੱਚ ਸਮਰਪਿਤ ਸਮੂਹ ਕਾਉਂਸਲਿੰਗ ਦੇ ਨਾਲ, ਸਿਹਤ ਵਿਭਾਗ ਦੇ ਅਧਿਕਾਰੀਆਂ ਦੁਆਰਾ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਇੱਕ ਸੁਰੱਖਿਅਤ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਅਤੇ ਪੀਸੀਆਰ ਟੀਮਾਂ ਦੁਆਰਾ ਸਮਰਥਤ ਕੀਤਾ ਜਾਂਦਾ ਹੈ। ਲੰਬੇ ਸਮੇਂ ਦੇ ਪੁਨਰਵਾਸ ਦਾ ਸਮਰਥਨ ਕਰਨ ਲਈ, ਹੈਲਪਲਾਈਨ ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ (ਡੀਬੀਈਈ) ਅਤੇ ਪੰਜਾਬ ਹੁਨਰ ਵਿਕਾਸ ਮਿਸ਼ਨ (ਪੀਐਸਡੀਐਮ) ਨਾਲ ਤਾਲਮੇਲ ਕਰੇਗੀ ਤਾਂ ਜੋ ਹੁਨਰ ਸਿਖਲਾਈ, ਨੌਕਰੀ ਦੇ ਮੌਕੇ ਅਤੇ ਵਿਅਕਤੀਆਂ ਦੇ ਹਿੱਤਾਂ ਅਤੇ ਹੁਨਰਾਂ ਦੇ ਅਨੁਸਾਰ ਸਵੈ-ਰੁਜ਼ਗਾਰ ਸਕੀਮਾਂ ਤੱਕ ਪਹੁੰਚ ਪ੍ਰਦਾਨ ਕੀਤੀ ਜਾ ਸਕੇ।

# 1965 ਦੇ ਭਾਰਤ-ਪਾਕਿ ਯੁੱਧ ਦੀ ਯਾਦ 'ਚ ਇੱਕ ਵਿਸ਼ੇਸ਼ ਸਮਾਗਮ



ਲੁਧਿਆਣਾ, 9 ਅਗਸਤ (ਵਿਸ਼ਾਲ ਸ਼ਰਮਾ) : 1965 ਦੇ ਭਾਰਤ-ਪਾਕਿ ਯੁੱਧ ਦੀ ਯਾਦ ਵਿੱਚ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ ਅਤੇ ਬਹਾਦਰ ਸੈਨਿਕਾਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਨੇ ਹਿੰਮਤ ਅਤੇ ਕੁਰਬਾਨੀ ਨਾਲ ਦੇਸ਼ ਦੀ ਰੱਖਿਆ ਕੀਤੀ। ਸਮਾਰੋਹ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਯੁੱਧ ਸਮਾਰਕ 'ਤੇ ਫੁੱਲਮਾਲਾ ਚੜ੍ਹਾਉਣ ਨਾਲ ਹੋਈ। ਯੁੱਧ ਦੇ ਸਾਬਕਾ ਸੈਨਿਕ, ਫੌਜੀ ਅਧਿਕਾਰੀ ਅਤੇ ਸ਼ਹੀਦ ਨਾਇਕਾਂ ਦੇ ਪਰਿਵਾਰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ। ਸੇਵਾਮੁਕਤ ਅਧਿਕਾਰੀਆਂ ਦੇ ਭਾਵੁਕ ਭਾਸ਼ਣਾਂ ਨੇ ਯੁੱਧ ਦੌਰਾਨ ਦਿਖਾਈ ਗਈ ਬਹਾਦਰੀ ਅਤੇ ਏਕਤਾ ਨੂੰ ਉਜਾਗਰ ਕੀਤਾ। ਸਮਾਗਮ ਦੇ ਹਿੱਸੇ ਵਜੋਂ, ਕੈਡਿਟਾਂ ਨੇ ਢੋਲੇਵਾਲ ਮਿਲਟਰੀ ਕੰਪਲੈਕਸ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਯੁੱਧ ਦੌਰਾਨ ਵਰਤੇ ਗਏ ਫੌਜੀ ਉਪਕਰਣਾਂ ਦਾ ਪ੍ਰਦਰਸ਼ਨ ਦੇਖਿਆ। ਪ੍ਰਦਰਸ਼ਨੀ ਵਿੱਚ ਟੈਂਕ, ਤੋਪਖਾਨਾ, ਵਰਦੀਆਂ ਅਤੇ ਹੋਰ ਇਤਿਹਾਸਕ ਚੀਜ਼ਾਂ ਸ਼ਾਮਲ ਸਨ, ਜੋ ਕੈਡਿਟਾਂ ਨੂੰ ਹਥਿਆਰਬੰਦ ਸੈਨਾਵਾਂ ਦੀ ਤਾਕਤ ਅਤੇ ਸਮਰਪਣ ਨੂੰ ਸਮਝਣ ਵਿੱਚ ਮਦਦ ਕਰਦੀਆਂ ਸਨ। ਪ੍ਰੋਗਰਾਮ ਸ਼ਹੀਦਾਂ ਦੀ ਯਾਦ ਵਿੱਚ ਮੋਮਬੱਤੀ ਜਗਾਉਣ ਅਤੇ ਇੱਕ ਪਲ ਮੌਨ ਧਾਰਨ ਨਾਲ ਸਮਾਪਤ ਹੋਇਆ। ਇਸ ਯਾਦਗਾਰੀ ਸਮਾਰੋਹ ਨੇ ਨਾ ਸਿਰਫ਼ ਅਤੀਤ ਦਾ ਸਨਮਾਨ ਕੀਤਾ ਸਗੋਂ ਨੌਜਵਾਨ ਪੀੜ੍ਹੀ ਨੂੰ ਦੇਸ਼ ਭਗਤੀ ਅਤੇ ਰਾਸ਼ਟਰੀ ਮਾਣ ਦੀ ਭਾਵਨਾ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ। ਕੈਡਿਟਾਂ ਨੇ ਇਸ ਅਨੁਭਵ ਤੋਂ ਸੱਚਮੁੱਚ ਪ੍ਰੇਰਿਤ ਮਹਿਸੂਸ ਕੀਤਾ, ਜਿਸਨੇ ਉਨ੍ਹਾਂ ਨੂੰ ਮਾਣ ਨਾਲ ਭਰ ਦਿੱਤਾ ਅਤੇ ਉਨ੍ਹਾਂ ਨੂੰ ਉਸੇ ਸਮਰਪਣ ਅਤੇ ਹਿੰਮਤ ਨਾਲ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ।

# ਵਿਧਾਇਕ ਬੱਗਾ ਅਤੇ ਕਮਿਸ਼ਨਰ ਨੇ ਵਿਕਾਸ ਕਾਰਜਾਂ 'ਚ ਤੇਜ਼ੀ ਲਿਆਉਣ ਲਈ ਕੀਤੀ ਸਮੀਖਿਆ



ਲੁਧਿਆਣਾ, 9 ਅਗਸਤ (ਵਿਸ਼ਾਲ ਸ਼ਰਮਾ) : ਹਲਕੇ ਦੇ ਵੱਖ-ਵੱਖ ਇਲਾਕਿਆਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ, ਲੁਧਿਆਣਾ ਉੱਤਰੀ ਦੇ ਵਿਧਾਇਕ ਮਦਨ ਲਾਲ ਬੱਗਾ ਨੇ ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਨਾਲ ਸ਼ੁੱਕਰਵਾਰ ਨੂੰ ਸਰਾਭਾ ਨਗਰ ਦੇ ਜ਼ੋਨ ਡੀ ਦਫ਼ਤਰ ਵਿੱਚ ਕੌਂਸਲਰਾਂ ਦੀ ਹਾਜ਼ਰੀ ਵਿੱਚ ਇੱਕ ਸਮੀਖਿਆ ਮੀਟਿੰਗ ਕੀਤੀ। ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਤੋਂ ਇਲਾਵਾ, ਜ਼ਮੀਨੀ ਪੱਧਰ 'ਤੇ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਅਧਿਕਾਰੀਆਂ ਨੂੰ ਸੀਵਰ ਲਾਈਨਾਂ, ਪਾਣੀ ਦੀ ਸਪਲਾਈ, ਸਟਰੀਟ ਲਾਈਟਾਂ ਆਦਿ ਨਾਲ ਸਬੰਧਤ ਮੁੱਦਿਆਂ ਦੇ ਠੋਸ ਹੱਲ ਲੱਭਣ ਦੇ ਨਿਰਦੇਸ਼ ਦਿੱਤੇ ਗਏ। ਮੀਟਿੰਗ ਵਿੱਚ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਕੌਂਸਲਰ ਅਮਨ ਬੱਗਾ, ਪੁਸ਼ਪਿੰਦਰ ਭਨੋਟ, ਨਰਿੰਦਰ ਭਾਰਦਵਾਜ, ਤੇਜਿੰਦਰ ਕੌਰ, ਨੀਰਜ ਆਹੂਜਾ, ਅਰਾਧਨਾ ਅਟਵਾਲ, ਗੁਰਜੀਤ ਕੌਰ, ਸ਼ਰਨਜੀਤ ਕੌਰ, ਕਸ਼ਮੀਰ ਕੌਰ, ਐਲ.ਏ ਗੌਰਵ ਬੱਗਾ ਸਮੇਤ ਹੋਰ ਲੋਕ ਮੌਜੂਦ ਸਨ। ਮੀਟਿੰਗ ਵਿੱਚ ਬੀ.ਐਂਡ.ਆਰ ਬ੍ਰਾਂਚ, ਓ.ਐਂਡ.ਐਮ.ਸੈੱਲ, ਲਾਈਟ ਬ੍ਰਾਂਚ, ਬਿਲਡਿੰਗ ਬ੍ਰਾਂਚ, ਸਿਹਤ ਬ੍ਰਾਂਚ ਆਦਿ ਸਮੇਤ ਨਗਰ ਨਿਗਮ ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਅਧਿਕਾਰੀ ਵੀ ਮੌਜੂਦ ਸਨ। ਸਬੰਧਤ ਅਧਿਕਾਰੀਆਂ ਨੂੰ ਹਲਕੇ ਦੇ ਵੱਖ-ਵੱਖ ਇਲਾਕਿਆਂ ਵਿੱਚ ਕੂੜੇ ਦੀ ਢੁਕਵੀਂ ਲਿਫਟਿੰਗ ਅਤੇ ਸਟੈਟਿਕ ਕੰਪੈਕਟਰਾਂ ਦੇ ਸਹੀ ਕੰਮਕਾਜ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ, ਤਾਂ ਜੋ ਹਲਕੇ ਭਰ ਵਿੱਚ ਸਫਾਈ ਨੂੰ ਯਕੀਨੀ ਬਣਾਇਆ ਜਾ ਸਕੇ। ਨਾਲ ਹੀ ਉਨ੍ਹਾਂ ਨੂੰ ਸਟਰੀਟ ਲਾਈਟਾਂ ਦੇ ਸਹੀ ਕੰਮ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਰੋਡ ਜਾਲੀਆਂ/ਗਟਰਾਂ ਦੇ ਢੱਕਣਾਂ ਆਦਿ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਗਏ ਹਨ, ਤਾਂ ਜੋ ਵਸਨੀਕਾਂ ਨੂੰ ਜ਼ਮੀਨੀ ਪੱਧਰ 'ਤੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਵਿਧਾਇਕ ਬੱਗਾ ਨੇ ਕਿਹਾ ਕਿ ਉਹ ਖੁਦ ਜ਼ਮੀਨੀ ਪੱਧਰ 'ਤੇ ਸਥਿਤੀ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰ ਰਹੇ ਹਨ। ਮੀਟਿੰਗ ਵਿੱਚ ਕੌਂਸਲਰਾਂ ਨੂੰ ਵੀ ਸੱਦਾ ਦਿੱਤਾ ਗਿਆ ਸੀ ਤਾਂ ਜੋ ਜ਼ਮੀਨੀ ਪੱਧਰ 'ਤੇ ਵਸਨੀਕਾਂ ਨੂੰ ਸਮੱਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ। ਵਿਧਾਇਕ ਬੱਗਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ। ਇਨ੍ਹਾਂ ਲੀਹਾਂ 'ਤੇ ਕੰਮ ਕਰਦੇ ਹੋਏ, ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਹਲਕੇ ਭਰ ਵਿੱਚ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਕੀਤੇ ਜਾ ਰਹੇ ਹਨ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਕਰਵਾਇਆ



ਲੁਧਿਆਣਾ, 9 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਚੁਪਹਿਰਾ ਸਮਾਗਮ ਬੀਤੇ ਦਿਨੀਂ ਬੜੇ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਮਹਾਨ ਜਪ-ਤਪ ਚੁਪਹਿਰਾ ਸਮਾਗਮ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਦੱਸਿਆ ਕਿ ਜਪ-ਤਪ ਚੁਪਹਿਰਾ ਸਮਾਗਮ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨ ਲਈ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾਂਦਾ ਹੈ। ਗੁਰਮੀਤ ਸਿੰਘ ਨੇ ਗੁਰੂ ਤੇਗ ਬਹਾਦਰ ਨਗਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰ ਜਪ-ਤਪ ਚੁਪਹਿਰਾ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਉਹਨਾਂ ਦੇ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸ੍ਰ: ਸੁਰਜੀਤ ਸਿੰਘ ਖੁਰਾਣਾ, ਸ੍ਰ: ਸੁਰਿੰਦਰ ਸਿੰਘ, ਜਰਨੈਲ ਸਿੰਘ ਸੈਣੀ, ਸ੍ਰ: ਪਲਵਿੰਦਰ ਸਿੰਘ, ਸ੍ਰ: ਰਣਜੀਤ ਸਿੰਘ, ਸ੍ਰ: ਸਵਰਨ ਸਿੰਘ, ਸ੍ਰ: ਜੋਗਿੰਦਰ ਸਿੰਘ, ਸ੍ਰ: ਹਰਦੇਵ ਸਿੰਘ, ਸ੍ਰ: ਤਲਵਿੰਦਰ ਸਿੰਘ, ਸ੍ਰ: ਤਜਿੰਦਰ ਸਿੰਘ, ਸ੍ਰ: ਜਤਿੰਦਰ ਸਿੰਘ, ਸ੍ਰ: ਨਿਰਮਲ ਸਿੰਘ, ਸ੍ਰ: ਨਿਰਮਲ ਸਿੰਘ ਸੈਣੀ, ਹੈਪੀ ਗਲਹੋਤਰਾ, ਅਵਤਾਰ ਸਿੰਘ ਕੈਂਥ ਅਤੇ ਮਾਸਟਰ ਗੁਰਮੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਲੈਂਡ ਪੂਲਿੰਗ ਦੇ ਵਿਰੋਧ 'ਚ ਵੱਖ-ਵੱਖ ਕਿਸਾਨ ਆਗੂਆਂ ਨੇ ਆਵਾਜ਼ ਉਠਾਈ



ਲੁਧਿਆਣਾ, 9 ਅਗਸਤ (ਰਵਿੰਦਰ ਸਿੰਘ ਨਿੱਝਰ) : ਲੈਂਡ ਪੂਲਿੰਗ ਦੇ ਖਿਲਾਫ ਭਾਰਤੀ ਕਿਸਾਨ ਯੂਨੀਅਨਾਂ ਦੇ ਵੱਖ ਵੱਖ ਗਰੁੱਪਾਂ ਵੱਲੋਂ ਅਤੇ ਨੌਜਵਾਨ ਆਗੂ ਲੱਖਾ ਸਿਧਾਣਾ ਵੱਲੋਂ ਜੋਧਾਂ ਵਿਖੇ ਭਾਰੀ ਇਕੱਠ ਕੀਤਾ ਗਿਆ। ਜਿਸ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਕਿਸਾਨ ਮਜ਼ਦੂਰ ਤੇ ਇਸ ਪਾਲਿਸੀ ਦੇ ਖਿਲਾਫ ਲੋਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ।

ਇਸ ਵੱਡੇ ਇਕੱਠ ਨੂੰ ਜਿੱਥੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਨੌਜਵਾਨ ਆਗੂ ਲੱਖਾ ਸਿਧਾਣਾ ਤੇ ਹੋਰ ਵੱਖ ਵੱਖ ਕਿਸਾਨ ਯੂਨੀਅਨ ਦੇ ਆਗੂਆਂ ਨੇ ਸੰਬੋਧਨ ਕੀਤਾ। ਇਸ ਲੈਂਡ ਪੂਲਿੰਗ ਦੇ ਖਿਲਾਫ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਹੈਪੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇਸ ਵੱਡੇ ਇਕੱਠ ਵਿੱਚ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਰੋਸ਼ਨ ਸਿੰਘ ਸਾਗਰ, ਜਗਜੀਤ ਸਿੰਘ ਅਰੋੜਾ ਜਨਰਲ ਸਕੱਤਰ ਪੰਜਾਬ, ਸਰਦਾਰ ਸੁਖਦੇਵ ਸਿੰਘ ਕਨੀਜਾ ਜਨਰਲ ਸਕੱਤਰ ਲੁਧਿਆਣਾ, ਕਰਮਜੀਤ ਸਿੰਘ ਸੰਧੂ ਇੰਚਾਰਜ ਹਲਕਾ ਸਾਹਨੇਵਾਲ, ਸਰਪੰਚ ਰੋਸ਼ਨ ਸਿੰਘ,ਦਲਵਿੰਦਰ ਸਿੰਘ ਘੁੰਮਣ, ਕੈਪਟਨ ਮਲਕੀਤ ਸਿੰਘ ਵਾਲੀਆ, ਕੈਪਟਨ ਕੁਲਵੰਤ ਸਿੰਘ, ਸ਼ਾਮਲ ਹੋਏ ਅਤੇ ਇਸ ਇਕੱਠ ਨੂੰ ਆਪਣੀ ਹਮਾਇਤ ਦਿੱਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਚੜੂਨੀ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜੱਥੇਦਾਰ ਰੋਸ਼ਨ ਸਿੰਘ ਸਾਗਰ, ਸਰਦਾਰ ਜਗਜੀਤ ਸਿੰਘ ਅਰੋੜਾ ਜਨਰਲ ਸਕੱਤਰ ਪੰਜਾਬ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਲੈਂਡ ਪੂਲਿੰਗ ਸਕੀਮ ਕਿਸੇ ਵੀ ਹਾਲਤ ਵਿੱਚ ਲਾਗੂ ਨਹੀਂ ਹੋਣ ਦਿੱਤੀ ਜਾਵੇਗੀ ਇਸ ਲਈ ਭਾਵੇਂ ਕਿਸਾਨਾਂ ਨੂੰ ਕੋਈ ਵੀ ਕੀਮਤ ਚੁਕਾਉਣੀ ਪਵੇ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਿੱਤਾ ਤੇ ਅਗਵਾਈ ਵਿਸ਼ੇ 'ਤੇ ਸੈਮੀਨਾਰ ਕਰਵਾਇਆ



ਕੌਹਰੀਆਂ, 9 ਅਗਸਤ (ਅਵਤਾਰ ਸਿੰਘ ਜਟਾਣਾ ): ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੌਹਰੀਆਂ ਵਿਖੇ ਕਿੱਤਾ ਅਤੇ ਅਗਵਾਈ ਵਿਸੇ ਤੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸਰਦਾਰ ਸੁਖਚੈਨ ਸਿੰਘ ਪਾਪੜਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)ਸੰਗਰੂਰ ਅਤੇ ਸਰਦਾਰ ਨਰਿੰਦਰ ਸਿੰਘ ਅੜਕਵਾਸ ਵਿਸੇਸ ਤੌਰ ਤੇ ਪਹੁੰਚੇ। ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਸੁਖਚੈਨ ਸਿੰਘ ਪਾਪੜਾ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਜ਼ਿੰਦਗੀ ਦੇ ਵਿੱਚ ਕਾਮਯਾਬ ਹੋਣ ਦੇ ਲਈ ਸਿਰਫ ਇੱਕੋ ਇੱਕ ਹਥਿਆਰ ਹੈ ਸਿੱਖਿਆ। ਸਿੱਖਿਆ ਹੀ ਤੁਹਾਡੀ ਗਰੀਬੀ ਨੂੰ ਦੂਰ ਕਰ ਸਕਦੀ ਹੈ ਉਹਨਾਂ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਸਾਂਝੇ ਕਰਦਿਆਂ ਕਿਹਾ ਕਿ ਇਹ ਨੌਕਰੀ ਮੇਰੀ ਅੱਠਵੀਂ ਨੌਕਰੀ ਹੈ। ਉਨਾਂ ਵਿਦਿਆਰਥੀਆਂ ਨੂੰ ਕਿਹਾ ਕਿ ਆਪਣਾ ਵਿਜ਼ਨ ਕਲੀਅਰ ਕਰਦੇ ਹੋਏ ਆਪਣੀ ਮੰਜ਼ਿਲ ਪ੍ਰਾਪਤੀ ਲਈ ਕਠਨ ਤਪੱਸਿਆ ਕਰਨ ਦੀ ਲੋੜ ਹੈ। ਜਿਹੜੇ ਵਿਦਿਆਰਥੀ ਜ਼ਿੰਦਗੀ ਦੇ ਵਿੱਚ ਮਿਹਨਤ ਕਰਦੇ ਹਨ ਉਹ ਇੱਕ ਦਿਨ ਜਰੂਰ ਕਾਮਯਾਬ ਹੁੰਦੇ ਹਨ। ਨਰਿੰਦਰ ਸਿੰਘ ਅੜਕਵਾਸ ਨੇ ਕਿਹਾ ਕਿ ਅੱਜ ਸਾਨੂੰ ਜਹਿਰ ਮੁਕਤ ਖੇਤੀ ਕਰਨ ਦੀ ਜਰੂਰਤ ਹੈ। ਅੱਜ ਜੈਵਿਕ ਖੇਤੀ ਸਮੇਂ ਦੀ ਲੋੜ ਹੈ। ਉਨਾਂ ਵਿਦਿਆਰਥੀਆਂ ਨੂੰ ਵਿਗਿਆਨਿਕ ਖੇਤੀ ਦੀਆਂ ਤਕਨੀਕਾਂ ਬਾਰੇ ਦੱਸਿਆ। ਅੰਤ ਵਿੱਚ ਪ੍ਰਿੰਸੀਪਲ ਸ੍ਰੀ ਹਰਸੰਤ ਸਿੰਘ ਨੇ ਦੋਵੇਂ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਮਿਹਨਤ ਕਰਨ ਦੇ ਲਈ ਪ੍ਰੇਰਿਤ ਕੀਤਾ। ਮਾਨਯੋਗ ਵਧੀਕ ਡਿਪਟੀ ਕਮਿਸ਼ਨਰ(ਵਿਕਾਸ) ਸੰਗਰੂਰ ਵੱਲੋਂ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨਿਤ ਕੀਤਾ ਗਿਆ।ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਮਾਨਯੋਗ ਦੋਵੇ ਮਹਿਮਾਨਾਂ ਦਾ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਮਾ.ਪ੍ਰਗਟ ਸਿੰਘ ਗਿੱਲ ਨੇ ਨਿਭਾਈ। ਇਸ ਸਮੇਂ ਪ੍ਰਿੰਸੀਪਲ ਹਰਸੰਤ ਸਿੰਘ,ਲੈਕਚਰਾਰ ਕੁਲਦੀਪ ਸਿੰਘ, ਮਾਸਟਰ ਹਰੀ ਸਿੰਘ,ਪ੍ਰਦੀਪ ਸਿੰਘ ਲਾਡਵਿੰਦਰ ਸਿੰਘ, ਭੁਪਿੰਦਰ ਸਿੰਘ,ਲੈਕ ਨੈਨਸੀ ਜਿੰਦਰ, ਮੈਡਮ ਕਿਮਪਰੀਤ ਕੌਰ, ਲੈਕ ਮੰਜੂ ਬਾਲਾ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਲੈਂਡ ਪੂਲਿੰਗ ਨੀਤੀ 'ਤੇ ਰੋਕ ਲਗਾਉਣਾ ਮਾਣਯੋਗ ਹਾਈਕੋਰਟ ਦਾ ਸ਼ਲਾਘਾਯੋਗ ਫੈਸਲਾ

ਸ਼ੇਰਪੁਰ, 9 ਅਗਸਤ (ਰਣਜੀਤ ਸਿੰਘ ਪੇਧਨੀ)- ਮਾਣਯੋਗ ਹਾਈਕੋਰਟ ਨੇ ਸੂਬਾ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਤੇ ਰੋਕ ਲਗਾ ਕੇ ਬਹੁਤ ਸ਼ਲਾਘਾਯੋਗ ਤੇ ਇਤਿਹਾਸਕ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਸ਼ਹਿਰੀ ਵਿਕਾਸ ਪ੍ਰੋਜੈਕਟ ਨਵੀਂ ਲੈਂਡ ਪੂਲਿੰਗ ਨੀਤੀ 2025 ਲਿਆਂਦੀ ਗਈ ਹੈ ਜੋ ਕਿਸਾਨਾਂ ਨਾਲ ਸਰਾਸਰ ਧੋਖਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਟਰਾਂਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਹਰਬੰਸ ਸਿੰਘ ਸਲੇਮਪੁਰ ਨੇ ਕੀਤਾ। ਉਨ੍ਹਾਂ ਕਿਹਾ ਕਿ ਮਾਣਯੋਗ ਹਾਈਕੋਰਟ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਤੇ ਰੋਕ ਲਗਾ ਕੇ ਬਹੁਤ ਸ਼ਲਾਘਾਯੋਗ ਅਤੇ ਇਤਿਹਾਸਕ ਫੈਸਲਾ ਦਿੱਤਾ ਹੈ, ਸਾਰੇ ਕਿਸਾਨ ਇਸ ਲੈਂਡ ਪੂਲਿੰਗ ਨੀਤੀ ਦਾ ਭਾਰੀ ਵਿਰੋਧ ਕਰ ਰਹੇ ਹਨ ਉਹਨਾਂ ਕਿਹਾ ਕਿ ਨੀਤੀ ਵਿੱਚ ਸਰਕਾਰ ਨੇ ਕੋਈ ਅਜਿਹਾ ਪ੍ਰਬਦਾਨ ਕੀਤਾ ਹੈ ਕਿ ਜਿੰਨਾਂ ਹਜ਼ਾਰਾ ਕਿਸਾਨਾਂ ਦੀ ਜ਼ਮੀਨ ਐਕੂਆਇਰ ਕਰਨੀ ਹੈ ਉਹ ਕੀ ਕਰਨਗੇ। ਇੰਨੀ ਵੱਡੀ ਤਦਾਦ ਅਤੇ ਇਸ ਰੇਟ ਤੇ ਕਿਸਾਨਾਂ ਨੂੰ ਕਿਤੇ ਵੀ ਜ਼ਮੀਨ ਨਹੀਂ ਮਿਲੇਗੀ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਉਜੜ ਕੇ ਕਾਰੋਬਾਰ ਨਵੇਂ ਸਿਠੇ ਤੇ ਕਿਵੇਂ ਸਥਾਪਿਤ ਕਰਨਗੇ। ਉਹਨਾਂ ਕਿਹਾ ਕਿ ਕਿਸਾਨ ਭੂਮੀਹੀਣ ਹੋ ਕੇ ਕੀ ਕਰੇਗਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਕਿਸਾਨ ਨੂੰ ਜ਼ਮੀਨ ਮਿਲਣੀ ਨਹੀਂ ਅਤੇ ਕਿਸਾਨ ਹਿਮਾਚਲ,ਰਾਜਸਥਾਨ,ਜੰਮੂ ਕਸ਼ਮੀਰ ਅਤੇ ਬਿਹਾਰ ਆਦਿ ਸੂਬਿਆਂ ਚ ਜ਼ਮੀਨ ਖਰੀਦ ਨਹੀਂ ਸਕਦਾ ਕਿਉਂਕਿ ਇਹਨਾਂ ਸੂਬਿਆਂ ਨੇ ਬਾਹਰਲੇ ਸੂਬੇ ਦੇ ਲੋਕਾਂ ਤੇ ਜਮੀਨ ਖ਼ਰੀਦਣ ਤੇ ਪੱਕੀ ਪਾਬੰਦੀ ਲਗਾਈ ਹੋਈ ਹੈ। ਉਹਨਾਂ ਕਿਹਾ ਕਿ ਪੀੜਤ ਕਿਸਾਨ ਤਬਾਹ ਹੋ ਜਾਣਗੇ ਅਤੇ ਉਹਨਾਂ ਦੇ ਬੱਚਿਆਂ ਦਾ ਭਵਿੱਖ ਤੇ ਵੀ ਘੁੱਪ ਹਨੇਰਾ ਛਾ ਜਾਵੇਗਾ ਉਹਨਾਂ ਕਿਹਾ ਕਿ ਪੀੜਤ ਕਿਸਾਨ,ਸਾਰੀਆ ਕਿਸਾਨ ਜੱਥੇਬੰਦੀਆਂ ਅਤੇ ਵਿਰੋਧੀ ਪਾਰਟੀਆਂ ਇਸ ਨੀਤੀ ਸਖ਼ਤ ਵਿਰੋਧ ਕਰ ਰਹੀਆਂ ਹਨ। ਕਿਸਾਨ ਅਤੇ ਆਮ ਲੋਕ ਮਾਣਯੋਗ ਹਾਈਕੋਰਟ ਦੇ ਉਪਰੋਕਤ ਫੈਸਲੇ ਦੀ ਭਾਰੀ ਸ਼ਲਾਘਾ ਕਰ ਰਹੇ ਹਨ।



# ਸੇਂਟ ਜ਼ੇਵੀਅਰਜ ਸਕੂਲ ਰਾਮਪੁਰਾ ਫੂਲ ਵਿਖੇ ਐਨ ਆਰ ਐਮ ਯੂ ਐਨ ਦਾ ਸੰਮੇਲਨ



ਰਾਮਪੁਰਾ ਫੂਲ ,9 ਅਗਸਤ(ਮਨਪ੍ਰੀਤ ਮਿੰਟੂ ):ਸੇਂਟ ਜ਼ੇਵੀਅਰਜ ਸਕੂਲ ਰਾਮਪੁਰਾ ਫੂਲ ਵਿਖੇ ਮਿਤੀ ਐਕਸ.ਆਰ.ਐੱਮ.ਯੂ.ਐੱਨ. ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ- ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਖ - ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ। ਮੁੱਖ ਮਹਿਮਾਨ ਪਰਮਜੀਤ ਸਿੰਘ ਮਹਿਤਾ ਮੇਅਰ ਬਠਿੰਡਾ ਤੇ ਡਾਕਟਰ ਅੰਕੁਸ਼ ਕਾਂਸਲ, ਫਾਦਰ ਜਾਨ ਵਰੀਟੋ , ਮੈਨੇਜਰ ਫਾਦਰ ਐਂਡਰਿਊ ਫਰਨਾਂਡਿਜ, ਪ੍ਰਿੰਸੀਪਲ ਫਾਦਰ ਯੂਲਾਲਿਓ ਫਰਨਾਂਡਿਜ, ਕੋਆਰਡੀਨੇਟਰ ਮੈਡਮ ਪ੍ਰੇਮ ਲਤਾ ਤੇ ਮੈਡਮ ਅੰਜੂ ਬਾਲਾ ਨੇ ਦੀਪ ਜਲਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਸੱਭਿਆਚਾਰਕ ਗੀਤਾਂ 'ਤੇ ਡਾਂਸ ਪੇਸ਼ ਕੀਤਾ। ਵੱਖ - ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਕਮੇਟੀਆਂ ਬਣਾਕੇ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਆਪਣੇ ਗਿਆਨ ਤੇ ਸੂਝਬੂਝ ਦਾ ਵਧੀਆ ਪ੍ਰਦਰਸ਼ਨ ਕੀਤਾ। ਓਵਰ ਆਲ ਟਰਾਫ਼ੀ ਸੇਂਟ ਜੋਸਫ਼ ਸਕੂਲ ਬਠਿੰਡਾ ਦੇ ਵਿਦਿਆਰਥੀਆਂ ਨੇ ਜਿੱਤੀ।ਐੱਸ. ਡੀ. ਐੱਮ. ਸ੍ਰੀ ਸੁਨੀਲ ਫੋਗਾਟ ਰਾਮਪੁਰਾ ਫੂਲ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਭਵਿੱਖ ਵਿੱਚ ਸਖ਼ਤ ਮਿਹਨਤ ਕਰਕੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਮੈਨੇਜਰ ਫਾਦਰ ਐਂਡਰਿਊ ਫਰਨਾਂਡਿਜ ਨੇ ਆਏ ਹੋਏ ਮਹਿਮਾਨਾਂ ਲਈ ਸਵਾਗਤੀ ਅਤੇ ਧੰਨਵਾਦੀ ਸ਼ਬਦ ਕਹੇ । ਉਨ੍ਹਾਂ ਵੀ ਵਿਦਿਆਰਥੀਆਂ ਨੂੰ ਸ਼ਾਬਾਸ਼ੇ ਦਿੰਦਿਆਂ ਨਵੇਂ ਦਿਸਹਿੱਦੇ ਕਾਇਮ ਕਰਨ ਲਈ ਪ੍ਰਿਆ। ਟਰਾਫ਼ੀਆਂ ਲੈ ਕੇ ਘਰਾਂ ਨੂੰ ਜਾਂਦਿਆਂ ਵਿਦਿਆਰਥੀਆਂ ਦੇ ਚਿਹਰਿਆਂ ਤੋਂ ਭਵਿੱਖ ਨੂੰ ਸਫ਼ਲ ਬਣਾਉਣ ਦਾ ਜਨੂੰਨ ਠਾਠਾਂ ਮਾਰ ਰਿਹਾ ਸੀ।

# ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਅਤੇ ਪੰਜਾਬੀਅਤ ਨੂੰ ਬਚਾ ਸਕਦੈ : ਸੁਖਬੀਰ ਸਿੰਘ ਬਾਦਲ

## ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਦੀ ਹੋਈ ਘਰ ਵਾਪਸੀ



ਦਿੜ੍ਹਬਾ ਮੰਡੀ, 9 ਅਗਸਤ (ਸੁਖਵਿੰਦਰ ਸਿੰਘ ਵਿਰਕ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਲਦੇਵ ਸਿੰਘ ਮਾਨ ਦੇ ਘਰ ਸੂਲਰ ਘਰਾਟ ਵਿਖੇ ਪਹੁੰਚ ਕੇ ਬਲਦੇਵ ਸਿੰਘ ਮਾਨ ਨੂੰ ਦੁਬਾਰਾ ਅਕਾਲੀ ਦਲ ਵਿੱਚ ਸ਼ਾਮਿਲ ਕੀਤਾ ਹੈ। ਜਿਕਰਯੋਗ ਹੈ ਕਿ ਬਲਦੇਵ ਸਿੰਘ ਮਾਨ ਕੁੱਝ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਸੁਧਾਰ ਲਹਿਰ ਵਿੱਚ ਸ਼ਾਮਿਲ ਹੋ ਗਏ ਸੀ। ਪਰ ਉਹ ਫਿਰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਕਬੂਲਦੇ ਹੋਏ ਦੁਬਾਰਾ ਫਿਰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋ ਗਏ ਹਨ। ਬਲਦੇਵ ਸਿੰਘ ਮਾਨ ਦੀ ਰਿਹਾਇਸ਼ ਸੂਲਰ ਘਰਾਟ ਵਿਖੇ ਆਪਣੇ ਸਮਰਥਕਾਂ ਨਾਲ ਸੈਂਕੜਿਆਂ ਦੀ ਗਿਣਤੀ ਵਿੱਚ ਮੁੜ ਦੁਬਾਰਾ ਅਕਾਲੀ ਦਲ ਪਾਰਟੀ ਦਾ ਪੱਲਾ ਫੜ ਲਿਆ। ਅਕਾਲੀ ਦਲ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਉਸ ਨੇ ਆਪਣੇ ਵਰਕਰਾਂ ਨਾਲ ਵਿਚਾਰ ਵਟਾਂਦਰਾਂ ਕਰਕੇ ਹੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਲਿਆ ਹੈ ਕਿਉਂਕਿ ਅਕਾਲੀ ਦਲ ਹੀ ਪੰਜਾਬ ਅਤੇ ਪੰਥ ਦੀ ਅਗਵਾਈ ਕਰ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਸੀਐਮ ਸੁਖਬੀਰ ਸਿੰਘ ਬਾਦਲ ਨੇ ਬਲਦੇਵ ਸਿੰਘ ਮਾਨ ਨੂੰ ਪਾਰਟੀ ਵਿੱਚ ਸ਼ਾਮਿਲ ਕਰਨ ਉਪਰੰਤ ਕਿਹਾ ਕਿ ਅਕਾਲੀ ਦਲ ਤੋਂ ਬਿਨਾਂ ਪੰਜਾਬ ਅਤੇ ਪੰਥ ਨੂੰ ਕੋਈ ਨਹੀਂ ਬਚਾ ਸਕਦਾ। ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਇੱਕ ਮਾਤਰ ਖੇਤਰੀ ਪਾਰਟੀ ਹੈ ਜੋ ਪੰਜਾਬ, ਪੰਜਾਬੀਅਤ ਅਤੇ ਪੰਥ ਬਾਰੇ ਸੋਚਦੀ ਹੈ। ਪੰਜਾਬ ਨੂੰ ਹਰ ਤਰਾਂ ਦੀ ਕੰਗਾਲੀ ਤੋਂ ਬਚਾਉਣ ਲਈ ਅਤੇ ਹਾਲਾਤ ਸੁਖਾਵੇਂ ਬਣਾਉਣ ਲਈ ਅਕਾਲੀ ਦਲ ਦਾ ਤਾਕਤ ਵਿੱਚ ਆਉਣਾ ਜਰੂਰੀ ਹੈ। ਕਾਂਗਰਸ, ਭਾਜਪਾ ਅਤੇ ਝਾੜੂ ਵਾਲੇ ਪੰਜਾਬ ਉੱਤੇ ਸਿਰਫ ਰਾਜ ਕਰਨ ਅਤੇ ਪੰਜਾਬ ਨੂੰ ਲੁੱਟਣ ਆਏ ਹਨ ਅਤੇ ਲੁੱਟ ਕੇ ਵਾਪਿਸ ਚਲੇ ਜਾਣਗੇ ਪਰ ਅਕਾਲੀ ਦਲ ਪੰਜਾਬ ਦੀ ਪਾਰਟੀ ਹੈ ਜੋ ਹਮੇਸ਼ਾ ਪੰਜਾਬ ਦੇ ਵਿੱਚ ਰਹੇਗੀ। ਸੰਗਰੂਰ ਦੇ ਲੋਕ ਨਿਕਲਬਾਜ਼ੀ ਲੋਕ ਹਨ ਜਦੋਂ ਵੀ ਕੋਈ ਬਦਲਾਅ ਜਾਂ ਕਰਾਂਤੀ ਆਈ ਹੈ ਤਾਂ ਸੰਗਰੂਰ ਜਿਲ੍ਹੇ ਦਾ ਵੱਡਾ ਯੋਗਦਾਨ ਰਿਹਾ ਹੈ। ਅਕਾਲੀ ਦਲ ਨੂੰ ਮਜਬੂਤ ਕਰਨ ਲਈ ਅੱਜ ਤੋਂ ਸ਼ੁਰੂਆਤ ਹੋ ਗਈ ਹੈ। ਬਲਦੇਵ ਸਿੰਘ ਮਾਨ ਪੁਰਾਣੇ ਟਕਸਾਲੀ ਆਗੂ ਰਹੇ ਹਨ। ਇਸ ਸਮੇਂ ਇਹੋ ਜਿਹੇ ਆਗੂਆਂ ਦੀ ਪਾਰਟੀ ਨੂੰ ਲੋੜ ਹੈ। ਜੋ ਲੋਕ ਅਜੇ ਵੀ ਰੁੱਸ ਕੇ ਅਕਾਲੀ ਦਲ ਤੋਂ ਬਾਹਰ ਹਨ ਉਨਾਂ ਨੂੰ ਅਪੀਲ ਹੈ ਕਿ ਪੰਜਾਬ ਨੂੰ ਬਚਾਉਣ ਲਈ ਅਕਾਲੀ ਦਲ ਦੀ ਤਾਕਤ ਬਣੋ। ਸੁਖਬੀਰ ਸਿੰਘ ਬਾਦਲ ਨੇ ਬਲਦੇਵ ਸਿੰਘ ਮਾਨ ਨੂੰ ਪਾਰਟੀ ਦਾ ਸਰਪ੍ਰਸਤ ਬਣਾਉਣ ਦਾ ਐਲਾਨ ਵੀ ਕੀਤਾ। ਇਸ ਮੌਕੇ ਮਹੇਸ਼ਇੰਦਰ ਸਿੰਘ ਗਰੇਵਾਲ, ਵਿਨਰਜੀਤ ਸਿੰਘ ਗੋਲਡੀ, ਹਲਕਾ ਇੰਚਾਰਜ ਗੁਲਜਾਰ ਸਿੰਘ ਮੂਣਕ, ਗਗਨਦੀਪ ਸਿੰਘ ਖੰਡੇਵਾਦ, ਹਰਦੇਵ ਸਿੰਘ ਹੰਝਰਾਂ, ਮਗਨਦੀਪ ਸਿੰਘ ਮਾਨ ਅਤੇ ਹੋਰ ਅਕਾਲੀ ਵਰਕਰ ਹਾਜ਼ਰ ਸਨ।

# 400 ਲੀਟਰ ਲਾਹਣ ਅਤੇ 15 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਇੱਕ ਕਾਬੂ



ਤਪਾ ਮੰਡੀ, 9 ਅਗਸਤ (ਰਾਜੂ ਮਹਿਰਾ/ਭੂਸ਼ਨ ਘੜੈਲਾ): ਜ਼ਿਲ੍ਹਾ ਪੁਲਿਸ ਮੁਖੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪੁਲਿਸ ਨੇ 400 ਲੀਟਰ ਲਾਹਣ ਅਤੇ 15 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮਾਮਲੇ ਸਬਧੀ ਜਾਣਕਾਰੀ ਦਿੰਦੇ ਹੋਏ ਸੀ ਆਈ ਏ ਸਟਾਫ ਦੇ ਤਫਤੀਸ਼ੀ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਸਮੇਤ ਇਲਾਕੇ ਅੰਦਰ ਦੌਰਾਨੇ ਗਸ਼ਤ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਬੱਸ ਸਟੈਂਡ ਤਾਜੋਕੇ ਨੇੜੇ ਸਰਕਾਰੀ ਸਕੂਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਗੁਪਤ ਸੂਚਨਾ ਦਿੱਤੀ ਕਿ ਇੰਦਰਜੀਤ ਸਿੰਘ ਉਰਫ ਬਾਘ ਪੁੱਤਰ ਬਲਵਿੰਦਰ ਸਿੰਘ ਵਾਸੀ ਕੱਚਾ ਰਸਤਾ ਰੂੜੇਕੇ ਖੁਰਦ ਵਾਲਾ, ਮੰਡੀ ਪਾਸਾ ਤਾਜੋਕੇ ਜੋ ਆਪਣੇ ਖੇਤਾਂ ਵਿਚ ਬਣੇ ਹੋਏ ਰਿਹਾਇਸ਼ੀ ਘਰ ਵਿਚ ਨਜਾਇਜ਼ ਸ਼ਰਾਬ ਕਸ਼ੀਦ ਕਰਕੇ ਵੇਚਣ ਦਾ ਧੰਦਾ ਕਰਦਾ ਹੈ, ਜੇਕਰ ਰੇਡ ਕੀਤੀ ਜਾਵੇ ਤਾਂ ਦੋਸ਼ੀ ਨੂੰ ਰੰਗੇ ਹੱਥੀ ਕਾਬੂ ਕੀਤਾ ਜਾ ਸਕਦਾ ਹੈ। ਪੁਲਿਸ ਨੇ ਤੁਰੰਤ ਹਰਕਤ 'ਚ ਆਉਂਦਿਆਂ ਦੋਸ਼ੀ ਦੇ ਘਰ ਰੇਡ ਕਰਕੇ ਦੋ ਡਰੰਮ ਪਲਾਸਟਿਕ ਅਤੇ ਪਤੀਲਾ ਸਿਲਵਟ ਵਿਚੋਂ ਕੁੱਲ 400 ਲੀਟਰ ਲਾਹਣ ਅਤੇ 15 ਬੋਤਲਾਂ ਸ਼ਰਾਬ ਨਾਜਾਇਜ਼ ਸ਼ਰਾਬ ਬਰਾਮਦ ਕਰਕੇ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ। ਪੁਲਿਸ ਨੇ ਉਕਤ ਦੋਸ਼ੀ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਕਸਫੋਰਡ ਦੇ ਵਿਦਿਆਰਥੀਆਂ ਨੇ ਸਕੂਲ ਵਿੱਚ ਹੀ ਮਨਾਈ ਪਿਕਨਿਕ ਅਤੇ ਮਾਣਿਆ ਆਨੰਦ'



ਭਗਤਾ ਭਾਈ ਕਾ, 9ਅਗਸਤ(ਸਵਰਨ ਸਿੰਘ ਭਗਤਾ): 'ਦ ਆਕਸਫੋਰਡ ਸਕੂਲ ਆਫ ਐਜੂਕੇਸ਼ਨ ਇੱਕ ਅਜਿਹੀ ਮਾਣਮੱਤੀ ਸੰਸਥਾ ਹੈ, ਜੋ ਬੱਚਿਆਂ ਦੀ ਬਹੁਪੱਖੀ ਅਗਵਾਈ ਕਰਨ ਲਈ ਹਰ ਭਰਪੂਰ ਯਤਨ ਕਰਦੀ ਹੈ ਤਾਂ ਜੋ ਵਿਦਿਆਰਥੀਆਂ ਦਾ ਸਰਵ-ਪੱਖੀ ਵਿਕਾਸ ਹੋ ਸਕੇ।ਬੀਤੇ ਦਿਨੀਂ ਸਕੂਲ ਵਿੱਚ ਹੀ ਨਰਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਦੋ - ਰੋਜ਼ਾ ਪਿਕਨਿਕ ' ਦਾ ਆਯੋਜਨ ਕੀਤਾ ਗਿਆ , ਜਿਸ ਵਿੱਚ ਵਾਟਰ ਪਾਰਕ ਅਤੇ ਝੂਲੇ ਸ਼ਾਮਿਲ ਕੀਤੇ ਗਏ । ਵਾਟਰ ਪਾਰਕ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਵਾਟਰ ਸਲਾਈਡਜ਼ ਸ਼ਾਮਿਲ ਸਨ , ਜੋ ਬੱਚਿਆਂ ਦਾ ਮਨ ਮੋਹ ਰਹੀਆਂ ਸਨ। ਇਸ ਤੋਂ ਬਿਨ੍ਹਾਂ ਬੱਚਿਆਂ ਲਈ ਰੋਪ- ਕਲਾਇੰਬ, ਕਈ ਤਰ੍ਹਾਂ ਦੇ ਝੂਲੇ , ਨਿਸ਼ਾਨਾ ਲਾਉਣ ਵਾਲੀ ਗੇਮ , ਆਦਿ ਗੇਮਾਂ ਵੀ ਸਨ , ਜਿਨ੍ਹਾਂ ਦਾ ਬੱਚਿਆਂ ਨੇ ਭਰਪੂਰ ਲੁਤਫ਼ ਉਠਾਇਆ । ਇਸ ਪਿਕਨਿਕ ਦਾ ਆਨੰਦ ਮਾਣਦੇ ਅਤੇ ਡਾਂਸ ਕਰਦੇ ਬੱਚੇ ਬੇਹੱਦ ਖ਼ੁਸ਼ ਨਜ਼ਰ ਆ ਰਹੇ ਸਨ। ਜਿੱਥੇ ਨੰਨ੍ਹੇ ਬੱਚਿਆਂ ਨੇ ਪਿਕਨਿਕ ਮਨਾਈ , ਉੱਥੇ ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਹੀ ਸਪੇਸ ਦਾ ਸਫ਼ਰ ਡੋਮ ਥਿਏਟਰ ਵਿੱਚ ਕਰਵਾਇਆ ਗਿਆ। ਇਹ ਸਪੇਸ ਦਾ ਸਫ਼ਰ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਸਾਬਿਤ ਹੋਵੇਗਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਇਸ ਸੰਸਥਾ ਵੱਲੋਂ ਹਮੇਸ਼ਾ ਅਜਿਹੀਆਂ ਕੋਸ਼ਿਸ਼ ਕੀਤੀਆਂ ਜਾਂਦੀਆਂ ਹਨ , ਜਿਨ੍ਹਾਂ ਦਾ ਵਿਦਿਆਰਥੀਆਂ ਨੂੰ ਬੌਧਿਕ ਲਾਭ ਹੋਵੇ । ਸਪੇਸ ਦਾ ਸਫ਼ਰ ਵਿਦਿਆਰਥੀਆਂ ਵਿੱਚ ਰੁਚੀ ਪੈਦਾ ਕਰੇਗਾ ਅਤੇ ਜਿਸ ਦੇ ਆਉਣ ਵਾਲੇ ਸਮੇਂ ਵਿੱਚ ਬਿਹਤਰ ਨਤੀਜੇ ਨਿਕਲਣਗੇ । ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹਨਾਂ ਵੱਲੋਂ ਕੀਤੇ ਜਾਂਦੇ ਯਤਨ ਸਾਡੇ ਲਈ ਬਹੁਤ ਹੀ ਲਾਹੇਵੰਦ ਹੁੰਦੇ ਹਨ , ਜਿੱਥੇ ਇਹਨਾਂ ਯਤਨਾਂ ਕਾਰਨ ਅਸੀਂ ਆਨੰਦ ਮਾਣਦੇ ਹਾਂ , ਉੱਥੇ ਅਸੀਂ ਆਪਣਾ ਮਨੂੰ ਬੌਧਿਕ ਤੌਰ ਤੇ ਤਰਾਸ਼ਦੇ ਵੀ ਹਾਂ। ਇਸ ਸਮੇਂ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ ( ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ (ਵਾਈਸ ਚੇਅਰਮੈਨ), ਅਤੇ ਰਮਨਦੀਪ ਸਿੰਘ ਅਤੇ ਸਾਰੇ ਕੁਆਰਡੀਨੇਟਰਜ਼ ਵੀ ਮੌਜੂਦ ਸਨ।

# ਘੰਡਾਬੰਨਾ ਦੇ ਨੌਜਵਾਨਾਂ ਨੇ ਸਾਂਝੀਆਂ ਥਾਵਾਂ 'ਤੇ ਲਗਾਏ ਪੌਦੇ



ਭਗਤਾ ਭਾਈ ਕਾ, 9 ਅਗਸਤ (ਸਵਰਨ ਸਿੰਘ ਭਗਤਾ): ਨਜ਼ਦੀਕੀ ਪਿੰਡ ਘੰਡਾਬਨਾ ਵਿਖੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਨੌਜਵਾਨਾਂ ਨੇ ਸਾਂਝੇ ਤੌਰ 'ਤੇ ਗੁਰਵਿੰਦਰ ਸ਼ਰਮਾ ਬਠਿੰਡਾ ਦੀ ਅਗਵਾਈ ਹੇਠ ਪਿੰਡ ਦੀਆਂ ਸਾਂਝੀਆਂ ਥਾਵਾਂ ਨੇ ਪੌਦੇ ਲਗਾਏ ਗਏ।ਪ੍ਰਬੰਧਕਾਂ ਨੇ ਦੱਸਿਆ ਕਿ ਇਹ ਪੌਦੇ ਲਾਕੇ ਨੌਜਵਾਨਾਂ ਨੇ ਪਿੰਡ ਦੇ ਏਕੇ ਦਾ ਸਬੂਤ ਦਿੱਤਾ, ਕਿਉਂਕਿ ਇਸ ਕਾਰਜ ਵਿੱਚ ਨੌਜਵਾਨਾਂ ਨੇ ਪਾਰਟੀਬਾਜ਼ ਤੋਂ ਉਪਰ ਉੱਠ ਕੇ ਇਹ ਪੌਦੇ ਲਗਾਏ ਗਏ ਜੋ ਸਲਾਘਾਯੋਗ ਉਪਰਾਲਾ ਹੈ। ਉਨਾਂ ਆਖਿਆ ਕਿ ਹਰ ਪਿੰਡ ਵਿੱਚ ਨੌਜਵਾਨ ਇਹ ਉਪਰਾਲਾ ਕਰਨ ਕਿਉਂਕਿ ਰੁੱਖਾਂ ਨਾਲ ਮਨੁੱਖ ਦੀ ਹੋਂਦ ਹੈ ਅਤੇ ਰੁੱਖ ਹੀ ਮਨੁੱਖ ਦਾ ਮਰਨ ਸਮੇਂ ਤੱਕ ਸਾਥ ਨਿਭਾਉਂਦੇ ਹਨ ਅਤੇ ਹਰ ਮਨੁੱਖ ਨੂੰ ਇੱਕ ਰੁੱਖ ਜਰੂਰ ਲਾਉਣਾ ਚਾਹੀਦਾ ਹੈ।ਇਸ ਮੌਕੇ ਸਰਪੰਚ ਰਾਮਦੇਵ ਸਿੰਘ, ਸੁਰਜੀਤ ਸਿੰਘ ਮਾਨ ਪੰਚ, ਜਸਪਾਲ ਸਿੰਘ ਪੰਚ, ਹੰਸਾ ਸਿੰਘ ਪੰਚ, ਸੁਖਮੰਦਰ ਸਿੰਘ ਪੰਚ, ਬੇਅੰਤ ਸਿੰਘ ਪੰਚ, ਕੁਲਵੰਤ ਸਿੰਘ ਸਾਬਕਾ ਸਰਪੰਚ, ਦਰਸ਼ਨ ਸਿੰਘ ਸਾਬਕਾ ਸਰਪੰਚ, ਗੁਰਪ੍ਰੀਤ ਸਿੰਘ ਪੀਤਾ, ਭੂਸ਼ਨ ਸਿੰਗਲਾ, ਸੁਖਦਰਸ਼ਨ ਸਿੰਘ ਪ੍ਰਧਾਨ, ਬਲਜਿੰਦਰ ਸਿੰਘ, ਜਗਜੀਤ ਸਿੰਘ ਬਠਿੰਡਾ, ਗਾਂਧੀ ਸਿੱਧੂ ਬਠਿੰਡਾ, ਮਨਪ੍ਰੀਤ ਸਿੰਘ ਪੀਤਾ, ਬੱਬਲ ਪ੍ਰੀਤ ਸਿੰਘ, ਈਮਾਨਦੀਪ ਸਿੰਘ, ਲਵਪ੍ਰੀਤ ਸਿੰਘ, ਜਗਦੀਪ ਸਿੰਘ, ਸੁਖਪ੍ਰੀਤ ਸਿੰਘ, ਸਤਵਿੰਦਰ ਸਿੰਘ, ਗੁਰਪ੍ਰੀਤ ਸਿੰਘ ਸੂਚ, ਹਰਦੀਪ ਸਿੰਘ ਭੁੱਲਰ, ਕੇਵਲ ਸਿੰਘ ਪ੍ਰਧਾਨ ਐੱਸਸੀ ਵਿੰਗ ਬਲਾਕ ਫੂਲ, ਜੋਗਿੰਦਰ ਸਿੰਘ, ਕਰਮਜੀਤ ਸਿੰਘ ਢਿੱਲੋਂ, ਨਰਿੰਦਰ ਸਿੰਘ, ਅੰਗ੍ਰੇਜ ਸਿੰਘ ਗੇਜੂ, ਦਿੰਦਰ ਸਿੰਘ, ਜੀਵਨ ਸਿੰਘ, ਹਰਜੀਤ ਸਿੰਘ, ਜਗਜੀਤ ਸਿੰਘ ਦਿਲਪ੍ਰੀਤ ਸਿੰਘ,ਪਰਮਪਾਲ ਸਿੰਘ ਅਤੇ ਪਰਭਾ ਸਿੰਘ ਸੂਚ ਆਦਿ ਹਾਜ਼ਰ ਸਨ।

# ਵਪਾਰ ਮਹਾ ਸੰਘ ਬਰਨਾਲਾ ਵੱਲੋਂ ਵਪਾਰੀਆਂ ਨੂੰ ਸਿਹਤਮੰਦ ਰੱਖਣ ਲਈ ਰੋਜ਼ਾਨਾ ਕਰਵਾਇਆ ਜਾਂਦੈ ਯੋਗ

ਬਰਨਾਲਾ, 9 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਵਪਾਰ ਮੰਡਲ ਬਰਨਾਲਾ ਵਪਾਰੀਆਂ ਦੇ ਹੱਕਾਂ ਦੀ ਰਖਵਾਲੀ ਲਈ ਸੰਘਰਸ਼ਸ਼ੀਲ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਸਿਹਤਯਾਬੀ ਲਈ ਸਵੇਰੇ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਸਮਾਜ ਸੇਵੀ ਲਲਿਤ ਮਹਾਜਨ ਦੀ ਅਗਵਾਈ 'ਚ ਯੋਗਾ ਕਰਵਾਇਆ ਜਾਂਦਾ ਹੈ। ਯੋਗਾ ਅਚਾਰੀਆ ਵਿੱਕੀ ਰਾਜਾ ਦੀ ਦੇਖ ਰੇਖ 'ਚ ਕਰਵਾਏ ਜਾ ਰਹੇ ਯੋਗਾ ਮੌਕੇ ਉਹਨਾਂ ਬੋਲਦਿਆਂ ਕਿਹਾ ਕਿ ਸਿਰਫ ਅੱਧਾ ਘੰਟਾ ਯੋਗਾ ਕਰਨ ਨਾਲ ਵਿਅਕਤੀ ਤੰਦਰੁਸਤ ਰਹਿੰਦਾ ਹੈ। ਉਹਨਾਂ ਕਿਹਾ ਕਿ ਯੋਗਾ ਦਾ ਮਤਲਬ ਹੈ ਕਿ ਆਪਣੇ ਆਪ ਨੂੰ ਯੋਗ ਰੱਖਣਾ। ਸਾਰੇ ਵਪਾਰੀਆਂ ਵੱਲੋਂ ਅੱਧਾ ਘੰਟਾ ਸੈਰ ਅਤੇ ਅੱਧਾ ਘੰਟਾ ਯੋਗਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਸਵੇਰੇ ਪਾਰਕ 'ਚ ਇੱਕ ਘੰਟਾ ਬਿਤਾ ਕੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਰੋ ਤਾਜ਼ਾ ਹੋ ਜਾਂਦਾ ਹੈ। ਉਹਨਾਂ ਵੱਧ ਤੋਂ ਵੱਧ ਵਪਾਰੀਆਂ ਨੂੰ ਇਸ ਗਤੀਵਿਧੀ 'ਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ। ਇਸ ਉਪਰੰਤ ਉਹਨਾਂ ਸਮੁੱਚੇ ਦੇਸ਼ ਵਾਸੀਆਂ ਨੂੰ ਰੱਖੜੀ ਦੀ ਵਧਾਈ ਦਿੱਤੀ ਅਤੇ ਉਨਾਂ ਦੀ ਖ਼ੁਸ਼ੀਆਂ ਭਰੀ ਜ਼ਿੰਦਗੀ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਰੱਖੜੀ ਦਾ ਤਿਉਹਾਰ ਸਾਂਝੀਵਾਲਤਾ ਤੇ ਸਮਰਸਤਾ ਦਾ ਪ੍ਰਤੀਕ ਹੈ। ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਇਹੋ ਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ। ਉਨ੍ਹਾਂ ਵਪਾਰੀ ਵਰਗ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਕਿਸੇ ਵਪਾਰੀ ਨੂੰ ਵਪਾਰ ਸੰਬੰਧੀ ਕੋਈ ਤੰਗੀ ਪ੍ਰੇਸ਼ਾਨੀ ਹੈ ਤਾਂ ਉਹ ਵਪਾਰ ਮਹਾਸੰਘ ਬਰਨਾਲਾ ਦੇ ਪ੍ਰਧਾਨ ਲਲਿਤ ਮਹਾਜਨ ਨੂੰ ਮਿਲ ਸਕਦਾ ਹੈ, ਸੰਬੰਧਿਤ ਵਪਾਰੀ ਦੀ ਯਥਾਸੰਭਵ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਸ਼ੈਂਕੀ, ਨੀਟੂ, ਸਤੀਸ਼ ਜੈਨ, ਵਿਸ਼ਨੂੰ ਸਿੰਗਲਾ, ਭੋਲਾ ਰਾਮ, ਬੱਬੂ, ਨੀਟੂ ਸਰਾਫ਼, ਲਲਿਤ ਮਹਾਜਨ, ਰਾਜੇਸ਼, ਨੀਟੀ, ਸੁਭਾਸ਼, ਲਾਡੀ, ਬਿੰਦਰ, ਅਮਿਤ, ਗੋਲਡੀ, ਪਿੰਟਾ, ਨਰਿੰਦਰ ਗੋਇਲ, ਹੈਪੀ ਮਿੱਤਲ, ਚੌਧਰੀ ਤਪਾ, ਪ੍ਰਤੀਕ, ਵਿੱਕੀ, ਕਮਲ ਗੁਪਤਾ, ਰਿੰਕੂ, ਦੀਪ ਚੰਦ ਬਾਂਸਲ ਆਦਿ ਹਾਜ਼ਰ ਸਨ।

# ਵਾਟਰ ਸਪਲਾਈ ਤੇ ਸੀਵਰੇਜ ਕਾਮਿਆਂ ਦੀ ਹੜਤਾਲ ਛੇਵੇਂ ਦਿਨ 'ਚ ਸ਼ਾਮਿਲ



ਬਰਨਾਲਾ, 9 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਦੀ ਅਗਵਾਈ ਵਿੱਚ ਪੰਜਾਬ ਪੱਧਰੀ ਅਣਮਿੱਥੇ ਸਮੇਂ ਦੀ ਹੜਤਾਲ ਛੇਵੇਂ ਦਿਨ ਵਿੱਚ ਸ਼ਾਮਿਲ ਹੋ ਚੁੱਕੀ ਹੈ ਪਰ ਪੰਜਾਬ ਸਰਕਾਰ ਸਾਡੀਆਂ ਮੰਗਾਂ ਦਾ ਕੋਈ ਪੁਖਤਾ ਹੱਲ ਨਹੀਂ ਕਰ ਰਹੀ। ਇਸ ਮੌਕੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਡੇ ਨਾਲ ਮੀਟਿੰਗਾਂ ਜ਼ਰੂਰ ਕੀਤੀਆਂ ਜਾ ਰਹੀਆਂ ਹਨ ਪਰ ਮੀਟਿੰਗ ਵਿੱਚੋਂ ਭਰੋਸੇ ਤੋਂ ਇਲਾਵਾ ਹੋਰ ਕੁੱਝ ਨਹੀਂ ਨਿੱਕਲਦਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ 6 ਅਗਸਤ ਦੀ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਕਿਹਾ ਗਿਆ ਕਿ ਸਾਡੀ ਸਰਕਾਰ ਤੁਹਾਡੀ ਤਨਖ਼ਾਹ ਜ਼ਿਆਦਾ ਨਹੀਂ ਕਰ ਸਕਦੀ, ਕਿਉਂਕਿ ਕਈ ਮੰਡੀਆਂ ਜਿਵੇਂ ਕਿ ਭੀਖੀ ਚੀਮਾ ਦਿੜ੍ਹਬਾ ਇਹ ਗਰੀਬ ਮੰਡੀਆਂ ਹਨ, ਇਨ੍ਹਾਂ ਦੀ ਇਨਕਮ ਬਹੁਤ ਘੱਟ ਹੈ। ਇਸ ਮੌਕੇ ਹੀ ਜਥੇਬੰਦੀ ਵੱਲੋਂ ਕਿਹਾ ਗਿਆ ਕਿ ਜੇਕਰ ਸਾਡੇ ਸੀਵਰੇਜ਼ ਬੋਰਡ ਦੇ ਅਧਿਕਾਰੀ ਖ਼ਜ਼ਾਨੇ ਵਿੱਚੋਂ ਤਨਖਾਹ ਲੈ ਸਕਦੇ ਹਨ ਤਾਂ ਸੀਵਰੇਜ਼ ਦਾ ਗੰਦਾ ਕੰਮ ਕਰਨ ਵਾਲੇ ਕਿਉਂ ਨੀ ਖ਼ਜ਼ਾਨੇ ਵਿੱਚੋਂ ਤਨਖਾਹ ਲੈ ਸਕਦੇ। ਇਸ ਸਵਾਲ ਦਾ ਜਵਾਬ ਵਿਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਨਹੀਂ ਦਿੱਤਾ ਗਿਆ। ਜੇਕਰ ਸਾਡੀਆਂ ਮੰਗਾਂ ਦਾ ਜਲਦੀ ਹੱਲ ਨਾ ਕੀਤਾ ਗਿਆ। ਜਥੇਬੰਦੀ ਵੱਲੋਂ 11 ਅਗਸਤ ਦੀ ਲੁਧਿਆਣਾ ਵਿਖੇ ਸੂਬਾ ਪੱਧਰੀ ਮੀਟਿੰਗ ਰੱਖੀ ਗਈ ਹੈ। ਉਸ ਮੀਟਿੰਗ ਵਿੱਚੋਂ ਹੀ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਆਉਣ ਵਾਲੇ ਦਿਨਾਂ ਵਿਚ ਜਥੇਬੰਦੀ ਵੱਲੋਂ ਕਿਸੇ ਵੀ ਤਰੀਕੇ ਦਾ ਸੰਘਰਸ਼ ਕੀਤਾ ਜਾ ਸਕਦਾ ਹੈ। ਜਿਸਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਅਣਮਿੱਥੇ ਸਮੇਂ ਦੀ ਹੜਤਾਲ ਜ਼ਾਰੀ ਰਹੇਗੀ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ, ਮੀਤ ਪ੍ਰਧਾਨ ਅਮਿਤ ਕੁਮਾਰ,ਜਨਰਲ ਸਕੱਤਰ ਜਗਵੀਰ ਸਿੰਘ, ਸਹਾਇਕ ਸਕੱਤਰ ਮਿਲਖਾ ਸਿੰਘ, ਪ੍ਰੈੱਸ ਸਕੱਤਰ ਨਰਿੰਦਰ ਕੁਮਾਰ ਮੋਰਿੰਡਾ, ਗੁਰਜੰਟ ਸਿੰਘ ਉਗਰਾਹਾਂ, ਸਿਰੀ ਨਿਵਾਸ ਸ਼ਰਮਾ ਸੰਗਰੂਰ, ਹਰਦੀਪ ਕੁਮਾਰ ਸੰਗਰੂਰ,ਅਮਰੀਕ ਸਿੰਘ ਝਲੂਰ, ਨਰਿੰਦਰ ਸਿੰਘ ਨੰਗਲ, ਸ਼ਨੀ ਪਾਰਸ ਬਟਾਲਾ, ਅਨੂਪ ਸ਼ਰਮਾ ਦੀਨਾਨਗਰ, ਵਰਿੰਦਰ ਕੁਮਾਰ ਗੁਰਦਾਸਪੁਰ, ਜਗਤਾਰ ਸਿੰਘ ਬਠਿੰਡਾ, ਸੰਜੂ ਕੁਮਾਰ ਰਾਜਪੁਰਾ, ਨਰੇਸ਼ ਕੁਮਾਰ ਰਾਜਪੁਰਾ, ਆਦਿ ਵੱਖ ਵੱਖ ਸ਼ਹਿਰਾਂ ਤੋਂ ਸਾਥੀ ਸੰਘਰਸ਼ ਵਿਚ ਸ਼ਾਮਲ ਹਨ।

# ਅਮਨਿੰਦਰ ਸਿੰਘ ਕੁਠਾਲਾ ਦੀ ਕਿਤਾਬ 'ਲ.ਫਜ਼ ਜੋ ਬੋਲ ਪਏ' ਲੋਕ ਅਰਪਣ



ਬਰਨਾਲਾ, 9 ਅਗਸਤ (ਅਮਨਦੀਪ ਸਿੰਘ): ਅਮਨਿੰਦਰ ਸਿੰਘ ਕੁਠਾਲਾ ਵੱਲੋਂ ਲਿਖੀ ਸਮਾਜਿਕ ਮੁੱਦਿਆਂ ਉੱਤੇ ਆਧਾਰਿਤ ਕਿਤਾਬ 'ਲਫ਼ਜ਼ ਜੋ ਬੋਲ ਪਏ' ਦਾ ਲੋਕ ਅਰਪਣ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ ਸਤਵੰਤ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ. ਸੁਨੀਤਇੰਦਰ ਸਿੰਘ ਵੱਲੋਂ ਕੀਤਾ ਗਿਆ। ਏਡੀਸੀ (ਵਿਕਾਸ) ਸਤਵੰਤ ਸਿੰਘ ਨੇ ਕਿਹਾ ਕੇ 'ਲਫ਼ਜ਼ ਜੋ ਬੋਲ ਪਏ' ਲੋਕ ਇੱਕ ਐਸੀ ਕਿਤਾਬ-ਨੁਮਾਂ ਲਿਖਤ ਹੈ ਜੋ ਸਮਾਜ ਦੇ ਅੰਦਰ ਚੱਲ ਰਹੀਆਂ ਵਾਸਤਵਿਕ ਸਮੱਸਿਆਵਾਂ ਨੂੰ ਬੇਨਕਾਬ ਕਰਦੀ ਹੈ। ਕਿਤਾਬ ਵਿੱਚ ਗਰੀਬੀ, ਬੇਰੁਜ਼ਗਾਰੀ, ਜਾਤੀਵਾਦ, ਧਰਮ, ਕੁਦਰਤੀ ਸੰਕਟ, ਨਸ਼ਾ, ਫਿਰਕਾ ਪ੍ਰਸਤੀ, ਅਤੇ ਪਾਣੀ ਸੰਕਟ ਵਰਗੇ ਮਸਲਿਆਂ ਨੂੰ ਠੋਸ ਢੰਗ ਨਾਲ ਚਰਚਿਤ ਕੀਤਾ ਗਿਆ ਹੈ।ਡੀਈਓ ਸੁਨੀਤਇੰਦਰ ਸਿੰਘ ਨੇ ਕਿਹਾ, "ਇਹ ਕਿਤਾਬ ਸਿਰਫ ਸ਼ਬਦਾਂ ਦੀ ਗੂੰਜ ਨਹੀਂ, ਸਗੋਂ ਲੋਕਾਂ ਦੀ ਅੰਦਰਲੀ ਚੀਖ ਹੈ, ਜੋ ਕਦੇ ਕਦੇ ਅਣਸੁਣੀ ਕਰ ਦਿੱਤੀ ਜਾਂਦੀ ਹੈ।ਲੇਖਕ ਨੇ ਅਣਸੁਣੀਆਂ ਆਵਾਜ਼ਾਂ ਨੂੰ ਇੱਕ ਲਫ਼ਜ਼ੀ ਰੂਪ ਦਿੱਤਾ ਹੈ। ਡੀਆਰਸੀ ਕਮਲਦੀਪ ਅਤੇ ਮੀਡੀਆ ਕੋਆਰਡੀਨੇਟਰ ਹਰਵਿੰਦਰ ਰੋਮੀ ਨੇ ਕਿਹਾ ਸਾਡੇ ਸਿੱਖਿਆ ਵਿਭਾਗ ਦੇ ਨੌਜਵਾਨ ਲੇਖਕ ਅਮਨਿੰਦਰ ਸਿੰਘ ਨੇ ਆਪਣੀ ਕਲਾ, ਸਮਝ ਅਤੇ ਜੀਵਨ-ਅਨੁਭਵਾਂ ਦੇ ਸੁੰਦਰ ਮੇਲ ਨਾਲ ਇੱਕ ਸ਼ਾਨਦਾਰ ਪੁਸਤਕ ਦੀ ਰਚਨਾ ਕੀਤੀ ਹੈ। ਇਹ ਪੁਸਤਕ ਸਿਰਫ਼ ਸ਼ਬਦਾਂ ਦਾ ਸੰਗ੍ਰਹਿ ਨਹੀਂ, ਸਗੋਂ ਵਿਚਾਰਾਂ ਦੀ ਇੱਕ ਗਹਿਰੀ ਯਾਤਰਾ ਹੈ ਜੋ ਪਾਠਕ ਦੇ ਮਨ-ਮੰਡਲ ਨੂੰ ਛੂਹਦੀ ਹੈ।ਲੇਖਕ ਨੇ ਆਪਣੇ ਅਨੋਖੇ ਅੰਦਾਜ਼ ਨਾਲ ਹਰ ਪੰਨੇ ਨੂੰ ਜੀਵੰਤ ਬਣਾਇਆ ਹੈ, ਜਿਸ ਨਾਲ ਪਾਠਕ ਸ਼ੁਰੂ ਤੋਂ ਅੰਤ ਤੱਕ ਬੰਨ੍ਹੇ ਰਹਿੰਦੇ ਹਨ। ਉੱਪ ਜ਼ਿਲ੍ਹਾ ਸਿੱਖਿਆ ਡਾਕਟਰ ਬਰਜਿੰਦਰ ਪਾਲ ਸਿੰਘ,ਹੈਡਮਾਸਟਰ ਜਸਵਿੰਦਰ ਸਿੰਘ, ਕੁਲਦੀਪ ਸਿੰਘ ਕਮਲ ਛਾਪਾ,ਪ੍ਰਦੀਪ ਸ਼ਰਮਾ ਕਾਹਨੇਕੇ, ਹੈਡਮਿਸਟਰਸ ਸ੍ਰੇਸ਼ਟਾ ਸ਼ਰਮਾ, ਪ੍ਰਿੰਸੀਪਲ ਹਰੀਸ਼ ਬਾਂਸਲ,ਡਾਕਟਰ ਪਰਗਟ ਸਿੰਘ ਟਿਵਾਣਾ, ਕੁਲਦੀਪ ਸਿੰਘ ਸੰਘੇੜਾ, ਹਰਬਚਨ ਸਿੰਘ ਹੰਡਿਆਇਆ, ਗੁਰਪਾਲ ਸਿੰਘ ਬਿਲਾਵਲ, ਡੀਐਮ ਸਪੋਰਟਸ ਸਿਮਰਦੀਪ, ਪਰਵਿੰਦਰ ਸਿੰਘ ਕੁਠਾਲਾ, ਕੁਲਵੰਤ ਕਠਾਲਾ, ਮਨਪ੍ਰੀਤ ਸਹੌਰ, ਡੀਆਰਸੀ ਕੁਲਦੀਪ ਸਿੰਘ ਭੁੱਲਰ, ਬੀਆਰਸੀ ਸਤੀਸ਼ ਕੁਮਾਰ ਜੈਦਕਾ, ਕ੍ਰਿਸ਼ਨ ਕੁਮਾਰ,ਤਜਿੰਦਰ ਸ਼ਰਮਾ, ਸੁਖਪਾਲ ਢਿੱਲੋਂ, ਐਡਵੋਕੇਟ ਪ੍ਰਦੀਪ ਕੁਮਾਰ ਮਾਂਡੀਆ ਵੱਲੋਂ ਉਹਨਾਂ ਦੀ ਇਸ ਨਵੀਂ ਕਲਾ ਰਚਨਾ ਲਈ ਵਧਾਈ ਅਤੇ ਸਾਹਿਤ ਦੇ ਖੇਤਰ ਵਿੱਚ ਹੋਰ ਮੱਲਾਂ ਮਾਰਨ ਦੀ ਕਾਮਨਾ ਕੀਤੀ।

# ਠੇਕੇਦਾਰੀ ਸਿਸਟਮ ਬੰਦ ਕਰਕੇ ਪੱਲੇਦਾਰ ਮਜ਼ਦੂਰਾਂ ਨੂੰ ਮਜ਼ਦੂਰੀ ਦਾ ਭੁਗਤਾਨ ਸਿੱਧਾ ਕੀਤਾ ਜਾਵੇਗਾ : ਹੈਪੀ ਪ੍ਰਧਾਨ/ਸਰਵਣ ਸਿੰਘ

ਤਪਾ ਮੰਡੀ, 9 ਅਗਸਤ (ਭੂਸ਼ਨ ਘੜੈਲਾ): ਪੰਜਾਬ ਪੱਲੇਦਾਰ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਸਿੰਘ ਅਤੇ ਜ਼ਿਲ੍ਹਾ ਬਰਨਾਲਾ ਦੇ ਸੈਕਟਰੀ ਸਰਵਣ ਸਿੰਘ ਭਦੌੜ ਨੇ ਕਿਹਾ ਕਿ ਰਾਜ ਸਰਕਾਰ ਠੇਕੇਦਾਰੀ ਸਿਸਟਮ ਨੂੰ ਖਤਮ ਕਰ ਕੇ ਮਜ਼ਦੂਰਾਂ ਨੂੰ ਸਿੱਧਾ ਭੁਗਤਾਨ ਕਰਨਾ ਚਾਹੀਦਾ ਹੈ। ਰਾਜ ਭਰ ਵਿੱਚ ਪੱਲੇਦਾਰਾਂ ਦੁਆਰਾ ਸਰਕਾਰ ਦੀ ਨੀਤੀ ਦੇ ਪੇਪਰ ਫੂਕ ਕੇ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੀ 11 ਅਗਸਤ ਨੂੰ ਰਾਜ ਭਰ ਦੇ ਪੱਲੇਦਾਰਾਂ ਦੁਆਰਾ ਕੰਮ ਬੰਦ ਕਰ ਕੇ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ। ਉਹਨਾਂ ਨੇ ਇਹ ਵੀ ਦੱਸਿਆ ਕਿ ਯੁਵਕਾਂ ਵਿੱਚ ਪੱਲੇਦਾਰੀ ਦੇ ਕੰਮ ਨੂੰ ਪਸੰਦ ਨਹੀਂ ਕੀਤਾ ਜਾ ਰਿਹਾ ਕਿਉਂਕਿ ਸਰਕਾਰ ਦੀਆਂ ਨੀਤੀਆਂ ਮਜ਼ਦੂਰ ਵਰਗ ਲਈ ਚੰਗੀ ਸਾਬਤ ਨਹੀਂ ਹੋ ਰਹੀ। ਪੱਲੇਦਾਰ ਮਜ਼ਦੂਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਹਮੇਸ਼ਾ ਮਜ਼ਦੂਰਾਂ ਦੇ ਚੂਲੇ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਰਕਾਰ ਨੇ ਮਜ਼ਦੂਰਾਂ ਨੂੰ ਮਾਰਨ ਲਈ ਅਜਿਹੀਆਂ ਪਾਲਿਸੀਆਂ ਬਣਾਈਆਂ ਜਾਂਦੀਆਂ ਹਨ। ਮਜ਼ਦੂਰਾਂ ਨੇ ਸੂਬਾ ਸਰਕਾਰ ਤੇ ਫੂਡ ਸਪਲਾਈ ਤੇ ਖੁਰਾਕ ਮੰਤਰੀ ਤੋਂ ਮੰਗ ਕੀਤੀ ਕਿ ਚੋਣਾਂ ਵਾਅਦੇ ਅਨੁਸਾਰ ਪੰਜਾਬ ਵਿੱਚ ਠੇਕੇਦਾਰੀ ਸਿਸਟਮ ਬੰਦ ਕਰਕੇ ਪੱਲੇਦਾਰ ਮਜ਼ਦੂਰਾਂ ਨੂੰ ਮਜ਼ਦੂਰੀ ਦਾ ਭੁਗਤਾਨ ਸਿੱਧਾ ਕੀਤਾ ਜਾਵੇਗਾ। ਠੇਕੇਦਾਰਾਂ ਵੱਲੋਂ ਮਜ਼ਦੂਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਨਾ ਹੀ ਮਜ਼ਦੂਰਾਂ ਨੂੰ ਪਰਾਵੀਡੈਂਟ ਤੇ ਈ ਐਸ ਆਈ ਐਕਟ ਅਨੁਸਾਰ ਫੰਡ ਨਹੀਂ ਦਿੱਤੇ ਜਾ ਰਹੇ ।ਪੱਲੇਦਾਰਾਂ ਦੇ ਹੱਕ ਲੜਾਈ ਲਈ ਹਰ ਸਮੇ ਤਿਆਰ ਹਾਂ, ਕਿਉਂਕਿ ਮਜ਼ਦੂਰਾਂ ਦਾ ਮਿਹਨਤ ਕਰਕੇ ਰੋਟੀ ਤੇ ਚੂਲੇ ਚਲਦਾ ਹੈ ਪਰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪੱਲੇਦਾਰਾਂ ਨੂੰ ਚੋਣਾਂ ਸਮੇ ਵਰਤਿਆ ਪੱਲੇਦਾਰ ਮਜ਼ਦੂਰਾਂ ਨੂੰ ਲੋਲੀ ਪੋਪ ਹੀ ਦਿੰਦੇ ਆ ਰਹੇ ਹਨ ਪਰ ਮਜ਼ਦੂਰਾਂਦੀ ਸਮੱਸਿਆ ਵੱਲ ਕਿਸੇ ਪ੍ਰਸ਼ਾਸਨ ਤੇ ਸਰਕਾਰਾਂ ਨੇ ਧਿਆਨ ਨਹੀ ਦਿੱਤਾ।

# ਸਕੂਲ ਆਫ਼ ਐਮੀਨੈਂਸ ਕਲਾ ਉਤਸਵ ਮੁਕਾਬਲੇ ਸ.ਫਲਤਾ ਪੂਰਵਕ ਸਮਾਪਤ

ਬਰਨਾਲਾ, 9 ਅਗਸਤ (ਹਿਮਾਂਸ਼ੂ ਗਰਗ) : ਸਿੱਖਿਆ ਵਿਭਾਗ ਦੀਆਂ ਹਦਾਇਤਾਂ ਤਹਿਤ ਸਕੂਲ ਆਫ਼ ਐਮੀਨੈਂਸ ਬਰਨਾਲਾ ਵਿਖੇ ਕਰਵਾਏ ਗਏ ਦੋ ਰੋਜ਼ਾ ਕਲਾ ਉਤਸਵ ਮੁਕਾਬਲੇ ਸਫ਼ਲਤਾ ਪੂਰਵਕ ਸਮਾਪਤ ਹੋਏ। ਕਲਾ ਉਤਸਵ ਵਿੱਚ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾ ਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ. ਸੁਨੀਤਇੰਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਦੱਸਿਆ ਕਿ ਵਿਜ਼ੂਅਲ ਆਰਟ (34 ਸੋਲੋ) ਮੁਕਾਬਲਿਆਂ ਵਿੱਚ ਜੱਜ ਡਾ. ਅਵਿਨਾਸ਼ ਕੁਮਾਰ, ਪਰਮਿੰਦਰ ਕੌਰ, ਸੁਰਜਨ ਸਿੰਘ ਵੱਲੋਂ ਦਿੱਤੀ ਜੱਜਮੈਂਟ ਅਨੁਸਾਰ ਸਸਸਸ ਹਰੀਗੜ੍ਹ ਦਾ ਵਿਦਿਆਰਥੀ ਸਮਰਜੋਤ ਸਿੰਘ ਪਹਿਲੇ, ਪੀਐਮ ਸ਼੍ਰੀ ਸਸਸਸ ਚੀਮਾ ਜੋਧਪੁਰ ਦਾ ਵਿਦਿਆਰਥੀ ਸਮਸ਼ੇਰ ਸਿੰਘ ਦੂਜੇ ਅਤੇ ਸ਼ਹੀਦ ਹੌਲਦਾਰ ਬਿੱਕਰ ਸਿੰਘ ਸੈਨਾ ਮੈਡਲ ਸਕੂਲ ਆਫ਼ ਐਮੀਨੈਂਸ ਬਰਨਾਲਾ ਦਾ ਵਿਦਿਆਰਥੀ ਕਰਨਵੀਰ ਸਿੰਘ ਤੀਜੇ ਸਥਾਨ 'ਤੇ ਰਿਹਾ।ਉਨ੍ਹਾਂ ਦੱਸਿਆ ਕਿ ਵਿਜ਼ੂਅਲ ਆਰਟ (34 ਗਰੁੱਪ) ਵਿੱਚ ਸਹਸ ਪੰਧੇਰ, ਸੈਕਰਡ ਹਾਰਟ ਕਾਨਵੈਂਟ ਸਕੂਲ, ਬਰਨਾਲਾ, ਆਰੀਆ ਭੱਟ ਇੰਟਰਨੈਸ਼ਨਲ ਸਕੂਲ, ਚੀਮਾ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਰਹੇ। ਥੀਏਟਰ ਮੁਕਾਬਲੇ ਵਿੱਚ ਜੱਜ ਦਿਲਪ੍ਰੀਤ ਸਿੰਘ ਚੌਹਾਨ, ਰਾਕੇਸ਼ ਕੁਮਾਰ ਅਤੇ ਗੁਰਜੀਤ ਸਿੰਘ ਵੱਲੋਂ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸਸਸਸ ਮਹਿਲ ਕਲਾਂ ਨੂੰ ਪਹਿਲੇ, ਸੁਤੰਤਰਤਾ ਸੰਗਰਾਮੀ ਬੰਤਾ ਸਿੰਘ ਸਹਸ ਧੂਰਕੋਟ ਨੂੰ ਦੂਜੇ ਅਤੇ ਸ਼ਹੀਦ ਬੁੱਧੂ ਖ਼ਾਨ ਸੌਰਿਆ ਚੱਕਰ ਵਿਜੇਤਾ ਸਸਸਸ ਸ਼ਹਿਣਾ ਨੂੰ ਤੀਜੇ ਸਥਾਨ ਅਤੇ ਸਟੋਰੀ ਟੈਲਿੰਗ ਮੁਕਾਬਲੇ ਵਿੱਚ ਸ਼ਹੀਦ ਜਸ਼ਨਦੀਪ ਸਿੰਘ ਸਰਾਂ ਸਹਸ ਨੈਣੇਵਾਲ ਨੂੰ ਪਹਿਲੇ, ਸਸਸਸ (ਕੰਨਿਆ) ਬਰਨਾਲਾ ਨੂੰ ਦੂਜੇ ਅਤੇ ਸਸਸਸ (ਕੰਨਿਆ) ਠੀਕਰੀਵਾਲ ਨੂੰ ਤੀਜੇ ਸਥਾਨ 'ਤੇ ਐਲਾਨਿਆ ਗਿਆ। ਉਨ੍ਹਾਂ ਦੱਸਿਆ ਡਾਂਸ (ਸੋਲੋ) ਮੁਕਾਬਲਿਆਂ ਵਿੱਚ ਜੱਜ ਆਰਤੀ ਸ਼ਰਮਾ, ਰੁਪਿੰਦਰ ਸਿੰਘ ਅਤੇ ਸੰਜੇ ਵਰਮਾ ਵੱਲੋਂ ਦਿੱਤੀ ਜੱਜਮੈਂਟ ਅਨੁਸਾਰ ਸਹਸ ਜੁਮਲਾ ਮਲਕਾਨ ਦੀ ਵਿਦਿਆਰਥਣ ਬਿਸਾਖਾ ਪਹਿਲੇ, ਸਸਸਸ (ਕੰਨਿਆ) ਬਰਨਾਲਾ ਦੀ ਵਿਦਿਆਰਣ ਤਿਸ਼ਾ ਦੂਜੇ ਅਤੇ ਸਹਸ ਵਜੀਦਕੇ ਖ਼ੁਰਦ ਦੀ ਵਿਦਿਆਰਥਣ ਅਭਿਨੂਰ ਕੌਰ ਤੀਜੇ ਸਥਾਨ 'ਤੇ ਰਹੀ। ਡਾਂਸ (ਗਰੁੱਪ) ਮੁਕਾਬਲੇ ਵਿੱਚ ਸਹਸ ਭੋਤਨਾ, ਸਸਸਸ (ਕੰਨਿਆ) ਬਰਨਾਲਾ ਅਤੇ ਸਹਸ ਉੱਪਲੀ ਕ੍ਰਮਵਾਰ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਇਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ)ਸ ਸੁਨੀਤਇੰਦਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਬਰਜਿੰਦਰਪਾਲ ਸਿੰਘ, ਪ੍ਰੋਗਰਾਮ ਪ੍ਰਬੰਧਕ ਪ੍ਰਿੰਸੀਪਲ ਹਰੀਸ਼ ਸ਼ਰਮਾ, ਡਾਇਟ ਪ੍ਰਿੰਸੀਪਲ ਡਾ. ਮੁਨੀਸ਼ ਮੋਹਨ ਸ਼ਰਮਾ, ਨੋਡਲ ਇੰਚਾਰਜ ਪ੍ਰਦੀਪ ਕੁਮਾਰ ਅਤੇ ਪ੍ਰਬੰਧਕੀ ਟੀਮ ਦੇ ਮੈਂਬਰਾਂ ਵੱਲੋਂ ਜੇਤੂ ਅਤੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੋਮੈਂਟੋ ਦੇਕੇ ਸਨਮਾਨਿਤ ਕੀਤਾ ਗਿਆ।



# ਪਟਿਆਲਾ-ਆਸ/ਪਾਸ



## ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਮਨਾਇਆ



ਸਮਾਣਾ, 9 ਅਗਸਤ (ਵਿਜੇ ਕੁਮਾਰ) : ਸਾਵਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਣ ਵਾਲਾ ਭੈਣ ਤੇ ਭਰਾ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ, ਜਿੱਥੇ ਸਾਰੇ ਦੇਸ਼ ਵਿੱਚ ਮਨਾਇਆ ਜਾਂਦਾ ਹੈ, ਉੱਥੇ ਹੀ ਅੱਜ ਸਮਾਣਾ ਸ਼ਹਿਰ ਵਿੱਚ ਵੀ ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ ਕੇ ਉਨ੍ਹਾਂ ਦੀ ਲੰਬੀ ਉਮਰ ਤੇ ਚੜ੍ਹਦੀਕਲਾ ਦੀ ਕਾਮਨਾ ਕੀਤੀ। ਇਸ ਮੌਕੇ ਬਾਜ਼ਾਰਾਂ ਵਿੱਚ ਵੀ ਰੌਣਕਾਂ ਲੱਗੀਆਂ ਹੋਈਆਂ ਸਨ।

## ਆਰਮੀ ਤੇ ਸਿਵਲ ਪ੍ਰਸ਼ਾਸਨ ਦੇ ਬਿਹਤਰ ਤੇ ਸੁਚੱਜੇ ਤਾਲਮੇਲ ਸਦਕਾ ਪਟਿਆਲਾ ਦੀ ਆਰਮੀ ਭਰਤੀ ਰੈਲੀ ਇੱਕ ਮਾਡਲ ਰੈਲੀ ਬਣੀ

☛ਫ਼ੌਜੀ ਭਰਤੀ ਲਈ ਨੌਜਵਾਨਾਂ 'ਚ ਉਤਸ਼ਾਹ ਵਧਿਆ, 8 ਦਿਨਾਂ ਰੈਲੀ ਵਿੱਚ 6 ਜ਼ਿਲ੍ਹਿਆਂ ਦੇ 10 ਹਜ਼ਾਰ ਤੋਂ ਵਧੇਰੇ ਉਮੀਦਵਾਰ ਪੁੱਜੇ

☛ਡੀ.ਸੀ. ਵੱਲੋਂ ਭਰਤੀ ਰੈਲੀ ਪ੍ਰਬੰਧਾਂ ਦਾ ਜਾਇਜ਼ਾ



ਪਟਿਆਲਾ, 9 ਅਗਸਤ (ਰੁਪਾਣਾ/ਵਿਨੋਦ ਸ਼ਰਮਾ) : ਭਾਰਤੀ ਫ਼ੌਜ ਦੀ ਭਰਤੀ ਲਈ ਪਟਿਆਲਾ ਵਿਖੇ ਚੱਲ ਰਹੀ 8 ਰੋਜ਼ਾ ਆਰਮੀ ਭਰਤੀ ਰੈਲੀ ਫ਼ੌਜ ਤੇ ਸਿਵਲ ਪ੍ਰਸ਼ਾਸਨ ਦੇ ਬਿਹਤਰ ਤੇ ਸੁਚੱਜੇ ਤਾਲਮੇਲ ਸਦਕਾ ਇੱਕ ਮਾਡਲ ਭਰਤੀ ਰੈਲੀ ਬਣਕੇ ਉਭਰੀ ਹੈ।ਅਗਨੀਵੀਰ ਦੀ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਪਟਿਆਲਾ, ਫ਼ਤਹਿਗੜ੍ਹ ਸਾਹਿਬ, ਸੰਗਰੂਰ, ਮਾਨਸਾ, ਬਰਨਾਲਾ ਤੇ ਮਾਲੇਰਕੋਟਲਾ ਦੇ ਉਮੀਦਵਾਰਾਂ ਵੱਲੋਂ ਪਿਛਲੇ ਸਾਲਾਂ ਨਾਲੋਂ ਦਿਖਾਏ ਵਧੇਰੇ ਜੋਸ਼ ਤੇ ਉਤਸ਼ਾਹ ਇਸ ਵਾਰ 10 ਹਜ਼ਾਰ ਦੇ ਕਰੀਬ ਨੌਜਵਾਨਾਂ ਨੇ ਇਸ ਭਰਤੀ ਰੈਲੀ ਵਿੱਚ ਆਪਣੀ ਭਰਵੀਂ ਸ਼ਮੂਲੀਅਤ ਦਰਜ ਕਰਵਾਈ ਹੈ, ਜਿਸ ਦੀ ਭਾਰਤੀ ਫ਼ੌਜ ਦੇ ਉਚ ਹਲਕਿਆਂ ਵਿੱਚ ਵੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਭਰਤੀ ਰੈਲੀ ਨੂੰ ਦੇਖ ਰਹੇ ਭਾਰਤੀ ਫ਼ੌਜ ਦੇ ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਾਰ ਨੌਜਵਾਨਾਂ ਦੀ ਫਿਜੀਕਲ ਟੈਸਟ ਪਾਸ ਕਰਨ ਦੀ ਦਰ ਵੀ ਕਾਫ਼ੀ ਵਧੀ ਹੈ ਅਤੇ ਇਹ ਕਰੀਬ 65 ਫੀਸਦੀ ਨੂੰ ਪਾਰ ਕਰ ਰਹੀ ਹੈ। ਇਸੇ ਦੌਰਾਨ ਭਾਰਤੀ ਫ਼ੌਜ ਦੀ ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼, ਲੈਫਟੀਨੈਂਟ ਜਨਰਲ ਮੋਹਿਤ ਵਧਵਾ ਅਤੇ ਅਰਾਵਤ ਡਵੀਜਨ ਦੇ ਜੀਓਸੀ ਮੇਜਰ ਜਨਰਲ ਬਰਿੰਦਰ ਸਿੰਘ ਬਿਸਟ ਨੇ ਵੀ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟ ਕੰਪਲੈਕਸ ਪੋਲੋ ਗਰਾਊਂਡ ਵਿਖੇ ਇਸ 8 ਦਿਨਾਂ ਅਗਨੀਵੀਰ ਭਰਤੀ ਰੈਲੀ ਦੀ ਸਮੀਖਿਆ ਕੀਤੀ ਹੈ। ਉਨ੍ਹਾਂ ਨੇ ਇੱਥੇ ਭਾਰਤੀ ਫੌਜ 'ਚ ਸ਼ਾਮਲ ਹੋਣ ਦੀ ਉਮੀਦ ਨਾਲ ਭਾਗ ਲੈ ਰਹੇ ਨੌਜਵਾਨਾਂ ਦੀ ਹੌਂਸਲਾ ਅਫ਼ਜਾਈ ਕੀਤੀ ਅਤੇ ਜ਼ੋਨਲ ਰਿਕਰੂਟਿੰਗ ਆਫਿਸ (ਜੈਡ.ਆਰ.ਓ) ਜਲੰਧਰ ਵੱਲੋਂ ਖੜਗਾ ਕੋਰ, ਐਰਾਵਤ ਡਿਵੀਜ਼ਨ ਅਤੇ ਜ਼ਿਲ੍ਹਾ ਸਿਵਲ ਪ੍ਰਸ਼ਾਸਨ ਤੇ ਪੁਲਿਸ ਦੇ ਸਹਿਯੋਗ ਨਾਲ ਨੇਪਰੇ ਚੜ੍ਹ ਰਹੀ ਇਸ ਭਰਤੀ ਰੈਲੀ ਦੀ ਸਫ਼ਲਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਵੀ ਕੀਤਾ ਹੈ।

ਅੱਜ ਸਵੇਰੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੀ ਭਰਤੀ ਰੈਲੀ ਦਾ ਜਾਇਜ਼ਾ ਲਿਆ ਅਤੇ ਏਆਰਓ ਪਟਿਆਲਾ ਆਰਮੀ ਭਰਤੀ ਦੇ ਡਾਇਰੈਕਟਰ ਤੇ ਹੋਰ ਫ਼ੌਜੀ ਅਧਿਕਾਰੀਆਂ ਨਾਲ ਬੈਠਕ ਕੀਤੀ। ਉਨ੍ਹਾਂ ਕਿਹਾ ਕਿ ਫ਼ੌਜ ਵੱਲੋਂ ਪਾਰਦਰਸ਼ਤਾ, ਪੇਸ਼ੇਵਰ ਨਿਪੁੰਨਤਾ ਤੇ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਸਦਕਾ ਪਟਿਆਲਾ ਦੀ ਭਰਤੀ ਰੈਲੀ ਸਫ਼ਲ ਰਹੀ ਹੈ।ਡਾ. ਪ੍ਰੀਤੀ ਯਾਦਵ ਨੇ ਨੌਜਵਾਨਾਂ ਵੱਲੋਂ ਦੇਸ਼ ਸੇਵਾ ਲਈ ਵੱਧ-ਚੜ੍ਹਕੇ ਅੱਗੇ ਆਉਣ ਦੇ ਦਿਖਾਏ ਗਏ ਉਤਸ਼ਾਹ ਦੀ ਵੀ ਸ਼ਲਾਘਾ ਕੀਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਮੁਤਾਬਕ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤੀ ਫ਼ੌਜ ਨੂੰ ਹਰ ਤਰ੍ਹਾਂ ਦਾ ਲੋੜੀਂਦਾ ਸਹਿਯੋਗ ਦਿੱਤਾ ਗਿਆ ਹੈ।ਆਰਮੀ ਭਰਤੀ ਦੇ ਡਾਇਰੈਕਟਰ ਨੇ ਦੱਸਿਆ ਕਿ ਭਾਰਤੀ ਫ਼ੌਜ ਵੱਲੋਂ ਹਾਲ ਹੀ ਦੌਰਾਨ ਕੀਤੇ ਗਏ ਓਪਰੇਸ਼ਨ ਸਿੰਧੂਰ ਦਾ ਅਸਰ ਦੇਖਣ ਨੂੰ ਮਿਲਿਆ ਹੈ ਅਤੇ ਇਸ ਵਾਰ ਦੀ ਭਰਤੀ ਰੈਲੀ ਵਿੱਚ ਰਾਜ ਦੇ 6 ਜ਼ਿਲ੍ਹਿਆਂ ਦੀਆਂ 24 ਤਹਿਸੀਲਾਂ ਤੇ 2539 ਪਿੰਡਾਂ ਦੇ ਨੌਜਵਾਨਾਂ 'ਚ ਆਰਮੀ ਭਰਤੀ ਲਈ ਕਾਫ਼ੀ ਉਤਸ਼ਾਹ ਪਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਵੀ ਖੁਸ਼ੀ ਦੀ ਗੱਲ ਹੈ ਕਿ ਇਸ ਵਾਰ ਫ਼ੌਜ ਨੇ ਆਸਾਮੀਆ ਵੀ ਵਧਾ ਕੇ ਦੁਗਣੀਆਂ ਕਰ ਦਿੱਤੀਆਂ ਹਨ, ਜਿਸ ਕਰਕੇ ਇਸ ਵਾਰ ਇੱਥੋਂ ਦੇ ਨੌਜਵਾਨਾਂ ਨੇ ਵੀ ਵਧੀਆ ਤਰੀਕੇ ਨਾਲ ਟੈਸਟ ਪਾਸ ਕੀਤੇ ਹਨ, ਜੋ ਕਿ ਪਿਛਲੀ ਵਾਰ ਨਾਲੋਂ ਲਗਪਗ ਦੁੱਗਣੇ ਹਨ, ਜੋਕਿ ਹਾਂ ਪੱਖੀ ਰੁਝਾਨ ਹੈ। ਆਰਮੀ ਭਰਤੀ ਦੇ ਡਾਇਰੈਕਟਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਨੌਜਵਾਨਾਂ ਨੂੰ ਸਵੇਰ ਤੇ ਦੁਪਹਿਰ ਦੇ ਖਾਣੇ ਸਮੇਤ ਚਾਹ ਪਾਣੀ ਦੀ ਸੇਵਾ ਕਰਕੇ ਸਫ਼ਲ ਭਰਤੀ ਰੈਲੀ ਦੀ ਮਿਸਾਲ ਕਾਇਮ ਕੀਤੀ ਹੈ ਅਤੇ ਫ਼ੌਜ ਦੇ ਉਚ ਹਲਕਿਆਂ ਵਿੱਚ ਇਸ ਨੂੰ ਇੱਕ ਮਾਡਲ ਰੈਲੀ ਗਿਣਿਆ ਜਾਣ ਲੱਗਾ ਹੈ।ਉਨ੍ਹਾਂ ਕਿਹਾ ਕਿ ਸਾਰੀਆਂ ਧਿਰਾਂ ਦੇ ਸਾਂਝੇ ਯਤਨਾਂ ਨਾਲ ਇਹ ਭਰਤੀ ਪ੍ਰਕਿਰਿਆ ਪਾਰਦਰਸ਼ੀ, ਪ੍ਰਭਾਵਸ਼ਾਲੀ ਅਤੇ ਨਿਰਪੱਖ ਬਣੀ ਹੈ ਅਤੇ ਪਟਿਆਲਾ ਭਰਤੀ ਰੈਲੀ ਦੀ ਕਾਮਯਾਬੀ ਨੇ ਦਰਸਾਇਆ ਹੈ ਕਿ ਭਾਰਤੀ ਨੌਜਵਾਨਾਂ ਵਿੱਚ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਦੀ ਦਿਲਚਸਪੀ ਵੱਧ ਰਹੀ ਹੈ ਅਤੇ ਅਜਿਹੇ ਰੁਝਾਨ ਨੂੰ ਫੌਜ ਤੇਜ਼ੀ ਨਾਲ ਬਦਲਦੇ ਸੁਰੱਖਿਆ ਮਾਹੌਲ ਵਿੱਚ ਆਪਣੀ ਤਿਆਰੀ ਕਾਇਮ ਰੱਖਣ ਲਈ ਮਹੱਤਵਪੂਰਨ ਮੰਨਦੀ ਹੈ।

## ਸਕੂਲ 'ਚ ਮਨਾਇਆ ਰੱਖੜੀ ਦਾ ਤਿਉਹਾਰ



ਸਮਾਣਾ, 9 ਅਗਸਤ (ਜਵੰਦਾ) : ਸੇਂਟ ਟੇਰੇਸਾ ਕਾਨਵੈਂਟ ਸਕੂਲ ਵਿੱਚ ਰਾਖੀ ਦਾ ਤਿਉਹਾਰ ਰਵਾਇਤੀ ਤਰੀਕੇ ਨਾਲ ਬੜੇ ਉਤਸ਼ਾਹ ਨਾਲ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਸਕੂਲ ਵਿਚ ਵਿਦਿਆਰਥੀਆਂ ਵੱਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿਚ ਬੱਚਿਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਪਵਿੱਤਰ ਮੌਕੇ 'ਤੇ ਵਿਦਿਆਰਥੀਆਂ ਨੇ ਡਾਂਸ, ਸੁਹਣੇ ਗੀਤ ਤੇ ਪ੍ਰੇਰਨਾਦਾਇਕ ਭਾਸ਼ਣਾਂ ਰਾਹੀਂ ਰਾਖੀ ਦੇ ਤਿਉਹਾਰ ਦਾ ਮਹੱਤਵ ਪੇਸ਼ ਕੀਤਾ। ਸਾਰੇ ਬੱਚੇ ਰਵਾਇਤੀ ਪਹਿਰਾਵਿਆਂ ਵਿਚ ਸਜੇ ਹੋਏ ਬਹੁਤ ਹੀ ਖ਼ੂਬਸੂਰਤ ਲੱਗ ਰਹੇ ਸਨ, ਜਿਸ ਨਾਲ ਪੂਰੇ ਸਕੂਲ ਵਿਚ ਤਿਉਹਾਰੀ ਮਾਹੌਲ ਬਣ ਗਿਆ। ਕਾਰਜਕ੍ਰਮ ਦੀ ਸਭ ਤੋਂ ਮਨਮੋਹਣੀ ਝਲਕ ਉਹ ਸੀ, ਜਦੋਂ ਭੈਣਾਂ ਨੇ ਮੰਚ ਉੱਤੇ ਬੈਠ ਕੇ ਆਪਣੇ ਭਰਾਵਾਂ ਨੂੰ ਰਾਖੀ ਬੰਨ੍ਹੀ, ਤਿਲਕ ਲਗਾਇਆ ਅਤੇ ਮਿਠਾਈ ਖਵਾਈ। ਸਕੂਲ ਦੀ ਪ੍ਰਿੰਸੀਪਲ ਸਿਸਟਰ ਸੁਨੀਤਾ ਨੇ ਸਾਰੇ ਬੱਚਿਆਂ ਨੂੰ ਰਾਖੀ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਭੈਣ-ਭਰਾ ਦੇ ਅਟੁੱਟ ਪਿਆਰ, ਭਰੋਸੇ ਅਤੇ ਸੁਰੱਖਿਆ ਦਾ ਪ੍ਰਤੀਕ ਹੈ।

## ਕੁੱਟਮਾਰ ਸਬੰਧੀ ਮਾਮਲਾ ਦਰਜ

ਪਟਿਆਲਾ, 9 ਅਗਸਤ (ਵਿਨੋਦ ਸ਼ਰਮਾ): ਥਾਣਾ ਬਖ਼ਸ਼ੀਵਾਲਾ ਪੁਲਿਸ ਕੋਲ ਰਾਜਵੀਰ ਕੌਰ ਪਤਨੀ ਮਿੱਠੂ ਵਾਸੀ ਇੰਦਰਪੁਰਾ ਨੇ ਕਥਿਤ ਦੋਸ਼ੀਆਂ ਨੈਬੋ, ਮਨਪ੍ਰੀਤ ਕੌਰ, ਪਿੰਕੀ, ਭੋਲੀ, ਭੁਪਿੰਦਰ ਸਿੰਘ ਵਾਸੀ ਪਿੰਡ ਇੰਦਰਪੁਰਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਉਸ ਦੀ ਘਰ ਦੇ ਬਾਹਰ ਗਲੀ ਵਿੱਚ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਧਾਰਾ 333,115(2), 324(4), 351(3), 190 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਹਰਪ੍ਰੀਤ ਸਿੰਘ ਰੂਪਰਾਏ ਅਤੇ ਜਗਵੀਰ ਸਿੰਘ ਜ਼ਿਲ੍ਹਾ ਯੋਜਨਾ ਕਮੇਟੀ ਦੇ ਮੈਂਬਰ ਨਿਯੁਕਤ

**ਵਿਧਾਇਕ ਅਮਰਗੜ੍ਹ ਅਤੇ ਚੇਅਰਮੈਨ ਨੇ ਨਵ-ਨਿਯੁਕਤ ਮੈਂਬਰਾਂ ਨੂੰ ਦਿੱਤੀ ਵਧਾਈ**



ਅਮਰਗੜ੍ਹ /ਮਾਲੇਰਕੋਟਲਾ, 9 ਅਗਸਤ (ਚ.ਨ.ਸ.) : ਜ਼ਿਲ੍ਹਾ ਮਾਲੇਰਕੋਟਲਾ ਦੇ ਸਰਗਰਮ ਸਮਾਜ ਸੇਵੀ ਹਰਪ੍ਰੀਤ ਸਿੰਘ ਰੂਪਰਾਏ ਅਤੇ ਜਗਵੀਰ ਸਿੰਘ ਨੂੰ ਜ਼ਿਲ੍ਹਾ ਯੋਜਨਾ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਹ ਨਿਯੁਕਤੀ ਸਰਕਾਰੀ ਨੀਤੀਆਂ ਅਤੇ ਲੋਕ ਭਲਾਈ ਵਾਲੀਆਂ ਯੋਜਨਾਵਾਂ ਦੀ ਸਮੁੱਚੇ ਜ਼ਿਲ੍ਹੇ ਵਿਚ ਸੁਚੱਜੀ ਰੂਪਰੇਖਾ ਤਹਿਤ ਕਾਰਗੁਜ਼ਾਰੀ ਨੂੰ ਯਕੀਨੀ ਬਣਾਉਣ ਵਾਸਤੇ ਕੀਤੀ ਗਈ ਹੈ। ਵਿਧਾਇਕ ਅਮਰਗੜ੍ਹ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਨਵ ਨਿਯੁਕਤ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਸੀਨੀਅਰ ਲੀਡਰਸ਼ਿਪ ਵਲੋਂ ਮਿਲੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਨੌਜਵਾਨ ਵਰਗ ਪਾਰਟੀ ਦੀ ਰੀੜ੍ਹ ਦੀ ਹੱਡੀ ਹੈ ਅਤੇ ਉਨ੍ਹਾਂ ਦੀ ਭੂਮਿਕਾ ਪਾਰਟੀ ਨੂੰ ਗਰਾਸ ਰੂਪ ਵਿੱਚ ਲੋਕਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਸਾਬਤ ਹੋ ਰਹੀ ਹੈ। ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਾਰਟੀ ਦੀ ਮਜਬੂਤੀ ਲਈ ਨੌਜਵਾਨਾਂ ਅਤੇ ਸਮਰੱਥ ਵਰਗ ਦੇ ਸਾਰਥਕ ਸੋਚ ਵਾਲੇ ਆਮ ਲੋਕਾਂ ਨੂੰ ਅੱਗੇ ਲਿਆਉਣ ਦੇ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਲੋਕਾਂ ਤੱਕ ਹੇਠਲੇ ਪੱਧਰ ਤੇ ਪੁੱਜ ਸਕਣ। ਉਨ੍ਹਾਂ ਆਸਾ ਜਤਾਈ ਕਿ ਨਵ ਨਿਯੁਕਤ ਜ਼ਿਲ੍ਹਾ ਯੋਜਨਾ ਕਮੇਟੀ ਦੇ ਨੌਜਵਾਨ ਮੈਂਬਰ ਆਪਣੀ ਜਿੰਮੇਵਾਰੀ ਨੂੰ ਪੂਰੇ ਜੋਸ਼ ਅਤੇ ਸਮਰਪਣ ਨਾਲ ਨਿਭਾਉਣਗੇ। ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਕਮ ਜ਼ਿਲ੍ਹਾ ਪ੍ਰਧਾਨ ਸਾਕਬ ਅਲੀ ਰਾਜਾ ਨੇ ਹਰਪ੍ਰੀਤ ਸਿੰਘ ਰੂਪਰਾਏ ਅਤੇ ਜਗਵੀਰ ਸਿੰਘ ਨੂੰ ਨਿਯੁਕਤੀ 'ਤੇ ਮੁਬਾਰਕਬਾਦ ਦਿੰਦਿਆਂ ਆਸ ਜਤਾਈ ਕਿ ਉਹ ਆਪਣੇ ਤਜਰਬੇ ਅਤੇ ਨਿਰਭਰ ਯਤਨਾਂ ਰਾਹੀਂ ਜ਼ਿਲ੍ਹੇ ਦੀ ਵਿਕਾਸ ਯਾਤਰਾ ਨੂੰ ਹੋਰ ਤੀਜੀ ਗਤੀ ਦੇਣਗੇ। ਉਨ੍ਹਾਂ ਕਿਹਾ ਕਿ ਮੈਂਬਰਾਂ ਦੀ ਨਿਯੁਕਤੀ ਨਾਲ ਯੋਜਨਾ ਕਮੇਟੀ ਹੋਰ ਮਜ਼ਬੂਤ ਹੋਵੇਗੀ ਅਤੇ ਹੇਠਲੇ ਪੱਧਰ ਤੱਕ ਸਰਕਾਰੀ ਲਾਭ ਪਹੁੰਚਾਉਣ ਦੀ ਪ੍ਰਕਿਰਿਆ ਨੂੰ ਨਵੀਂ ਦਿਸ਼ਾ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਜਨਤਾ ਦੀ ਭਲਾਈ ਹੀ ਸਰਕਾਰ ਦਾ ਮੁੱਖ ਮਕਸਦ ਹੈ ਅਤੇ ਇਸ ਨਿਯੁਕਤੀ ਨਾਲ ਇਹ ਮਕਸਦ ਹੋਰ ਵੀ ਵਧੀਆ ਢੰਗ ਨਾਲ ਹਾਸਿਲ ਹੋਵੇਗਾ। ਨਵ ਨਿਯੁਕਤ ਮੈਂਬਰਾਂ ਨੇ ਵੀ ਆਪਣੀ ਨਿਯੁਕਤੀ 'ਤੇ ਧੰਨਵਾਦ ਜਤਾਉਂਦਿਆਂ ਕਿਹਾ ਕਿ ਉਹ ਸੀਨੀਅਰ ਲੀਡਰਸ਼ਿਪ ਵੱਲੋਂ ਮਿਲੇ ਵਿਸ਼ਵਾਸ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਨਗੇ ਅਤੇ ਦ੍ਰਿੜ੍ਹ ਇਰਾਦੇ ਨਾਲ ਪਾਰਟੀ ਦੀਆਂ ਲੋਕ ਭਲਾਈ ਪਾਲਸੀਆਂ ਨੂੰ ਜ਼ਮੀਨ ਪੱਧਰ ਤੱਕ ਲਿਆਂਦਾ ਜਾਵੇਗਾ । ਇਸ ਮੌਕੇ ਸਰਬਜੀਤ ਸਿੰਘ ਗੋਗੀ, ਰਣਧੀਰ ਸਿੰਘ ਮੁਹਲਾ, ਨਿਸਾਰ,ਰਾਜੀਵ ਕੁਮਾਰ ਤੋਂ ਇਲਾਵਾ ਹੋ ਵੀ ਮੌਜੂਦ ਸਨ ।

## ਐੱਸ.ਡੀ.ਐੱਮ. ਕਿਰਪਾਲਵੀਰ ਸਿੰਘ ਵੱਲੋਂ ਪਿੰਡ ਗੁੱਥਮੜਾ ਦਾ ਦੌਰਾ, ਆਮ ਲੋਕਾਂ ਨਾਲ ਕੀਤੀ ਬੈਠਕ



ਦੂਧਨਸਾਧਾਂ, 9 ਅਗਸਤ (ਗੁਰਜੀਤ ਸਿੰਘ ਢੋਟ): ਦੂਧਨਸਾਧਾਂ ਦੇ ਐਸ.ਡੀ.ਐਮ ਕਿਰਪਾਲ ਵੀਰ ਸਿੰਘ ਨੇ ਸਬ ਡਵੀਜ਼ਨ ਵਿੱਚ ਨਿਵੇਕਲੀ ਪਹਿਲਕਦਮੀ ਕਰਦਿਆਂ ਪਿੰਡ ਗੁੱਥਮੜਾ ਦਾ ਦੌਰਾ ਕਰਕੇ ਲੋਕਾਂ ਨਾਲ ਸਿੱਧੀ ਗੱਲਬਾਤ ਕੀਤੀ। ਉਨ੍ਹਾਂ ਨੇ ਕਿਹਾ ਕਿ ਉਹ ਆਪਣੀ ਸਬ ਡਵੀਜਨ ਦੇ ਹਰ ਪਿੰਡ ਦਾ ਖ਼ੁਦ ਦੌਰਾ ਕਰਨਗੇ ਅਤੇ ਬਜ਼ੁਰਗਾਂ ਤੇ ਬੱਚਿਆਂ ਦੇ ਮਸਲੇ ਪਿੰਡ ਪੱਧਰ ਉਤੇ ਜਾ ਕੇ ਹੱਲ ਕਰਨਗੇ। ਇਸ ਬੈਠਕ ਦੌਰਾਨ ਕਿਰਪਾਲਵੀਰ ਸਿੰਘ ਨੇ ਪਿੰਡ ਵਾਸੀਆਂ ਨਾਲ ਉਨ੍ਹਾਂ ਦੇ ਕੋਲ ਬੈਠਕੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਕਿਸੇ ਵੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕੂਟਰ/ਮੋਟਰ ਸਾਈਕਲ/ਕਾਰ ਆਦਿ ਚਲਾਉਣ ਲਈ ਨਾ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਘੱਟ ਉਮਰ ਦੇ ਬੱਚਿਆਂ ਵੱਲੋਂ ਵਹੀਕਲ ਚਲਾਉਣ ਕਰਕੇ ਹੁੰਦੇ ਹਾਦਸੇ ਅਤੇ ਬਿਨ੍ਹਾਂ ਲਾਇਸੈਂਸ ਵਹੀਕਲ ਚਲਾਉਣ ਦੇ ਨੁਕਸਾਨ ਬਾਬਤ ਲੋਕਾਂ ਨੂੰ ਜਾਣੂੰ ਕਰਵਾਇਆ। ਐਸ.ਡੀ.ਐਮ ਨੇ ਇਸ ਮੌਕੇ ਝੋਨੇ ਦੀ ਵਾਢੀ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਸਮੂਹ ਪਿੰਡ ਵਾਸੀਆਂ ਤੇ ਖਾਸ ਕਰਕੇ ਕਿਸਾਨਾਂ ਨੂੰ ਆਪਣੀ ਫਸਲ ਦੀ ਰਹਿਦ ਖੂੰਹਦ ਨੂੰ ਅੱਗ ਨਾ ਲਗਾਉਣ ਬਾਰੇ ਵੀ ਪ੍ਰੇਰਤ ਕੀਤਾ। ਉਨ੍ਹਾਂ ਨੇ ਪਰਾਲੀ ਨੂੰ ਅੱਗ ਲਾਉਣ ਦੇ ਨੁਕਸਾਨਾਂ ਬਾਰੇ ਜਾਗਰੂਕ ਕਰਦਿਆਂ ਲੋਕਾਂ ਤੋਂ ਪ੍ਰਣ ਕਰਵਾਇਆ ਕਿ ਉਹ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਉਣਗੇ। ਇਸ ਮੌਕੇ ਕਿਰਪਾਲਵੀਰ ਸਿੰਘ ਨੇ ਵੈਲਫੇਅਰ ਆਫ ਪੈਰੇਂਟਸ ਐਂਡ ਸੀਨੀਅਰ ਸਿਟੀਜਨ ਐਕਟ 2007 ਦੀ ਪਾਲਣਾ ਹਿੱਤ ਪਿੰਡ ਦੇ ਇੱਕਠ ਵਿੱਚ ਹਾਜਰ ਸਮੂਹ ਬਜੁਰਗਾਂ ਨੂੰ ਵੀ ਉਨ੍ਹਾਂ ਦੀਆਂ ਮੁ ?ਸ਼ਕਿਲਾਂ ਬਾਬਤ ਪੁਛਿਆਂ ਕਿ ਕੀ ਬਜ਼ੁਰਗਾਂ ਨੂੰ ਉਨ੍ਹਾਂ ਦੇ ਬੱਚੇ ਤੇ ਵਾਰਸ ਸਹੀ ਸਹੂਲਤਾਂ ਮੁਹੱਈਆ ਕਰਵਾ ਰਹੇ ਹਨ ਜਾਂ ਨਹੀਂ ਅਤੇ ਕੀ ਉਨ੍ਹਾਂ ਨੂੰ ਸਹੀ ਸਮੇਂ ਉਤੇ ਸਹੀ ਖੁਰਾਕ ਵੀ ਮਿਲ ਰਹੀ ਹੈ ਜਾਂ ਨਹੀਂ। ਇਸ ਤੋਂ ਇਲਾਵਾ ਉਨ੍ਹਾਂ ਨੇ ਸਮੂਹ ਵਾਸੀਆਂ ਨੂੰ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣ ਅਤੇ ਵੱਧ ਤੋਂ ਵੱਧ ਬੂਟੇ ਲਗਾਕੇ ਵਾਤਾਵਰਣ ਹਰਿਆ-ਭਰਿਆ ਕਰਨ ਦੀ ਵੀ ਅਪੀਲ ਕੀਤੀ। ਐਸ.ਡੀ.ਐਮ. ਨੇ ਦੱਸਿਆ ਕਿ ਉਨ੍ਹਾਂ ਵਲੋਂ ਇਸੇ ਤਰ੍ਹਾਂ ਹਰ ਪਿੰਡ ਦਾ ਦੌਰਾ ਕੀਤਾ ਜਾਵੇਗਾ ਅਤੇ ਬੱਚਿਆਂ ਅਤੇ ਬਜੁਰਗਾਂ ਨਾਲ ਸਬੰਧਤ ਮੁੱਦੇ ਹੁਣ ਉਨ੍ਹਾਂ ਵੱਲੋਂ ਪਿੰਡ ਪੱਧਰ ਉਤੇ ਜਾ ਕੇ ਹੱਲ ਕੀਤੇ ਜਾਣਗੇ।

## ਮੋਬਾਈਲ ਟਾਵਰਾਂ ਤੋਂ ਸਮਾਨ ਚੋਰੀ ਕਰਨ ਦੇ ਮਾਮਲੇ 'ਚ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ

ਸਮਾਣਾ, 9 ਅਗਸਤ (ਵਿਜੇ ਕੁਮਾਰ) : ਮੋਬਾਈਲ ਟਾਵਰਾਂ ਤੋਂ ਕੀਮਤੀ ਸਮਾਨ ਚੋਰੀ ਕਰਨ ਦੇ ਮਾਮਲੇ ਵਿੱਚ ਸਦਰ ਪੁਲਿਸ ਨੇ ਚੋਰਾਂ ਦੀ ਗੱਡੀ ਦੇ ਅਣਪਛਾਤੇ ਡਰਾਈਵਰ ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐੱਸ.ਆਈ. ਨਿਰਮਲ ਸਿੰਘ ਨੇ ਦੱਸਿਆ ਕਿ ਟਾਵਰ ਕੰਪਨੀ ਵੱਲੋਂ ਨਿਗਰਾਨੀ ਲਈ ਨਿਯੁਕਤ ਕੀਤੇ ਗਏ ਕੰਪਨੀ ਦੇ ਸਕਿਓਰਿਟੀ ਸੁਪਰਵਾਈਜ਼ਰ ਲਖਵਿੰਦਰ ਸਿੰਘ ਵਾਸੀ ਪਿੰਡ ਲੱਖੋਵਾਲ (ਸੰਗਰੂਰ) ਵੱਲੋਂ ਪੁਲਿਸ ਨੂੰ ਦਿੱਤੀ ਗਈ ਸ਼ਿਕਾਇਤ ਅਨੁਸਾਰ, ਲਗਭਗ ਦੋ ਮਹੀਨੇ ਪਹਿਲਾਂ ਪਿੰਡ ਅਸਮਾਨਪੁਰ ਅਤੇ ਮਰਦਾਹੇੜੀ ਵਿੱਚ ਲੱਗੇ ਕੰਪਨੀ ਦੇ ਟਾਵਰਾਂ ਤੋਂ ਲਗਭਗ 5 ਲੱਖ ਰੁਪਏ ਦੀ ਕੀਮਤ ਦੇ ਬੀ.ਟੀ.ਐੱਸ. ਕਾਰਡ ਚੋਰੀ ਕਰ ਲਏ ਗਏ ਸਨ। 3 ਅਗਸਤ ਨੂੰ ਗਸ਼ਤ ਦੌਰਾਨ ਉਨ੍ਹਾਂ ਨੇ ਪਿੰਡ ਕਮਾਲਪੁਰ ਵਿੱਚ ਟਾਵਰ ਤੋਂ ਚੋਰੀ ਕਰ ਰਹੇ ਵਿਅਕਤੀਆਂ ਦੀ ਗੱਡੀ ਨੂੰ ਟਰੈਕ ਕੀਤਾ, ਪਰ ਜਦੋਂ ਉਹ ਆਪਣੀ ਟੀਮ ਨਾਲ ਉੱਥੇ ਪਹੁੰਚੇ ਤਾਂ ਅਣਪਛਾਤੇ ਵਿਅਕਤੀ ਉਨ੍ਹਾਂ ਦੀ ਗੱਡੀ ਨੂੰ ਆਉਂਦੇ ਦੇਖ ਕੇ ਗੱਡੀ ਸਮੇਤ ਫ਼ਰਾਰ ਹੋ ਗਏ। ਹਾਲਾਂਕਿ, ਪਿੱਛਾ ਕਰਕੇ ਗੱਡੀ ਦਾ ਨੰਬਰ ਪਤਾ ਲਗਾ ਲਿਆ ਗਿਆ ਹੈ। ਅਧਿਕਾਰੀ ਅਨੁਸਾਰ, ਉਕਤ ਮਾਮਲੇ ਵਿੱਚ ਚੋਰਾਂ ਦੀ ਪਛਾਣ ਹੋ ਜਾਣ ਕਾਰਨ ਉਨ੍ਹਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਹਾਦਸੇ 'ਚ ਗੰਭੀਰ ਜ਼ਖਮੀ ਟਿੱਪਰ ਚਾਲਕ ਦੀ ਇਲਾਜ ਦੌਰਾਨ ਮੌਤ



ਸਮਾਣਾ, 9 ਅਗਸਤ (ਵਿਜੇ ਕੁਮਾਰ) : ਸਮਾਣਾ-ਪਾਤੜਾਂ ਸੜਕ 'ਤੇ ਪਿੰਡ ਮਵੀਕਲਾਂ ਨੇੜੇ ਇੱਕ ਟਿੱਪਰ ਅਤੇ ਸਾਮਾਨ ਨਾਲ ਲੱਦੇ ਟਰੱਕ-ਟਰਾਲੇ ਵਿਚਾਲੇ ਹੋਏ ਹਾਦਸੇ ਵਿੱਚ ਟਿੱਪਰ ਚਾਲਕ ਦੀ ਇਲਾਜ ਦੌਰਾਨ ਮੌਤ ਹੋ ਗਈ, ਜਦਕਿ ਹਾਦਸੇ ਤੋਂ ਬਾਅਦ ਟਰਾਲਾ ਚਾਲਕ ਫਰਾਰ ਹੋ ਗਿਆ। ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਚੌਕੀ ਮਵੀ ਕਲਾਂ ਦੇ ਏ.ਐਸ.ਆਈ. ਪਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਜਗਦੀਪ ਸਿੰਘ (22) ਦੇ ਪਿਤਾ ਅਮਰੀਕ ਸਿੰਘ ਵਾਸੀ ਪਿੰਡ ਕਕਰਾਲਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸ ਦਾ ਪੁੱਤਰ ਟਿੱਪਰ 'ਤੇ ਡਰਾਈਵਰ ਵਜੋਂ ਕੰਮ ਕਰਦਾ ਸੀ। 7 ਅਗਸਤ ਦੀ ਅੱਧੀ ਰਾਤ ਨੂੰ ਕਕਰਾਲਾ ਵੱਲ ਜਾ ਰਹੇ ਉਸ ਦੇ ਟਿੱਪਰ ਨੂੰ ਸਾਮਾਨ ਨਾਲ ਲੱਦੇ ਇੱਕ ਟਰੱਕ-ਟਰਾਲੇ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਏ ਜਗਦੀਪ ਸਿੰਘ ਨੂੰ ਇਲਾਜ ਲਈ ਪਟਿਆਲਾ ਦਾਖਲ ਕਰਵਾਇਆ ਗਿਆ, ਜਿੱਥੇ ਕੱਲ੍ਹ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਟਰੱਕ-ਟਰਾਲਾ ਕਬਜ਼ੇ ਵਿੱਚ ਲੈ ਕੇ ਅਣਪਛਾਤੇ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ, ਜਦਕਿ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ।

## ਬਿਨਾਂਹੇੜੀ ਵਿਖੇ ਸਹੋਦਿਆ ਸਕੂਲ ਕੰਪਲੈਕਸ ਅੰਡਰ ਆਰਟ ਫੈਸਟ ਕਰਵਾਇਆ




ਨਾਭਾ, 9 ਅਗਸਤ (ਗੁਰਚਰਨ ਸਿੰਘ ਚੌਧਰੀਮਾਜਰਾ) : ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਨਾਂ ਹੇੜੀ ਵਿਖੇ ਸਹੋਦਿਆ ਸਕੂਲ ਕੰਪਲੈਕਸ ਅੰਡਰ ਆਰਟ ਫੈਸਟ ਕਰਵਾਇਆ ਗਿਆ । ਬੀਤੇ ਦਿਨੀਂ ਸਹੋਦਿਆ ਸਕੂਲ ਕੰਪਲੈਕਸ ਪਟਿਆਲਾ ਅੰਡਰ ਸਕੂਲ ਵਿੱਚ ਆਰਟ ਫੈਸਟ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਪਟਿਆਲਾ ਜ਼ਿਲ੍ਹਾ ਦੇ ਲਗਭਗ 26 ਸਕੂਲਾਂ ਦੇ ਬੱਚਿਆਂ ਵੱਲੋਂ ਵੱਖ-ਵੱਖ ਆਰਟ ਗਤੀਵਿਧੀਆਂ ਜਿਵੇਂ ਪੇਪਰ ਮੇਕਿੰਗ , ਬੈਸਟ ਆਊਟ ਆਫ ਵੇਸਟ ਮਟੀਰੀਅਲ ,ਪੋਟ ਪੇਂਟਿੰਗ ,ਮਹਿੰਦੀ ਮੁਕਾਬਲਾ, ਕਲਾਜ ਮੇਕਿੰਗ ਆਦਿ ਵਿੱਚ ਹਿੱਸਾ ਲਿਆ ਗਿਆ। ਸਕੂਲ ਡਾਇਰੈਕਟਰ ਸ. ਭੁਪਿੰਦਰ ਸਿੰਘ ਚੱਡਾ ਅਤੇ ਪ੍ਰਿੰਸੀਪਲ ਸਤਵਿੰਦਰ ਪ੍ਰੀਤ ਵੱਲੋਂ ਬੜੇ ਹੀ ਸੁਚੱਜੇ ਢੰਗ ਨਾਲ ਇਸ ਫੈਸਟ ਦੇ ਆਯੋਜਨ ਦੇ ਕੰਮ ਨੂੰ ਕੀਤਾ ਗਿਆ ਅਤੇ ਮਿਸਟਰ ਸੋਮ ਪ੍ਰਕਾਸ਼ ਅਤੇ ਸਰਦਾਰ ਹਰਵਿੰਦਰ ਸਿੰਘ ਵੱਲੋਂ ਬੜੇ ਵਧੀਆ ਢੰਗ ਨਾਲ ਜੱਜ ਦੀ ਭੂਮਿਕਾ ਨਿਭਾਈ ਗਈ ਅਤੇ ਇਸ ਆਰਟ ਫੈਸਟ ਵਿੱਚ ਇੰਡੋ ਬ੍ਰਿਟਿਸ਼, ਅਵਰ ਲੇਡੀ ਫਾਤਮਾ, ਸੈਂਟ ਮੇਰੀ ਸਕੂਲ ਪਟਿਆਲਾ , ਡੀਏਵੀ ਸਕੂਲ ਪਾਤੜਾਂ, ਗੁਰੂ ਤੇਗ ਬਹਾਦਰ ਸਕੂਲ ਪਟਿਆਲਾ, ਮਾਊਂਟ ਲਿਟਰੇਸਸ ਜੀ ਸਕੂਲ ਪਟਿਆਲਾ, ਦਿੱਲੀ ਪਬਲਿਕ ਸਕੂਲ ਪਟਿਆਲਾ ,ਮਾਤਾ ਗੁਜਰੀ ਸਕੂਲ ਦੇਵੀਗੜ, ਕਲਗੀਧਰ ਨੈਸ਼ਨਲ ਸੀਨੀਅਰ ਸਕੂਲ ਮੂੰਗੋ, ਸਪਾਰਕ ਲਿੰਗ ਫਾਊਂਡੇਸ਼ਨ ਪਾਤੜਾਂ ਆਦਿ ਸਕੂਲਾਂ ਨੇ ਬੱਚਿਆਂ ਵੱਲੋਂ ਜੇਤੂ ਟਰਾਫੀਆਂ ਹਾਸਲ ਕੀਤੀਆਂ। ਇਹਨਾਂ ਜੇਤੂ ਵਿਦਿਆਰਥੀਆਂ ਨੇ ਵਧੀਆ ਪ੍ਰਾਪਤੀਆਂ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਂ-ਬਾਪ ਦਾ ਨਾਂ ਰੋਸ਼ਨ ਕੀਤਾ।

## ਨਸ਼ੀਲੀਆਂ ਗੋਲ਼ੀਆਂ ਸਮੇਤ ਵਿਅਕਤੀ ਕਾਬੂ

ਸਮਾਣਾ, 9 ਅਗਸਤ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਨਸ਼ੀਲੀਆਂ ਗੋਲੀਆਂ ਵੇਚਦੇ ਇੱਕ ਵਿਅਕਤੀ ਨੂੰ 93 ਨਸ਼ੀਲੀਆਂ ਗੋਲ਼ੀਆਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਗੁਰਦੀਪ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਨਾਭਾ ਕਲੋਨੀ, ਸਮਾਣਾ ਵਜੋਂ ਹੋਈ ਹੈ।ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਏ.ਐੱਸ.ਆਈ. ਰਾਜਵਿੰਦਰ ਕੌਰ ਨੂੰ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਸੂਚਨਾ ਮਿਲੀ ਸੀ ਕਿ ਮੁਲਜ਼ਮ ਤਾਜ ਪੈਲੇਸ ਨੇੜੇ ਨਸ਼ੀਲੀਆਂ ਗੋਲ਼ੀਆਂ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪੁਲਿਸ ਪਾਰਟੀ ਨੇ ਛਾਪਾ ਮਾਰ ਕੇ 93 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਅਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ, ਮਾਣਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ ।

## ਭਾਖੜਾ ਅਤੇ ਹੋਰ ਵੱਡੀਆਂ-ਛੋਟੀਆਂ ਨਹਿਰਾਂ ਵਿੱਚ ਨਹਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 9 ਅਗਸਤ (ਚ.ਨ.ਸ.) :ਵਧੀਕ ਜ਼ਿਲ੍ਹਾ ਮੈਜਿਸਟਰੇਟ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰੋਂ ਵੱਖ ਵੱਖ ਸਥਾਨਾਂ ਤੋਂ ਲੰਘਦੀ ਭਾਖੜਾ ਨਹਿਰ ਅਤੇ ਹੋਰ ਵੱਡੀਆਂ-ਛੋਟੀਆਂ ਨਦੀਆਂ/ਨਹਿਰਾਂ ਵਿੱਚ ਕਿਸੇ ਵੀ ਸਥਾਨ 'ਤੇ ਆਮ ਜਨਤਾ ਦੇ ਨਹਾਉਣ ਅਤੇ ਤੈਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ਼ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਆਦੇਸ਼ ਦਿੱਤੇ ਹਨ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

## ਐਸ.ਪੀ. ਦਵਿੰਦਰ ਅੱਤਰੀ ਨੂੰ ਡੀ.ਜੀ.ਪੀ. ਡਿਸਕ ਮਿਲਣ 'ਤੇ ਕੀਤਾ ਸਨਮਾਨਤ



ਨਾਭਾ, 9 ਅਗਸਤ (ਗੁਰਚਰਨ ਸਿੰਘ ਚੌਧਰੀਮਾਜਰਾ) : ਹਰਸ਼ ਬਲੱਡ ਡੋਨਰ ਸੁਸਾਇਟੀ ਟੀਮ ਵੱਲੋਂ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਦੀ ਅਗਵਾਈ ਵਿੱਚ ਜ਼ਿਲ੍ਹਾ ਸੰਗਰੂਰ ਦੇ ਐਸ.ਪੀ ਦਵਿੰਦਰ ਅੱਤਰੀ ਨੂੰ ਡੀ.ਜੀ.ਪੀ ਡਿਸਕ ਮਿਲਣ 'ਤੇ ਸੁਸਾਇਟੀ ਦੀ ਪ੍ਰਤਿਮਾ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਐਸ.ਪੀ ਦਵਿੰਦਰ ਅੱਤਰੀ ਨੇ ਕਿਹਾ ਕਿ ਸਾਨੂੰ ਸੰਗਰੂਰ ਜ਼ਿਲ੍ਹੇ ਵਿੱਚ ਜਿੱਥੇ ਵੀ ਕੀਤੇ ਸੋਸਾਇਟੀ ਦੀ ਲੋੜ ਪਏਗੀ। ਅਸੀਂ ਉਹਨਾਂ ਦੀ ਮਦਦ ਜ਼ਰੂਰ ਲਵਾਂਗੇ । ਇਸ ਮੌਕੇ ਉਹਨਾ ਨਾਲ ਚੇਅਰਮੈਨ ਜਿਪਸੀ ਬਾਂਸਲ, ਸਰਪ੍ਰਸਤ ਕੁਲਦੀਪ ਭਾਟੀਆ, ਗਵਰਨਰ ਸੁਸ਼ੀਲ ਗੋਇਲ ਸ਼ੀਲੂ ਆਦਿ ਹਾਜ਼ਰ ਸਨ।

## ਜਨਰਲ ਵਰਗ ਨਾਲ ਸਬੰਧਤ ਕਮਿਸ਼ਨ ਦਾ ਚੇਅਰਮੈਨ ਤੇ ਮੈਂਬਰਾਂ ਦੀ ਨਿਯੁਕਤੀ ਨਾ ਕਰਨ 'ਤੇ ਸਰਕਾਰ ਵਿਰੁੱਧ ਭੜਕਿਆ ਜਨਰਲ ਵਰਗ

☛ਆਉਣ ਵਾਲੇ ਦਿਨਾਂ 'ਚ ਮੀਟਿੰਗ ਕਰਕੇ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦੀ ਚਿਤਾਵਨੀ



ਪਟਿਆਲਾ, 9 ਅਗਸਤ (ਚ.ਨ.ਸ.): ਪੰਜਾਬ ਸਰਕਾਰ ਵੱਲੋਂ ਜਨਰਲ ਭਲਾਈ ਕਮਿਸ਼ਨ ਦਾ ਚੇਅਰਮੈਨ ਅਤੇ ਮੈਂਬਰਜ਼ ਤੈਨਾਤ ਨਾ ਕਰਨ ਵਿਰੁੱਧ ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ, ਪੀਐਸਪੀਸੀਐਲ/ਪੀਐਸਟੀਸੀਐਲ, ਪੰਜਾਬ ਵੱਲੋਂ ਪਟਿਆਲਾ ਵਿਖੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸਨ ਕੀਤਾ ਗਿਆ । ਫੈਡਰੇਸ਼ਨ ਦੇ ਸੂਬਾ ਪ੍ਰਧਾਨ ਕੁਲਜੀਤ ਸਿੰਘ ਰਟੋਲ,ਗੁਰਦੀਪ ਸਿੰਘ ਟਿਵਾਣਾ ਸੀਨੀ: ਮੀਤ ਪ੍ਰਧਾਨ, ਹਰਗੁਰਮੀਤ ਸਿੰਘ ਵਿੱਤ ਸਕੱਤਰ, ਕੰਚਨ ਕੁਮਾਰ ਜੁਆਇੰਟ ਸਕੱਤਰ, ਅਸ਼ੋਕ ਚੋਪੜਾ ਪ੍ਰੈਸ ਸਕੱਤਰ, ਰਣਜੀਤ ਸਿੰਘ, ਰਾਜੀਵ ਕੁਮਾਰ, ਮੁਕੇਸ ਸਿੰਗਲਾ, ਜਤਿੰਦਰ ਕੁਮਾਰ, ਸੁਖਪ੍ਰੀਤ ਸਿੰਘ ਸਕਤੱਰ ਜਨਰਲ , ਸੁਰਿੰਦਰ ਸਿੰਘ ਅਮਿਤ ਕੁਮਾਰ ਨਰਿੰਦਰ ਕਥੂਰੀਆ ਵੱਲੋਂ ਬਿਆਨ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਅੱਜ ਮਿਤੀ 8.8.2025 ਨੂੰ ਸਰਕਾਰ ਵੱਲੋਂ ਹਰ ਵਰਗ/ਅਦਾਰੇ ਦੇ ਚੇਅਰਮੈਨ ਅਤੇ ਮੈਂਬਰ ਤੈਨਾਤ ਕੀਤੇ ਗਏ ਹਨ ਪਰੰਤੂ ਸਰਕਾਰ ਵੱਲੋਂ ਪੰਜਾਬ ਸਟੇਟ ਕਮਿਸ਼ਨ ਫਾਰਮ ਜਨਰਲ ਕੈਟਾਗਰੀ ਦਾ ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਨਹੀਂ ਕੀਤੀ ਗਈ । ਆਗੂਆਂ ਵੱਲੋਂ ਦੱਸਿਆ ਕਿ ਪਿਛਲੀ ਸਰਕਾਰ ਸਮੇਂ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ (ਰਿਜ਼ਰਵੇਸ਼ਨ ਸੈਲ), ਚੰਡੀਗੜ੍ਹ ਵੱਲੋਂ ਮਿਤੀ 29.12.2021 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਸਟੇਟ ਕਮਿਸ਼ਨ ਫਾਰਮ ਜਨਰਲ ਕੈਟਾਗਰੀ ਸਥਾਪਿਤ ਕੀਤਾ ਗਿਆ ਸੀ। ਇਸ ਨਾਲ ਜਨਰਲ ਵਰਗ ਦੇ ਲੋਕਾਂ ਵਿੱਚ ਇਨਸਾਫ਼ ਪ੍ਰਤੀ ਇੱਕ ਬਹੁਤ ਵੱਡੀ ਉਮੀਦ ਜਾਗੀ ਸੀ। ਇਸ ਤੋਂ ਪਹਿਲਾਂ ਜਨਰਲ ਵਰਗ ਦੇ ਲੋਕਾਂ ਦੀ ਭਲਾਈ/ਸੁਣਵਾਈ ਲਈ ਕੋਈ ਵਿਭਾਗ ਜਾਂ ਅਫਸਰ ਤੈਨਾਤ ਨਹੀਂ ਕੀਤਾ ਗਿਆ ਸੀ। ਤਤਕਾਲੀ ਸਰਕਾਰ ਵੱਲੋਂ ਇਸ ਕਮਿਸ਼ਨ ਨੂੰ ਸਥਾਪਿਤ ਕਰਦੇ ਹੋਏ ਨਵਜੋਤ ਦਾਹੀਆ ਨੂੰ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ ਅਤੇ ਉਹਨਾਂ ਵੱਲੋਂ ਬਤੌਰ ਚੇਅਰਪਰਸਨ ਜੁਆਇਨ ਕਰ ਲਿਆ ਗਿਆ ਸੀ। ਇਸ ਤੋਂ ਇਲਾਵਾ ਕਮਿਸ਼ਨ ਦੇ ਵਾਈਸ ਚੇਅਰਮੈਨ ਵੱਲੋਂ ਵੀ ਨਿਯੁਕਤੀ ਉਪਰੰਤ ਜੁਆਇਨ ਕੀਤਾ ਗਿਆ ਸੀ ਪਰੰਤੂ 2022 ਦੀਆਂ ਵਿਧਾਨ ਸਭਾ ਚੋਣਾ ਤੋਂ ਪਹਿਲਾਂ ਡਾ. ਦਾਹੀਆ ਵੱਲੋਂ ਬਤੌਰ ਐਮਐਲ ਏ ਚੋਣ ਲੜਨ ਲਈ ਅਸਤੀਫਾ ਦੇ ਦਿੱਤਾ ਸੀ। ਹੁਣ ਪੰਜਾਬ ਵਿੱਚ 'ਆਪ' ਪਾਰਟੀ ਦੀ ਨਵੀਂ ਸਰਕਾਰ ਵੱਲੋਂ ਹਾਲੇ ਤੱਕ ਜਨਰਲ ਵਰਗ ਲਈ ਸਥਾਪਿਤ ਕਮਿਸ਼ਨ ਦਾ ਕੋਈ ਵੀ ਚੇਅਰਮੈਨ, ਵਾਈਸ ਚੇਅਰਮੈਨ ਅਤੇ ਮੈਂਬਰ ਨਹੀਂ ਲਗਾਇਆ ਗਿਆ, ਜਿਸ ਕਾਰਨ ਜਨਰਲ ਵਰਗ ਦੇ ਲੋਕਾਂ ਨੂੰ ਆਪਣੀ ਸੁਣਵਾਈ ਲਈ ਕੋਈ ਵੀ ਰਸਤਾ ਨਜ਼ਰ ਨਹੀਂ ਆਉਂਦਾ, ਪ੍ਰੰਤੂ ਪੰਜਾਬ ਸਟੇਟ ਕਮਿਸ਼ਨ ਫਾਰ ਜਨਰਲ ਕੈਟਾਗਰੀ ਦਾ ਚੇਅਰਪਰਸਨ ਲਗਾਉਣ ਲਈ 3 ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ । ਜਨਰਲ ਵਰਗ ਦੇ ਲੋਕਾਂ ਨੂੰ 'ਆਪ' ਸਰਕਾਰ ਤੋਂ ਬਹੁਤ ਹੀ ਜ਼ਿਆਦਾ ਉਮੀਦਾਂ ਸਨ ਪਰੰਤੂ ਅਜੇ ਤੱਕ ਜਨਰਲ ਵਰਗ ਦੀ ਭਲਾਈ ਲਈ ਸਥਾਪਿਤ ਕਮਿਸ਼ਨ ਦੇ ਚੇਅਰਮੈਨ, ਮੈਂਬਰਾਂ ਅਤੇ ਹੋਰ ਸਟਾਫ ਦੀਆਂ ਹਾਲੇ ਤੱਕ ਨਿਯੁਕਤੀਆਂ ਨਹੀਂ ਕੀਤੀਆਂ ਗਈਆਂ, ਜਿਸ ਨਾਲ ਜਨਰਲ ਵਰਗ ਦੇ ਮੁਲਾਜ਼ਮਾਂ, ਵਪਾਰੀਆਂ, ਦੁਕਾਨਕਾਰਾਂ, ਕਿਸਾਨਾਂ ਅਤੇ ਵਿਦਿਆਰਥੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਇਹਨਾਂ ਆਗੂਆਂ ਵੱਲੋਂ ਇਹ ਵੀ ਮੰਗ ਕੀਤੀ ਗਈ ਕਿ ਜਨਰਲ ਕਮਿਸ਼ਨ ਨੂੰ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ (ਰਿਜ਼ਰਵੇਸ਼ਨ ਸੈਲ), ਚੰਡੀਗੜ੍ਹ ਤੋਂ ਵੱਖਰੇ ਤੌਰ 'ਤੇ ਖੁਦ ਮੁਖਤਿਆਰ ਤੌਰ 'ਤੇ ਕੰਮ ਕਰਨ ਦੀ ਸ਼ਕਤੀ/ਪਾਵਰਾਂ ਪ੍ਰਦਾਨ ਕੀਤੀਆਂ ਜਾਣ ਜਾਂ ਫਿਰ ਜਨਰਲ ਕਮਿਸ਼ਨ ਸਿੱਧੇ ਤੌਰ 'ਤੇ ਪ੍ਰਸੋਨਲ ਵਿਭਾਗ ਦੇ ਅਧੀਨ ਲਗਾਇਆ ਜਾਵੇ ਤਾਂ ਜੋ ਜਨਰਲ ਵਰਗ ਦੇ ਲੋਕਾਂ ਦੀ ਯੋਗ ਸੁਣਵਾਈ ਤੇ ਪੂਰਾ ਇਨਸਾਫ ਮਿਲ ਸਕੇ । ਆਗੂਆਂ ਵੱਲੋਂ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਕਿਹਾ ਗਿਆ ਕਿ ਜੇਕਰ ਜਨਰਲ ਵਰਗ ਦਾ ਚੇਅਰਪਰਸਨ ਲਗਾਉਣ ਲਈ ਜਲਦੀ ਪ੍ਰੋਸੈਸ ਸ਼ੁਰੂ ਨਾ ਕੀਤਾ ਗਿਆ ਤਾਂ ਜਨਰਲ ਫੈਡਰੇਸ਼ਨ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਪ੍ਰੋਗਰਾਮ ਉਲੀਕ ਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ।

## ਵਾਤਾਵਰਨ ਦੀ ਸ਼ੁੱਧਤਾ ਲਈ ਬੂਟੇ ਲਗਾਉਣੇ ਵੱਡੇ ਪੁੰਨ ਦਾ ਕਾਰਜ

➢ਬੂਟਾ ਲਗਾ ਕੇ ਉਸ ਨੂੰ ਦਰਖਤ ਬਣਨ ਤੱਕ ਸਾਂਭ-ਸੰਭਾਲ ਕਰਨਾ ਅਤਿ ਜ਼ਰੂਰੀ : ਡਾ. ਸੁਦੇਸ਼



ਘਨੌਰ, 9 ਅਗਸਤ (ਮਦਨ ਲਾਲ) : ਹਲਕਾ ਘਨੌਰ ਦੇ ਸਮਾਜ ਸੇਵੀ ਡਾਕਟਰ ਸੁਦੇਸ਼ ਕੁਮਾਰ ਸ਼ਰਮਾ ਨੇ ਆਪਣੇ ਜਨਮ ਦਿਨ 'ਤੇ ਧਾਰਮਿਕ ਸਥਾਨਾਂ ਅਤੇ ਸਕੂਲ ਵਿੱਚ ਛਾਂ ਦਾਰ ਅਤੇ ਫਲਦਾਰ ਬੂਟੇ ਲਗਾਉਣ ਉਪਰੰਤ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਦਿਨੋ ਦਿਨ ਪਲੀਤ ਹੋ ਰਹੇ ਵਾਤਾਵਰਨ ਦੀ ਸ਼ੁੱਧਤਾ ਲਈ ਸਾਨੂੰ ਆਪੋ-ਆਪਣੇ ਪਿੰਡਾਂ, ਸ਼ਹਿਰਾਂ ਅਤੇ ਗਲੀ, ਮੁਹੱਲਿਆਂ ਧਾਰਮਿਕ ਸਥਾਨਾਂ ਸਕੂਲਾਂ ਦੇ ਵਿੱਚ ਵੱਧ ਤੋਂ ਵੱਧ ਛਾਂਦਾਰ ਤੇ ਫਲਦਾਰ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਵੱਡੇ ਦਰਖੱਤ ਬਣਨ ਤੱਕ ਉਨ੍ਹਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜੋਕਾ ਮਨੁੱਖ ਕੁਦਰਤ ਦੀ ਅਨਮੋਲ ਦਾਤ ਦਰੱਖਤਾਂ ਦੀ ਅੰਧਾਧੁੰਦ ਕਟਾਈ ਕਰਕੇ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਦੀ ਗਲਤੀ ਕਰ ਰਿਹਾ ਹੈ। ਡਾਕਟਰ ਸੁਦੇਸ਼ ਨੇ ਕਿਹਾ ਕਿ ਦਰਖੱਤ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਸਾਥ ਨਿਭਾਉਂਦੇ ਹਨ , ਕਿਉਂਕਿ ਦਰਖਤ ਸਾਨੂੰ ਛਾਂ,ਫਲ, ਫੁੱਲ ਦੇਣ ਦੇ ਨਾਲ ਨਾਲ ਮਕਾਨ ਬਣਾਉਣ ਲਈ ਦਰਵਾਜ਼ੇ, ਖਿੜਕੀਆਂ, ਫਰਨੀਚਰ ਤੋਂ ਇਲਾਵਾ ਹੋਰ ਅਨੇਕਾਂ ਤਰ੍ਹਾਂ ਦੇ ਲਾਭ ਪਹੁੰਚਾਉਂਦੇ ਹਨ। ਹਰ ਮਨੁੱਖ ਨੂੰ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਦਰੱਖਤ ਲਗਾਉਣ ਦੇ ਪੁੰਨ ਦਾ ਕਾਰਜ ਕਰਨਾ ਚਾਹੀਦਾ ਹੈ। ਸਮਾਜ ਸੇਵੀ ਡਾਕਟਰ ਸੁਦੇਸ਼ ਨੇ ਕਿਹਾ ਕਿ ਵਾਤਾਵਰਨ ਦਾ ਸੰਤੁਲਨ ਬਣਾਈ ਰੱਖਣ ਲਈ ਦਰਖੱਤ ਹੀ ਇੱਕੋ ਇੱਕ ਮੁੱਖ ਸਰੋਤ ਹਨ। ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸਾਂਭ ਸੰਭਾਲ ਲਈ ਸਕੂਲੀ ਸਿਲੇਬਸ ਵਿੱਚ ਪਾਠਕ੍ਰਮ ਹੋਣਾ ਚਾਹੀਦਾ ਹੈ ਤਾਂ ਕਿ ਬੱਚਿਆਂ ਨੂੰ ਛੋਟੀ ਉਮਰ ਵਿੱਚ ਹੀ ਵਾਤਾਵਰਨ ਦੀ ਅਹਿਮੀਅਤ ਬਾਰੇ ਪਤਾ ਲੱਗ ਸਕੇ ਤੇ ਉਹ ਵਾਤਾਵਰਨ ਦੀ ਸਾਂਭ ਸੰਭਾਲ ਲਈ ਜਾਗਰੂਕ ਹੋਣ। ਉਨ੍ਹਾਂ ਕਿਹਾ ਕਿ ਪੰਚਾਇਤਾਂ ਨੂੰ ਵੀ ਆਪੋ ਆਪਣੇ ਪਿੰਡਾਂ ਵਿੱਚ ਜ਼ਿੰਮੇਵਾਰੀ ਨਾਲ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਦਰਖੱਤ ਬਣਨ ਤੱਕ ਸਾਂਭ ਸੰਭਾਲ ਕਰਨੀ ਚਾਹੀਦੀ ਹੈ।

# ਐਸ.ਕੇ.ਐਮ. ਵੱਲੋਂ 'ਮੋਦੀ-ਟਰੰਪ' ਟੈਰਿਫ਼ ਦੇ ਵਿਰੋਧ ਵਿੱਚ 13 ਨੂੰ ਪੁਤਲੇ ਫੂਕਣ ਦਾ ਐਲਾਨ

ਧੂਰੀ, 9 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ): ਅੱਜ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ੁਮਾਰ ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਮੇਜਰ ਸਿੰਘ ਪੁੰਨਾਂਵਾਲ, ਭਾਕਿਯੂ ਰਾਜੇਵਾਲ ਦੇ ਸਹਾਇਕ ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਜੇਖਲਾਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਭਾਕਿਯੂ ਡਕੌਂਦਾ ਦੇ ਬਲਾਕ ਪ੍ਰਧਾਨ ਨਾਜਮ ਸਿੰਘ ਪੁੰਨਾਂਵਾਲ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਕਾਂਝਲਾ ਅਤੇ ਭਾਕਿਯੂ ਦੇ ਸੀਨੀਅਰ ਆਗੂ ਗੁਰਜੀਤ ਸਿੰਘ ਭੜੀ ਮਾਨਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਖੇਤੀਬਾੜੀ ਜਿਣਸਾਂ, ਦੁੱਧ, ਮੀਟ ਆਦਿ ਵੱਲੋਂ ਭਾਰਤੀ ਮੰਡੀਆਂ ਤੇ ਕਬਜ਼ਾ ਕਰਨ ਦੀ ਨੀਅਤ ਨਾਲ ਕੀਤੇ ਜਾ ਰਹੇ ਸਮਝੌਤੇ ਦਾ ਜੱਥੇਬੰਦੀ ਵਿਰੋਧ ਕਰਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦਾ ਕਿਸਾਨ ਹਜ਼ਾਰਾਂ ਏਕੜ ਦਾ ਮਾਲਕ ਹੈ, ਜਿਸਦੀਆਂ ਖੇਤੀ ਲਾਗਤਾਂ ਬਹੁਤ ਘੱਟ ਹਨ ਅਤੇ ਖੇਤੀ ਖਰਚਿਆਂ ਦੇ ਬਰਾਬਰ ਦੀਆਂ ਸਰਕਾਰ ਸਬਸਿਡੀਆਂ ਦੇ ਰਹੀ ਹੈ। ਜੋ ਆਪਣੀਆਂ ਜਿਣਸਾਂ ਨੂੰ ਭਾਰਤੀ ਮੰਡੀਆਂ ਵਿੱਚ ਲਿਆ ਕੇ ਭਾਰਤੀ ਕਿਸਾਨਾਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ, ਜਿਸਨੂੰ ਜੱਥੇਬੰਦੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਅਜਿਹੇ ਕਿਸਾਨ ਮਾਰੂ ਸਮਝੌਤਿਆਂ ਦਾ ਜੱਥੇਬੰਦੀ ਵਿਰੋਧ ਰੋਸ ਮਾਰਚ ਕਰਦੀ ਹੋਈ 13 ਅਗਸਤ ਨੂੰ ਸਵੇਰੇ 10:00 ਵਜੇ ਐਸ.ਡੀ.ਐਮ ਦਫਤਰ ਧੂਰੀ ਵਿਖੇ ਮੋਦੀ ਟਰੰਪ ਦਾ ਪੁਤਲੇ ਸਾੜੇਗੀ।

# ਰਾਮਗੜ੍ਹੀਆ ਵੈਲਫੇਅਰ ਬੋਰਡ ਦੀ ਨਵ-ਨਿਯੁਕਤ ਟੀਮ ਨੂੰ ਕੌਮੀ ਸੰਚਾਲਕ ਵੱਲੋਂ ਮੁਬਾਰਕਬਾਦ



ਸੁਨਾਮ ਊਧਮ ਸਿੰਘ ਵਾਲਾ, 9 ਅਗਸਤ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਪੰਜਾਬ ਸਰਕਾਰ ਵੱਲੋਂ ਰਾਮਗੜ੍ਹੀਆ ਵੈਲਫੇਅਰ ਬੋਰਡ ਦਾ ਗਠਨ ਕੀਤਾ ਗਿਆ ਹੈ। ਇਸ ਗਠਨ ਨਾਲ ਉਮੀਦ ਹੈ ਕਿ ਰਾਮਗੜ੍ਹੀਆ ਭਾਈਚਾਰੇ ਦੇ ਪਰਿਵਾਰਾਂ ਨੂੰ ਮਿਲਣ ਵਾਲੀਆਂ ਸਰਕਾਰੀ ਸੇਵਾਵਾਂ ਦਾ ਲਾਭ ਜ਼ਰੂਰ ਮਿਲੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਨੇ ਕੀਤਾ ਉਹਨਾਂ ਦੱਸਿਆ ਪੰਜਾਬ ਸਰਕਾਰ ਨੇ ਤਿੰਨ ਸਾਲ ਲੰਘਾਕੇ ਬਰਾਦਰੀ ਦੀ ਮਿਹਨਤੀ ਕਲਾਕਾਰਾਂ ਨੂੰ ਅਖੀਰ ਚ ਯਾਦ ਕਰਕੇ ਇਸ ਬੋਰਡ ਦਾ ਹਿੱਸਾ ਬਣਾਇਆ ਹੈ "ਦੇਰ ਆਏ ਦਰੁਸਤ ਆਏ"ਪੰਜਾਬ ਦਾ ਸਮੁੱਚਾ ਰਾਮਗੜ੍ਹੀਆ ਭਾਈਚਾਰਾ ਇਸ ਬੋਰਡ ਤੋਂ ਬਹੁਤ ਉਮੀਦਾਂ ਰੱਖਦਾ ਹੈ ਅਤੇ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਨੇ ਆਪਣੇ ਵੱਲੋਂ ਅਤੇ ਆਪਣੀ ਸਮੁੱਚੀ ਰਾਮਗੜ੍ਹੀਆ ਅਕਾਲ ਜਥੇਬੰਦੀ ਵੱਲੋਂ ਦੀ ਟੀਮ ਵੱਲੋਂ ਨਵ-ਨਿਯੁਕਤ ਚੇਅਰਪ੍ਰਸਨ ਸਤਪਾਲ ਸਿੰਘ ਸੋਖੀ, ਮੈਂਬਰ ਬੀਰ ਸੁਖਪਾਲ ਸਿੰਘ, ਸਿੰਘ ਮਠਾੜੂ, ਸਤਨਾਮ ਸਿੰਘ ਮਠਾੜੂ ਬਟਾਲਾ, ਸ਼ਰਨਜੀਤ ਸਿੰਘ ਜੀ ਨੂੰ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਉਮੀਦ ਜਿਤਾਈ ਕਿ ਇਹ ਪੰਜ ਮੈਂਬਰੀ ਰਾਮਗੜ੍ਹੀਆ ਵੈਲਫੇਅਰ ਬੋਰਡ ਪੰਜਾਬ ਦੇ ਸਮੁੱਚੇ ਰਾਮਗੜ੍ਹੀਆ ਪਰਿਵਾਰਾਂ ਲਈ ਘੱਟ ਸਮੇਂ ਵਿੱਚ ਜਿਆਦਾ ਬੇਹਤਰ ਭਲਾਈ ਦੇ ਕਾਰਜ ਕਰਕੇ ਜ਼ਰੂਰ ਦਿਖਾਏਗਾ।

# ਗੁੰਮ ਹੋਇਆ ਮੋਬਾਈਲ ਇਮਾਨਦਾਰੀ ਨਾਲ ਮਾਲਕ ਨੂੰ ਵਾਪਸ ਕੀਤਾ



ਰਾਮਪੁਰਾ ਫੂਲ, 9 ਅਗਸਤ (ਮਨਪ੍ਰੀਤ ਮਿੰਟੂ ): ਪਸ਼ੂ ਹਸਪਤਾਲ ਲਹਿਰਾ ਮੁਹੱਬਤ ਵਿੱਚ ਡਿਊਟੀ ਕਰ ਰਹੇ ਡਾ. ਬਿਕਰਮਜੀਤ ਸਿੰਘ ਵਾਸੀ ਭੂਚੋ ਮੰਡੀ ਦਾ ਮੋਬਾਈਲ ਫੋਨ ਕੁਝ ਦਿਨ ਪਹਿਲਾਂ ਗੁੰਮ ਹੋ ਗਿਆ ਸੀ। ਉਨ੍ਹਾਂ ਨੇ ਮੋਬਾਈਲ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਮੋਬਾਇਲ ਦਾ ਕੋਈ ਸੁਰਾਗ ਨਹੀਂ ਮਿਲਿਆ। ਇਸ ਦੌਰਾਨ, ਰਾਮਪੁਰਾ ਮੰਡੀ ਦੇ ਸੁਰਿੰਦਰ ਸਿੰਘ ਉਰਫ ਨਿੱਕਾ ਨੂੰ ਇਹ ਮੋਬਾਇਲ ਫੋਨ ਮਿਲਿਆ। ਸੁਰਿੰਦਰ ਸਿੰਘ ਨੇ ਬਿਨ੍ਹਾਂ ਦੇਰੀ ਕੀਤਿਆਂ ਮੋਬਾਇਲ ਫੋਨ ਦੇ ਅਸਲ ਮਾਲਕ ਡਾ. ਬਿਕਰਮਜੀਤ ਸਿੰਘ ਨੂੰ ਲੱਭਿਆ ਅਤੇ ਉਨ੍ਹਾਂ ਦਾ ਗੁੰਮ ਹੋਇਆ ਫੋਨ ਇਮਾਨਦਾਰੀ ਨਾਲ ਵਾਪਸ ਕਰ ਦਿੱਤਾ। ਡਾ. ਬਿਕਰਮਜੀਤ ਸਿੰਘ ਨੇ ਸੁਰਿੰਦਰ ਸਿੰਘ ਉਰਫ ਨਿੱਕਾ ਦਾ ਇਸ ਇਮਾਨਦਾਰੀ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਇਮਾਨਦਾਰ ਲੋਕ ਅੱਜ ਦੇ ਸਮਾਜ ਵਿੱਚ ਇੱਕ ਉਦਾਹਰਣ ਹਨ। ਇਸ ਘਟਨਾ ਦੀ ਪਿੰਡ ਵਿੱਚ ਵੀ ਬਹੁਤ ਪ੍ਰਸ਼ੰਸਾ ਹੋ ਰਹੀ ਹੈ।

# ਅੱਧੀ ਰਾਤ ਨੂੰ ਫਾਇਰਿੰਗ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

## 7 ਦੋਸ਼ੀ ਕਾਬੂ, 3 ਦੇਸੀ ਪਿਸਟਲ, ਬਲੈਰੋ ਗੱਡੀ ਅਤੇ ਮੋਟਰ ਸਾਈਕਲ ਬ੍ਰਾਮਦ



ਸੰਗਰੂਰ, 9 ਅਗਸਤ (ਹਰਕੰਵਲ ਸਿੰਘ ਹੈਪੀ): ਸ੍ਰੀ ਸਰਤਾਜ ਸਿੰਘ ਚਾਹਲ, ਐਸ.ਐਸ.ਪੀ ਸਾਹਿਬ ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਨੂੰ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਉਸ ਸਮੇਂ ਸਫਲਤਾ ਮਿਲੀ ਜਦੋਂ ਮਿਤੀ 04/05.08.2025 ਦੀ ਦਰਮਿਆਨੀ ਰਾਤ ਨੂੰ ਥਾਣਾ ਸਦਰ ਧੂਰੀ ਦੇ ਏਰੀਆ ਵਿੱਚ ਪੈਂਦੇ ਪਿੰਡ ਹਸਨਪੁਰ ਵਿਖੇ ਰਿਹਾਇਸੀ ਮਕਾਨ ਦੇ ਬਾਹਰ ਫਾਇਰਿੰਗ ਕਰਨ ਵਾਲੇ ਗਿਰੋਹ ਦਾ 24 ਘੰਟਿਆਂ ਅੰਦਰ ਪਰਦਾਫਾਸ਼ ਕਰਕੇ 07 ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਅਤੇ ਵਾਰਦਾਤ ਸਮੇਂ ਵਰਤੇ 03 ਦੇਸੀ ਪਿਸਟਲ ਸਮੇਤ ਮੈਗਜੀਨ, 01 ਬਲੈਰੋ ਗੱਡੀ ਅਤੇ 01 ਮੋਟਰ ਸਾਇਕਲ ਬ੍ਰਾਮਦ ਕਰਵਾਇਆ ਗਿਆ।ਸ੍ਰੀ ਚਾਹਲ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 05.08.2025 ਨੂੰ ਕੁਲਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਹਸਨਪੁਰ ਨੇ ਇਤਲਾਹ ਦਿੱਤੀ ਕਿ ਮਿਤੀ 04/05.08.2025 ਦੀ ਦਰਮਿਆਨੀ ਰਾਤ ਨੂੰ ਉਹ ਆਪਣੇ ਨਾਨਕੇ ਪਿੰਡ ਮਾਮਗੜ੍ਹ ਜ਼ਿਲ੍ਹਾ ਮਲੇਰਕੋਟਲਾ ਗਿਆ ਹੋਇਆ ਸੀ ਅਤੇ ਘਰ ਵਿੱਚ ਉਸ ਦੀ ਪਤਨੀ ਕੁਲਵਿੰਦਰ ਕੌਰ ਅਤੇ ਪਿਤਾ ਬਲਦੇਵ ਸਿੰਘ ਸਨ ਤਾਂ ਰਾਤ ਨੂੰ ਵਕਤ ਕਰੀਬ 01:30 ਤੋਂ 02:00 ਏ.ਐਮ. ਦੇ ਦਰਮਿਆਨ ਨਾਮਲੂਮ ਵਿਅਕਤੀਆਂ ਨੇ ਕੁਲਵਿੰਦਰ ਸਿੰਘ ਦੇ ਘਰ ਦੇ ਬਾਹਰ ਫਾਇਰ ਕੀਤਾ। ਜਿਸ ਸਬੰਧੀ ਕੁਲਵਿੰਦਰ ਸਿੰਘ ਦੀ ਘਰਵਾਲੀ ਨੇ ਉਸਨੂੰ ਫੋਨ ਪਰ ਦੱਸਿਆ ਤਾਂ ਕੁਲਵਿੰਦਰ ਸਿੰਘ ਵੱਲੋਂ ਪੜਤਾਲ ਕਰਨ ਤੇ ਪਤਾ ਲੱਗਾ ਕਿ ਇਹ ਵਾਰਦਾਤ ਕਰਵਾਉਣ ਵਿੱਚ ਹਰਮਨਪ੍ਰੀਤ ਸਿੰਘ ਪੁੱਤਰ ਜੁਗਰਾਜ ਸਿੰਘ ਵਾਸੀ ਪਿੰਡ ਮੂਲੋਵਾਲ ਥਾਣਾ ਸਦਰ ਧੂਰੀ ਸ਼ਾਮਲ ਹੈ। ਜਿਸ 'ਤੇ ਮੁਕੱਦਮਾ ਨੰਬਰ 195 ਮਿਤੀ 05.08.2025 ਅ/ਧ 109, 125, 3(5), 61(2) ਬੀ ਐਨ ਐਸ ਅਤੇ 25/54/59 ਅਸਲਾ ਐਕਟ ਥਾਣਾ ਸਦਰ ਧੂਰੀ ਬਰਖਿਲਾਫ ਹਰਮਨਪ੍ਰੀਤ ਸਿੰਘ ਉਕਤ ਅਤੇ 3 ਹੋਰ ਨਾਮਲੂਮ ਦੋਸ਼ੀਆਨ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ।ਦੌਰਾਨੇ ਤਫਤੀਸ਼ ਸ੍ਰੀ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਸ੍ਰੀ ਦਮਨਵੀਰ ਸਿੰਘ, ਉਪ ਕਪਤਾਨ ਪੁਲਿਸ ਸਬ ਡਵੀਜਨ ਧੂਰੀ ਦੀ ਅਗਵਾਈ ਹੇਠ ਇੰਸਪੈਕਟਰ ਸੰਦੀਪ ਸਿੰਘ ਇੰਚਾਰਜ ਸੀ.ਆਈ.ਏ. ਬਹਾਦਰ ਸਿੰਘ ਵਾਲਾ ਅਤੇ ਇੰਸਪੈਕਟਰ ਕਰਨਬੀਰ ਸਿੰਘ ਸੰਧੂ ਮੁੱਖ ਅਫਸਰ ਥਾਣਾ ਸਦਰ ਧੂਰੀ ਸਮੇਤ ਪੁਲਿਸ ਪਾਰਟੀ ਦੀਆਂ ਟੀਮਾਂ ਬਣਾਕੇ ਟੈਕਨੀਕਲ ਢੰਗ ਨਾਲ ਤਫਤੀਸ਼ ਅਮਲ ਵਿੱਚ ਲਿਆਉਂਦੇ ਹੋਏ ਮਿਤੀ 06.08.2025 ਨੂੰ ਦੋਸ਼ੀ ਹਰਮਨਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਦੀ ਪੁੱਛਗਿੱਛ ਦੇ ਅਧਾਰ ਤੇ ਦੋਸ਼ੀਆਨ ਤਰਨਵੀਰ ਸਿੰਘ ਪੁੱਤਰ ਦਲਬਾਰਾ ਸਿੰਘ ਵਾਸੀ ਅਟਾਲਸਨਪਾਰਾ, ਨਤੀਸ਼ ਭੱਟੀ ਪੁੱਤਰ ਬਲਵੀਰ ਚੰਦ ਵਾਸੀ ਚਨਕੋਈ ਥਾਣਾ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਗੁਰਨੂਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਕੁਕਰਮਜਰਾ ਥਾਣਾ ਗੜਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਅਤੇ ਇਹਨਾਂ ਦੇ ਕਬਜ਼ਾ ਵਿੱਚੋਂ ਵਾਰਦਾਤ ਸਮੇਂ ਵਰਤੇ 02 ਦੇਸੀ ਪਿਸਟਲ ਸਮੇਤ ਮੈਗਜ਼ੀਨ ਅਤੇ ਮੋਟਰਸਾਈਕਲ ਮਾਰਕਾ ਸਪਲੈਂਡਰ ਬ੍ਰਾਮਦ ਕਰਵਾਏ ਗਏ।

# ਟੇਲਾਂ ਤੱਕ ਪਾਣੀ ਪਹੁੰਚਾਉਣਾ ਮਾਨ ਸਰਕਾਰ ਦੀ ਵਚਨਬੱਧਤਾ : ਬਲਕਾਰ ਸਿੱਧੂ



ਰਾਮਪੁਰਾ ਫੂਲ, 9 ਅਗਸਤ 2025(ਮਨਪ੍ਰੀਤ ਮਿੰਟੂ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਰ ਖੇਤ ਨੂੰ ਨਹਿਰੀ ਪਾਣੀ ਪਹੁੰਚਾਉਣ ਦੇ ਸੁਪਨੇ ਨੂੰ ਸਾਕਾਰ ਕਰਦਿਆਂ, ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੱਧੂ ਨੇ ਅੱਜ ਦੋ ਮਹੱਤਵਪੂਰਨ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਜਾਣਕਾਰੀ ਦਿੱਤੀ ਕਿ ਮਹਿਰਾਜ (ਕਾਲਾ ਪੱਤੀ) ਵਿਖੇ ਮੋਘਾ ਨੰਬਰ EFIDAR ਤੋਂ 6 ਕਿਲੋਮੀਟਰ ਦੂਰ 1000 ਏਕੜ ਜ਼ਮੀਨ ਤੱਕ 75 ਲੱਖ ਰੁਪਏ ਦੀ ਲਾਗਤ ਨਾਲ ਪਹਿਲੀ ਵਾਰ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ। ਇਹ ਇਲਾਕਾ ਕਈ ਦਹਾਕਿਆਂ ਤੋਂ ਨਹਿਰੀ ਪਾਣੀ ਦੀ ਘਾਟ ਨਾਲ ਜੂਝ ਰਿਹਾ ਸੀ,ਜਿਸ ਕਾਰਨ ਕਿਸਾਨਾਂ ਨੂੰ ਫਸਲਾਂ ਦੀ ਸਿੰਜਾਈ ਲਈ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਦੂਜੇ ਪ੍ਰੋਜੈਕਟ ਅਧੀਨ, ਰਾਮਪੁਰਾ ਫੂਲ ਰਜਵਾਹੇ ਦੇ ਦੋਵੇਂ ਪਾਸਿਆਂ 'ਤੇ 4 ਕਿਲੋਮੀਟਰ ਤੱਕ ਜਾਲੀ ਵਾਲੀ ਬਾਉਂਡਰੀ ਉਸਾਰੀ ਗਈ ਹੈ,ਜਿਸ 'ਤੇ ਲਗਭਗ 1 ਕਰੋੜ 10 ਲੱਖ ਰੁਪਏ ਦੀ ਲਾਗਤ ਆਈ ਹੈ ,ਜਿਸ ਨਾਲ ਕਿ ਸ਼ਹਿਰ ਦੇ ਸੁੰਦਰੀਕਰਨ ਨੂੰ ਚਾਰ ਚੰਨ ਲੱਗੇ ਹਨ ਨਾਲ ਹੀ ਰਜਵਾਹੇ 'ਚ ਹੋਣ ਵਾਲੇ ਹਾਦਸਿਆਂ 'ਚ ਕਾਫੀ ਕਮੀ ਆਈ ਹੈ ਇਨ੍ਹਾਂ ਉਦਘਾਟਨ ਸਮਾਰੋਹ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਜਵੀਰ ਰਾਜਾ(ਮੰਡੀ ਵਾਲਿਆਂ)ਨੇ ਵਿਧਾਇਕ ਬਲਕਾਰ ਸਿੱਧੂ ਦੀ ਰੱਜ ਕੇ ਤਾਰੀਫ ਕੀਤੀ ਤੇ ਕਿਹਾ ਉਹ ਬਿਨਾਂ ਕਿਸੇ ਭੇਦਭਾਵ ਦੇ ਇਲਾਕੇ ਤੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਕਿਹਾ,ਮੈਂ ਕਾਂਗਰਸ ਪਾਰਟੀ ਨਾਲ ਸਬੰਧਤ ਹਾਂ, ਪਰ ਮੈਂ ਇਸ ਕੰਮ ਦੀ ਦਿਲੋਂ ਸ਼ਲਾਘਾ ਕਰਦਾ ਹਾਂ ਕਿ ਜੋ ਪਿਛਲੀਆਂ ਸਰਕਾਰਾਂ ਨੇ 70 ਸਾਲਾਂ ਨਹੀਂ ਕੀਤਾ, ਉਹ 'ਆਪ' ਸਰਕਾਰ ਨੇ ਕਰ ਵਿਖਾਇਆ ਹੈ। ਅੰਤ 'ਚ ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ 'ਆਪ' ਸਰਕਾਰ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ ਅਤੇ ਭਵਿੱਖ 'ਚ ਵੀ ਅਜਿਹੇ ਵਿਕਾਸ ਕਾਰਜ ਜਾਰੀ ਰਹਿਣਗੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਹਰ ਖੇਤ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦਾ ਮੁੱਖ ਉਦੇਸ਼ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵੱਡੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਕਾਂਝਲਾ ਦੀ ਮਸਜਿਦ ਤੇ ਕਬਰਸਤਾਨ ਲਈ 4.50 ਲੱਖ ਦੀ ਗਰਾਂਟ ਦਿੱਤੀ



ਧੂਰੀ, 9 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ):ਨੇੜਲੇ ਪਿੰਡ ਕਾਂਝਲਾ ਦੀ ਮਸਜਿਦ ਅਤੇ ਕਬਰਸਤਾਨ ਦੇ ਵਿਕਾਸ ਲਈ ਪੰਜਾਬ ਵਕਫ਼ ਬੋਰਡ ਵੱਲੋਂ 4 ਲੱਖ 50 ਹਜ਼ਾਰ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਗਈ ਹੈ। ਇਸ ਗਰਾਂਟ ਦਾ ਚੈਕ ਅੱਜ ਇੱਕ ਸਧਾਰਨ ਸਮਾਗਮ ਦੌਰਾਨ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਅਤੇ ਈ.ਓ ਮਿਸ਼ਨ ਖਾਂ ਵੱਲੋਂ ਸੌਂਪਿਆ ਗਿਆ ਅਤੇ ਨੀਂਹ ਪੱਥਰ ਰੱਖਿਆ ਗਿਆ। ਡਾ. ਅਨਵਰ ਭਸੌੜ ਨੇ ਕਿਹਾ ਕਿ ਪੰਜਾਬ ਵਕਫ਼ ਬੋਰਡ ਵੱਲੋਂ ਧਾਰਮਿਕ ਅਤੇ ਸਮਾਜਿਕ ਸਥਾਨਾਂ ਦੇ ਸੰਭਾਲ ਅਤੇ ਸੁਧਾਰ ਲਈ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਇਹ ਗਰਾਂਟ ਮਸਜਿਦ ਦੀ ਮੁਰੰਮਤ, ਸੁਵਿਧਾਵਾਂ ਦੇ ਵਾਧੇ ਅਤੇ ਕਬਰਸਤਾਨ ਦੇ ਸੰਭਾਲ 'ਤੇ ਖਰਚੀ ਜਾਵੇਗੀ, ਤਾਂ ਜੋ ਲੋਕਾਂ ਨੂੰ ਵਧੀਆ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਮੌਕੇ ਮਲਕੀਤ ਖਾਂ, ਤੋਤਾ ਖਾਂ, ਕਾਮਰੇਡ ਅਮਰੀਕ ਸਿੰਘ, ਰਣਜੀਤ ਸਿੰਘ, ਪਰਮਜੀਤ ਸਿੰਘ, ਬਸੰਤ ਕੁਮਾਰ ਸਮੇਤ ਕਈ ਪਿੰਡ ਵਾਸੀ ਹਾਜ਼ਰ ਸਨ। ਹਾਜ਼ਰ ਲੋਕਾਂ ਨੇ ਪੰਜਾਬ ਵਕਫ਼ ਬੋਰਡ ਦੇ ਇਸ ਕਦਮ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਨਾਲ ਪਿੰਡ ਵਿੱਚ ਧਾਰਮਿਕ ਥਾਂਵਾਂ ਦੀ ਸੰਭਾਲ ਅਤੇ ਕਬਰਸਤਾਨ ਦੀ ਸਫ਼ਾਈ ਵਿੱਚ ਸੁਧਾਰ ਆਵੇਗਾ।

# ਸਿਵਲ ਹਸਪਤਾਲ ਦੇ ਉਪਰੇਸ਼ਨ ਥੀਏਟਰ 'ਚੋਂ ਅੱਖਾਂ ਦੇ ਲੈਂਜ਼ ਚੋਰੀ

ਬਠਿੰਡਾ, 9 ਅਗਸਤ (ਦੀਪਕ ਸ਼ਰਮਾ):ਭਾਈ ਮਨੀ ਸਿੰਘ ਸਿਵਲ ਹਸਪਤਾਲ ਦੇ ਓਪਰੇਸ਼ਨ ਥੀਏਟਰ ਵਿੱਚੋਂ ਸਾਮਾਨ ਚੋਰੀ ਕਰਨ ਦੇ ਦੋਸ਼ ਵਿੱਚ ਥਾਣਾ ਕੋਤਵਾਲੀ ਪੁਲਿਸ ਨੇ ਦੋ ਨੌਜਵਾਨਾਂ ਧਰਮਪ੍ਰੀਤ ਸਿੰਘ ਅਤੇ ਵਕੀਲ ਸਿੰਘ ਖ਼ਿਲਾਫ਼ ਚੋਰੀ ਦਾ ਕੇਸ ਦਰਜ ਕੀਤਾ ਹੈ। ਇਹ ਦੋਵੇਂ ਨੌਜਵਾਨ ਸਿਵਲ ਹਸਪਤਾਲ ਨੂੰ ਗੱਡੇ ਸਪਲਾਈ ਕਰਨ ਵਾਲੀਆਂ ਦੋ ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਦੇ ਕਰਮਚਾਰੀ ਦੱਸੇ ਜਾ ਰਹੇ ਹਨ। ਜਦੋਂ ਇਨ੍ਹਾਂ ਨੌਜਵਾਨਾਂ ਦੇ ਬੈਗਾਂ ਵਿੱਚੋਂ ਚੋਰੀ ਦਾ ਸਾਮਾਨ ਬਰਾਮਦ ਕੀਤਾ ਗਿਆ ਸੀ, ਤਾਂ ਓ.ਟੀ. ਸਟਾਫ ਨੇ ਉਨ੍ਹਾਂ ਨੂੰ ਪੁਲਿਸ ਦੇ ਹਵਾਲੇ ਨਹੀਂ ਕੀਤਾ, ਸਗੋਂ ਸਿਰਫ਼ ਸਾਮਾਨ ਲੈ ਕੇ ਉਨ੍ਹਾਂ ਨੂੰ ਜਾਣ ਦਿੱਤਾ। ਜਿਸ ਕਾਰਨ ਹੁਣ ਦੋਵੇਂ ਮੁਲਜ਼ਮ ਫ਼ਰਾਰ ਹਨ। ਜਾਣਕਾਰੀ ਅਨੁਸਾਰ, ਸ਼ੁੱਕਰਵਾਰ ਨੂੰ ਸਿਵਲ ਹਸਪਤਾਲ ਦੇ ਓਪਰੇਸ਼ਨ ਥੀਏਟਰ ਵਿੱਚ ਇੱਕ ਆਪ੍ਰੇਸ਼ਨ ਹੋਣਾ ਸੀ, ਜਿਸ ਲਈ ਸਾਰਾ ਜ਼ਰੂਰੀ ਸਾਮਾਨ ਓ.ਟੀ. ਵਿੱਚ ਰੱਖਿਆ ਗਿਆ ਸੀ। ਪਰ ਕਿਸੇ ਕਾਰਨ ਇਹ ਆਪ੍ਰੇਸ਼ਨ ਨਹੀਂ ਹੋ ਸਕਿਆ। ਜਦੋਂ ਦੁਪਹਿਰ ਨੂੰ ਓ.ਟੀ. ਸਟਾਫ਼ ਕਮਰਾ ਬੰਦ ਕਰਨ ਲੱਗਾ, ਤਾਂ ਉਨ੍ਹਾਂ ਨੇ ਵੇਖਿਆ ਕਿ ਟੇਬਲ 'ਤੇ ਰੱਖਿਆ ਸਾਮਾਨ ਗਾਇਬ ਸੀ। ਇਸ ਤੋਂ ਬਾਅਦ ਹੰਗਾਮਾ ਹੋ ਗਿਆ ਅਤੇ ਓ.ਟੀ. ਵਿੱਚ ਮੌਜੂਦ ਸਟਾਫ਼ ਨਰਸ ਨੇ ਉੱਥੇ ਮੌਜੂਦ ਸਟਾਫ਼ ਸਮੇਤ ਦੋ ਹੋਰ ਨੌਜਵਾਨਾਂ ਦੇ ਬੈਗਾਂ ਦੀ ਤਲਾਸ਼ੀ ਲਈ, ਤਾਂ ਮੁਲਜ਼ਮ ਧਰਮਪ੍ਰੀਤ ਸਿੰਘ ਅਤੇ ਵਕੀਲ ਸਿੰਘ ਦੇ ਬੈਗਾਂ ਵਿੱਚੋਂ ਚੋਰੀ ਹੋਇਆ ਸਾਮਾਨ ਬਰਾਮਦ ਹੋ ਗਿਆ। ਇਸ ਤੋਂ ਬਾਅਦ ਸਟਾਫ਼ ਨਰਸ ਨੇ ਪੂਰੇ ਮਾਮਲੇ ਦੀ ਜਾਣਕਾਰੀ ਹਸਪਤਾਲ ਦੀ ਐਸਐਮਓ ਡਾਕਟਰ ਸੋਨੀਆ ਗੁਪਤਾ ਨੂੰ ਫ਼ੋਨ 'ਤੇ ਦਿੱਤੀ। ਸਟਾਫ਼ ਨੇ ਚੋਰੀ ਦਾ ਸਾਮਾਨ ਤਾਂ ਬਰਾਮਦ ਕਰ ਲਿਆ, ਪਰ ਦੋਵੇਂ ਨੌਜਵਾਨਾਂ ਨੂੰ ਪੁਲਿਸ ਹਵਾਲੇ ਕਰਨ ਦੀ ਬਜਾਏ ਬਿਨਾਂ ਕਿਸੇ ਕਾਰਵਾਈ ਦੇ ਜਾਣ ਦਿੱਤਾ।

# ਗਲੋਬਲ ਡਿਸਕਵਰੀ ਸਕੂਲ ਦੇ ਸਕੇਟਿੰਗ ਖਿਡਾਰੀਆਂ ਨੇ 23 ਤਮਗੇ ਜਿੱਤੇ





ਰਾਮਪੁਰਾ ਫੂਲ,9 ਅਗਸਤ (ਮਨਪ੍ਰੀਤ ਮਿੰਟੂ): ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰ ਦੇ ਸਕੇਟਿੰਗ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਕੁੱਲ 23 ਤਗਮੇ ਜਿੱਤੇ। ਅੰਡਰ-11 ਖਿਡਾਰੀਆਂ ਨੇ 5 ਸੋਨੇ, 3 ਚਾਂਦੀ ਅਤੇ 4 ਕਾਂਸੀ ਦੇ ਤਗਮੇ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ। ਅੰਡਰ-14 ਮੁੰਡਿਆਂ ਨੇ 2 ਸੋਨੇ, 2 ਚਾਂਦੀ ਅਤੇ 2 ਕਾਂਸੀ ਦੇ ਤਗਮੇ ਜਿੱਤੇ ਜਦੋਂ ਕਿ ਪ੍ਰਤਿਭਾਸ਼ਾਲੀ ਅੰਡਰ-14 ਕੁੜੀਆਂ ਨੇ 2 ਚਾਂਦੀ ਦੇ ਤਗਮੇ ਜਿੱਤੇ। ਇਸ ਦੇ ਨਾਲ ਹੀ, ਅੰਡਰ-17 ਮੁੰਡਿਆਂ ਨੇ ਵੀ ਆਪਣੀ ਸਕੇਟਿੰਗ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ 1 ਸੋਨ, 1 ਚਾਂਦੀ ਅਤੇ 1 ਕਾਂਸੀ ਦਾ ਤਗਮਾ ਜਿੱਤਿਆ। ਇਸ ਸ਼ਾਨਦਾਰ ਸਫਲਤਾ ਦਾ ਸਿਹਰਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਸਕੂਲ ਦੇ ਖੇਡ ਅਧਿਆਪਕਾਂ ਦੇ ਮਾਰਗਦਰਸ਼ਨ ਅਤੇ ਮਾਪਿਆਂ ਦੇ ਸਮਰਥਨ ਨੂੰ ਜਾਂਦਾ ਹੈ। ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਚੇਅਰਮੈਨ ਕਮਲੇਸ਼ ਸਰਾਫ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਰਾਜ ਪੱਧਰੀ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ਅਤੇ ਸ਼ਾਨਦਾਰ ਪ੍ਰਦਰਸ਼ਨ ਦੀ ਉਮੀਦ ਕੀਤੀ।

# ਆਕਸਫੋਰਡ ਦੇ ਖਿਡਾਰੀਆਂ ਨੇ 7 ਖੇਡਾਂ ਵਿੱਚ ਹਾਸਿਲ ਕੀਤੀ ਪਹਿਲੀ ਪੁਜ਼ੀਸ਼ਨ




ਭਗਤਾ ਭਾਈ ਕਾ, 9 ਅਗਸਤ (ਸਵਰਨ ਸਿੰਘ ਭਗਤਾ):'ਦ ਆਕਸਫੋਰਡ ਸਕੂਲ ਆਫ ਐਜੂਕੇਸ਼ਨ' ਇੱਕ ਅਜਿਹੀ ਮਾਣਮੱਤੀ ਸੰਸਥਾ ਹੈ, ਜੋ ਵਿੱਦਿਆ ਖੇਤਰ ਦੇ ਨਾਲ - ਨਾਲ ਖੇਡਾਂ ਵਿੱਚ ਵੀ ਮੋਹਰੀ ਹੈ । ਸਕੂਲ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ 25 ਜੁਲਾਈ ਤੋਂ 29 ਜੁਲਾਈ ਤੱਕ ਹੋਈਆਂ ਜ਼ੋਨਲ ਖੇਡਾਂ ਵਿੱਚ 'ਦ ਆਕਸਫੋਰਡ ਸਕੂਲ ਆਫ ਐਜੂਕੇਸ਼ਨ' ਦੇ ਖਿਡਾਰੀਆਂ ਨੇ ਸੋਨ ਤਮਗੇ ਪ੍ਰਾਪਤ ਕਰਕੇ ਇਸ ਸੰਸਥਾ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ।69ਵੀਂ ਜ਼ੋਨਲ ਖੇਡਾਂ ਵਿੱਚ ਆਕਸਫੋਰਡ ਦੇ ਲੱਗਭੱਗ 313 ਖਿਡਾਰੀਆਂ ਨੇ ਖੋ- ਖੋ , ਫੁੱਟਬਾਲ , ਵਾਲੀਬਾਲ , ਬੈਡਮਿੰਟਨ , ਸ਼ਤਰੰਜ਼ , ਹੈਂਡਬਾਲ , ਕਬੱਡੀ , ਕ੍ਰਿਕੇਟ ਅਤੇ ਜੰਗੀ ਹੁਨਰ ਗਤਕਾ ਵਿੱਚ ਹਿੱਸਾ ਲਿਆ । ਇਨ੍ਹਾਂ 313 ਖਿਡਾਰੀਆਂ 'ਚੋਂ 117 ਖਿਡਾਰੀਆਂ ਦੀ ਜ਼ਿਲ੍ਹਾ ਖੇਡਾਂ ਲਈ ਚੋਣ ਹੋਈ ਹੈ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਗਤਾ ਭਾਈ ਕਾ ਵਿਖੇ ਹੋਏ ਇਨ੍ਹਾਂ ਜ਼ੋਨਲ ਮੁਕਾਬਲਿਆਂ ਵਿੱਚ ਆਕਸਫੋਰਡ ਸਕੂਲ ਫੁੱਟਬਾਲ , ਵਾਲੀਬਾਲ , ਬੈਡਮਿੰਟਨ , ਹੈਂਡਵਾਲ, ਕਬੱਡੀ , ਕ੍ਰਿਕੇਟ,ਗਤਕਾ ਵਿੱਚ ਹਰ ਵਰ੍ਹੇ ਦੀ ਤਰ੍ਹਾਂ ਚੈਂਪੀਅਨ ਰਿਹਾ ਹੈ । ਜ਼ਿਕਰਯੋਗ ਹੈ ਕਿ ਇਸ ਸੰਸਥਾ ਨੇ ਸਤਰੰਜ਼ ਅੰਡਰ - 19(ਲੜਕੀਆਂ) ਵਿੱਚ ਦੂਸਰਾ ਸਥਾਨ , ਅੰਡਰ -17 ਲੜਕੇ ਅਤੇ ਲੜਕੀਆਂ ਵਿੱਚ ਤੀਸਰਾ ਸਥਾਨ , ਕ੍ਰਿਕੇਟ ਅੰਡਰ -14 ,ਤੀਸਰਾ ਸਥਾਨ , ਖੋ- ਖੋ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਇਸ ਤਰ੍ਹਾਂ ਆਕਸਫੋਰਡ ਦੇ ਖਿਡਾਰੀਆਂ ਨੇ ਜ਼ੋਨਲ ਟੂਰਨਾਮੈਟ ਵਿੱਚ ਝੰਡੀ ਗੱਡਦੇ ਹੋਏ ਵਿਸ਼ੇਸ ਮੱਲਾਂ ਮਾਰੀਆਂ ਹਨ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਸਾਰੇ ਖਿਡਾਰੀਆਂ ਅਤੇ ਖੇਡ ਕੋਚਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹੌਸਲਾ ਦਿੰਦੇ ਹੋਏ ਹੋਰ ਵਧੇਰੇ ਲੰਮੀਆਂ ਪੁਲਾਂਘਾ ਪੁੱਟਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਅਤੇ ਵਾਈਸ ਚੇਅਰਮੈਨ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ।

# ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਜਾਗਰੂਕ ਕਰਨ ਸਬੰਧੀ ਕਨਵੈਨਸ਼ਨ



ਸੰਗਰੂਰ, 9 ਅਗਸਤ(ਹਰਕੰਵਲ ਸਿੰਘ ਹੈਪੀ): ਤੇਜਾ ਸਿੰਘ ਸੁਤੰਤਰ ਭਵਨ ਵਿਖੇ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਦੇਸ਼ ਵਿੱਚ ਵੱਧ ਰਹੇ ਫਾਸ਼ੀਵਾਦ ਦੇ ਹਮਲਿਆਂ ਖਿਲਾਫ਼ ਅੱਜ ਕਨਵੈਂਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਨੂੰ ਇਸ ਤੋਂ ਸੁਚੇਤ ਹੋ ਕੇ ਵੱਡੇ ਏਕੇ ਨਾਲ ਸੰਘਰਸ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਕਨਵੈਂਸ਼ਨ ਦੀ ਪ੍ਰਧਾਨਗੀ ਕੁਲਦੀਪ ਸਿੰਘ, ਪ੍ਰੋ. ਜੈਪਾਲ, ਮਨਜੀਤ ਕੌਰ, ਹਰਮੇਲ ਸਿੰਘ ਮਹਿਰੋਕ ਅਤੇ ਮੇਲਾ ਸਿੰਘ ਨੇ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਆਰ ਐਮ ਪੀ ਆਈ ਦੇ ਸੂਬਾ ਆਗੂ ਕਾਮਰੇਡ ਪ੍ਰੋ. ਜੈਪਾਲ, ਐਮਸੀਪੀਆਈਯੂ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਕਿਰਨਜੀਤ ਸੇਖੋਂ, ਸੀਪੀਆਈ ਦੇ ਜਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸ਼ਰਮਾ, ਸੀਪੀਆਈ ਐਮਐਲ ਲਿਬਰੇਸ਼ਨ ਦੇ ਸੂਬਾ ਆਗੂ ਗੋਬਿੰਦ ਸਿੰਘ ਛਾਜਲੀ ਅਤੇ ਕਿਸਾਨ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਮੌਜੂਦਾ ਸਮੇਂ ਸਾਡਾ ਦੇਸ਼ ਫਾਸ਼ੀਵਾਦ ਦੇ ਹਮਲਿਆਂ ਦੀ ਮਾਰ ਹੇਠ ਹੈ।ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਸਾਡੇ ਦੇਸ਼ ਦਾ ਜਲ, ਜੰਗਲ, ਜ਼ਮੀਨ ਦੇਸੀ ਤੇ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ, ਜਦਕਿ ਇਸ ਦੇ ਖਿਲਾਫ਼ ਆਵਾਜ਼ ਉਠਾਉਣ ਵਾਲੇ ਆਦਿਵਾਸੀਆਂ, ਪੱਤਰਕਾਰਾਂ, ਜਮਹੂਰੀ ਲਹਿਰ ਦੇ ਆਗੂਆਂ ਨੂੰ ਝੂਠੇ ਪੁਲਿਸ ਕੇਸਾਂ ਕਾਰਨ ਜੇਲ੍ਹਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਦੇਸ਼ ਵਿੱਚ ਜਮਹੂਰੀ ਲਹਿਰ ਖਿਲਾਫ਼ ਇੱਕ ਵੱਡਾ ਹਮਲਾ ਮੋਦੀ ਸਰਕਾਰ ਵੱਲੋਂ ਵਿੱਢਿਆ ਹੋਇਆ ਹੈ। ਲੋਕਾਂ ਦੇ ਏਕੇ ਨੂੰ ਤੋੜਨ ਲਈ ਲਗਾਤਾਰ ਧਰਮ, ਬੋਲੀ ਤੇ ਜਾਤ ਆਧਾਰਿਤ ਦੰਗਿਆਂ ਨੂੰ ਹਵਾ ਦਿੱਤੀ ਜਾ ਰਹੀ ਹੈ, ਇਸੇ ਤਰ੍ਹਾਂ ਦੇਸ਼ ਦਾ ਨਿਆਂ ਤੰਤਰ ਅਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਵਿਰੋਧੀਆਂ ਨੂੰ ਕੁਚਲਣ ਅਤੇ ਆਪਣੇ ਹਿੰਦੂਤਵੀ ਫਾਸ਼ੀਵਾਦੀ ਅਜੰਡੇ ਨੂੰ ਅੱਗੇ ਵਧਾਉਣ ਲਈ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਇਸ ਹੱਲੇ ਦਾ ਜਵਾਬ ਏਕਤਾਬੱਧ ਕਮਿਊਨਿਸਟ ਲਹਿਰ ਖੜੀ ਕਰਕੇ ਦਿੱਤਾ ਜਾਵੇਗਾ। ਆਗੂਆਂ ਨੇ ਦੇਸ਼ ਵਿੱਚ ਇਸ ਹੱਲੇ ਖਿਲਾਫ ਰਾਜਨੀਤਿਕ ਅਤੇ ਸਿਧਾਂਤਕ ਲੜਾਈ ਤੇਜ਼ ਕਰਨ ਦਾ ਸੱਦਾ ਦਿੱਤਾ। ਅੱਜ ਦੀ ਇਸ ਕਨਵੈਂਸ਼ਨ ਨੂੰ ਘੁਮੰਡ ਸਿੰਘ ਉਗਰਾਹਾਂ, ਨਿਰਮਲ ਸਿੰਘ ਬਟੜਿਆਣਾ ਨੇ ਵੀ ਸੰਬੋਧਨ ਕੀਤਾ ਤੇ ਸਟੇਜ ਸਕੱਤਰ ਦੀ ਭੂਮਿਕਾ ਉੱਦਮ ਸਿੰਘ ਸੰਤੋਖਪੁਰਾ ਵੱਲੋਂ ਨਿਭਾਈ ਗਈ।

# ਬਿਜਲੀ ਕਾਮੇ 11 ਤੋਂ 13 ਤੱਕ ਕਰਨਗੇ ਸਮੂਹਿਕ ਛੁੱਟੀ

ਮੌੜ ਮੰਡੀ, 9 ਅਗਸਤ (ਭੋਲਾ ਸਿੰਘ ਮਾਨ): ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ ) ਡਵੀਜ਼ਨ ਮੌੜ ਦੀ ਮੀਟਿੰਗ ਡਵੀਜ਼ਨ ਪ੍ਰਧਾਨ ਬਲਰਾਜ ਸਿੰਘ ਬਾਜ਼ ਦੀ ਅਗਵਾਈ ਹੇਠ ਹੋਈ • ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਰਾਜ ਸਿੰਘ ਨੇ ਕਿਹਾ ਕਿ ਬਿਜਲੀ ਕਾਮਿਆਂ ਦੀਆ ਪ੍ਰਮੁੱਖ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਅਧਾਰਿਤ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ ਨੰ 24)ਪਾਵਰਕਾਮ/ ਟਰਾਂਸਕੋ ਪੈਨਸ਼ਨਰ ਯੂਨੀਅਨ ਏਕਤਾ ਪੰਜਾਬ, ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ (ਪਹਿਲਵਾਨ)ਪਾਵਰਕਾਮ ਅਤੇ ਟਰਾਸਕੋ ਦੇ ਆਗੂਆਂ ਦੀ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਮੀਟਿੰਗ ਮੁਹਾਲੀ ਵਿਖੇ 6 ਅਗਸਤ ਨੂੰ ਹੋਈ ਮੀਟਿੰਗ ਬੇਸਿੱਟਾ ਰਹੀ। ਪਾਵਰ ਮੈਨੇਜਮੈਂਟ ਨਾਲ ਜਥੇਬੰਦੀਆਂ ਦੀ ਹੋਈ ਬੈਠਕ ਦੀ ਲਗਾਤਾਰਤਾ ਫਿਰ ਦੁਬਾਰਾ 8 ਅਗਸਤ ਨੂੰ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆ ਮੰਨੀਆ ਹੋਈਆਂ ਮੰਗਾਂ ਲਾਗੂ ਕਰਨ ਸਬੰਧੀ ਗੱਲ ਹੋਈ • ਮੀਟਿੰਗ ਵਿੱਚ ਸੀਐਮਡੀ ਅਤੇ ਬਿਜਲੀ ਮੰਤਰੀ ਦਾ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਸਬੰਧੀ ਨਾਂਹ ਪੱਖੀ ਰਵੱਈਆ ਰਿਹਾ । ਇਸ ਕਰਕੇ ਬਿਜਲੀ ਮੁਲਾਜ਼ਮ 11 ਅਗਸਤ ਤੋਂ 13 ਅਗਸਤ ਤੱਕ ਸਮੂਹਿਕ ਛੁੱਟੀ ਭਰਕੇ ਸਮੁੱਚੇ ਪੰਜਾਬ ਦੇ ਬਿਜਲੀ ਦਫਤਰਾਂ ਸਾਹਮਣੇ ਰੋਸ ਪ੍ਰਦਰਸ਼ਨ ਕਰਦੇ ਹੋਏ ਮਜਬੂਰਨ ਅਦਾਰੇ ਦਾ ਸਮੁੱਚਾ ਕੰਮਕਾਜ ਠੱਪ ਕਰਨਗੇ ਅਤੇ 15 ਅਗਸਤ ਨੂੰ ਜ਼ਿਲ੍ਹਾ ਹੈੱਡ ਕੁਆਟਰਾਂ ਦੇ ਨੇੜਲੇ ਦਫਤਰਾਂ ਵਿੱਚ ਰੋਸ ਵਜੋਂ ਰੋਸ ਰੈਲੀ ਅਤੇ ਕਾਲੀਆਂ ਝੰਡੀਆਂ ਦਿਖਾ ਕੇ ਰੋਸ ਮਾਰਚ ਕੀਤਾ ਜਾਵੇਗਾ • ਇਸ ਦੀ ਨਿਰੋਲ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਦੀ ਹੋਵੇਗੀ । ਸਾਰੀਆਂ ਬਿਜਲੀ ਕਾਮਿਆਂ ਦੀਆ ਜਥੇਬੰਦੀਆਂ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਅਪੀਲ ਹੈ ਕੇ ਸਾਡੇ ਇਸ ਸੰਘਰਸ਼ ਵਿਚ ਸਾਡਾ ਸਾਥ ਦਿੱਤਾ ਜਾਵੇ। ਇਸ ਮੌਕੇ ਸ਼ਹਿਰੀ ਸਬ ਡਵੀਜ਼ਨ ਪ੍ਰਧਾਨ ਜਸਵੀਰ ਸਿੰਘ ਮੌੜ, ਸਕੱਤਰ ਮਨਿੰਦਰ ਸਿੰਘ ਕੱਲੋਂ,ਸਬ ਅਰਬ ਮੌੜ ਪ੍ਰਧਾਨ ਨਵਦੀਪ ਸਿੰਘ ਬਾਲਿਆਂਵਾਲੀ , ਸਬ ਡਵੀਜ਼ਨ ਤਲਵੰਡੀ ਸਾਬੋ ਪ੍ਰਧਾਨ ਹਰਵਿੰਦਰ ਸਿੰਘ, ਮਨਪ੍ਰੀਤ ਸਿੰਘ ਧਾਲੀਵਾਲ, ਗੁਰਬਾਜ ਸਿੰਘ, ਜਸਕਰਨ ਸਿੰਘ ਰੋਹੀ, ਲਖਵਿੰਦਰ ਸਿੰਘ,ਗੁਰਪ੍ਰੀਤ ਸਿੰਘ ਜੇਈ, ਦਰਸ਼ਨ ਖਾ, ਗੁਰਪ੍ਰੀਤ ਸਿੰਘ, ਜਲਵਿੰਦਰ ਸਿੰਘ,ਸਕੱਤਰ ਮਨਿੰਦਰ ਸਿੰਘ ਕੱਲੋਂ,ਸਬ ਅਰਬ ਮੌੜ ਪ੍ਰਧਾਨ ਨਵਦੀਪ ਸਿੰਘ ਬਾਲਿਆਂਵਾਲੀ , ਸਬ ਡਵੀਜ਼ਨ ਤਲਵੰਡੀ ਸਾਬੋ ਪ੍ਰਧਾਨ ਹਰਵਿੰਦਰ ਸਿੰਘ, ਮਨਪ੍ਰੀਤ ਸਿੰਘ ਧਾਲੀਵਾਲ, ਗੁਰਬਾਜ ਸਿੰਘ, ਜਸਕਰਨ ਸਿੰਘ ਰੋਹੀ, ਲਖਵਿੰਦਰ ਸਿੰਘ,ਗੁਰਪ੍ਰੀਤ ਸਿੰਘ ਜੇਈ, ਦਰਸ਼ਨ ਖਾ, ਗੁਰਪ੍ਰੀਤ ਸਿੰਘ, ਜਲਵਿੰਦਰ ਸਿੰਘ,ਪ੍ਰਦੀਪ ਸਿੰਘ, ਬਲਜਿੰਦਰ ਸਿੰਘ ਆਦਿ ਮੌਜੂਦ ਸਨ।

# ਘੱਗਰ ਦਰਿਆ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ

ਸੰਗਰੂਰ, 9 ਅਗਸਤ (ਹਰਕੰਵਲ ਸਿੰਘ ਹੈਪੀ): ਘੱਗਰ ਨਦੀ ਦੇ ਕੈਚਮੈਂਟ ਖੇਤਰ ਵਿੱਚ ਪਏ ਭਾਰੀ ਮੀਂਹ ਕਾਰਨ ਸੰਗਰੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੂਣਕ ਸਬ ਡਵੀਜ਼ਨ ਦੇ ਘੱਗਰ ਨੇੜੇ ਪੈਂਦੇ ਕੁਝ ਪਿੰਡਾਂ ਦੇ ਵਸਨੀਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਸਲਾਹਕਾਰੀ ਮੁਤਾਬਕ ਘੱਗਰ ਨੇੜਲੇ ਇਲਾਕਿਆਂ ਦੇ ਵਸਨੀਕ ਸੁਚੇਤ ਰਹਿਣ ਤੇ ਘੱਗਰ ਨੇੜੇ ਨਾ ਜਾਣ। ਇਹ ਸਲਾਹ ਸਥਾਨਕ ਲੋਕਾਂ ਨੂੰ ਸੁਚੇਤ ਕਰਨ ਲਈ ਹੀ ਜਾਰੀ ਕੀਤੀ ਗਈ ਹੈ। ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਅਮਿਤ ਬੈਂਬੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਕਿਸੇ ਵੀ ਅਣਸੁਖਾਵੀਂ ਸਥਿਤੀ ਦਾ ਮੁਕਾਬਲਾ ਕਰਨ ਲਈ ਸਾਰੇ ਪ੍ਰਬੰਧ ਕੀਤੇ ਹੋਏ ਹਨ। ਪਰ ਫਿਰ ਵੀ ਜੇਕਰ ਘੱਗਰ ਦੇ ਕਿਸੇ ਹਿੱਸੇ ਵਿੱਚ ਵੀ ਪਾੜ ਪੈਣ ਦੀ ਕੋਈ ਖ਼ਬਰ ਮਿਲਦੀ ਹੈ, ਤਾਂ ਤੁਰੰਤ ਪ੍ਰਸ਼ਾਸ਼ਨ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ। ਕਿਸੇ ਸੂਚਨਾ ਲਈ ਸਿੰਚਾਈ ਵਿਭਾਗ ਦੇ ਕੰਟਰੋਲ ਰੂਮ ਨੰਬਰ 9780295132 ਉੱਤੇ ਜਾਂ ਫਿਰ ਜ਼ਿਲ੍ਹਾ ਪ੍ਰਸ਼ਾਸਨ ਦੇ ਫਲੱਡ ਕੰਟਰੋਲ ਰੂਮ ਦੇ ਨੰਬਰ 01672-234196 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਤੀਆਂ ਠਸਕੇ ਦੀਆਂ' ਸੱਭਿਆਚਾਰਕ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ

ਖਨੌਰੀ, 9 ਅਗਸਤ (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਠਸਕਾ ਵਿੱਚ, ਤੀਆਂ ਠਸਕੇ ਦੀਆਂ, ਦੇ ਬੈਨਰ ਹੇਠਾਂ ਸੱਭਿਅਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪਿੱਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਬੀ ਪਹਿਰਾਵਿਆਂ ਨਾਲ ਸਜੀਆਂ ਬੱਚੀਆਂ ਅਤੇ ਬੀਬੀਆਂ ਨੇ ਬੋਲੀਆਂ ਤੇ ਗਿੱਧਾ, ਕੀਕਲੀ , ਪੀਂਘਾਂ ਝੂਟਣ ਨਾਲ ਨਚ ਗਾ ਕੇ ਖੂਬ ਰੰਗ ਬੰਨ੍ਹਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਮੈਡਮ ਸੀਮਾ ਗੋਇਲ ਪਤਨੀ ਕੈਬਨਿਟ ਮੰਤਰੀ ਬਰਿੰਦਰ ਗੋਇਲ ਨਾਲ ਪਿੰਡ ਦੀ ਸਰਪੰਚ ਕਰਮਜੀਤ ਕੌਰ ਵੱਲੋਂ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਐਸ.ਐਚ.ਓ. ਸ੍ਰ. ਹਰਮਿੰਦਰ ਸਿੰਘ ਜੀ ਅਤੇ ਐਡੀਸ਼ਨ ਐਸ.ਐਚ.ਓ. ਸ੍ਰ. ਚੰਨਾਂ ਸਿੰਘ ਨੇ ਪਿੰਡ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਮਾਜ ਵਿੱਚੋਂ ਅਲੋਪ ਹੁੰਦੇ ਜਾ ਰਹੇ ਅਜਿਹੇ ਪ੍ਰੋਗਰਾਮਾਂ ਪ੍ਰਤੀ ਬੱਚਿਆਂ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਆਏ ਮਹਿਮਾਨਾਂ ਨੂੰ ਪੰਚਾਇਤ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪਹੁੰਚੇ ਪਿੰਡ ਦੇ ਨੌਜਵਾਨ ਵੀਰਾਂ ਨਾਲ ਭੈਣਾਂ, ਮਾਤਾਵਾਂ, ਬੱਚਿਆਂ ਅਤੇ ਬਜ਼ੁਰਗਾਂ ਨੇ ਖੂਬ ਆਨੰਦ ਮਾਣਿਆ। । ਇਸ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਜਸਵੰਤ ਸਿੰਘ, ਡਾਕਟਰ ਸੁੱਖਵੀਰ ਸਿੰਘ, ਅਮਰਪਾਲ , ਮਾਟੀ, ਮਨਪ੍ਰੀਤ ਸਿੰਘ, ਆਂਗਣਵਾੜੀ ਵਰਕਰ ਬਿਰਪਾਲ ਕੌਰ, ਹੈਲਪਰ ਰਾਮਰਤੀ ਦੇਵੀ, ਆਦਿ ਨੇ ਦੱਸਿਆ ਕਿ ਅਲੋਪ ਹੁੰਦੇ ਜਾ ਰਹੇ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਲਈ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਤੀਆਂ ਠਸਕੇ ਦੀਆਂ ਕਰਵਾਇਆ ਗਿਆ ਹੈ। ਜੈ। ਸਮਾਜ ਸੇਵਕ ਰੀਸੀਪਾਲ ਸਿੰਘ, ਪੰਚ ਸ਼ਮਸੇਰ ਸਿੰਘ, ਪੰਚ ਫੂਲ ਕੁਮਾਰ, ਪੰਚ ਰਾਜਪਾਲਾਂ, ਪੰਚ ਜਸਵੀਰ ਕੌਰ, ਪੰਚ ਹਰਵਿੰਦਰ ਕੌਰ ਆਦਿ ਪਿੰਡ ਵਾਸੀਆਂ ਨੇ ਪ੍ਰੋਗਰਾਮ ਨੂੰ ਬਹੁਤ ਹੀ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਪ੍ਰਬੰਧਕਾਂ , ਨਗਰ ਨਿਵਾਸੀਆਂ ਨਾਲ ਮਾਤਾਵਾਂ, ਧੀਆਂ, ਭੈਣਾਂ, ਦਾ ਬਹੁਤ ਬਹੁਤ ਧੰਨਵਾਦ ਕੀਤਾ।

# ਭਾਰਤ ਵਿੱਚ ਸਿਰ.ਫ ਸਫਲਤਾ ਕਾ.ਫੀ ਨਹੀਂ, ਸਾਰਥਕਤਾ ਵੀ ਜ਼ਰੂਰੀ ਹੈ : ਅਤੁਲ ਜੋਗ ਰਾਸ਼ਟਰੀ ਸੰਗਠਨ



ਸੁਨਾਮ, 9 ਅਗਸਤ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਵਨਵਾਸੀ ਕਲਿਆਣ ਆਸ਼ਰਮ ਦੀ ਸੁਨਾਮ ਸ਼ਾਖਾ ਵੱਲੋਂ ਸਥਾਨਕ ਵਿਕਰਮ ਰੈਸਟੋਰੈਂਟ ਵਿੱਚ ਅਸੀਂ ਅਤੇ ਸਾਡਾ ਵਨਵਾਸੀ ਸਮਾਜ ਵਿਸ਼ੇ 'ਤੇ ਸੰਗੋਸ਼ਠੀ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਪ੍ਰਧਾਨਗੀ ਭਾਰਤ ਸ਼ੂ ਕੰਪਨੀ ਦੇ ਐਮ.ਡੀ. ਪ੍ਰਵੀਣ ਗਰਗ ਨੇ ਕੀਤੀ, ਜਦਕਿ ਅਖਿਲ ਭਾਰਤੀ ਵਨਵਾਸੀ ਕਲਿਆਣ ਆਸ਼ਰਮ ਦੇ ਰਾਸ਼ਟਰੀ ਸੰਗਠਨ ਮੰਤਰੀ ਅਤੁਲ ਜੋਗ ਮੁੱਖ ਮਹਿਮਾਨ ਵਜੋਂ ਹਾਜ਼ਿਰ ਰਹੇ। ਅਤੁਲ ਜੋਗ ਨੇ ਰੱਖੜੀ ਦੇ ਮੌਕੇ ਤੇ ਸ਼ੁਭਕਾਮਨਾਵਾਂ ਦਿੰਦਿਆਂ ਭਾਰਤ ਦੇ ਜਨਜਾਤੀ ਸਮਾਜ ਦੀ ਸਿੱਖਿਆ, ਸਿਹਤ, ਖੇਡਾਂ, ਸਮਾਜਿਕ ਉਤਥਾਨ ਅਤੇ ਚੁਣੌਤੀਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਨੇ ਕਿਹਾ ਕਿ 2011 ਦੀ ਜਨਗਣਨਾ ਅਨੁਸਾਰ ਭਾਰਤ ਵਿੱਚ 11 ਕਰੋੜ 48 ਲੱਖ ਜਨਜਾਤੀ ਆਬਾਦੀ ਹੈ। ਵਨਵਾਸੀ ਕਲਿਆਣ ਆਸ਼ਰਮ ਦੀ ਸਥਾਪਨਾ 1952 ਵਿੱਚ ਹੋਈ ਸੀ ਅਤੇ ਅੱਜ ਇਹ ਸਿੱਖਿਆ ਖੇਤਰ ਵਿੱਚ 150 ਸਕੂਲਾਂ, 6000 ਇਕਲ ਸਕੂਲਾਂ ਅਤੇ 1.20 ਲੱਖ ਵਿਦਿਆਰਥੀਆਂ ਦੇ ਨਾਲ ਕੰਮ ਕਾਰ ਰਿਹਾ ਜੋਂ 96% ਨਤੀਜੇ ਦੇ ਰਹੇ ਹਨ। ਇਹਨਾਂ ਵਿੱਚ ਕੋਈ ਵੀ ਸਕੂਲ ਸ਼ਹਿਰ ਵਿੱਚ ਨਹੀਂ ਹੈ ਅਤੇ ਅਧਿਆਪਕ ਬਿਨ੍ਹਾਂ ਸਰਕਾਰੀ ਤਨਖ਼ਾਹ ਦੇ ਇਮਾਨਦਾਰੀ ਨਾਲ ਪੜ੍ਹਾ ਰਹੇ ਹਨ। ਉਨ੍ਹਾਂ ਦੱਸਿਆ ਕਿ ਆਸ਼ਰਮ ਦੇ ਵਿਦਿਆਰਥੀਆਂ ਨੇ ਚੰਦਰਯਾਨ ਮਿਸ਼ਨ, ਆਈ.ਆਈ.ਟੀ. ਚੇਨਈ, ਫਾਰਮੇਸੀ ਗੋਲਡ ਮੈਡਲ ਵਰਗੀਆਂ ਉਪਲਬਧੀਆਂ ਹਾਸਲ ਕੀਤੀਆਂ ਹਨ। ਮਹਿਲਾ ਕਮਾਂਡੋ ਫੋਰਸ ਵਿੱਚ ਟੌਪਰ ਅਤੇ ਪੋਸਟਰ ਬਾਲਿਕਾ ਵੀ ਇੱਥੋਂ ਦੀ ਹੈ। ਸਿਹਤ ਖੇਤਰ ਵਿੱਚ 7000 ਕਰਮਚਾਰੀ ਕੰਮ ਕਰ ਰਹੇ ਹਨ ਅਤੇ 'ਅਨਾਮਿਕਾ ਪ੍ਰੋਜੈਕਟ' ਨੇ 5000 ਕੁਪੋਸ਼ਿਤ ਮਰੀਜ਼ਾਂ ਦਾ ਇੱਕ ਸਾਲ ਵਿੱਚ ਇਲਾਜ ਕਰਕੇ ਵਿਸ਼ੇਸ਼ ਪੁਰਸਕਾਰ ਹਾਸਲ ਕੀਤਾ। ਪ੍ਰੇਰਣਾਦਾਇਕ ਉਦਾਹਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਇੱਕ ਪਿੰਡ, ਜਿੱਥੇ ਪਹਿਲਾਂ ਪੀਣ ਵਾਲਾ ਪਾਣੀ ਨਹੀਂ ਸੀ, ਅੱਜ ਦੱਸ ਪਿੰਡਾਂ ਨੂੰ ਪਾਣੀ ਮੁਹੱਈਆ ਕਰਾ ਰਿਹਾ ਹੈ ਅਤੇ ਇਲਾਕੇ ਦਾ ਸਭ ਤੋਂ ਅਮੀਰ ਪਿੰਡ ਬਣ ਗਿਆ ਹੈ। ।ਮੰਚ ਸਾਂਭ ਪ੍ਰਿੰਸੀਪਲ ਅਮਿਤ ਡੋਗਰਾ ਨੇ ਕੀਤਾ। ਸਵਾਗਤ ਅਤੇ ਜਾਣ ਪਹਿਚਾਣ ਜ਼ਿਲ੍ਹਾ ਸਕੱਤਰ ਰਜਨੀਸ਼ ਕੁਮਾਰ ਕਾਲਾ ਨੇ ਅਤੇ ਪ੍ਰਸਤਾਵਨਾ ਮਹਿਲਾ ਵਿੰਗ ਪ੍ਰਮੁੱਖ ਸੀਮਾ ਮੋਦੀ ਨੇ ਰੱਖੀ । ਜਰਨਲ ਸਕੱਤਰ ਤਰੁਣ ਸਿੰਗਲਾ ਨੇ ਕਵਿਤਾ ਪੇਸ਼ ਕੀਤੀ। ਇਸ ਮੌਕੇ 'ਤੇ ਧਨੀ ਰਾਮ ਸਹਿ ਖੇਤਰੀ ਸੰਗਠਨ ਮੰਤਰੀ ਵਨਵਾਸੀ ਕਲਿਆਣ ਆਸ਼ਰਮ, ਕੈਲਾਸ਼ ਚੰਦ ਗਰਗ ਰਾਜ ਪ੍ਰਧਾਨ ਵਨਵਾਸੀ ਕਲਿਆਣ ਆਸ਼ਰਮ ਪੰਜਾਬ, ਅਸ਼ੋਕ ਗੁਪਤਾ, ਅੰਕੁਰ ਜਿੰਦਲ ਜ਼ਿਲ੍ਹਾ ਪ੍ਰਧਾਨ, ਮੰਗਤ ਰਾਮ ਜਿੰਦਲ ਸੁਨਾਮ ਪ੍ਰਧਾਨ, ਤਰੁਣ ਸਿੰਗਲਾ ਜਰਨਲ ਸਕੱਤਰ, ਰਜਨੀਸ਼ ਗਰਗ ਖਜ਼ਾਨਚੀ, ਅਮਰ ਨਾਥ ਕਾਂਸਲ, ਮੁਕੇਸ਼ ਕੁਮਾਰ, ਐਡਵੋਕੇਟ ਨਵੀਨ, ਰਾਜ ਕੁਮਾਰ ਗਰਗ, ਪ੍ਰਿੰਸਿਪਲ ਅਮਿਤ ਡੋਗਰਾ, ਜਨਕ ਰਾਜ, ਪ੍ਰਭਾਤ ਜਿੰਦਲ, ਮਦਨ ਲਾਲ ਕਾਂਸਲ, ਜਗਦੀਸ਼ ਰਾਇ, ਗੋਪਾਲ ਸ਼ਰਮਾ, ਪ੍ਰਿੰਸਿਪਲ ਰਾਜਿੰਦਰ ਕੁਮਾਰ, ਪਆਰਾ ਲਾਲ ਸ਼ਰਮਾ, ਮੋਨਿਕਾ ਜੈਨ, ਆਸ਼ਾ ਕਾਂਸਲ, ਰਜਨੀ ਗੋਇਲ, ਬਿੰਦੀਆ ਡੋਗਰਾ, ਮੁਕਤਾ ਗੋਇਲ, ਸ਼ਾਮ ਲਾਲ ਗੋਇਲ, ਨਵਦੀਪ ਕਾਂਸਲ, ਵਿਕਾਸ ਕੁਮਾਰ, ਤਰੁਣ ਬਾਂਸਲ, ਅਰੁਣ ਬਾਂਸਲ ਮੌਜੂਦ ਸਨ।

# ਜ਼ੋਨ ਪੱਧਰ ਦੀਆਂ ਖੇਡਾਂ 'ਚ ਸੰਤ ਕਬੀਰ ਸਕੂਲ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ



ਭੁੱਚੋ ਮੰਡੀ ਨਥਾਣਾ, 9 ਅਗਸਤ (ਹਰਬੰਸ ਸਿੰਘ ਭੋਲਾ): ਭੁੱਚੋ ਮੰਡੀ ਵਿੱਚ ਇਕ ਜੋਨ ਪੱਧਰੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਤਮਗੇ ਜਿੱਤ ਕੇ ਆਪਣੇ ਮਾਪਿਆਂ ਤੇ ਸਕੂਲ ਦਾ ਰੋਸ਼ਨ ਕੀਤਾ ਇਸ ਜਜ਼ੋਨ ਟੂਰਨਾਮੈਂਟ ਵਿੱਚ ਅੰਡਰ 14 , 17 ਅਤੇ 19 ਦੇ ਗਰੁੱਪਾਂ ਵਿੱਚ ਮੁਕਾਬਲੇ ਕਰਵਾਏ ਗਏ। ਇਨ੍ਹਾਂ ਸ਼ਾਨਦਾਰ ਨੀਤੀਜਿਆ ਵਿੱਚ ਲੜਕੀਆਂ ਨੇ ਬੈਡਮਿੰਟਨ ਵਿੱਚ "14 ਗੋਲਡ " 17ਬ੍ਰੋਨਸ ਸਕੇਟਿੰਗ ਵਿੱਚ ( ਲੜਕੀਆਂ) " 17 ਗੋਲਡ, ਬਾਸਕਟਬਾਲ ਲੜਕੇ "17 (ਲੜਕੇ) ਕੁਸ਼ਤੀ ਵਿੱਚ ਲੜਕੇ "19 ਵਾਲੀਬਾਲ ਵਿੱਚ ( ਲੜਕੇ) " 19 ਗੋਲਡ " 17 ਬ੍ਰੋਨਸ ਰੱਸਾਕਸ਼ੀ ਵਿੱਚ ਲੜਕੇ 14ਗੋਲਡ " 17 ਸਿਲਵਰ 19 ਕ੍ਰਿਕਟ ਵਿੱਚ ਲੜਕੇ "17 ਗੋਲਡ "14 ਸਿਲਵਰ ਅਤੇ ਬੈਡਮਿੰਟਨ ਵਿੱਚ ਲੜਕੇ " 17 ਗੋਲਡ " 14ਸਿਲਵਰ ' ਤੇ ਫੁਟਬਾਲ ਬਾਲ ਵਿੱਚ ਲੜਕੇ "17ਬ੍ਰੋਨਸ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਇਨ੍ਹਾਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਸ ਖੁਸ਼ੀ ਮੌਕੇ ਸਕੂਲ ਦੇ ਐੱਮ ਡੀ ਪ੍ਰੋਫੈਸਰ ਐੱਮ ,ਐੱਲ ਅਰੋੜਾ ਪ੍ਰਿੰਸੀਪਲ ਮੈਡਮ ਕੰਚਨ,ਵਾਈਸ ਪ੍ਰਿੰਸੀਪਲ ਕੁਲਵੰਤ ਕੌਰ ਨੇ ਸਕੂਲ ਕੋਚ ਸੰਦੀਪ ਸਿੰਘ, ਗੁਰਪ੍ਰੀਤ ਸਿੰਘ ਅਤੇ ਸਾਰੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਮਨੋਬਲ ਵਧਾਇਆ ਤੇ ਭਵਿੱਖ ਵਿੱਚ ਜ਼ਿਲ੍ਹਾ ਪੱਧਰ 'ਤੇ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਦੇਸ਼ ਭਗਤ ਯੂਨੀਵਰਸਿਟੀ ਨੇ ਜਾਗਰੂਕਤਾ ਮੁਹਿੰਮ ਤਹਿਤ ਮਨਾਇਆ ਵਿਸ਼ਵ ਬ੍ਰੈਸਟ ਫੀਡਿੰਗ ਹ.ਫਤਾ



ਮੰਡੀ ਗੋਬਿੰਦਗੜ੍ਹ, 9 ਅਗਸਤ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਸਕੂਲ ਆਫ ਨਰਸਿੰਗ ਵੱਲੋਂ 'ਛਾਤੀ ਦਾ ਦੁੱਧ ਪਿਲਾਉਣ ਨੂੰ ਤਰਜੀਹ ਦਿਓ-ਸਹਾਇਤਾ ਪ੍ਰਣਾਲੀਆਂ ਬਣਾਓ' ਗਲੋਬਲ ਥੀਮ ਤਹਿਤ ਵਿਸ਼ਵ ਬ੍ਰੈਸਟ ਫੀਡਿੰਗ ਹਫਤਾ ਮਨਾਇਆ ਗਿਆ। ਪ੍ਰੋਗਰਾਮ ਛਾਤੀ ਦਾ ਦੁੱਧ ਚੁੰਘਾਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਵਧਾਉਣ, ਸਿਹਤ ਸੰਭਾਲ ਤੇ ਭਾਈਚਾਰੇ ਦੋਵਾਂ ਵਿੱਚ ਮਾਵਾਂ ਅਤੇ ਬੱਚਿਆਂ ਲਈ ਸਹਾਇਕ ਵਾਤਾਵਰਣ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਸੀ। ਇਹ ਜਾਗਰੂਕਤਾ ਗਤੀਵਿਧੀਆਂ ਕਮਿਊਨਿਟੀ ਹੈਲਥ ਸੈਂਟਰ ਅਮਲੋਹ ਵਿਖੇ ਹੋਈਆਂ, ਜਿੱਥੇ ਨਰਸਿੰਗ ਦੇ ਵਿਦਿਆਰਥੀਆਂ ਅਤੇ ਫੈਕਲਟੀ ਨੇ ਲੋਕਾਂ ਨੂੰ ਸ਼ਾਮਲ ਕਰਨ ਲਈ ਸਿਹਤ ਭਾਸ਼ਣ, ਸਕਿੱਟ ਤੇ ਰੋਲ-ਪਲੇਅ ਪੇਸ਼ ਕੀਤੇ। ਇਨ੍ਹਾਂ ਸੈਸ਼ਨਾਂ ਵਿੱਚ ਵਿਸ਼ੇਸ਼ ਛਾਤੀ ਦਾ ਦੁੱਧ ਚੁੰਘਾਉਣ, ਸਹੀ ਤਕਨੀਕਾਂ ਅਤੇ ਮਾਵਾਂ ਦੀ ਸਹਾਇਤਾ ਵਿੱਚ ਪਰਿਵਾਰਾਂ ਤੇ ਸਿਹਤ ਸੰਭਾਲ ਕਰਮਚਾਰੀਆਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਗਿਆ। ਸਮਾਗਮ ਦੀ ਅਗਵਾਈ ਸਕੂਲ ਆਫ਼ ਨਰਸਿੰਗ ਦੀ ਪ੍ਰਿੰਸੀਪਲ ਡਾ. ਲਵਸੰਪੂਰਨਜੋਤ ਕੌਰ, ਡਿਪਟੀ ਡਾਇਰੈਕਟਰ ਡਾ. ਪ੍ਰਭਜੋਤ ਸਿੰਘ ਤੇ ਵਾਈਸ ਪ੍ਰਿੰਸੀਪਲ ਪ੍ਰੋ. ਸੁਖਵਿੰਦਰ ਕੌਰ ਨੇ ਕੀਤੀ। ਇਸ ਮੌਕੇ ਬੀ.ਐਸ.ਸੀ. ਨਰਸਿੰਗ (ਦੂਜਾ ਸਮੈਸਟਰ) ਅਤੇ ਜੀ.ਐਨ.ਐਮ. (ਪਹਿਲਾ ਸਾਲ) ਦੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ, ਛਾਤੀ ਦੇ ਦੁੱਧ ਦੇ ਪੋਸ਼ਣ ਮੁੱਲ, ਇਮਿਊਨਿਟੀ-ਨਿਰਮਾਣ, ਸ਼ੁਰੂਆਤੀ ਤੇ ਪਹਿਲੇ ਛੇ ਮਹੀਨਿਆਂ ਲਈ ਵਿਸ਼ੇਸ਼ ਛਾਤੀ ਦਾ ਦੁੱਧ ਚੁੰਘਾਉਣ ਦੀ ਮਹੱਤਤਾ ਵਰਗੇ ਮੁੱਖ ਵਿਸ਼ਿਆਂ 'ਤੇ ਚਰਚਾ ਕੀਤੀ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਇਸ ਪਹਿਲਕਦਮੀ ਤੇ ਫੈਕਲਟੀ ਤੇ ਵਿਦਿਆਰਥੀਆਂ ਦੇ ਸਮਰਪਣ ਦੀ ਸ਼ਲਾਘਾ ਕੀਤੀ। ਸਮਾਗਮ ਦਾ ਸੰਯੋਜਨ ਗੁਰਵਿੰਦਰ ਕੌਰ, ਸੰਦੀਪ ਕੌਰ ਤੇ ਰਮਨਜੀਤ ਕੌਰ ਨੇ ਕੀਤਾ ਜੋ ਕਿ ਮਾਂ ਅਤੇ ਬੱਚੇ ਦੀ ਸਿਹਤ ਤੱਕ ਪਹੁੰਚ ਪ੍ਰਤੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਡਾਕਟਰੀ ਲਾਪ੍ਰਵਾਹੀ ਦੀ ਹੱਦ

# ਨਿੱਜੀ ਹਸਪਤਾਲ ਨੇ ਨਵਜੰਮੇ ਬੱਚੇ ਨੂੰ ਦੋ ਵਾਰ ਐਲਾਨਿਆ ਮ੍ਰਿਤਕ, ਬਾਅਦ 'ਚ ਹੋਈ ਮੌਤ

ਲੁਧਿਆਣਾ, 9 ਅਗਸਤ (ਚ.ਨ.ਸ): ਲੁਧਿਆਣਾ ਦੇ ਟਿੱਬਾ ਇਲਾਕੇ ਵਿੱਚ ਸਥਿਤ ਇੱਕ ਨਿੱਜੀ ਹਸਪਤਾਲ ਦੀ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ, ਜਿੱਥੇ ਡਾਕਟਰਾਂ ਨੇ ਇੱਕ ਨਵਜੰਮੇ ਬੱਚੇ ਨੂੰ ਦੋ ਵਾਰ ਮ੍ਰਿਤਕ ਐਲਾਨ ਦਿੱਤਾ, ਪਰ ਦੋਵੇਂ ਵਾਰ ਪਰਿਵਾਰ ਨੇ ਉਸ ਨੂੰ ਜ਼ਿੰਦਾ ਪਾਇਆ। ਅਖੀਰ ਵਿੱਚ ਜਦੋਂ ਪਰਿਵਾਰ ਬੱਚੇ ਨੂੰ ਸਿਵਲ ਹਸਪਤਾਲ ਲੈ ਕੇ ਗਿਆ ਤਾਂ ਉੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੀੜਤ ਪਿਤਾ ਆਸ਼ੂ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਪਤਨੀ ਪਾਇਲ ਨੂੰ ਜਣੇਪੇ ਦੌਰਾਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਨਮ ਤੋਂ ਬਾਅਦ ਡਾਕਟਰ ਨੇ ਬੱਚੇ ਨੂੰ ਮ੍ਰਿਤਕ ਦੱਸਿਆ। ਪਰਿਵਾਰ ਜਦੋਂ ਉਸ ਨੂੰ ਦਫ਼ਨਾਉਣ ਦੀ ਤਿਆਰੀ ਕਰ ਰਿਹਾ ਸੀ ਤਾਂ ਬੱਚੇ ਨੂੰ ਸਾਹ ਲੈਂਦੇ ਦੇਖਿਆ ਗਿਆ। ਉਹ ਉਸਨੂੰ ਵਾਪਸ ਹਸਪਤਾਲ ਲੈ ਗਏ, ਜਿੱਥੇ ਡਾਕਟਰ ਨੇ ਦੁਬਾਰਾ ਉਸਨੂੰ ਮ੍ਰਿਤਕ ਐਲਾਨ ਦਿੱਤਾ। ਕੁਝ ਮਿੰਟਾਂ ਬਾਅਦ ਪਰਿਵਾਰ ਨੇ ਉਸਨੂੰ ਫਿਰ ਸਾਹ ਲੈਂਦੇ ਪਾਇਆ ਅਤੇ ਤੁਰੰਤ ਸਿਵਲ ਹਸਪਤਾਲ ਲੈ ਗਏ। ਉੱਥੇ ਡਾਕਟਰਾਂ ਨੇ ਉਸਨੂੰ ਜ਼ਿੰਦਾ ਹੋਣ ਦੀ ਪੁਸ਼ਟੀ ਕੀਤੀ, ਪਰ 40 ਮਿੰਟ ਦੇ ਇਲਾਜ ਤੋਂ ਬਾਅਦ ਬੱਚੇ ਨੇ ਦਮ ਤੋੜ ਦਿੱਤਾ। ਗੁੱਸੇ ਵਿੱਚ ਆਏ ਪਰਿਵਾਰ ਨੇ ਹਸਪਤਾਲ ਵਿੱਚ ਹੰਗਾਮਾ ਕੀਤਾ। ਟਿੱਬਾ ਪੁਲਿਸ ਸਟੇਸ਼ਨ ਦੇ ਸਬ-ਇੰਸਪੈਕਟਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਲਾਪਰਵਾਹੀ ਸਾਬਤ ਹੋਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈਕੋਰਟ ਦੇ ਜੱਜ ਪ੍ਰਸ਼ਾਂਤ ਕੁਮਾਰ ਵਿਰੁੱਧ ਆਪਣੀਆਂ ਟਿੱਪਣੀਆਂ ਨੂੰ ਹਟਾਇਆ

ਨਵੀਂ ਦਿੱਲੀ, 9 ਅਗਸਤ (ਚ.ਨ.ਸ.): ਸੁਪਰੀਮ ਕੋਰਟ ਨੇ ਸ਼ੁੱਕਰਵਾਰ 8 ਅਗਸਤ ਨੂੰ ਇਲਾਹਾਬਾਦ ਹਾਈਕੋਰਟ ਦੇ ਜੱਜ ਪ੍ਰਸ਼ਾਂਤ ਕੁਮਾਰ ਵਿਰੁੱਧ ਆਪਣੀਆਂ ਟਿੱਪਣੀਆਂ ਨੂੰ ਹਟਾ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਸਿਵਲ ਵਿਵਾਦ ਮਾਮਲੇ ਵਿੱਚ ਅਪਰਾਧਿਕ ਕਾਰਵਾਈ ਦੀ ਆਗਿਆ ਦੇਣ ਲਈ ਉਨ੍ਹਾਂ ਦੀ ਆਲੋਚਨਾ ਕੀਤੀ ਸੀ। ਅਦਾਲਤ ਨੇ ਕਿਹਾ ਕਿ ਇਸਦਾ ਇਰਾਦਾ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਜਾਂ ਉਨ੍ਹਾਂ 'ਤੇ ਦੋਸ਼ ਲਗਾਉਣ ਦਾ ਨਹੀਂ ਸੀ। ਜਸਟਿਸ ਜੇ.ਬੀ. ਪਾਰਦੀਵਾਲਾ ਤੇ ਆਰ. ਮਹਾਦੇਵਨ ਦੇ ਬੈਂਚ ਨੇ ਦੁਹਰਾਇਆ ਕਿ ਇਹ ਟਿੱਪਣੀਆਂ ਨਿਆਂਪਾਲਿਕਾ ਦੀ ਸ਼ਾਨ ਬਣਾਈ ਰੱਖਣ ਲਈ ਕੀਤੀਆਂ ਗਈਆਂ ਸਨ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਚੀਫ਼ ਜਸਟਿਸ ਬੀ.ਆਰ. ਗਵਈ ਦੁਆਰਾ ਮਾਮਲੇ 'ਤੇ ਮੁੜ ਵਿਚਾਰ ਕਰਨ ਦੀ ਬੇਨਤੀ ਕਰਨ ਤੋਂ ਬਾਅਦ ਟਿੱਪਣੀਆਂ ਹਟਾ ਰਹੇ ਹਨ। ਸੁਪਰੀਮ ਕੋਰਟ ਨੇ ਇਹ ਸਵੀਕਾਰ ਕਰਦੇ ਹੋਏ ਕਿ ਹਾਈਕੋਰਟ ਦੇ ਚੀਫ਼ ਜਸਟਿਸ ਰੋਸਟਰ ਦੇ ਮਾਲਕ ਹਨ, ਮਾਮਲੇ ਦਾ ਫੈਸਲਾ ਕਰਨ ਲਈ ਉਨ੍ਹਾਂ 'ਤੇ ਛੱਡ ਦਿੱਤਾ। ਆਪਣੇ ਬੇਮਿਸਾਲ ਹੁਕਮ ਵਿੱਚ ਜਸਟਿਸ ਪਾਰਦੀਵਾਲਾ ਅਤੇ ਮਹਾਦੇਵਨ ਦੇ ਬੈਂਚ ਨੇ 4 ਅਗਸਤ ਨੂੰ ਇਲਾਹਾਬਾਦ ਹਾਈ ਕੋਰਟ ਦੇ ਜੱਜ ਦੇ ਅਪਰਾਧਿਕ ਮਾਮਲਿਆਂ ਦੇ ਰੋਸਟਰ ਨੂੰ ਜਦੋਂ ਤੱਕ ਉਹ ਅਹੁਦਾ ਨਹੀਂ ਛੱਡਦੇ ਹਟਾ ਦਿੱਤਾ ਕਿਉਂਕਿ ਉਨ੍ਹਾਂ ਨੇ ਇੱਕ ਸਿਵਲ ਵਿਵਾਦ ਵਿੱਚ ਅਪਰਾਧਿਕ ਸੁਭਾਅ ਦੇ ਸੰਮਨਾਂ ਨੂੰ ਗਲਤੀ ਨਾਲ ਬਰਕਰਾਰ ਰੱਖਿਆ ਸੀ। ਹਾਈਕੋਰਟ ਦੇ ਜੱਜਾਂ ਨੇ ਵਿਰੋਧ ਪ੍ਰਗਟ ਕਰਨ ਲਈ ਲਿਖਿਆ ਪੱਤਰ: ਇਲਾਹਾਬਾਦ ਹਾਈ ਕੋਰਟ ਦੇ ਜੱਜਾਂ ਦੇ ਇੱਕ ਸਮੂਹ ਨੇ ਚੀਫ਼ ਜਸਟਿਸ ਅਰੁਣ ਭਸਾਲੀ ਨੂੰ ਇੱਕ ਪੱਤਰ ਲਿਖ ਕੇ ਜਸਟਿਸ ਪ੍ਰਸ਼ਾਂਤ ਕੁਮਾਰ ਨੂੰ ਅਪਰਾਧਿਕ ਰੋਸਟਰ ਤੋਂ ਹਟਾਉਣ ਦੇ ਸੁਪਰੀਮ ਕੋਰਟ ਦੇ ਹੁਕਮ ਦੇ ਜਵਾਬ ਵਿੱਚ ਅਦਾਲਤ ਦੀ ਮੀਟਿੰਗ ਬੁਲਾਉਣ ਦੀ ਬੇਨਤੀ ਕੀਤੀ ਸੀ। ਜਸਟਿਸ ਅਰਿੰਦਮ ਸਿਨਹਾ ਨੇ 4 ਅਗਸਤ ਨੂੰ ਦਿੱਤੇ ਗਏ ਸੁਪਰੀਮ ਕੋਰਟ ਦੇ ਹੁਕਮ 'ਤੇ ਆਪਣੀ ਨਰਾਜ਼ਗੀ ਜ਼ਾਹਰ ਕਰਦੇ ਹੋਏ ਇੱਕ ਪੱਤਰ ਲਿਖਿਆ ਸੀ ਅਤੇ ਇਸ ਪੱਤਰ 'ਤੇ 7 ਜੱਜਾਂ ਨੇ ਦਸਤਖਤ ਕੀਤੇ ਹਨ। ਤੁਹਾਨੂੰ ਦੱਸ ਦੇਈਏ ਕਿ ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿੱਚ ਜਸਟਿਸ ਪ੍ਰਸ਼ਾਂਤ ਕੁਮਾਰ ਦੀਆਂ ਨਿਆਂਇਕ ਦਲੀਲਾਂ 'ਤੇ ਸਖ਼ਤ ਟਿੱਪਣੀਆਂ ਕੀਤੀਆਂ ਸਨ ਅਤੇ ਹਾਈ ਕੋਰਟ ਪ੍ਰਸ਼ਾਸਨ ਨੂੰ ਉਨ੍ਹਾਂ ਨੂੰ ਅਪਰਾਧਿਕ ਮਾਮਲਿਆਂ ਦੀ ਸੂਚੀ ਤੋਂ ਹਟਾਉਣ ਦਾ ਨਿਰਦੇਸ਼ ਦਿੱਤਾ ਸੀ। ਨਾਲ ਹੀ, ਉਨ੍ਹਾਂ ਨੂੰ ਸੇਵਾਮੁਕਤੀ ਤੱਕ ਇੱਕ ਸੀਨੀਅਰ ਜੱਜ ਵਾਲੀ ਬੈਂਚ ਵਿੱਚ ਨਿਯੁਕਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

# ਮੇਨ ਬਜ਼ਾਰ, ਸਕੂਲ ਸਾਹਮਣੇ ਪੰਜ ਦਿਨ ਤੋਂ ਮਰਿਆ ਕੁੱਤਾ ਨਹੀਂ ਸੀ ਚੁੱਕਿਆ



ਭੋਗਪੁਰ, 9 ਅਗਸਤ (ਅਮਰਜੀਤ ਸਿੰਘ ਸੈਣੀ ਜੰਡੀਰ): ਭੋਗਪੁਰ ਹਾਈਵੇ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਮਣੇ ਪਿਛਲੇ ਪੰਜ ਦਿਨ ਤੋਂ ਮਰਿਆ ਕੁੱਤਾ ਪਿਆ ਰਿਹਾ, ਕਿਸੇ ਨੂੰ ਦਿਖਾਈ ਨਹੀਂ ਦਿੱਤਾ। ਬਜ਼ਾਰ ਵਿੱਚ ਬਦਬੂ ਫੈਲਣ ਲੱਗੀ। ਪੱਤਰਕਾਰਾਂ ਨੂੰ ਸੁਨੇਹਾ ਮਿਲਣ 'ਤੇ ਪੰਜ ਦਿਨਾਂ ਬਾਅਦ ਤਸਵੀਰਾਂ ਲਈਆਂ ਗਈਆਂ ਤਾਂ ਅੱਜ ਪੰਜ ਦਿਨ ਬਾਅਦ ਕੁੱਤਾ ਚੁਕਵਾ ਦਿੱਤਾ ਗਿਆ। ਸੋਚਣ ਵਾਲੀ ਗੱਲ ਤਾਂ ਇਹ ਹੈ ਕੀ ਕਿਸੇ ਵੀ ਜ਼ਿੰਮੇਵਾਰ ਅਧਿਕਾਰੀ ਦਾ ਫਰਜ਼ ਨਹੀਂ ਸੀ ਬਣਦਾ। ਪੰਜ ਦਿਨ ਤੱਕ ਮਰਿਆ ਕੁੱਤਾ ਮੇਨ ਬਜ਼ਾਰ ਵਿੱਚ ਪਿਆ ਰਿਹਾ, ਇਸ ਤਰ੍ਹਾਂ ਜਾਪਦਾ ਹੈ ਕਿ ਅਧਿਕਾਰੀਆਂ ਦੀ ਭੋਗਪੁਰ ਦੀ ਟਰੈਫਿਕ ਅਤੇ ਗੰਦਗੀ ਨੇ ਮੱਤ ਮਾਰੀ ਰੱਖੀ ਹੋਈ ਹੈ। ਸਭ ਪਝਲ ਗਏ ਹਨ, ਨਾ ਤਾਂ ਸ਼ਹਿਰ ਵਿੱਚੋਂ ਗੰਦਗੀ ਚੁਕਾਈ ਜਾ ਰਹੀ ਹੈ ਤੇ ਨਾ ਟਰੈਫਿਕ ਦਾ ਮਸਲਾ ਹੱਲ ਕੀਤਾ ਜਾ ਰਿਹਾ ਹੈ। ਲੋਕ ਬਿਲਕ ਰਹੇ ਹਨ। ਇਸ ਸਬੰਧੀ ਅੱਜ ਜਾਣਕਾਰੀ ਦਿੰਦੇ ਹੋਏ ਸਮਾਜਿਕ ਸੇਵਕ ਸੰਧੂ ਸਾਹਿਬ ਨੇ ਦੱਸਿਆ ਕੇ ਪਿਛਲੇ ਪੰਜ ਦਿਨ ਤੋਂ ਮਰਿਆ ਕੁੱਤਾ ਭੋਗਪੁਰ ਦੇ ਮੇਨ ਬਾਜ਼ਾਰ ਸਕੂਲ ਸਾਹਮਣੇ ਪਿਆ ਹੈ ਪਰ ਕਿਸੇ ਵੀ ਅਧਿਕਾਰੀ ਨੇ ਧਿਆਨ ਨਹੀਂ ਦਿੱਤਾ ਤੇ ਵਾਰ ਵਾਰ ਕਹਿਣ 'ਤੇ ਵੀ ਨਹੀਂ ਉਠਾਇਆ ਗਿਆ। ਅੱਜ ਜਦੋਂ ਪੱਤਰਕਾਰਾਂ ਵੱਲੋਂ ਤਸਵੀਰਾਂ ਲਈਆਂ ਗਈਆਂ ਤੇ ਤਸਵੀਰਾਂ ਖਿੱਚਣ 'ਤੇ ਉਠਾਇਆ ਗਿਆ। ਲੋਕਾਂ ਦੀ ਪ੍ਰਸ਼ਾਸਨ ਕੋਲ ਮੰਗ ਹੈ ਕਿ ਭੋਗਪੁਰ ਇਲਾਕੇ ਵੱਲ ਧਿਆਨ ਦਿੱਤਾ ਜਾਵੇ ਸ਼ਹਿਰ ਵਿੱਚ ਗੰਦਗੀ ਤੇ ਟਰੈਫਿਕ ਦੇ ਕਾਰਨ ਸ਼ਹਿਰ ਦੀ ਨਹੀਂ ਪੂਰੇ ਹਲਕੇ ਆਦਮਪੁਰ ਦੀ ਬਦਨਾਮੀ ਹੋ ਰਹੀ ਹੈ।

# ਵਪਾਰਕ ਮੁੱਦਿਆਂ ਨੂੰ ਲੈ ਕੇ ਅਮਰੀਕਾ ਨਾਲ ਵੱਧਦੇ ਤਣਾਅ ਦੇ ਵਿਚਕਾਰ ਕੇਂਦਰ ਚੀਨ ਨਾਲ ਆਪਣੇ ਦੁਵੱਲੇ ਸਬੰਧਾਂ ਨੂੰ ਲੈ ਕੇ ਚੌਕਸ

ਚੀਨ, 9 ਅਗਸਤ (ਚ.ਨ.ਸ.): ਵਪਾਰ ਮੁੱਦਿਆਂ ਨੂੰ ਲੈ ਕੇ ਅਮਰੀਕਾ ਨਾਲ ਵਧਦੇ ਤਣਾਅ ਦੇ ਵਿਚਕਾਰ ਮੋਦੀ ਸਰਕਾਰ ਚੀਨ ਨਾਲ ਆਪਣੇ ਦੁਵੱਲੇ ਸਬੰਧਾਂ ਨੂੰ ਲੈ ਕੇ ਬਹੁਤ ਚੌਕਸ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਚੀਨ ਨੇ ਅਰੁਣਾਚਲ ਪ੍ਰਦੇਸ਼ ਦੇ ਨੇੜੇ ਬ੍ਰਹਮਪੁੱਤਰ ਨਦੀ 'ਤੇ ਇਕ ਵਿਸ਼ਾਲ ਪਣ-ਬਿਜਲੀ ਪ੍ਰਾਜੈਕਟ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ, ਤਾਂ ਸਰਕਾਰ ਚੌਕਸ ਹੋ ਗਈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਕਿ ਸਰਕਾਰ ਨੇ ਤਿੱਬਤ ਵਿਚ ਯਾਰਲੁੰਗ ਤਸਾਂਗਪੋ (ਬ੍ਰਹਮਪੁੱਤਰ ਨਦੀ ਦੇ ਉੱਪਰਲੇ ਹਿੱਸੇ) ਦੇ ਹੇਠਲੇ ਹਿੱਸੇ 'ਤੇ ਚੀਨ ਵੱਲੋਂ ਇਕ ਵਿਸ਼ਾਲ ਡੈਮ ਪ੍ਰਾਜੈਕਟ ਦੀ ਉਸਾਰੀ ਸ਼ੁਰੂ ਕਰਨ ਦੀਆਂ ਖ਼ਬਰਾਂ 'ਤੇ ਧਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦਾ ਐਲਾਨ ਸਭ ਤੋਂ ਪਹਿਲਾਂ 1986 ਵਿਚ ਕੀਤਾ ਗਿਆ ਸੀ ਅਤੇ ਉਦੋਂ ਤੋਂ ਚੀਨ ਵਿਚ ਤਿਆਰੀਆਂ ਚੱਲ ਰਹੀਆਂ ਹਨ। ਸਰਕਾਰ ਸਾਰੇ ਘਟਨਾਕ੍ਰਮਾਂ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਕਦਮ ਚੁੱਕ ਰਹੀ ਹੈ, ਜਿਸ ਵਿਚ ਹੇਠਲੇ ਖੇਤਰਾਂ ਵਿਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਦੇ ਜੀਵਨ ਅਤੇ ਰੋਜ਼ੀ-ਰੋਟੀ ਦੀ ਰੱਖਿਆ ਲਈ ਰੋਕਥਾਮ ਅਤੇ ਸੁਧਾਰ ਸਬੰਧੀ ਉਪਾਅ ਵੀ ਸ਼ਾਮਲ ਹਨ। ਮੋਦੀ ਸਰਕਾਰ ਨੇ ਕਿਹਾ ਕਿ ਸਰਹੱਦ ਪਾਰ ਦੀਆਂ ਨਦੀਆਂ ਦੇ ਪਾਣੀ 'ਤੇ ਚੰਗੀ ਤਰ੍ਹਾਂ ਸਥਾਪਤ ਉਪਭੋਗਤਾ ਅਧਿਕਾਰਾਂ ਵਾਲੇ ਇਕ ਹੇਠਲੇ ਸਮੁੰਦਰੀ ਕੰਢੇ 'ਤੇ ਵਸੇ ਦੇਸ਼ ਦੇ ਰੂਪ ਵਿਚ ਸਰਕਾਰ ਨੇ ਲਗਾਤਾਰ ਚੀਨੀ ਅਧਿਕਾਰੀਆਂ ਨੂੰ ਆਪਣੇ ਵਿਚਾਰ ਅਤੇ ਚਿੰਤਾਵਾਂ ਤੋਂ ਜਾਣੂ ਕਰਵਾਇਆ ਹੈ, ਜਿਸ ਵਿਚ ਪਾਰਦਰਸ਼ਤਾ ਅਤੇ ਹੇਠਲੇ ਦੇਸ਼ਾਂ ਨਾਲ ਸਲਾਹ-ਮਸ਼ਵਰੇ ਦੀ ਲੋੜ ਵੀ ਸ਼ਾਮਲ ਹੈ ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ ਕਿ ਉੱਪਰਲੇ ਖੇਤਰਾਂ ਵਿਚ ਕੋਈ ਵੀ ਗਤੀਵਿਧੀ ਹੇਠਲੇ ਦੇਸ਼ਾਂ ਦੇ ਹਿੱਤਾਂ ਨੂੰ ਨੁਕਸਾਨ ਨਾ ਪਹੁੰਚਾਏ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਸਰਹੱਦ ਪਾਰ ਦੇ ਦਰਿਆਵਾਂ 'ਤੇ ਸਹਿਯੋਗ ਦੀ ਲੋੜ ਵਿਚਾਲੇ, ਜਿਸ ਵਿਚ ਚੀਨੀ ਪੱਖ ਵੱਲੋਂ ਹਾਈਡ੍ਰੋਲੋਜੀਕਲ ਡਾਟਾ ਦੀ ਵਿਵਸਥਾ ਨੂੰ ਮੁੜ ਸ਼ੁਰੂ ਕਰਨਾ ਵੀ ਸ਼ਾਮਲ ਹੈ, ਨੂੰ ਸਰਕਾਰ ਨੇ ਇਸ ਨਾਲ ਦੁਵੱਲੀ ਗੱਲਬਾਤ ਵਿਚ ਉਠਾਇਆ ਹੈ, ਜਿਸ ਵਿਚ ਸ਼ੰਘਾਈ ਸਹਿਯੋਗ ਸੰਗਠਨ (ਐੱਸ. ਸੀ. ਓ.) ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵੀ ਸ਼ਾਮਲ ਹੈ ਜੋ 14-16 ਜੁਲਾਈ ਨੂੰ ਚੀਨ ਵਿਚ ਹੋਈ ਸੀ। ਹਾਲਾਂਕਿ, ਸਰਕਾਰ ਇਸ ਸਬੰਧੀ ਸਦਨ ਨੂੰ ਚੀਨੀ ਪ੍ਰਤੀਕਿਰਿਆ ਤੋਂ ਜਾਣੂ ਨਹੀਂ ਕਰਵਾ ਰਹੀ ਹੈ।

# ਡੇਂਗੂ ਤੋਂ ਬਚਾਅ ਲਈ ਪਾਣੀ ਖੜ੍ਹਾ ਹੋਣ ਦੇ ਸਰੋਤਾਂ ਨੂੰ ਖਾਲੀ ਕਰਨਾ ਜ਼ਰੂਰੀ: ਸਿਵਲ ਸਰਜਨ



ਫਤਿਹਗੜ੍ਹ ਸਾਹਿਬ, 9 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਤੇ ਸਿਹਤ ਡਾਇਰੈਕਟਰ ਡਾ ਹਿਤਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਸਿਹਤ ਵਿਭਾਗ ਦੇ ਨੋਡਲ/ਪ੍ਰੋਗਰਾਮ ਅਫਸਰਾਂ ਵੱਲੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਪੈਂਦੀਆਂ ਸਾਰੀਆਂ ਨਰਸਰੀਆਂ ਤੇ ਸਰਕਾਰੀ ਅਧੀਨ ਬਿਲਡਿੰਗਾਂ ਦੀ ਮੱਛਰ ਦੇ ਲਾਰਵੇ ਸਬੰਧੀ ਚੈਕਿੰਗ ਕੀਤੀ ਗਈ। ਇਸ ਚੈਕਿੰਗ ਤਹਿਤ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਜੇਸ਼ ਕੁਮਾਰ ਵੱਲੋਂ ਫਲਾਵਰ ਨਰਸਰੀ ਨੇੜੇ ਯਾਦਗਾਰੀ ਗੇਟ, ਜ਼ਿਲ੍ਹਾ ਸਿਹਤ ਅਫਸਰ ਡਾ. ਅਮਨਦੀਪ ਸਿੰਘ ਵੱਲੋਂ ਬ੍ਰਾਹਮਣ ਮਾਜਰਾ ਨਰਸਰੀ, ਜ਼ਿਲ੍ਹਾ ਡੈਂਟਲ ਸਿਹਤ ਅਫਸਰ ਡਾ. ਪਾਰੁਲ ਗੁਪਤਾ ਵੱਲੋਂ ਬਰਿਸਟਾ ਤੇ ਚਾਏ ਸੂਟਾ ਬਾਰ ਨੇੜੇ ਨਰਸਰੀਆਂ, ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਪ੍ਰਭਜੋਤ ਕੌਰ ਵੱਲੋਂ ਬਸੀ ਰੋਡ, ਸਰਹਿੰਦ, ਡਾ. ਸੰਘਨ ਅਤਰੀ (ਆਈਡੀਐਸਪੀ) ਤੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਆਪੋ ਆਪਣੇ ਖੇਤਰ ਵਿੱਚ ਮੱਛਰ ਦੇ ਲਾਰਵੇ ਤੇ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਗਈਆਂ। ਸ਼ਹਿਰੀ ਖੇਤਰ ਵਿੱਚ ਲਾਰਵਾ ਮਿਲਣ ਵਾਲੀਆਂ ਥਾਵਾਂ 'ਤੇ ਨਗਰ ਪਾਲਕਾ ਦੇ ਸਹਿਯੋਗ ਨਾਲ ਚਲਾਨ ਕੀਤੇ ਗਏ। ਡਾ. ਦਵਿੰਦਰਜੀਤ ਕੌਰ ਵੱਲੋਂ ਬਸੀ ਰੋਡ ਸਰਹਿੰਦ ਵਿਚਲੀਆਂ ਨਰਸਰੀਆਂ ਦੀ ਚੈਕਿੰਗ ਕੀਤੀ ਗਈਤਤ। ਉਨ੍ਹਾਂ ਨਰਸਰੀ ਵਿੱਚ ਕੰਮ ਕਰਦੇ ਵਿਅਕਤੀਆਂ ਨੂੰ ਗਮਲੇ ਤੇ ਪਾਣੀ ਖੜੇ ਹੋਣ ਵਾਲੇ ਸਰੋਤਾਂ ਨੂੰ ਖਾਲੀ ਰੱਖਣ ਲਈ ਕਿਹਾ।

# ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਤਿੰਨ ਮਹੀਨੇ ਦਾ ਕੋਰਸ ਸ.ਫਲਤਾਪੂਰਵਕ ਸੰਪੰਨ



ਫ਼ਤਹਿਗੜ੍ਹ ਸਾਹਿਬ, 9 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਕੁੱਲ 40 ਵਿਦਿਆਰਥੀਆਂ ਵੱਲੋਂ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਬੰਗਲੌਰ (ਆਈ.ਆਈ.ਐਮ.ਬੀ.) ਦੁਆਰਾ ਮਾਰਕਿਟਿੰਗ ਮੈਨੇਜਮੈਂਟ ਵਿਸ਼ੇ 'ਤੇ ਕਰਵਾਏ ਜਾਣ ਵਾਲੇ ਤਿੰਨ ਮਹੀਨੇ ਦੇ ਸਵਯਮ ਕੋਰਸ ਨੂੰ ਸ.ਫਲਤਾਪੂਰਵਕ ਸੰਪੰਨ ਕੀਤਾ ਗਿਆ। ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਖਪਤਕਾਰ ਵਿਵਹਾਰ, ਮਾਰਕਿਟ ਸੈਗਮੈਂਟੇਸ਼ਨ, ਟਾਰਗੇਟਿੰਗ ਤੇ ਪੋਜੀਸ਼ਨਿੰਗ, ਬ੍ਰਾਂਡਿੰਗ, ਕੀਮਤ ਦੀਆਂ ਰਣਨੀਤੀਆਂ, ਪ੍ਰੋਡਕਟ ਲਾਈਫ਼ ਸਾਈਕਲ ਤੇ ਡਿਜੀਟਲ ਮਾਰਕੀਟਿੰਗ ਰੁਝਾਨਾਂ ਸਮੇਤ ਮਾਰਕੀਟਿੰਗ ਵਿਸ਼ਿਆਂ ਦੀ ਵਿਸ਼ਾਲ ਸ਼੍ਰੇਣੀ ਸਬੰਧੀ ਜਾਣਕਾਰੀ ਪ੍ਰਦਾਨ ਕਰਨਾ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਹ ਕੋਰਸ ਵਿਦਿਆਰਥੀਆਂ ਦੇ ਵਿੱਦਿਅਕ ਤੇ ਵਿਹਾਰਕ ਗਿਆਨ ਵਧਾਉਣ ਵਿਚ ਸਹਾਈ ਸਿੱਧ ਹੁੰਦੇ ਹਨ। ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਮੁਖੀ ਡਾ. ਕਮਲਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਕੋਰਸ ਪੂਰਾ ਹੋਣ 'ਤੇ ਵਧਾਈ ਦਿੱਤੀ। ਇਸ ਮੌਕੇ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਡਾ. ਸ਼ਿਵਾਨੀ, ਡਾ. ਰਤਨੇਸ਼ਪਾਲ ਸਿੰਘ, ਡਾ. ਸੌਰਵ ਸ਼ਰਮਾ ਤੇ ਡਾ. ਮਨਪ੍ਰੀਤ ਕੌਰ ਵੀ ਹਾਜ਼ਰ ਸਨ।

# ਪਾਰਟੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ 23 ਨੂੰ ਹੋਵੇਗਾ ਲਾ-ਮਿਸਾਲ ਜਨਤਕ ਇਕੱਠ: ਸਰਬਜੋਤ ਸਾਬੀ

ਮੁਕੇਰੀਆਂ, 9 ਅਗਸਤ (ਧਰਮ ਚੰਦ): 23 ਅਗਸਤ ਨੂੰ ਮੁਕੇਰੀਆਂ ਵਿੱਚ ਹੋਣ ਵਾਲਾ ਕਾਂਗਰਸ ਦਾ ਜਨਤਕ ਇਕੱਠ ਪਾਰਟੀ ਨੂੰ ਜਿੱਥੇ ਹਲਕੇ ਵਿੱਚ ਹੋਰ ਮਜ਼ਬੂਤੀ ਪ੍ਰਦਾਨ ਕਰੇਗਾ, ਉੱਥੇ ਹੀ ਵੱਡੀ ਗਿਣਤੀ ਵਿੱਚ ਹਲਕੇ ਦੇ ਲੋਕ ਕਾਂਗਰਸ ਵਿੱਚ ਸ਼ਮੂਲੀਅਤ ਕਰਨਗੇ। ਇਹ ਪ੍ਰਗਟਾਵਾ ਕਾਂਗਰਸੀ ਆਗੂ ਸਰਬਜੋਤ ਸਿੰਘ ਸਾਬੀ ਵੱਲੋਂ ਕਰਦੇ ਹੋਏ ਦੱਸਿਆ ਗਿਆ ਕਿ ਇਹ ਜਨਤਕ ਇਕੱਠ 23 ਅਗਸਤ ਨੂੰ ਸਵੇਰੇ 10 ਵਜੇ ਮੁਕੇਰੀਆਂ ਦੇ ਆਰ.ਸੀ. ਪੈਲੇਸ ਵਿੱਚ ਹੋਵੇਗਾ, ਜਿਸ ਵਿੱਚ ਕਾਂਗਰਸ ਪਾਰਟੀ ਦੀ ਸੂਬੇ ਦੀ ਅਤੇ ਜ਼ਿਲ੍ਹੇ ਦੀ ਸਮੂਹ ਲੀਡਰਸ਼ਿਪ ਇਸ ਜਨਤਕ ਇਕੱਠ ਵਿੱਚ ਪੁੱਜ ਕੇ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਅਤੇ ਮੰਗਾਂ ਪ੍ਰਤੀ ਜਾਣਕਾਰੀ ਪ੍ਰਾਪਤ ਕਰਦੇ ਹੋਏ ਕਾਂਗਰਸ ਦੀਆਂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣਗੇ। ਸਰਬਜੋਤ ਸਾਬੀ ਨੇ ਕਿਹਾ ਕਿ ਇਸ ਜਨਤਕ ਇਕੱਠ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਜਿਸ ਤਹਿਤ ਸਾਡੀ ਟੀਮ ਦੇ ਮੈਂਬਰ ਹਰ ਇੱਕ ਪਿੰਡ ਦੇ ਲੋਕਾਂ ਤੱਕ ਪਹੁੰਚ ਕਰਨਗੇ ਤਾਂ ਜੋ ਬਦਲਾਅ ਦੀ ਸ਼ੁਰੂਆਤ ਹੋ ਸਕੇ। ਉਨ੍ਹਾਂ ਕਿਹਾ ਕਿ ਹਲਕੇ ਨੂੰ ਪੰਜਾਬ ਦੀ ਮੌਜੂਦਾ ਆਪ ਸਰਕਾਰ ਨੇ ਬੁਰੀ ਤਰ੍ਹਾਂ ਵਿਸਾਰ ਦਿੱਤਾ ਹੈ, ਹਲਕੇ ਦੇ ਕੰਢੀ ਖੇਤਰ ਦੇ ਕੁਦਰਤੀ ਸਾਧਨਾਂ ਦੀ ਲੁੱਟ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਓਵਰਲੋਡ ਟਿੱਪਰਾਂ ਨੇ ਸੜਕਾਂ ਦੀ ਹਾਲਤ ਬਦ ਤੋਂ ਬਦਤਰ ਬਣਾ ਦਿੱਤੀ ਹੈ, ਜਿਸ ਦਾ ਖਮਿਆਜ਼ਾ ਹਲਕੇ ਦੇ ਲੋਕ ਹਾਦਸਿਆਂ ਦੇ ਰੂਪ ਵਿੱਚ ਭੁਗਤ ਰਹੇ ਹਨ। ਸਰਬਜੋਤ ਸਾਬੀ ਨੇ ਕਿਹਾ ਕਿ ਮੁਕੇਰੀਆਂ ਹਲਕੇ ਵਿੱਚ



ਸਰਕਾਰ ਦੀ ਸ਼ਹਿ 'ਤੇ ਮਾਈਨਿੰਗ ਮਾਫੀਆ ਰੋਜ਼ਾਨਾ ਕਰੋੜਾਂ ਦੀ ਲੁੱਟ ਕਰ ਰਿਹਾ ਹੈ, ਲੇਕਿਨ ਇਸਦੇ ਉਲਟ ਆਪ ਸਰਕਾਰ ਹਲਕੇ ਨੂੰ ਵੱਡੇ ਪ੍ਰੋਜੈਕਟ, ਨਵੀਆਂ ਸੜਕਾਂ ਦੇਣ ਵਿੱਚ ਅਸਫਲ ਰਹੀ ਹੈ ਤੇ ਇੱਥੋਂ ਦੇ ਆਪ ਆਗੂ ਤੇ ਭਾਜਪਾ ਦੇ ਵਿਧਾਇਕ ਚੁੱਪ ਚਾਪ ਹਲਕੇ ਦੇ ਉਜਾੜੇ ਦਾ ਤਮਾਸ਼ਾ ਦੇਖ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਜਿੱਥੇ ਇਸ ਲੁੱਟ ਨੂੰ ਬੰਦ ਕਰਵਾਏਗੀ, ਉੱਥੇ ਹੀ ਜ਼ਿੰਮੇਵਾਰ ਲੋਕ ਬਖਸ਼ੇ ਨਹੀਂ ਜਾਣਗੇ। ਕਾਂਗਰਸੀ ਆਗੂ ਨੇ ਕਿਹਾ ਕਿ ਦੂਜੇ ਪਾਸੇ ਕੇਂਦਰ ਸਰਕਾਰ ਵਲੋਂ ਥੋਪੇ ਗਏ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਲੜੇ ਗਏ ਲੰਬੇ ਸੰਘਰਸ਼ ਵਰਗਾ ਮਾਹੌਲ ਪੰਜਾਬ ਵਿਚ ਮੁੜ ਬਣਦਾ ਜਾ ਰਿਹਾ ਹੈ ਤੇ ਜੇ ਪੰਜਾਬ ਸਰਕਾਰ ਨੇ ਕਿਸਾਨ ਮਾਰੂ ਲੈਂਡ ਪੂਲਿੰਗ ਪਾਲਿਸੀ ਵਾਪਸ ਨਾ ਲਈ ਤਾਂ ਇੱਕ ਹੋਰ ਵੱਡਾ ਸੰਘਰਸ਼ ਸਾਹਮਣੇ ਆ ਸਕਦਾ ਹੈ। ਸਰਬਜੋਤ ਸਾਬੀ ਨੇ ਕਿਹਾ ਕਿ ਸਰਕਾਰ ਬਿਨਾਂ ਕਿਸੇ ਲੋੜ ਤੋਂ ਇਕੱਠੀ 65,000 ਏਕੜ ਉਪਜਾਊ ਜ਼ਮੀਨ ਹਥਿਆਉਣਾ ਚਾਹੁੰਦੀ ਹੈ ਜਦੋਂਕਿ ਮੋਹਾਲੀ ਅਤੇ ਲੁਧਿਆਣਾ ਵਿਚ ਹਜ਼ਾਰਾਂ ਫਲੈਟ ਅਤੇ ਪਲਾਟ ਖਾਲੀ ਪਏ ਹਨ। ਸਰਬਜੋਤ ਸਾਬੀ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਆਮ ਆਦਮੀ ਪਾਰਟੀ ਦੀ ਇਸ ਬਦਨੀਤ ਨੂੰ ਪੂਰੀ ਤਰ੍ਹਾਂ ਸਮਝ ਚੁੱਕੇ ਹਨ ਕਿ ਪੰਜਾਬ ਸਰਕਾਰ ਕਿਸਾਨਾਂ ਤੋਂ ਮੁਫ਼ਤ ਵਿਚ ਜ਼ਮੀਨ ਲੈ ਕੇ ਬਹੁਕੌਮੀ ਕੰਪਨੀਆਂ, ਵੱਡੇ ਬਿਲਡਰਾਂ ਅਤੇ ਸਨਅਤਕਾਰਾਂ ਨੂੰ ਸੌਂਪਣਾ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਤੋਂ ਪਰਦੇ ਪਿੱਛੇ ਹਾਸਲ ਕੀਤੀਆਂ ਜਾਣ ਵਾਲੀਆਂ ਮੋਟੀਆਂ ਰਕਮਾਂ ਨਾਲ ਬਿਹਾਰ, ਗੁਜਰਾਤ ਤੇ ਪੰਜਾਬ ਦੀਆਂ ਚੋਣਾਂ ਲੜੀਆਂ ਜਾ ਸਕਣ।

# ਉਸਾਰੀ ਕਿਰਤੀਆਂ ਨੂੰ ਹੱਕ ਦਿਵਾਉਣ, ਆਰਥਿਕ ਲੁੱਟ ਤੇ ਖੱਜਲ-ਖ਼ੁਆਰੀ ਖ਼ਿਲਾ.ਫ ਰੋਸ ਰੈਲੀ ਕੀਤੀ ਜਾਵੇਗੀ: ਢਾਬਾਂ, ਬੰਨਵਾਲਾ





ਫਾਜ਼ਿਲਕਾ 9, ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਜ਼ਿਲ੍ਹੇ ਦੇ ਲਾਭਪਾਤਰੀ ਉਸਾਰੀ ਕਿਰਤੀਆਂ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਆ ਰਹੀਆਂ ਮੁਸ਼ਕਲਾਂ, ਲੇਬਰ ਦਫਤਰਾਂ ਵਿੱਚ ਹੋ ਰਹੀ ਖੱਜਲ-ਖੁਆਰੀ ਅਤੇ ਰਿਸ਼ਵਤ ਲੈ ਕੇ ਕੰਮ ਕਰਨ ਵਾਲੇ ਰਿਸ਼ਵਤ ਖੋਰ ਮੁਲਾਜ਼ਮਾਂ ਅਤੇ ਅਫਸਰਾਂ ਖਿਲਾਫ਼ ਕਾਰਵਾਈ ਕਰਵਾਉਣ ਲਈ ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਰਜਿ:) ਏਟਕ ਵੱਲੋਂ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਗਿਆ ਹੈ। ਡੀਸੀ ਦਫ਼ਤਰ ਵਿਖੇ ਖੱਜਲ-ਖੁਆਰ ਹੋ ਰਹੇ ਉਸਾਰੀ ਕਿਰਤੀਆਂ ਨਾਲ ਗੱਲਬਾਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਏਟਕ ) ਦੇ ਸੂਬਾ ਮੀਤ ਸਕੱਤਰ ਪਰਮਜੀਤ ਢਾਬਾਂ ਅਤੇ ਜ਼ਿਲ੍ਹਾ ਪ੍ਰਧਾਨ ਜੰਮੂ ਰਾਮ ਬੰਨਵਾਲਾ ਨੇ ਅੱਜ ਇੱਥੇ ਯੂਨੀਅਨ ਵੱਲੋਂ ਐਲਾਨ ਕਰਦਿਆਂ ਕਿਹਾ ਕਿ ਆਉਣ ਵਾਲੀ 28 ਅਗਸਤ 2025 ਦਿਨ ਵੀਰਵਾਰ ਨੂੰ ਅਸਿਸਟੈਂਟ ਲੇਬਰ ਕਮਿਸ਼ਨਰ ਸਾਹਮਣੇ ਜ਼ਿਲ੍ਹਾ ਭਰ ਦੇ ਉਸਾਰੀ ਕਿਰਤੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਸਾਥੀ ਢਾਬਾਂ ਅਤੇ ਸਾਥੀ ਜੰਮੂ ਰਾਮ ਨੇ ਦੱਸਿਆ ਕਿ ਅੱਜ ਇੱਥੇ ਪਹੁੰਚ ਕੇ ਉਹਨਾਂ ਨੂੰ ਬਹੁਤ ਦੁੱਖ ਹੋਇਆ ਹੈ ਕਿ ਕਿਵੇਂ ਰੋ-ਰੋ ਕੇ ਉਸਾਰੀ ਮਜ਼ਦੂਰਾਂ ਨੇ ਆਪਣਾ ਹਾਲ ਦੱਸਿਆ ਹੈ ਕਿ ਉਹਨਾਂ ਕੋਲ ਫਾਜ਼ਿਲਕਾ ਸ਼ਹਿਰ ਆਉਣ ਲਈ ਕਿਰਾਏ ਲਈ ਪੈਸੇ ਵੀ ਨਹੀਂ ਅਤੇ ਤਨ 'ਤੇ ਪਾਏ ਹੋਏ ਕੱਪੜੇ ਵੀ ਪਾਟੇ ਹੋਏ ਹਨ, ਪਰੰਤੂ ਇੱਥੇ ਰਿਸ਼ਵਤ ਲੈਣ ਵਾਲੇ ਅਫਸਰਾਂ ਅਤੇ ਮੁਲਾਜ਼ਮਾਂ ਨੂੰ ਜ਼ਰਾ ਸ਼ਰਮ ਨਹੀਂ ਆ ਰਹੀ। ਆਗੂਆਂ ਨੇ ਦੋਸ਼ ਲਾਇਆ ਕਿ ਕਿਰਤ ਵਿਭਾਗ ਦੇ ਅਫਸਰਾਂ ਦੀ ਆਈਡੀ ਰਾਤ ਨੂੰ ਵਿਕਦੀ ਹੈ ਤੇ ਉਨ੍ਹਾਂ ਦੀ ਆਈਡੀ ਤੋਂ ਅੱਧੀ ਰਾਤ ਨੂੰ ਕੰਮ ਰਿਸ਼ਵਤ ਲੈ ਕੇ ਕੀਤੇ ਜਾ ਰਹੇ ਹਨ, ਜਿਸ ਨਾਲ ਉਸਾਰੀ ਕਿਰਤੀਆਂ ਦੀ ਵੱਡੇ ਪੱਧਰ 'ਤੇ ਲੁੱਟ ਹੋ ਰਹੀ ਹੈ। ਉਸਾਰੀ ਕਿਰਤੀਆਂ ਨੂੰ ਸਕੀਮਾਂ ਦੇ ਲਾਭ ਲੈਣ ਲਈ ਕਈ ਤਰ੍ਹਾਂ ਦੇ ਗੈਰ ਵਾਜਬ ਇਤਰਾਜ਼ਾਂ ਦਾ ਸਾਹਮਣਾ ਇਸ ਕਰਕੇ ਕਰਨਾ ਪੈ ਰਿਹਾ ਹੈ, ਕਿਉਂਕਿ ਅਫ਼ਸਰ ਅਤੇ ਮੁਲਾਜ਼ਮ ਆਪਸੀ ਮਿਲੀ ਭੁਗਤ ਕਰਕੇ ਜਾਣ ਬੁੱਝ ਕੇ ਓਬਜੈਕਸ਼ਨ ਲਗਾ ਰਹੇ ਹਨ। ਜਦੋਂ ਉਸਾਰੀ ਕਿਰਤੀ ਕਿਰਤ ਦਫਤਰਾਂ ਅਤੇ ਸੇਵਾ ਕੇਂਦਰਾਂ ਦੇ ਵਾਰ-ਵਾਰ ਚੱਕਰ ਲਗਾ ਕੇ ਆਰਥਿਕ ਲੁੱਟ ਦਾ ਸ਼ਿਕਾਰ ਹੋ ਜਾਂਦਾ ਹੈ, ਤਾਂ ਉਹ ਮਜਬੂਰੀ ਵੱਸ ਰਿਸ਼ਵਤ ਦੇਣ ਲਈ ਮਜਬੂਰ ਹੁੰਦਾ ਹੈ। ਆਗੂਆਂ ਨੇ ਐਲਾਨ ਕਰਦਿਆਂ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਕੀਤੀ ਜਾ ਰਹੀ ਰੋਸ ਰੈਲੀ ਦੀ ਤਿਆਰੀ ਲਈ ਉਹ ਪਿੰਡ ਪਿੰਡ ਜਾ ਕੇ ਉਸਾਰੀ ਕਿਰਤੀਆਂ ਤੇ ਉਹਨਾਂ ਦੇ ਵਿਦਿਆਰਥੀ ਬੱਚਿਆਂ ਦੀ ਲਾਮਬੰਦੀ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਘੁਬਾਇਆ, ਬਲਾਕ ਜਲਾਲਾਬਾਦ ਦੇ ਮੀਤ ਪ੍ਰਧਾਨ ਕ੍ਰਮਵਾਰ ਐਸ.ਐਸ. ਧੁਨਕੀਆਂ ਅਤੇ ਧਰਮਿੰਦਰ ਮੁਰਕ ਵਾਲਾ ਵੀ ਹਾਜ਼ਰ ਸਨ।

# ਬਜ਼ੁਰਗ ਮਰੀਜ਼ਾਂ ਨਾਲ ਹੋ ਰਿਹੈ ਧੋਖਾ

## ☛ ਕਿਤੇ ਡਾਕਟਰ ਟੈਸਟਾਂ ਦੇ ਨਾਂ 'ਤੇ ਮਰੀਜ਼ਾਂ ਨੂੰ ਤਾਂ ਨਹੀਂ ਲੁੱਟ ਰਹੇ

ਫਿਰੋਜ਼ਪੁਰ, 9 ਅਗਸਤ (ਤਿਵਾੜੀ): ਸੀਨੀਅਰ ਸਿਟੀਜ਼ਨ ਕੌਂਸਲ ਬਜ਼ੁਰਗਾਂ ਦੇ ਹੱਕਾਂ ਲਈ ਸਦਾ ਹੀ ਆਵਾਜ਼ ਬੁਲੰਦ




ਕਰਦੀ ਰਹੀ ਹੈ ਤੇ ਕਰਦੀ ਰਹੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀ ਡੀ ਸ਼ਰਮਾ ਪ੍ਰਧਾਨ ਸੀਨੀਅਰ ਸਿਟੀਜ਼ਨ ਕੌਂਸਲ ਰਜਿਸਟਰਡ ਫਿਰੋਜ਼ਪੁਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਤਰ੍ਹਾਂ ਦਾ ਇੱਕ ਮਾਮਲਾ ਅੱਜ ਉਜਾਗਰ ਹੋਇਆ ਹੈ, ਜਿਸ ਵਿੱਚ ਡਾਕਟਰ ਸ੍ਰੀ ਆਸ਼ੀਸ਼ ਕੌੜਾ ਯੂਰਾਲੋਜਿਸਟ ਜੋ ਕਿ ਹਰ ਸ਼ੁੱਕਰਵਾਰ ਮਿਸ਼ਨ ਹਸਪਤਾਲ ਵਿੱਚ ਮਰੀਜ਼ਾਂ ਨੂੰ ਦੇਖਣ ਲਈ ਮੋਗੇ ਤੋਂ ਫਿਰੋਜ਼ਪੁਰ ਆਉਂਦੇ ਹਨ। ਜਿਨ੍ਹਾਂ ਦੀ ਫੀਸ 400 ਰੁਪਏ ਪ੍ਰਤੀ ਮਰੀਜ਼ ਹੈ। ਸੀਨੀਅਰ ਸਿਟੀਜ਼ਨ ਮਰੀਜ਼ ਜਿਸ ਦੀ ਉਮਰ, ਲਗਭਗ 73 ਸਾਲ ਹੈ ਸ਼ੁੱਕਰਵਾਰ ਮਿਤੀ 1 ਅਗਸਤ 2025 ਨੂੰ ਚੈਕਅੱਪ ਕਰਵਾਉਣ ਲਈ ਮਿਸ਼ਨ ਹਸਪਤਾਲ ਵਿਖੇ ਗਏ, ਜਿੱਥੇ ਉਹ ਚੈੱਕ ਕਰਦੇ ਹਨ। ਮਰੀਜ਼ ਵੱਲੋਂ 400 ਰੁਪਏ ਫੀਸ ਜਮ੍ਹਾਂ ਕਰਵਾ ਕੇ ਕਾਰਡ ਬਣਵਾਇਆ ਗਿਆ। ਵਾਰੀ ਆਉਣ 'ਤੇ ਡਾਕਟਰ ਸਾਹਿਬ ਨੇ ਅਲਟਰਾਸਾਊਂਡ ਅਤੇ ਹੋਰ ਬਲੱਡ ਟੈਸਟ ਯੂਰਨ ਟੈਸਟ ਆਦਿ ਲਿਖ ਕੇ ਕਿਹਾ ਕਿ ਉਹ ਟੈਸਟ ਵਿਕਾਸ ਬਾਂਸਲ ਦੀ ਲੈਬੋਰਟਰੀ ਤੋਂ ਕਰਾਉਣੇ ਹਨ। ਉਹਨਾਂ ਨੇ ਕਿਹਾ ਕਿ ਟੈਸਟ ਕਰਵਾ ਕੇ ਰਿਪੋਰਟਾਂ ਮੈਨੂੰ ਮੇਰੇ ਨੰਬਰ 'ਤੇ ਭੇਜ ਦੇਣਾ ਤਾਂ ਮੈਂ ਦਵਾਈ ਲਿਖ ਕੇ ਭੇਜ ਦਿਆਂਗਾ। ਮਰੀਜ਼ ਵੱਲੋਂ ਉਹਨਾਂ ਦੇ ਕਹਿਣ ਮੁਤਾਬਕ ਟੈਸਟ ਕਰਵਾ ਕੇ ਰਿਪੋਰਟਾਂ ਉਹਨਾਂ ਦੇ ਵਟਸਐਪ ਨੰਬਰ 'ਤੇ ਪੀਡੀਐਫ ਬਣਾ ਕੇ ਭੇਜ ਦਿੱਤੀਆਂ ਪਰ ਉਹਨਾਂ ਵੱਲੋਂ ਰਿਪੋਰਟਾਂ ਬਾਰੇ ਜਾਣਕਾਰੀ ਦੇਣ ਤੋਂ ਦੇਣ ਦੀ ਬਜਾਏ ਮਰੀਜ਼ ਨੂੰ ਮੋਗੇ ਉਹਨਾਂ ਦੀ ਹਸਪਤਾਲ ਵਿੱਚ ਆਉਣ ਲਈ ਕਿਹਾ। ਮਰੀਜ਼ ਮੋਗੇ ਜਾਣ ਤੋਂ ਅਸਮਰਥ ਸੀ, ਉਸ ਦੀ ਸਿਹਤ ਇਜਾਜ਼ਤ ਨਹੀਂ ਦੇ ਰਹੀ ਸੀ। ਮਰੀਜ਼ ਦੀ ਸਿਹਤ ਇਜਾਜ਼ਤ ਨਹੀਂ ਦੇ ਰਹੀ ਸੀ ਮੋਗੇ ਜਾਣ ਲਈ। ਡਾਕਟਰ ਸਾਹਿਬ ਮਿਸ਼ਨ ਹਸਪਤਾਲ ਵਿਖੇ ਆਪਣੇ ਰੁਟੀਨ ਅਨੁਸਾਰ ਅੱਜ ਮਿਸ਼ਨ ਹਸਪਤਾਲ ਵਿਖੇ ਆਏ ਹਨ ਤਾਂ ਮਰੀਜ਼ ਉਹਨਾਂ ਨੂੰ ਰਿਪੋਰਟਾਂ ਦਿਖਾਉਣ ਲਈ ਮਿਸ਼ਨ ਹਸਪਤਾਲ ਪੁੱਜਿਆ। ਪਰ ਉਹਨਾਂ ਨੇ ਰਿਪੋਰਟਾਂ ਵੇਖਣ ਤੋਂ ਨਾ ਕਰ ਦਿੱਤੀ ਅਤੇ ਇਹ ਕਿਹਾ ਕਿ 400 ਹੋਰ ਜਮਾ ਕਰਾਓ ਤਾਂ ਮੈਂ ਰਿਪੋਰਟਾਂ ਵੇਖਾਂਗਾ। ਕਿੱਡੀ ਅਜੀਬ ਗੱਲ ਹੈ ਕਿ ਪਹਿਲਾਂ ਤਾਂ ਡਾਕਟਰ ਮਰੀਜ਼ਾਂ ਨੂੰ ਬਿਨਾਂ ਲੋੜ ਤੋਂ ਟੈਸਟ ਲਿਖ ਦਿੰਦੇ ਹਨ ਤੇ ਫਿਰ ਲੋਕਾਂ ਦੇ ਕਹਿਣ ਅਨੁਸਾਰ ਉਸ ਦਾ ਕਮਿਸ਼ਨ ਵੀ ਲੈ ਲੈਂਦੇ ਹਨ ਪਰ ਮਰੀਜ਼ ਨੂੰ ਰਿਪੋਰਟਾਂ ਬਾਰੇ ਜਾਣੂ ਕਰਾਉਣ ਤੋਂ ਨਾ ਕਰ ਦਿੰਦੇ ਹਨ। ਇਸ ਤਰ੍ਹਾਂ ਨਾਲ ਮਰੀਜ਼ਾਂ ਨਾਲ ਧੱਕਾ ਹੋ ਰਿਹਾ। ਮੈਂ ਆਪਣਾ ਫਰਜ਼ ਸਮਝਦਾ ਹੋਇਆ ਇਹ ਮਹਿਸੂਸ ਕਰਦਾ ਹਾਂ ਤੇ ਜਿਹੜਾ ਡਾਕਟਰ ਮਰੀਜ਼ ਨੂੰ ਵੇਖਣ ਉਪਰੰਤ ਟੈਸਟ ਲਿਖਦਾ ਹੈ ਤਾਂ ਉਸਦਾ ਫਰਜ਼ ਬਣਦਾ ਹੈ ਉਹ ਮਰੀਜ਼ ਦੀਆਂ ਉਹਨਾਂ ਵੱਲੋਂ ਲਿਖੇ ਗਏ ਟੈਸਟਾਂ ਦੀਆਂ ਰਿਪੋਰਟਾਂ ਦੇਖ ਕੇ ਉਹਨੂੰ ਬਿਮਾਰੀ ਬਾਰੇ ਜਾਣੂ ਕਰਾਵੇ। ਪਰ ਮੈਂ ਸਮਝਦਾ ਹਾਂ ਕਿ ਇਥੇ ਜਿਹੜੇ ਮਰੀਜ਼ ਨਾਲ ਧੱਕਾ ਹੋਇਆ ਹੈ, ਮਰੀਜ਼ ਜਿਸ ਦੀ ਉਮਰ 70 ਸਾਲ ਹੈ। ਕੜਕਦੀ ਧੁੱਪ ਅਤੇ ਗਰਮੀ ਵਿੱਚ ਹਸਪਤਾਲ ਵਿੱਚ ਗਿਆ, ਡਾਕਟਰ ਸਾਹਿਬ ਨੇ ਆਪਣੇ ਹੀ ਲਿਖੇ ਟੈਸਟਾਂ ਦੀਆਂ ਰਿਪੋਰਟਾਂ ਵੇਖਣ ਤੋਂ ਨਾ ਕਰ ਦਿੱਤੀ ਅਤੇ ਹੋਰ ਫੀਸ ਦੀ ਮੰਗ ਕੀਤੀ। ਇਹ ਮਰੀਜ਼ਾਂ ਨਾਲ ਸ਼ਰੇਆਮ ਧੱਕਾ ਹੈ, ਮਰੀਜ਼ਾਂ ਨੂੰ ਇਸ ਸਬੰਧੀ ਸੁਚੇਤ ਰਹਿਣਾ ਚਾਹੀਦਾ ਹੈ।

# ਅਮਲੋਹ ਦੇ ਵਾਰਡ ਨੰਬਰ ਇੱਕ 'ਚ ਆਯੋਜਿਤ ਨਸ਼ਾ ਮੁਕਤੀ ਯਾਤਰਾ ਨੂੰ ਭਰਵਾਂ ਹੁੰਗਾਰਾ ਮਿਲਿਆ



ਅਮਲੋਹ, 9 ਅਗਸਤ (ਜਸਵੰਤ ਸਿੰਘ): ਵਿਧਾਨ ਸਭਾ ਹਲਕਾ ਅਮਲੋਹ ਵਿੱਚ ਪਿਛਲੇ ਕਈ ਮਹੀਨਿਆਂ ਤੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਇਸ ਕੜੀ ਤਹਿਤ ਵਾਰਡ ਨੰਬਰ 1 ਵਿਚ ਆਯੋਜਿਤ ਜਨ ਸਭਾ ਦੌਰਾਨ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਸਾਰੇ ਵਰਗਾਂ ਦੇ ਲੋਕਾਂ ਨੂੰ ਇਸ ਮੁਹਿੰਮ ਦੀ ਸਫਲਤਾ ਲਈ ਪੂਰੀ ਸ਼ਿੱਦਤ ਨਾਲ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਨਸ਼ਿਆਂ ਦੇ ਕੋਹੜ ਦਾ ਮੁਕੰਮਲ ਤੌਰ 'ਤੇ ਖਾਤਮਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਲੋਕਾਂ ਨੂੰ ਅਜਿਹੇ ਮੰਚ ਉੱਤੇ ਲਾਮਬੰਦ ਕਰਨਾ ਹੈ, ਜਿਸ ਦਾ ਇੱਕੋ ਇੱਕ ਮਨੋਰਥ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਿੱਥੇ ਪ੍ਰਸ਼ਾਸਨਿਕ ਅਧਿਕਾਰੀ, ਸਿਆਸਤਦਾਨ, ਸਮਾਜ ਸੇਵੀ ਜਥੇਬੰਦੀਆਂ ਤੇ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕਾਂ ਦੇ ਸਹਿਯੋਗ ਨਾਲ ਇਸ ਉਦੇਸ਼ ਦੀ ਪੂਰਤੀ ਹਿੱਤ ਜੁਟੇ ਹੋਏ ਹਨ ਉਥੇ ਵਿਦਿਆਰਥੀ ਤੇ ਖਿਡਾਰੀ ਵੀ ਵੱਧ ਚੜ੍ਹ ਕੇ ਸਹਿਯੋਗ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਨੂੰ ਉਚਿਤ ਇਲਾਜ ਕਰਵਾ ਕੇ ਤੰਦਰੁਸਤ ਕੀਤਾ ਜਾ ਰਿਹਾ ਹੈ। ਉਨ੍ਹਾਂ ਵਾਰਡ ਵਾਸੀਆਂ ਨੂੰ ਨਸ਼ਾ ਮੁਕਤ ਵਾਰਡ ਦੀ ਸਿਰਜਣਾ ਲਈ ਸਰਗਰਮ ਯੋਗਦਾਨ ਪਾਉਣ ਅਤੇ ਭਵਿੱਖ ਵਿੱਚ ਕਦੇ ਵੀ ਨਸ਼ਾ ਨਾ ਕਰਨ ਦੀ ਸਹੁੰ ਵੀ ਚੁਕਾਈ। ਇਸ ਮੌਕੇ ਵਾਰਡ ਕੌਂਸਲਰ ਹਰਿੰਦਰ ਕੌਰ ਚੀਮਾ, ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਚੀਮਾ, ਗੁਰਪ੍ਰੀਤ ਸਿੰਘ ਚੀਮਾ, ਰਣਜੀਤ ਸਿੰਘ ਪਨਾਗ, ਸਰਪੰਚ ਜਸਮੇਲ ਸਿੰਘ, ਸੀਨੀਅਰ ਆਗੂ ਯਾਦਵਿੰਦਰ ਸਿੰਘ ਮਾਨ, ਜਸਵੀਰ ਸਿੰਘ ਫੌਜੀ, ਮਹਿੰਦਰ ਕੌਰ, ਜਸਪਾਲ ਕੌਰ, ਦਲਜੀਤ ਕੌਰ, ਅਮਲੋਹ ਦਫਤਰ ਇੰਚਾਰਜ ਲਤਾ ਠਾਕੁਰ ਤੇ ਸਹਿਵਾਜ ਆਦਿ ਮੌਜੂਦ ਸਨ।

# ਸਿਹਤ ਵਿਭਾਗ ਨੇ 'ਪੇਟ ਦੇ ਕੀੜਿਆਂ ਤੋਂ ਮੁਕਤੀ' ਦਿਵਸ ਮਨਾਇਆ

ਕੋਟ ਈਸੇ ਖਾਂ, 9 ਅਗਸਤ (ਗਾਂਧੀ/ਖੁਰਾਣਾ): ਸਿਹਤ ਵਿਭਾਗ ਪੰਜਾਬ, ਡਾ. ਪ੍ਰਦੀਪ ਮਹਿੰਦਰਾ ਸਿਵਲ ਸਰਜਨ ਮੋਗਾ ਤੇ ਡਾ. ਅਸ਼ੋਕ ਸਿੰਗਲਾ ਡੀਆਈਓ ਦੇ ਦਿਸ਼ਾ ਨਿਰਦੇਸ਼ ਤਹਿਤ ਡਾ. ਰਿਪੁਦਮਨ ਕੌਰ ਸੀਨੀਅਰ ਮੈਡੀਕਲ ਅਫਸਰ ਕੋਟ ਈਸੇ ਖਾਂ ਦੀ ਯੋਗ ਅਗਵਾਈ ਵਿੱਚ ਨੈਸ਼ਨਲ ਡੀ-ਵਾਰਮਿੰਗ ਡੇਅ ਮੌਕੇ ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਮੁਕਤੀ ਦਿਵਸ ਮਨਾਇਆ ਗਿਆ। ਇਸ ਸਮੇਂ ਸਿਹਤ ਵਿਭਾਗ ਵੱਲੋਂ ਜਾਣਕਾਰੀ ਦਿੰਦੇ ਹੋਏ ਬਲਾਕ ਐਜੂਕੇਟਰ ਜਤਿੰਦਰ ਸੂਦ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਆਂਗਣਵਾੜੀ ਸੈਂਟਰ, ਸਰਕਾਰੀ ਪ੍ਰਾਇਮਰੀ ਸਕੂਲ, ਸਰਕਾਰੀ ਹਾਈ ਸਕੂਲ, ਸਰਕਾਰੀ ਸਹਾਇਤਾ ਪ੍ਰਾਪਤ ਸਕੂਲ, ਕੋਚਿੰਗ ਸੈਂਟਰ, ਆਈਟੀਆਈ, ਆਈਲੈਟਸ ਸੈਂਟਰ ਆਦਿ ਵਿੱਚ ਜਾ ਕੇ ਪੇਟ ਦੇ ਕੀੜੇ ਮਾਰਨ ਵਾਲੀ ਐਲਬੈਂਡਾਜ਼ੋਲ ਦੀ ਦਵਾਈ ਬੱਚਿਆਂ ਨੂੰ ਖਵਾਈ ਗਈ। ਇਸ ਸਮੇਂ ਬਲਾਕ ਐਜੂਕੇਟਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਬਲਾਕ ਕੋਟ ਈਸੇ ਖਾਂ ਵਿੱਚ ਕੁਲ 47500 ਬੱਚਿਆਂ ਨੂੰ ਦਵਾਈ ਦਿੱਤੀ ਗਈ, ਜਿਨ੍ਹਾਂ ਵਿੱਚ ਇੱਕ



ਤੋਂ ਤਿੰਨ ਸਾਲ ਤੱਕ ਦੇ ਬੱਚਿਆਂ ਨੂੰ ਅਲਬੈਂਡਾਜ਼ੋਲ ਸਿਰਪ ਪਿਲਾਈ ਗਈ ਤੇ ਜਿਹੜੇ ਬੱਚੇ ਰਹਿ ਗਏ ਹਨ, ਉਨ੍ਹਾਂ ਨੂੰ 14 ਅਗਸਤ 2025 ਨੂੰ ਮੋਪ ਅੱਪ ਦਿਵਸ ਵਾਲੇ ਦਿਨ ਇਹ ਦਵਾਈ ਦਿੱਤੀ ਜਾਵੇਗੀ। ਇਸ ਸਮੇਂ ਸੀਨੀਅਰ ਮੈਡੀਕਲ ਅਫਸਰ ਡਾ. ਰਿਪੁਦਮਨ ਕੌਰ ਵੱਲੋਂ ਪੂਰੀ ਤਨਦੇਹੀ ਨਾਲ ਕੰਮ ਕਰਨ ਲਈ ਸਿਹਤ ਵਿਭਾਗ ਦੀਆਂ ਟੀਮਾਂ ਦੀ ਵਿਸ਼ੇਸ਼ ਸ਼ਲਾਘਾ ਵੀ ਕੀਤੀ ਗਈ।

# ਬਾਬਾ ਬੰਦਾ ਸਿੰਘ ਬਹਾਦਰ ਇੰਜ. ਕਾਲਜ 'ਚ ਨਵੇਂ ਵਿਦਿਆਰਥੀਆਂ ਦੇ ਸਵਾਗਤ ਸਮਾਰੋਹ ਦੌਰਾਨ ਡਾ. ਅਵਤਾਰ ਸਿੰਘ ਢੀਂਡਸਾ ਦੀ ਕਿਤਾਬ 'ਬ੍ਰਹਿਮੰਡ ਦੇ ਰਹੱਸ' ਰਿਲੀਜ਼



ਫਤਹਿਗੜ੍ਹ ਸਾਹਿਬ, 9 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਵੱਲੋਂ 2025 ਬੈਚ ਦੇ ਨਵੇਂ ਵਿਦਿਆਰਥੀਆਂ ਲਈ ਆਯੋਜਿਤ ਓਰੀਏਂਟੇਸ਼ਨ ਪ੍ਰੋਗਰਾਮ ਦੌਰਾਨ ਡਾ. ਅਵਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਬ੍ਰਹਿਮੰਡ ਦੇ ਰਹੱਸ ਯਾਤਰਾ ਦੇ ਵਿਸ਼ੇ ਉੱਤੇ ਇਕ ਜਾਣਕਾਰੀ ਭਰਿਆ ਲੈਕਚਰ ਦਿੱਤਾ। ਉਨ੍ਹਾਂ ਨੇ ਤਾਰਿਆਂ, ਗਲੈਕਸੀਆਂ, ਬਲੈਕ ਹੋਲ ਤੇ ਬਿਗ ਬੈਂਗ ਸਿਧਾਂਤ ਬਾਰੇ ਆਸਾਨ ਤੇ ਵਿਗਿਆਨਕ ਢੰਗ ਨਾਲ ਜਾਣੂ ਕਰਵਾਇਆ। ਪ੍ਰੋਗਰਾਮ ਦੇ ਅੰਤ ਵਿੱਚ ਕਿਤਾਬ ਬ੍ਰਹਿਮੰਡ ਦੇ ਰਹੱਸ ਯਾਤਰਾ ਸਬੰਧੀ ਕਿਤਾਬ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਪ੍ਰਿੰਸੀਪਲ ਡਾ. ਲਖਵੀਰ ਸਿੰਘ ਵੱਲੋਂ ਰਿਲੀਜ਼ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਇਹ ਕਿਤਾਬ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਰੁਚੀ ਤੇ ਸੋਚ ਨੂੰ ਨਿਖਾਰਨ ਵਿੱਚ ਮਦਦਗਾਰ ਸਾਬਤ ਹੋਵੇਗੀ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗ ਮੁਖੀਆਂ, ਅਧਿਆਪਕਾਂ ਤੇ ਨਵੇਂ ਵਿਦਿਆਰਥੀ ਮੌਜੂਦ ਸਨ।

# ਛੇਵਾਂ ਆਯੂਸ਼ ਮੈਡੀਕਲ ਕੈਂਪ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਨਿਜ਼ਾਮ ਵਾਲਾ ਵਿਖੇ ਲਗਾਇਆ



ਫ਼ਿਰੋਜ਼ਪੁਰ, 9 ਅਗਸਤ (ਮਦਨ ਲਾਲ ਤਿਵਾੜੀ): ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਡਾਇਰੈਕਟਰ ਆਫ ਆਯੁਰਵੇਦ, ਡਾ. ਰਵੀ ਕੁਮਾਰ ਡੂਮਰਾ, ਜ਼ਿਲ੍ਹਾ ਆਯੁਰਵੈਦਿਕ ਯੂਨਾਨੀ ਅਫ਼ਸਰ ਡਾ. ਰੁਪਿੰਦਰਦੀਪ ਕੌਰ ਗਿੱਲ ਤੇ ਜ਼ਿਲ੍ਹਾ ਹੋਮਿਓਪੈਥਿਕ ਅਫਸਰ ਡਾ.ਰਹਿਮਾਨ ਦੀ ਯੋਗ ਅਗਵਾਈ ਹੇਠ ਛੇਵਾਂ ਆਯੂਸ਼ ਕੈਂਪ, ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਨਿਜ਼ਾਮ ਵਾਲਾ ਫ਼ਿਰੋਜ਼ਪੁਰ ਵਿਖੇ ਲਗਾਇਆ ਗਿਆ। ਕੈਂਪ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਅਮਨਦੀਪ ਕੌਰ ਗੋਸਲ ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ (ਧਰਮ ਪਤਨੀ) ਵਿਧਾਇਕ ਰਣਬੀਰ ਸਿੰਘ ਭੁੱਲਰ ਸ਼ਾਮਲ ਹੋਏ। ਇਸ ਕੈਂਪ ਦੌਰਾਨ ਡਾ. ਪ੍ਰਵੀਨ ਰਾਣਾ, ਡਾ. ਸੁਮਿਤ ਮੋਂਗਾ, ਡਾ. ਸੁਮਨ ਧੰਜੂ, ਆਯੁਰਵੈਦਿਕ ਮੈਡੀਕਲ ਅਫ਼ਸਰ ਤੇ ਡਾ. ਸਤਨਾਮ ਸਿੰਘ ਗਿੱਲ ਹੋਮਿਓਪੈਥਿਕ ਮੈਡੀਕਲ ਅਫ਼ਸਰ ਵੱਲੋਂ ਇਲਾਕੇ ਭਰ ਤੋਂ ਆਏ 289 ਮਰੀਜ਼ਾਂ ਦੀ ਜਾਂਚ ਕੀਤੀ ਗਈ ਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਇਸ ਕੈਂਪ ਨੂੰ ਸਫਲ ਬਣਾਉਣ ਵਿੱਚ ਮਾਹਿਰ ਡਾਕਟਰਾਂ ਦੇ ਨਾਲ-ਨਾਲ ਮੈਡੀਕਲ ਟੀਮ ਰਘੂ ਰਾਜਾ ਉਪਵੈਦ ਗੁਰਵਿੰਦਰ ਸਿੰਘ, ਵਿਜੇ ਕੁਮਾਰ ਹੋਮਿਓਪੈਥਿਕ ਡਿਸਪੈਂਸਰ, ਵਿਸ਼ਾਲ, ਬਲਵਿੰਦਰ ਸਿੰਘ ਤੇ ਤਰਸੇਮ ਸਿੰਘ ਯੋਗਾ ਇੰਸਟਰਕਟਰ ਨੇ ਪੂਰਨ ਸਹਿਯੋਗ ਦਿੱਤਾ।

# ਰਿਮਟ ਯੂਨੀਵਰਸਿਟੀ ਵਿਖੇ ਪ੍ਰੇਰਣਾਦਾਇਕ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ

ਮੰਡੀ ਗੋਬਿੰਦਗੜ੍ਹ, 9 ਅਗਸਤ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਨੂੰ ਸਮਰਪਿਤ ਦੋ ਦਿਨਾਂ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਮੌਕੇ ਪ੍ਰਮੁੱਖ ਉਦਯੋਗ ਮਾਹਿਰਾਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਆਪਣੇ ਤਜ਼ਰਬਿਆਂ ਅਤੇ ਵਿਚਾਰਾਂ ਨਾਲ ਜਾਗਰੂਕ ਕੀਤਾ। ਪ੍ਰੋਗਰਾਮ ਦੇ ਪਹਿਲੇ ਦਿਨ ਰਾਜੇਂਦਰ ਸਿੰਘ ਪਲਾਂਟ ਹੈੱਡ (ਕਲੱਸਟਰ ਕੰਪਲਾਇੰਸ) ਸਨ ਫਾਰਮਾ ਨੇ ਆਪਣੇ 21 ਸਾਲਾਂ ਦੇ ਤਜ਼ਰਬੇ ਨੂੰ ਸਾਂਝਾ ਕਰਦੇ ਹੋਏ ਵਿਦਿਆਰਥੀਆਂ ਨੂੰ ਅਨੁਸ਼ਾਸਨ, ਨੈਤਿਕ ਜ਼ਿੰਮੇਵਾਰੀ ਤੇ ਨਿਰੰਤਰ ਸਿੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਉਦਯੋਗ ਖਾਸ ਕਰਕੇ ਫਾਰਮਾਸਿਊਟੀਕਲ ਵਿੱਚ ਕੰਪਲਾਇੰਸ ਨਾ ਸਿਰਫ਼ ਇੱਕ ਲੋੜ ਹੈ ਸਗੋਂ ਇੱਕ ਜ਼ਿੰਮੇਵਾਰੀ ਵੀ ਹੈ। ਵਿਦਿਆਰਥੀਆਂ ਨੂੰ ਇਮਾਨਦਾਰੀ ਤੇ



ਗੁਣਵੱਤਾ ਵਾਲੇ ਕੰਮ ਨੂੰ ਆਪਣੀ ਤਰਜੀਹ ਬਣਾਉਣਾ ਚਾਹੀਦਾ ਹੈ। ਦੂਜੇ ਦਿਨ ਸਮਾਰਟ ਡਾਟਾ ਐਂਟਰਪ੍ਰਾਈਜ਼ਿਜ਼ ਦੇ ਸਹਿ-ਸੰਸਥਾਪਕ ਤੇ ਸੀਈਓ ਅਜੈ ਤਿਵਾੜੀ ਨੇ ਆਪਣੀ ਜੀਵਨ ਯਾਤਰਾ ਸਾਂਝੀ ਕੀਤੀ। ਉਨ੍ਹਾਂ ਨੇ ਮਰਚੈਂਟ ਨੇਵੀ ਤੋਂ ਇੱਕ ਸਫਲ ਆਈਟੀ ਕੰਪਨੀ ਦੀ ਸਥਾਪਨਾ ਤੱਕ ਦੇ ਸਫ਼ਰ ਦੀ ਕਹਾਣੀ ਸੁਣਾਈ ਅਤੇ ਕਿਹਾ ਕਿ ਲੀਡਰਸ਼ਿਪ ਸਿਰਫ਼ ਪ੍ਰਬੰਧਨ ਨਹੀਂ ਸਗੋਂ ਨਵੀਨਤਾ, ਵਿਭਿੰਨ ਸੱਭਿਆਚਾਰਾਂ ਦੀ ਸਮਝ ਤੇ ਉੱਤਮਤਾ ਪ੍ਰਤੀ ਵਚਨਬੱਧਤਾ ਹੈ। ਸਮਾਗਮ ਦੀ ਸਫਲਤਾ 'ਤੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਬੀਐਸ ਭਾਟੀਆ ਨੇ ਕਿਹਾ ਕਿ ਰਿਮਟ ਯੂਨੀਵਰਸਿਟੀ ਵਿਖੇ ਸਾਡਾ ਉਦੇਸ਼ ਸਿਰਫ਼ ਕਿਤਾਬੀ ਗਿਆਨ ਦੇਣਾ ਨਹੀਂ ਸਗੋਂ ਵਿਦਿਆਰਥੀਆਂ ਨੂੰ ਅਸਲ ਜੀਵਨ ਦੀਆਂ ਚੁਣੌਤੀਆਂ ਲਈ ਤਿਆਰ ਕਰਨਾ ਹੈ। ਦੋ ਦਿਨਾਂ ਦਾ ਇਹ ਸਮਾਗਮ ਇੱਕ ਉਤਸ਼ਾਹੀ ਮਾਹੌਲ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ, ਲਚਕੀਲੇਪਣ ਅਤੇ ਦੂਰਦਰਸ਼ੀ ਦ੍ਰਿਸ਼ਟੀ ਦੇ ਮੁੱਲਾਂ ਨੂੰ ਗ੍ਰਹਿਣ ਕਰਨ ਦਾ ਸੱਦਾ ਦਿੱਤਾ।



# ਪਟਿਆਲਾ-ਆਸ/ਪਾਸ



## ਪਨਗਰੇਨ ਦੇ ਚੇਅਰਮੈਨ ਡਾ. ਗਿੱਲ ਵੱਲੋਂ ਫੀਲਡ ਅਮਲੇ ਨਾਲ ਬੈਠਕ

### ☛ ਮੁਸ਼ਕਿਲਾਂ ਤੇ ਵਿਭਾਗੀ ਸਮੱਸਿਆਵਾਂ ਬਾਰੇ ਕੀਤੀ ਚਰਚਾ



ਪਟਿਆਲਾ, 9 ਅਗਸਤ (ਰੁਪਾਣਾ) : ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਜ਼ਿਲ੍ਹਾ ਪਟਿਆਲਾ ਵਿਖੇ ਪਨਗਰੇਨ ਦੇ ਸਰਕਲ ਦਫ਼ਤਰ ਸਟਾਫ ਅਤੇ ਫੀਲਡ ਸਟਾਫ ਨਾਲ ਮੀਟਿੰਗ ਕਰਕੇ ਫੀਲਡ ਸਟਾਫ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਹੋਰ ਵਿਭਾਗੀ ਸਮੱਸਿਆਵਾਂ ਬਾਰੇ ਚਰਚਾ ਕੀਤੀ। ਪਟਿਆਲਾ ਫੂਡ ਸਪਲਾਈ ਮਹਿਕਮੇ ਦੇ ਅਧਿਕਾਰੀਆਂ ਨਾਲ ਹੋਈ ਇਸ ਮੀਟਿੰਗ ਵਿੱਚ ਫੀਲਡ ਸਟਾਫ ਨੇ ਆਪਣੀਆਂ ਮੁਸ਼ਕਿਲਾਂ ਬਾਰੇ ਚੇਅਰਮੈਨ ਪਨਗਰੇਨ ਨੂੰ ਜਾਣੂੰ ਕਰਵਾਇਆ ਅਤੇ ਦਫਤਰ ਸਟਾਫ ਨੇ ਵੀ ਆਪਣੀਆਂ ਸਮੱਸਿਆਵਾਂ ਬਾਰੇ ਚੇਅਰਮੈਨ ਨਾਲ ਵਿਚਾਰ ਚਰਚਾ ਕੀਤੀ। ਮੁਲਾਜ਼ਮਾਂ ਨੇ ਕਿਹਾ ਕਿ ਪਟਿਆਲਾ ਜ਼ਿਲ੍ਹਾ ਇੱਕ ਬਾਰਡਰ ਜ਼ਿਲ੍ਹਾ ਹੋਣ ਕਾਰਨ ਚੌਲਾਂ ਦੇ ਸੀਜ਼ਨ ਵਿੱਚ ਬਾਹਰ ਤੋਂ ਆ ਰਹੀ ਚੌਲਾਂ ਦੀ ਫਸਲ ਇੱਕ ਵੱਡੀ ਸਮੱਸਿਆ ਬਣ ਜਾਂਦੀ ਹੈ, ਜਿਸ ਨੂੰ ਰੋਕਣ ਦੇ ਲਈ ਸਰਕਾਰ ਵੱਲੋਂ ਅਤੇ ਫੂਡ ਸਪਲਾਈ ਮਹਿਕਮੇ ਵੱਲੋਂ ਵੱਖ-ਵੱਖ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ, ਇਹਨਾਂ ਉੱਪਰ ਵੀ ਖੁੱਲ੍ਹ ਕੇ ਵਿਚਾਰ ਚਰਚਾ ਹੋਈ। ਚੇਅਰਮੈਨ ਪਨਗਰੇਨ ਡਾ. ਤੇਜਪਾਲ ਸਿੰਘ ਗਿੱਲ ਨੇ ਸਾਰੇ ਮੁੱਦਿਆਂ ਉੱਪਰ ਡੂੰਘਾ ਵਿਚਾਰ ਕਰਦੇ ਹੋਏ ਕਰਮਚਾਰੀ ਅਤੇ ਅਧਿਕਾਰੀਆਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਉਹ ਉਹਨਾਂ ਦੀਆਂ ਸਮੱਸਿਆਵਾਂ ਨੂੰ ਸੰਬੰਧਿਤ ਅਧਿਕਾਰੀਆਂ ਤੱਕ ਲੈ ਕੇ ਜਾਣਗੇ ਤੇ ਉਸਦੇ ਢੁਕਵੇਂ ਹੱਲ ਕਰਵਾਉਣ ਲਈ ਉਹ ਯਤਨ ਕਰਨਗੇ। ਚੇਅਰਮੈਨ ਪਨਗਰੇਨ ਵੱਲੋਂ ਆਪਣੇ ਦਫਤਰ ਦਾ ਇੱਕ ਵਟਸਐਪ ਨੰਬਰ 8727000849 ਜਾਰੀ ਕੀਤਾ ਗਿਆ, ਜਿਸ ਉੱਪਰ ਪਨਗਰੇਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਇਸ ਮੀਟਿੰਗ ਵਿੱਚ ਡੀ.ਐਫ.ਐਸ.ਸੀ ਡਾ. ਰੂਪਪ੍ਰੀਤ ਕੌਰ, ਏ.ਓ ਜਸਵਿੰਦਰ ਸਿੰਘ ਲਾਂਬਾ, ਐਸ.ਏ ਰਵਿੰਦਰ ਕੌਰ, ਸੁਪਰਡੰਟ ਗੁਰਮੀਤ ਕੌਰ, ਡੀ.ਐਫ.ਐਸ.ਓ ਨਾਭਾ ਜਰਨੈਲ ਸਿੰਘ, ਡੀ.ਐਫ.ਐਸ.ਓ ਪਟਿਆਲਾ ਵਰਿੰਦਰਪਾਲ ਕੌਰ, ਏ.ਐਫ.ਐਸ.ਓ ਪਾਤੜਾਂ ਗੁਰਜਿੰਦਰ ਸਿੰਘ, ਏ.ਐਫ.ਐਸ.ਓ ਰਾਜਪੁਰਾ ਵਰਿੰਦਰ ਕੁਮਾਰ ਸ਼ਰਮਾ, ਏ.ਐਫ.ਐਸ.ਓ ਨਾਭਾ ਪੰਕਜ ਠਾਕੁਰ, ਏ.ਐਫ.ਐਸ.ਓ ਮੋਨਿਕਾ, ਏ.ਐਫ.ਐਸ.ਓ ਸਮਾਣਾ ਨਿਖਿਲ ਵਾਲੀਆ ਅਤੇ ਸਾਰੇ ਨਿਰੀਖਕ ਇੰਚਾਰਜ ਹਾਜ਼ਰ ਸਨ।

## ਸੜਕ 'ਤੇ ਖੜ੍ਹੇ ਟਰੱਕ ਨਾਲ ਟਕਰਾਉਣ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ



ਸਮਾਣਾ, 9 ਅਗਸਤ (ਵਿਜੇ ਕੁਮਾਰ) : ਸ਼ਨੀਵਾਰ ਸਵੇਰੇ ਸਮਾਣਾ-ਪਟਿਆਲਾ ਸਟੇਟ ਹਾਈਵੇ 'ਤੇ ਪਿੰਡ ਚੁਪਕੀ ਨੇੜੇ ਸੜਕ 'ਤੇ ਖੜ੍ਹੇ ਟਰੱਕ ਨਾਲ ਟਕਰਾਉਣ ਕਾਰਨ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਗਈ। ਸੜਕ ਸੁਰੱਖਿਆ ਬਲ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਪਹੁੰਚਾਇਆ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏਐਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਮੁਨੀਸ਼ ਕੁਮਾਰ (29) ਦੇ ਪਿਤਾ ਓਮ ਪ੍ਰਕਾਸ਼ ਵਾਸੀ ਨੇੜੇ ਵਿਸ਼ਵਕਰਮਾ ਮੰਦਰ ਪਾਤੜਾਂ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ, ਉਸ ਦਾ ਲੜਕਾ ਜੋ ਕਿ ਮੋਹਾਲੀ ਵਿੱਚ ਕੰਮ ਕਰਦਾ ਸੀ, 8-9 ਅਗਸਤ ਦੀ ਦਰਮਿਆਨੀ ਰਾਤ ਨੂੰ ਡਿਊਟੀ ਤੋਂ ਬਾਅਦ ਮੋਟਰਸਾਈਕਲ 'ਤੇ ਆਪਣੇ ਘਰ ਵਾਪਸ ਆ ਰਿਹਾ ਸੀ। ਤੜਕੇ ਸਵੇਰੇ ਲਗਭਗ 5 ਵਜੇ ਪਿੰਡ ਚੁਪਕੀ ਨੇੜੇ ਬਿਨਾਂ ਰਿਫਲੈਕਟਰ ਦੇ ਸੜਕ 'ਤੇ ਖੜ੍ਹੇ ਇੱਕ ਟਰੱਕ ਨਾਲ ਉਸ ਦਾ ਮੋਟਰਸਾਈਕਲ ਟਕਰਾ ਗਿਆ। ਬੁਰੀ ਤਰ੍ਹਾਂ ਜ਼ਖਮੀ ਹੋਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਡਰਾਈਵਰ ਟਰੱਕ ਛੱਡ ਕੇ ਫਰਾਰ ਹੋ ਗਿਆ। ਅਧਿਕਾਰੀ ਅਨੁਸਾਰ ਪੁਲਿਸ ਨੇ ਟਰੱਕ ਨੂੰ ਕਬਜ਼ੇ 'ਚ ਲੈ ਕੇ ਉਸ ਦੇ ਅਣਪਛਾਤੇ ਡਰਾਈਵਰ ਖਿਲਾਫ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਨੂੰ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਮ੍ਰਿਤਕ ਨੌਜਵਾਨ ਕੁਆਰਾ ਸੀ।

## ਪੰਜਾਬੀ ਯੂਨੀਵਰਸਿਟੀ ਵਿਖੇ ਭਾਰਤੀ ਸੈਨਾ ਨੇ 'ਓਪਰੇਸ਼ਨ ਸਿੰਦੂਰ' ਬਾਰੇ ਕਰਵਾਇਆ ਵਿਸ਼ੇਸ਼ ਪ੍ਰੋਗਰਾਮ

### ਬ੍ਰਿਗੇਡੀਅਰ ਪਿਊਸ਼ ਬੱਬਰਵਾਲ ਨੇ ਓਪਰੇਸ਼ਨ ਦੇ ਵੱਖ-ਵੱਖ ਪੱਖਾਂ ਬਾਰੇ ਦਿੱਤੀ ਤੱਥ ਅਧਾਰਿਤ ਜਾਣਕਾਰੀ



ਪਟਿਆਲਾ, 9 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਕੱਲ੍ਹ ਭਾਰਤੀ ਸੈਨਾ ਦੇ ਪ੍ਰਤੀਨਿਧੀਆਂ ਵੱਲੋਂ ਆਪਣੇ ਵਿਸ਼ੇਸ਼ ਆਊਟਰੀਚ ਪ੍ਰੋਗਰਾਮ ਦੇ ਹਿੱਸੇ ਵਜੋਂ 'ਓਪਰੇਸ਼ਨ ਸਿੰਦੂਰ' ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਪੰਜਾਬੀ ਯੂਨੀਵਰਸਿਟੀ ਦੇ ਸੁਰੱਖਿਆ ਅਤੇ ਯੁੱਧ ਨੀਤੀ ਵਿਭਾਗ ਦੇ ਸਹਿਯੋਗ ਨਾਲ ਕਰਵਾਇਆ ਜਿਸ ਵਿੱਚ ਭਾਰਤੀ ਸੈਨਾ ਤੋਂ ਪ੍ਰਤੀਨਿਧ ਬ੍ਰਿਗੇਡੀਅਰ ਪਿਊਸ਼ ਬੱਬਰਵਾਲ ਨੇ 'ਓਪਰੇਸ਼ਨ ਸਿੰਦੂਰ' ਦੇ ਵੱਖ-ਵੱਖ ਪੱਖਾਂ ਬਾਰੇ ਤੱਥ ਅਧਾਰਿਤ ਗੱਲਬਾਤ ਕੀਤੀ। ਉਨ੍ਹਾਂ ਵੱਲੋਂ ਦਿੱਤੀ ਗਈ ਪਾਵਰ ਪ੍ਰੈਜ਼ੈਂਟੇਸ਼ਨ ਪੇਸ਼ਕਾਰੀ ਦੌਰਾਨ ਦੱਸਿਆ ਗਿਆ ਕਿ 'ਓਪਰੇਸ਼ਨ ਸਿੰਦੂਰ' ਕਿਸ ਤਰ੍ਹਾਂ ਹੋਂਦ ਵਿੱਚ ਆਇਆ, ਉਹ ਕਿਹੜੀਆਂ ਚੁਣੌਤੀਆਂ ਅਤੇ ਧਮਕੀਆਂ ਸਨ, ਜਿਸ ਕਾਰਨ 'ਓਪਰੇਸ਼ਨ ਸਿੰਦੂਰ' ਚਲਾਉਣਾ ਪਿਆ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ 'ਓਪਰੇਸ਼ਨ ਸਿੰਦੂਰ' ਦੀ ਸਫਲਤਾ ਲਈ ਰਣਨੀਤੀ ਬਣਾਈ ਅਤੇ ਕਿਸ ਤਰ੍ਹਾਂ ਦੁਸ਼ਮਣ ਦੇ ਟਿਕਾਣਿਆਂ ਦੀ ਨਿਸ਼ਾਨਦੇਹੀ ਕਰ ਕੇ ਉਹਨਾਂ ਨੂੰ ਟਾਰਗੇਟ ਕੀਤਾ ਗਿਆ ਅਤੇ ਸਫਲਤਾ ਪ੍ਰਾਪਤ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਰਤੀ ਸੈਨਾ ਵਿਸ਼ਵ ਦੀਆਂ ਸਭ ਤੋਂ ਸਮਰੱਥ ਸੈਨਾਵਾਂ ਵਿੱਚੋਂ ਇੱਕ ਸੈਨਾ ਹੈ, ਜੋ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਬਰ ਤਿਆਰ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੈਨਾ ਆਪਣੀ ਸਮਰੱਥਾ ਅਤੇ ਸਮਝਦਾਰੀ ਨਾਲ ਮਸਲਿਆਂ ਨੂੰ ਨਜਿੱਠਦੀ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਹੁਣ ਜਦੋਂ ਅਸੀਂ ਸੂਚਨਾ ਦੀ ਭਰਮਾਰ ਵਾਲੇ ਦੌਰ ਵਿੱਚ ਜਿਉਂ ਰਹੇ ਹਾਂ ਤਾਂ ਬਹੁਤ ਸਾਰੀਆਂ ਗ਼ਲਤ ਸੂਚਨਾਵਾਂ ਅਤੇ ਜਾਣਕਾਰੀਆਂ ਸਾਡੇ ਇਰਦ ਗਿਰਦ ਘੁੰਮਦੀਆਂ ਰਹਿੰਦੀਆਂ ਹਨ, ਜੋ ਸਾਡੇ ਮਨਾਂ ਵਿੱਚ ਬਹੁਤ ਸਾਰੇ ਭਰਮ ਪੈਦਾ ਕਰ ਦਿੰਦੀਆਂ ਹਨ। ਸੁਰੱਖਿਆ ਅਤੇ ਯੁੱਧ ਨੀਤੀ ਵਿਭਾਗ ਤੋਂ ਪ੍ਰੋ. ਉਮਰਾਓ ਸਿੰਘ ਵੱਲੋਂ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਆਪਣੇ ਵਿਸ਼ੇ ਸੁਰੱਖਿਆ ਤੇ ਯੁੱਧ ਨੀਤੀ ਦੇ ਹਵਾਲੇ ਨਾਲ ਅਹਿਮ ਟਿੱਪਣੀਆਂ ਕੀਤੀਆਂ ਗਈਆਂ। ਉਨ੍ਹਾਂ ਵਿਭਾਗ ਵਿਖੇ ਹੁੰਦੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵੀ ਚਾਨਣਾ ਪਾਇਆ।

## ਕਸਬਾ ਚਹਿਲ ਦੇ ਬਿਜਲੀ ਸ਼ਿਕਾਇਤ ਘਰ ਨੂੰ ਮਹਿਕਮੇ ਦੀ ਕ੍ਰੋਪੀ ਨੇ ਲਗਵਾਇਆ ਜਿੰਦਾ




ਭਾਦਸੋਂ, 9 ਅਗਸਤ (ਭਰਪੂਰ ਸਿੰਘ ਮੱਟਰਾਂ) : ਸਰਕਾਰ ਲੋਕਾਂ ਨੂੰ ਚੰਗੀਆਂ ਸਹੂਲਤਾਂ ਦੇਣ ਦੇ ਦਾਅਵੇ ਕਰਦੀ ਨਹੀਂ ਥੱਕਦੀ, ਪਰ ਜਾਪਦਾ ਹੈ ਬਿਜਲੀ ਮਹਿਕਮੇ ਨੂੰ ਇਹ ਦਾਅਵੇ ਚੰਗੇ ਨਹੀਂ ਲੱਗਦੇ। ਲੰਘੀ ਰਾਤ 10 ਵਜੇ ਤੋਂ ਸਵੇਰੇ 6 ਤੱਕ ਕਸਬਾ ਚਹਿਲ ਅਤੇ ਨਾਲ ਲੱਗਦੇ ਪਿੰਡ ਅਕਾਲਗੜ੍ਹ ਦੀ ਬਿਜਲੀ ਸਪਲਾਈ ਮਾਮੂਲੀ ਨੁਕਸ ਕਾਰਨ ਬੰਦ ਰਹੀ, ਪੈ ਰਹੀ ਅੱਤ ਦੀ ਗਰਮੀ ਵਿੱਚ ਸਾਰੀ ਰਾਤ ਹਲਕੇ ਦੇ ਲੋਕ ਅਤੇ ਬੱਚੇ ਤੜਫਦੇ ਰਹੇ, ਸਵੇਰੇ ਮਾਮੂਲੀ ਨੁਕਸ ਨੂੰ ਇੱਕ ਬਿਜਲੀ ਮੁਲਾਜ਼ਮ ਪੰਜ ਮਿੰਟਾਂ ਵਿੱਚ ਦੂਰ ਕਰਕੇ ਬਿਜਲੀ ਚਾਲੂ ਕਰ ਗਿਆ। ਮੋਹਤਬਰਾਂ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਰਾਤ ਰਾਮਗੜ੍ਹ ਗਰਿਡ ਮੁਲਾਜ਼ਮਾਂ ਅਤੇ ਸਬੰਧਿਤ ਬਿਜਲੀ ਅਧਿਕਾਰੀਆਂ ਨੂੰ ਬਿਜਲੀ ਬੰਦ ਬਾਰੇ ਫੋਨ ਕੀਤੇ, ਪਰ ਕੁੰਭ ਕਰਨੀ ਨੀਂਦ ਸੁੱਤੇ ਬਿਜਲੀ ਅਧਿਕਾਰੀਆਂ ਨੇ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ। ਇਹ ਵੀ ਜਾਣਕਾਰੀ ਮਿਲੀ ਕਿ ਸਬੰਧਤ ਮੁਲਾਜ਼ਮਾਂ ਦੇ ਘਰ ਦੂਰ ਹੋਣ ਕਾਰਨ ਉਹ ਪਹੁੰਚ ਨੂੰ ਨਹੀਂ ਆ ਸਕਦੇ।

**ਕੀ ਕਹਿੰਦੇ ਹਨ ਐਸ.ਡੀ.ਓ.** : ਜਦੋਂ ਇਸ ਬਾਰੇ ਐਸ.ਡੀ.ਓ ਭਾਦਸੋਂ ਨਾਲ ਉਹਨਾਂ ਦੇ ਮੋਬਾਇਲ ਨੰਬਰ 9646111558 'ਤੇ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਉਹਨਾਂ ਕੋਲ ਸਟਾਫ ਦੀ ਘਾਟ ਕਾਰਨ ਰਾਤ ਨੂੰ ਮੁਲਾਜ਼ਮ ਡਿਊਟੀ 'ਤੇ ਨਹੀਂ ਲਾਏ ਜਾ ਸਕਦੇ, ਜਦੋਂ ਉਨ੍ਹਾਂ ਨਾਲ ਭਾਦਸੋਂ ਸ਼ਹਿਰ ਵਿੱਚ ਰਾਤ ਨੂੰ ਮੁਲਾਜ਼ਮਾਂ ਦੀਆਂ ਡਿਊਟੀਆਂ ਲਗਾਉਣ ਅਤੇ ਪਿੰਡਾਂ ਵਿੱਚ ਵਸਦੇ ਲੋਕਾਂ ਨਾਲ ਮਤਰੇਈ ਵਾਲਾ ਸਲੂਕ ਕਰਨ ਵਾਰੇ ਗੱਲ ਕੀਤੀ ਤਾਂ ਉਹ ਕੋਈ ਠੋਸ ਜਵਾਬ ਨਹੀਂ ਦੇ ਸਕੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਸਬਾ ਚਹਿਲ ਵਿੱਚ ਸਬ ਡਿਵੀਜ਼ਨ ਭਾਦਸੋਂ ਅਧੀਨ ਲੰਮੇਂ ਸਮੇਂ ਤੋਂ ਬਿਜਲੀ ਸ਼ਕਾਇਤ ਦਫਤਰ ਚੱਲ ਰਿਹਾ ਸੀ, ਜਿੱਥੇ ਦਿਨ-ਰਾਤ ਮੁਲਾਜ਼ਮ ਹਾਜ਼ਰ ਰਹਿੰਦੇ ਸਨ, ਜੋ ਕਸਬਾ ਚਹਿਲ ਸਮੇਤ ਇਲਾਕੇ ਦੇ ਪਿੰਡਾਂ ਵਿੱਚ ਨਿਰਵਿਘਨ ਬਿਜਲੀ ਸਪਲਾਈ ਚਾਲੂ ਰਖਦੇ ਸਨ, ਪਰ ਅੱਜ ਕੱਲ ਬਿਜਲੀ ਅਧਿਕਾਰੀਆਂ ਦੀ ਕ੍ਰੋਪੀ ਨੇ ਚਹਿਲ ਸ਼ਿਕਾਇਤ ਘਰ ਨੂੰ ਜਿੰਦਰਾ ਲਾ ਕੇ ਨਕਾਰਾ ਬਣਾ ਦਿੱਤਾ ਹੈ। ਹੁਣ ਦੇਖਣਾ ਹੋਵੇਗਾ ਕਿ ਕਸਬਿਆਂ, ਪਿੰਡਾਂ ਵਿੱਚ ਵਸਦੇ ਲੋਕਾਂ ਨੂੰ ਵੀ ਸ਼ਹਿਰ ਵਾਲਿਆਂ ਵਾਂਗ ਸਹੂਲਤਾਂ ਕਦੋਂ ਮਿਲਣੀਆਂ ਸ਼ੁਰੂ ਹੋਣਗੀਆਂ।

## ਰੱਖੜ ਪੁੰਨਿਆ ਮੌਕੇ ਗੁ: ਸੰਤ ਕੰਬਲੀ ਵਾਲਾ ਵਿਖੇ ਧਾਰਮਿਕ ਸਮਾਗਮ



ਪਟਿਆਲਾ 9 ਅਗਸਤ (ਅਮਰਜੀਤ ਸਿੰਘ) : ਗੁਰਦੁਆਰਾ ਸੰਤ ਕੰਬਲੀ ਵਾਲਾ ਵਿਖੇ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਦੀ ਯੋਗ ਅਗਵਾਈ ਵਿਚ ਰੱਖੜ ਪੁੰਨਿਆ ਮੌਕੇ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਾਤਾਵਰਨ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਅੰਦਰ ਛਾਂਦਾਰ ਬੂਟੇ ਵੀ ਲਗਾਏ ਗਏ। ਧਾਰਮਕ ਸਮਾਗਮ ਦੌਰਾਨ ਇਕੱਤਰ ਸੰਗਤਾਂ ਨੂੰ ਭਾਈ ਗੁਰਦੀਪ ਸਿੰਘ ਨੇ ਨਾਮ ਸਿਮਰਨ ਰਾਹੀਂ ਗੁਰਬਾਣੀ ਕੀਰਤਨ ਨਾਲ ਜੋੜਿਆ। ਇਸ ਮੌਕੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਨੇ ਕਿਹਾ ਕਿ ਅੱਜ ਦਾ ਦਿਹਾੜਾ ਸਿੱਖ ਇਤਿਹਾਸ ਅੰਦਰ ਅਹਿਮ ਅਸਥਾਨ ਰੱਖਦਾ, ਜਿੱਥੇ ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਦੀ ਧਰਤੀ ਮੌਕੇ ਸੰਗਤਾਂ ਗੁਰੂ ਘਰ ਨਤਮਸਤਕ ਹੋ ਕੇ ਗੁਰੂ ਸਾਹਿਬ ਨਾਲ ਮਿਲਾਪ ਕਰਦੀਆਂ, ਉੱਥੇ ਹੀ ਸਮਰਪਿਤ ਭਾਵਨਾ ਰੱਖਣ ਵਾਲਿਆਂ ਨੂੰ ਗੁਰੂ ਸਾਹਿਬ ਦੇ ਦਰਸ਼ਨ ਦੀਦਾਰ ਵੀ ਹੁੰਦੇ ਜਿਵੇਂ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਹੋਏ ਸਨ, ਜਿਸ ਨੇ ਕੋਠੇ ਚੜ੍ਹਕੇ ਆਖਿਆ ਸੀ ਗੁਰੂ ਲਾਧੋ ਰੇ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ 'ਤੇ ਸਮੁੱਚੀ ਲੋਕਾਈ ਨੂੰ ਗੁਰੂ ਸਾਹਿਬ ਦੇ ਦਰਸ਼ਨ ਦੀਦਾਰ ਹੋਏ ਸਨ। ਉਨ੍ਹਾਂ ਕਿਹਾ ਕਿ ਗੁਰੂ ਪ੍ਰਤੀ ਸੱਚੀ ਆਸਥਾ ਤੇ ਸ਼ਰਧਾ ਰੱਖਣ ਵਾਲਿਆਂ ਨੂੰ ਗੁਰੂ ਮਿਲਾਪ ਹੁੰਦਾ ਹੈ। ਅੱਜ ਸਮੁੱਚੀ ਲੋਕਾਈ ਗੁਰੂ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਸ਼ਤਾਬਦੀ ਦੇ ਰੂਪ ਵਿਚ ਮਨਾ ਰਹੀ ਹੈ ਤਾਂ ਕਿ ਗੁਰੂ ਸਾਹਿਬ ਦੀ ਰਚਿਤ ਬਾਣੀ ਅਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਕੇ ਆਪਣਾ ਆਪ ਇਸ ਸੰਸਾਰੀ ਭਵਸਾਗਰ ਤੋਂ ਪਾਰ ਹੋਇਆ ਜਾ ਸਕਦਾ। ਇਸ ਮੌਕੇ ਭਾਈ ਗੁਰਦੀਪ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਦੇ ਕਰ ਕਮਲਾਂ ਨਾਲ ਗੁਰਦੁਆਰਾ ਸਾਹਿਬ ਵਿਖੇ ਵਾਤਾਵਰਨ ਅਤੇ ਸਵੱਛਤਾ ਲਈ ਛਾਂਦਾਰ ਬੂਟੇ ਵੀ ਲਗਾਏ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਬਿੱਟੂ, ਪਰਮਜੀਤ ਸਿੰਘ, ਪੱਤਰਕਾਰ ਜਸਪਾਲ ਸਿੰਘ ਢਿੱਲੋਂ, ਮਲਕੀਤ ਸਿੰਘ ਖੰਨਾ ਤੇ ਹੋਰ ਹਾਜ਼ਰ ਸਨ।

## ਬਿਕਰਮ ਸਿੰਘ ਮਜੀਠੀਆ ਦੇ ਰੱਖੜੀ ਬੰਨਣ ਨਾਭਾ ਜੇਲ੍ਹ ਪਹੁੰਚੇ ਹਰਸਿਮਰਤ ਕੌਰ ਬਾਦਲ



ਨਾਭਾ, 9 ਅਗਸਤ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੀ ਜੇਲ੍ਹ ਵਿੱਚ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਬਿਕਰਮ ਮਜੀਠੀਆ ਦੇ ਰੱਖੜੀ ਬੰਨਣ ਪਹੁੰਚੇ। ਜੇਲ ਤੋਂ ਬਾਹਰ ਆਉਂਦਿਆਂ ਹਰਸਿਮਰਤ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਗੇਟ ਦੇ ਬਾਹਰ ਕਾਫੀ ਸਮਾਂ ਖੜ੍ਹਾ ਕੇ ਰੱਖਿਆ ਅਤੇ ਮੈਂ ਇੰਤਜ਼ਾਰ ਕੀਤਾ ਸਿਰਫ 15 ਮਿੰਟ ਹੀ ਮੈਨੂੰ ਮੇਰੇ ਭਰਾ ਨੂੰ ਮਿਲਣ ਦਿੱਤਾ। ਇਸ ਮੌਕੇ ਉਹ ਬੜੇ ਖੁਸ਼ ਸਨ। ਇਸ ਮੌਕੇ 'ਤੇ ਯੂਥ ਅਕਾਲੀ ਦਲ ਪੰਜਾਬ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਤੇ ਜ਼ਿਲ੍ਹਾ ਪ੍ਰਧਾਨ ਅਮਿਤ ਰਾਠੀ ਤੇ ਹਲਕਾ ਇੰਚਾਰਜ ਨਾਭਾ ਮੱਖਣ ਸਿੰਘ ਲਾਲਕਾ ਗੁਰਪ੍ਰੀਤ ਸਿੰਘ ਰਾਜੂ ਖੰਨਾ ਵੀ ਪਹੁੰਚੇ ਹੋਏ ਸਨ।

## ਲੈਂਡ ਪੂਲਿੰਗ ਪਾਲਸੀ ਦੇ ਵਿਰੋਧ 'ਚ 11 ਨੂੰ ਹਲਕੇ 'ਚੋਂ ਵਰਕਰਾਂ ਨਾਲ ਪਹੁੰਚਾਂਗੇ ਧਰਨੇ 'ਚ : ਜਗਮੀਤ ਸਿੰਘ ਹਰਿਆਊ



ਬਲਬੇੜਾ, 9 ਅਗਸਤ (ਗੁਰਜੀਤ ਸਿੰਘ ਢੋਟ) : ਪੰਜਾਬ ਸਰਕਾਰ ਦੀ ਲਿਆਂਦੀ ਗਈ ਲੈਂਡ ਪੂਲਿੰਗ ਸਕੀਮ ਦਾ ਵਿਰੋਧ ਕਰਨ ਲਈ 11 ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਟਿਆਲਾ ਜ਼ਿਲ੍ਹੇ ਵਿਚ ਲਗਾਏ ਜਾ ਰਹੇ ਧਰਨੇ 'ਚ ਸ਼ਮੂਲੀਅਤ ਕਰਨ ਲਈ ਨੌਜਵਾਨ ਯੂਥ ਆਗੂ ਮਲਕੀਤ ਸਿੰਘ ਚੀਮਾ ਦੀ ਅਗਵਾਈ ਹੇਠ ਇਤਿਹਾਸਕ ਗੁ: ਸਾਹਿਬ ਪਾਤਿਸ਼ਾਹੀ ਛੇਵੀਂ ਤੇ ਨੌਵੀਂ ਕਰਹਾਲੀ ਸਾਹਿਬ ਵਿਖੇ ਜ਼ਿਲ੍ਹਾ ਪਟਿਆਲਾ ਦੇ ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ ਵੱਲੋਂ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਦਾ ਵਿਰੋਧ ਕਰਨ ਦੇ ਮੰਤਵ ਤਹਿਤ ਦਿੱਤੇ ਜਾ ਰਹੇ ਧਰਨੇ ਵਿੱਚ ਪੰਹੁਚਣ ਦੀ ਸੰਗਤ ਨੂੰ ਅਪੀਲ ਕਰਨ ਲਈ ਹਲਕਾ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਹਲਕਾ ਸਮਾਣੇ ਦੀ ਸੰਗਤ ਵੱਲੋਂ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੂੰ ਬੱਸਾਂ ਭਰਕੇ ਧਰਨੇ ਵਿੱਚ ਪਹੁੰਚਣ ਦਾ ਵਿਸ਼ਵਾਸ਼ ਦਿੱਤਾ। ਇਸ ਮੌਕੇ ਨੰਬਰਦਾਰ ਬਲਜੀਤ ਸਿੰਘ ਕਰਹਾਲੀ ਸਾਹਿਬ, ਗੁਰਦੀਪ ਸਿੰਘ, ਚਰਨਜੀਤ ਸਿੰਘ ਹੋਰਾਂ ਕਿਹਾ ਕਿ ਉਹ ਪੰਜਾਬ ਸਰਕਾਰ ਦੀ ਲਿਆਂਦੀ ਗਈ ਲੈਂਡ ਪੂਲਿੰਗ ਸਕੀਮ ਦੇ ਵਿਰੋਧ ਸਬੰਧੀ ਰੱਖੇ ਗਏ ਧਰਨੇ ਵਿੱਚ ਹਾਜ਼ਰ ਹੋਣ ਲਈ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਵਿੱਚ 11 ਅਗਸਤ ਦੇ ਦਿੱਤੇ ਜਾ ਰਹੇ ਰੋਸ ਧਰਨੇ ਵਿੱਚ ਬਹੁਤ ਵੱਡਾ ਕਾਫ਼ਲਾ ਲੈ ਕੇ ਪੰਹੁਚਣਗੇ। ਇਸ ਮੌਕੇ ਜਥੇਦਾਰ ਭੁਪਿੰਦਰ ਸਿੰਘ ਘਿਉਰਾ, ਮਲਕੀਤ ਸਿੰਘ ਚੀਮਾ, ਗੁਰਬਖਸ਼ ਸਿੰਘ ਚੱਠਾ, ਬਲਜੀਤ ਸਿੰਘ ਬੱਲੀ, ਸਰਪੰਚ ਹਰਵਿੰਦਰ ਸਿੰਘ ਦੂਲੜ, ਪਰਮਿੰਦਰ ਸਿੰਘ, ਭੁਪਿੰਦਰ ਸਿੰਘ ਦੂਲੜ, ਗੁਰਜੰਟ ਮਵੀ, ਚਰਨਜੀਤ ਸਿੰਘ ਕਰਾਹਲੀ, ਹਰਦੀਪ ਸਿੰਘ, ਬਲਜੀਤ ਸਿੰਘ ਕਰਾਹਲੀ, ਰਸ਼ਪਾਲ ਸਿੰਘ ਸਰਪੰਚ ਘਿਉਰਾ, ਇਸਵਰ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।

## ਇੰਪਰੂਵਮੈਂਟ ਟਰੱਸਟ ਨਾਭਾ ਦਾ ਚੇਅਰਮੈਨ ਲੱਗਣ 'ਤੇ ਜੱਸੀ ਸੋਹੀਆਂ ਵਾਲਾ ਦਾ ਸਵਾਗਤ



ਪਟਿਆਲਾ, 9 ਅਗਸਤ (ਅਮਰਜੀਤ ਸਿੰਘ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਲਕਾ ਨਾਭਾ ਦੇ ਲੋਕਾਂ ਦੇ ਦਿਲਾਂ ਦੀ ਧੜਕਣ ਜਾਨਣ ਵਾਲੇ ਅਤੇ ਪਿਛਲੇ ਲੰਬੇ ਸਮੇਂ ਤੋਂ ਆਮ ਆਦਮੀ ਪਾਰਟੀ ਵਿੱਚ ਨਿਧੜਕ ਸੇਵਾ ਕਰਨ ਵਾਲੇ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੂੰ ਨਾਭਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਲਗਾਉਣ 'ਤੇ ਨਾਭਾ ਸ਼ਹਿਰ 'ਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਜੱਸੀ ਸੋਹੀਆਂ ਵਾਲਾ ਪਾਰਟੀ ਦੇ ਵਿੱਚ ਨਿਸਵਾਰਥ ਸੇਵਾ ਕਰ ਰਿਹਾ ਹੈ। 'ਆਪ' ਪਾਰਟੀ ਦੇ ਨੌਜਵਾਨ ਆਗੂ ਊਧਮ ਦੀਪ ਸਿੰਘ ਨੇ ਆਪਣੇ ਸਾਥੀਆਂ ਸਮੇਤ ਕੇਕ ਕੱਟ ਕੇ ਖੁਸ਼ੀ ਸਾਂਝੀ ਕੀਤੀ। ਇਸ ਮੌਕੇ 'ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੈਨੂੰ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਮੁੱਚੀ ਲੀਡਰਸ਼ਿਪ ਨੇ ਮੁੜ ਮੇਰੀ ਮਿਹਨਤ ਨੂੰ ਦੇਖਦਿਆਂ ਨਾਭਾ ਸ਼ਹਿਰ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਉਨ੍ਹਾਂ 'ਆਪ' ਪਾਰਟੀ ਤੇ ਸਮੂਹ ਨਾਭਾ ਵਾਸੀਆਂ ਦਾ ਧੰਨਵਾਦ ਕੀਤਾ।

## ਨੌਜਵਾਨਾਂ ਵੱਲੋਂ ਰੱਖੜੀ ਦੇ ਪਵਿੱਤਰ ਤਿਉਹਾਰ ਮੌਕੇ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਪ੍ਰਣ ਕਰਨਾ ਸ਼ਲਾਘਾਯੋਗ ਉਪਰਾਲਾ : ਪਰਮਿੰਦਰ ਭਲਵਾਨ





ਪਟਿਆਲਾ, 9 ਅਗਸਤ (ਚ.ਨ.ਸ.) : ਪੰਜਾਬ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਐਸਿਸਟੈਂਟ ਡਾਇਰੈਕਟਰ ਯੂਥ ਸਰਵਿਸ ਵਿਭਾਗ ਪਟਿਆਲਾ ਮਲਕੀਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਕੀਤੀ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੌਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਐਨ.ਐਸ.ਐਸ. ਪ੍ਰੋਗਰਾਮ ਕੋਆਰਡੀਨੇਟਰ ਸਰਕਾਰੀ ਆਈਂ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ 'ਤੇ ਯੂਥ ਆਗੂ ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਨੇ ਕਿਹਾ ਕਿ ਪਿੰਡਾਂ ਦੇ ਨੌਜਵਾਨਾਂ ਵੱਲੋਂ ਰੱਖੜੀ ਦੇ ਪਵਿੱਤਰ ਤਿਉਹਾਰ ਮੌਕੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਡਰੱਗ ਫਰੀ ਵਲੱਡ ਕੈਲੋਫੋਰਨੀਆ ਵੱਲੋਂ ਕਿਤਾਬਾਂ ਵੀ ਵੰਡੀਆਂ ਗਈਆਂ।

## ਪੰਜਾਬੀ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ ਅੱਜ

ਪਟਿਆਲਾ, 9 ਅਗਸਤ (ਚ.ਨ.ਸ.) : ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ 10 ਅਗਸਤ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਸ.ਸ.ਬੋਰਡ, ਪੰਜਾਬ ਦੇ ਸਾਬਕਾ ਚੇਅਰਮੈਨ ਅਤੇ ਮਾਂ ਬੋਲੀ ਤੇ ਸਾਹਿਤ ਦੇ ਹਿਤੈਸ਼ੀ ਸ.ਤੇਜਿੰਦਰਪਾਲ ਸਿੰਘ ਸੰਧੂ ਕਰਨਗੇ ਅਤੇ ਮੁੱਖ ਮਹਿਮਾਨ ਪ੍ਰਸਿੱਧ ਨਾਟ-ਆਲੋਚਕ ਅਤੇ ਰੰਗਕਰਮੀ ਡਾ. ਸਤੀਸ਼ ਕੁਮਾਰ ਵਰਮਾ ਹੋਣਗੇ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਪ੍ਰਸਿੱਧ ਗੀਤਕਾਰ ਤੇ ਕਵੀ ਧਰਮ ਕੰਮੇਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਸਿੱਧ ਵਿਗਿਆਨ ਲੇਖਕ ਡਾ. ਕਰਮਜੀਤ ਸਿੰਘ, ਪ੍ਰਸਿੱਧ ਕਵਿੱਤਰੀ ਸਤਨਾਮ ਕੌਰ ਚੌਹਾਨ ਅਤੇ ਸੇਵਾਮੁਕਤ ਸਹਾ. ਕਮਿਸ਼ਨਰ (ਸਟੇਟ ਟੈਕਸ ਮੋਬਾਇਲ ਵਿੰਗ, ਬਠਿੰਡਾ ਹੋਣਗੇ। ਇਸ ਦੌਰਾਨ ਚੰਡੀਗੜ੍ਹ ਦੇ ਨੌਜਵਾਨ ਲੇਖਕ ਸਿਮਰ ਜੰਗਰਾਲ ਰਚਿਤ ਕਾਵਿ ਸੰਗ੍ਰਹਿ 'ਡਰ ਲੱਗਦਾ ਏ' ਦਾ ਲੋਕ-ਅਰਪਣ ਕੀਤਾ ਜਾਵੇਗਾ। ਇਸ ਪੁਸਤਕ ਉਪਰ ਮੁਖ ਪੇਪਰ ਬਹੁਪੱਖੀ ਅਤੇ ਪ੍ਰਸਿੱਧ ਲੇਖਕ ਪ੍ਰੋ. ਨਵਸੰਗੀਤ ਸਿੰਘ (ਤਲਵੰਡੀ ਸਾਬੋ) ਪੜ੍ਹਨਗੇ ਅਤੇ ਬਹੁਪੱਖੀ ਲੇਖਿਕਾ ਕੁਲਦੀਪ ਕੌਰ ਭੁੱਲਰ ਅਤੇ ਗੁਰਚਰਨ ਸਿੰਘ ਚੰਨੀ ਪੁਸਤਕ ਦੇ ਵੱਖ ਵੱਖ ਨਜ਼ਰੀਏ ਤੋਂ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਦੌਰਾਨ ਸਾਵਣ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਜਾਵੇਗਾ ਅਤੇ ਲੇਖਕਾਂ ਦਾ ਸਨਮਾਨ ਵੀ ਕੀਤਾ ਜਾਵੇਗਾ।

## ਸੁਤੰਤਰਤਾ ਸੰਗਰਾਮੀ ਪਰਿਵਾਰਾਂ ਨੂੰ ਅਣਗੌਲਿਆ ਕਰਨ 'ਤੇ ਰੋਸ

### ਸਨਮਾਨ ਸਹੂਲਤਾਂ ਸਬੰਧੀ 15 ਤੋਂ ਪਹਿਲਾਂ ਨੋਟੀਫ਼ਿਕੇਸ਼ਨ ਜਾਰੀ ਕਰਨ ਦੀ ਮੰਗ



ਪਟਿਆਲਾ, 9 ਅਗਸਤ (ਚ.ਨ.ਸ.) : ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤਾਂ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਇਕੱਤਰਤਾ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ ਦੀ ਅਗਵਾਈ ਹੇਠ ਹੋਈ, ਜਿਸ ਵਿਚ ਰੋਸ ਪ੍ਰਗਟ ਕੀਤਾ ਗਿਆ ਕਿ ਲੰਮੇ ਸਮੇਂ ਤੋਂ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਨੂੰ ਜਾਣਬੁੱਝ ਕੇ ਅਣਗੌਲ਼ਿਆ ਕੀਤਾ ਜਾ ਰਿਹਾ ਹੈ। ਸੂਬਾ ਕਮੇਟੀ ਦੇ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਪਰਿਵਾਰਾਂ ਦੀ ਇਕੱਤਰਤਾ ਦੌਰਾਨ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਯੋਧਿਆਂ ਨੇ ਦਿੱਤੀਆਂ ਹਨ। ਦੇਸ਼ ਭਗਤਾਂ ਦੇ ਨਾਅਰੇ ਹੇਠ ਬਣੀ ਪੰਜਾਬ ਸਰਕਾਰ ਨੇ ਪਰਿਵਾਰਾਂ ਦੀ ਭਲਾਈ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦੋ ਵਾਰ ਸਨਮਾਨ ਸਹੂਲਤਾਂ ਸਬੰਧੀ ਜਾਣੂ ਕਰਵਾਇਆ ਗਿਆ ਹੈ। ਪ੍ਰੰਤੂ ਸਨਮਾਨ ਸਹੂਲਤਾਂ ਨੂੰ ਲਾਗੂ ਕਰਨ ਸਬੰਧੀ ਇਕ ਵੀ ਮੀਟਿੰਗ ਮੁੱਖ ਮੰਤਰੀ ਵੱਲੋਂ ਫਰੀਡਮ ਫਾਈਟਰ ਵਿਭਾਗ ਦੇ ਪ੍ਰਮੁੱਖ ਸਕੱਤਰ ਅਤੇ ਸੂਬਾ ਜਥੇਬੰਦੀ ਦੇ ਆਗੂਆਂ ਨਾਲ ਨਹੀਂ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਜੇਕਰ 15 ਅਗਸਤ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਬੰਦੀ ਨਾਲ ਮੀਟਿੰਗ ਕਰਕੇ ਸਨਮਾਨ ਸਹੂਲਤਾਂ ਨੂੰ ਲਾਗੂ ਕਰਨ ਸਬੰਧੀ ਕੋਈ ਠੋਸ ਉਪਰਾਲਾ ਨਾ ਕੀਤਾ ਤਾਂ 15 ਅਗਸਤ ਨੂੰ ਹੋਣ ਵਾਲੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਰਕਾਰੀ ਸਮਾਗਮਾਂ ਦੇ ਬਾਈਕਾਟ ਦਾ ਐਲਾਨ ਕੀਤਾ ਜਾਵੇਗਾ। ਅੱਜ ਦੀ ਅਹਿਮ ਬੈਠਕ ਵਿੱਚ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਸੂਬਾ ਜਨਰਲ ਸਕੱਤਰ, ਅਮਰਪ੍ਰੀਤ ਸਿੰਘ ਬੌਬੀ ਜ਼ਿਲ੍ਹਾ ਪ੍ਰੀਸ਼ਦ, ਗੁਰਇਕਬਾਲ ਸਿੰਘ ਸੰਧੂ, ਅਜੇ ਖੰਨਾ ਸੀਨੀਅਰ ਮੀਤ ਪ੍ਰਧਾਨ, ਪ੍ਰੀਤਮ ਸਿੰਘ ਮਾਨ ਸੂਬਾ ਮੀਤ ਪ੍ਰਧਾਨ, ਰਾਜ ਕੁਮਾਰ ਡਕਾਲਾ ਜਰਨਲ ਸਕੱਤਰ, ਕਮਲਦੀਪ ਸਿੰਘ ਗਿੱਲ, ਹਰਦਿਆਲ ਸਿੰਘ, ਬ੍ਰਹਮਦੀਪ ਸਿੰਘ ਆਦਿ ਵੱਡੀ ਗਿਣਤੀ ਵਿੱਚ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਸ਼ਾਮਿਲ ਹੋਏ।

## ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਪਾਠ ਕਰਵਾਇਆ



ਘਨੌਰ, 9 ਅਗਸਤ (ਮਦਨ ਲਾਲ) : ਯੂਨੀਵਰਸਿਟੀ ਕਾਲਜ ਘਨੌਰ ਵਿਖੇ ਅਕਾਦਮਿਕ ਸੈਸ਼ਨ 25-26 ਦੀ ਆਰੰਭਤਾ ਸਮੇਂ ਪਰਮਾਤਮਾ ਦਾ ਓਟ ਆਸਰਾ ਲੈਂਦਿਆਂ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਪਾਠ ਅਤੇ ਚੜ੍ਹਦੀਕਲਾ ਦੀ ਅਰਦਾਸ ਕਰਵਾਈ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਲਖਵੀਰ ਸਿੰਘ ਗਿੱਲ ਵੱਲੋਂ ਨਵੇਂ ਆਏ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ ਅਤੇ ਕਾਲਜ ਦੀਆਂ ਅਕਾਦਮਿਕ ਪ੍ਰਾਪਤੀਆਂ ਬਾਰੇ ਜਾਣੂੰ ਕਰਵਾਇਆ ਗਿਆ। ਉਹਨਾਂ ਬਹੁਤ ਹੀ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਡਾ. ਰਵਿੰਦਰ ਰਵੀ ਨੇ ਨਿਭਾਈ। ਇਸ ਸਮਾਗਮ ਦੇ ਕੋਆਰਡੀਨੇਟਰ ਡਾ. ਇੰਦਰਜੀਤ ਕੌਰ ਨੇ ਸਾਰੇ ਵਿਦਿਆਰਥੀਆਂ ਤੇ ਸਟਾਫ ਦਾ ਧੰਨਵਾਦ ਕੀਤਾ।

## ਕਲੱਸਟਰ ਪੱਧਰੀ ਵਿੱਦਿਅਕ ਮੁਕਾਬਲਿਆਂ 'ਚ ਅੱਠ ਸਕੂਲਾਂ ਦੇ ਬੱਚਿਆਂ ਨੇ ਲਿਆ ਭਾਗ



ਪਟਿਆਲਾ, 9 ਅਗਸਤ (ਚ.ਨ.ਸ.) : ਸਕੂਲੀ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਮੁਤਾਬਿਕ ਬਲਾਕ ਪਟਿਆਲਾ-2 ਦੇ ਕਲਸਟਰ ਮੈਣ ਦੇ ਸੈਂਟਰ ਹੈਡ ਟੀਚਰ ਪੂਰਨ ਸਿੰਘ ਦੀ ਅਗਵਾਈ ਹੇਠ ਕਲਸਟਰ ਪੱਧਰੀ ਵਿੱਦਿਅਕ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਕਲਸਟਰ ਅਧੀਨ ਪੈਂਦੇ 8 ਸਕੂਲਾਂ ਦੇ ਸੈਂਕੜੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਡੀਨ (ਭਾਸ਼ਾਵਾਂ) ਡਾ. ਸਤਨਾਮ ਸਿੰਘ ਸੰਧੂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸੈਂਟਰ ਹੈਡ ਟੀਚਰ ਪੂਰਨ ਸਿੰਘ ਨੇ ਇਹਨਾਂ ਮੁਕਾਬਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਨ ਦੇ ਉਦੇਸ਼ ਨਾਲ ਕਲਸਟਰ ਪੱਧਰ ਦੇ ਵਿਦਿਅਕ ਮੁਕਾਬਲੇ ਆਯੋਜਿਤ ਕੀਤੇ ਗਏ ਸਨ। ਜਿਨ੍ਹਾਂ ਵਿੱਚ ਕਵਿਤਾ ਉਚਾਰਨ, ਭਾਸ਼ਣ ਅਤੇ ਸੁੰਦਰ ਲਿਖਾਈ ਮੁਕਾਬਲੇ ਸ਼ਾਮਿਲ ਸਨ। ਵਿੱਦਿਅਕ ਮੁਕਾਬਲਿਆਂ ਦੇ ਨਤੀਜਿਆਂ ਬਾਰੇ ਦੱਸਦੇ ਹੋਏ ਸੀਐਚਟੀ ਪੂਰਨ ਸਿੰਘ ਨੇ ਕਿਹਾ ਕਿ ਕਵਿਤਾ ਉਚਾਰਨ ਮੁਕਾਬਲੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੁੱਧੜ ਦੇ ਵਿਦਿਆਰਥੀ ਹਰਜੋਤ ਸਿੰਘ ਨੇ ਪਹਿਲਾ ਸਥਾਨ, ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਖੁਸਰੋਪੁਰ ਦੀ ਵਿਦਿਆਰਥਣ ਜੈਸਮੀਨ ਕੌਰ ਨੇ ਦੂਜਾ ਸਥਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜਲਾਲਖੇੜਾ ਦੇ ਵਿਦਿਆਰਥੀ ਅਵਿਰਾਜ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ ਹੈ। ਇਸ ਦੇ ਨਾਲ ਹੀ ਭਾਸ਼ਣ ਮੁਕਾਬਲੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਜਲਾਲਖੇੜਾ ਦੇ ਵਿਦਿਆਰਥੀ ਗੁਰਕੀਰਤ ਸਿੰਘ ਨੇ ਪਹਿਲਾ ਸਥਾਨ, ਸਰਕਾਰੀ ਪ੍ਰਾਇਮਰੀ ਸਕੂਲ ਸ਼ੇਰਮਾਜਰਾ ਦੀ ਵਿਦਿਆਰਥਣ ਹਰਸਿਮਰਨਜੀਤ ਕੌਰ ਨੇ ਦੂਜਾ ਸਥਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਡਰੌਲਾ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ ਹੈ। ਇਸ ਦੇ ਨਾਲ ਹੀ ਸੁੰਦਰ ਲਿਖਾਈ ਮੁਕਾਬਲੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੁੱਧੜ ਦੀ ਵਿਦਿਆਰਥਣ ਅੰਜਲੀ ਦੇਵੀ ਨੇ ਪਹਿਲਾ ਸਥਾਨ, ਸਰਕਾਰੀ ਪ੍ਰਾਇਮਰੀ ਸਕੂਲ ਮੈਣ ਦੇ ਵਿਦਿਆਰਥੀ ਅੰਮ੍ਰਿਤਵੀਰ ਸਿੰਘ ਨੇ ਦੂਜਾ ਸਥਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜਲਾਲਖੇੜਾ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ ਕਰਮਵਾਰ ਤੇਜਾ ਸਥਾਨ ਹਾਸਿਲ ਕੀਤਾ ਹੈ। ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਮੁੱਖ ਮਹਿਮਾਨ ਪ੍ਰੋ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਇਨ੍ਹਾਂ ਛੋਟੇ ਵਿਦਿਆਰਥੀਆਂ ਦਾ ਵਿੱਦਿਅਕ ਮੁਕਾਬਲਿਆਂ ਵਿੱਚ ਭਾਗ ਲੈ ਕੇ ਮੂੰਹ ਜੁਬਾਨੀ ਬੋਲਣਾ ਹੀ ਵੱਡੀ ਉਪਲੱਬਧੀ ਹੈ। ਉਹਨਾਂ ਕਿਹਾ ਕਿ ਹੁਣ ਪੰਜਾਬ ਦੇ ਸਰਕਾਰੀ ਸਕੂਲ ਕਿਸੇ ਵੀ ਗੱਲੋਂ ਪਿੱਛੇ ਨਹੀਂ ਹਨ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਸਰਬ ਪੱਖੀ ਵਿਕਾਸ ਹੋ ਰਿਹਾ ਹੈ। ਇਸ ਮੌਕੇ ਕਲਸਟਰ ਨੋਡਲ ਅਫਸਰ ਅਤੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਖੁਸਰਪੁਰ ਦੇ ਹੈਡ ਟੀਚਰ ਕਿਰਨ ਕੌਰ, ਅਧਿਆਪਕ ਸੁਖਜੀਤ ਸਿੰਘ, ਅਧਿਆਪਕ ਅਨਮੋਲ, ਅਧਿਆਪਕਾ ਬਰਿੰਦਰਜੀਤ ਕੌਰ, ਸੁਖਬੀਰ ਕੌਰ ਹਰਪ੍ਰੀਤ ਕੌਰ, ਲਖਵਿੰਦਰ ਸਿੰਘ ਅਤੇ ਜਸਪ੍ਰੀਤ ਸਿੰਘ ਸਮੇਤ ਹੋਰ ਅਧਿਆਪਕ ਹਾਜ਼ਰ ਸਨ।

## ਬਾਰ ਐਸੋਸੀਏਸ਼ਨ ਸਮਾਣਾ 'ਚ ਤੀਆਂ ਦਾ ਤਿਉਹਾਰ ਮਨਾਇਆ



ਸਮਾਣਾ, 9 ਅਗਸਤ (ਜਵੰਦਾ/ਵਿਜ ਕੁਮਾਰ) : ਬਾਰ ਐਸੋਸੀਏਸ਼ਨ ਸਮਾਣਾ ਦੀਆਂ ਮਹਿਲਾਵਾਂ ਵਕੀਲ ਸਾਹਿਬਾਨਾਂ ਨੇ ਤੀਆਂ ਦਾ ਤਿਉਹਾਰ ਸਥਾਨਕ ਦਾਣਾ ਪਾਣੀ ਰੈਸਟੋਰੈਂਟ ਵਿਖੇ ਬਹੁਤ ਹੀ ਉਤਸ਼ਾਹ ਅਤੇ ਧੂਮ ਧਾਮ ਨਾਲ ਮਨਾਇਆ। ਇਸ ਮੌਕੇ ਮਹਿਲਾਵਾਂ ਵਕੀਲਾਂ ਵੱਲੋਂ ਨੱਚ ਗਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਧੀਆਂ ਦੀ ਸਮਾਪਤ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਤੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ, ਸਾਬਕਾ ਪ੍ਰਧਾਨ ਐਡਵੋਕੇਟ ਕਰਮਜੀਤ ਸਿੰਘ ਰੰਧਾਵਾ, ਸੀਨੀਅਰ ਐਡਵੋਕੇਟ ਦਵਿੰਦਰ ਸਿੰਘ ਢਿੱਲੋਂ, ਬਘੇਲ ਸਿੰਘ ਸੰਧੂ, ਅਰੁਣਦੀਪ ਸਿੰਘ ਸੰਧੂ, ਜਸਵਿੰਦਰ ਸਿੰਘ ਗੋਲਣ ਨੇ ਸ਼ਿਰਕਤ ਕੀਤੀ ਅਤੇ ਮਹਿਲਾ ਵਕੀਲਾਂ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ। ਬਾਰ ਐਸੋਸੀਏਸ਼ਨ ਸਮਾਣਾ ਤੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਅਤੇ ਸਾਬਕਾ ਪ੍ਰਧਾਨ ਐਡਵੋਕੇਟ ਕਰਮਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਤੀਆਂ ਦਾ ਤਿਉਹਾਰ ਧੀਆਂ-ਭੈਣਾਂ ਤੇ ਮਾਵਾਂ ਦਾ ਤਿਉਹਾਰ ਹੁੰਦਾ ਹੈ ਇਸ ਕਰਕੇ ਬਾਰ ਐਸੋਸੀਏਸ਼ਨ ਸਮਾਣਾ ਵਿਖੇ ਪ੍ਰੈਕਟਿਸ ਕਰਨ ਵਾਲੀਆਂ ਸਾਰੀਆਂ ਮਹਿਲਾਂ ਵਕੀਲ ਸਾਹਿਬਾਨਾਂ ਲਈ ਵਿਸ਼ੇਸ਼ ਤੌਰ 'ਤੇ ਤੀਆਂ ਦਾ ਪ੍ਰੋਗਰਾਮ ਅਯੋਜਿਤ ਕੀਤਾ ਗਿਆ ਹੈ, ਜਿਸ ਵਿੱਚ ਸਾਰੀਆਂ ਮਹਿਲਾਵਾਂ ਵਕੀਲਾਂ ਨੇ ਸ਼ਮੂਲੀਅਤ ਕੀਤੀ ਤੇ ਨੱਚ ਗਾ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਕਿਹਾ ਕਿ ਸਮਾਣਾ ਜੁਡੀਸ਼ਅਲ ਕੋਰਟਸ ਵਿੱਚ ਪ੍ਰੈਕਟਿਸ ਕਰਨ ਵਾਲੀਆਂ ਸਾਰੀਆਂ ਮਹਿਲਾ ਵਕੀਲ ਸਾਡੀਆਂ ਧੀਆਂ ਭੈਣਾਂ ਹਨ। ਇਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਉਹਨਾਂ ਨੂੰ ਤੋਹਫੇ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਹੈ।